ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 12 | Issue 29 | 27 July 2022 to 02 August 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਬੰਦੀ ਸਿੱਖਾਂ ਦੀ ਰਿਹਾਈ ਬਾਰੇ ਕੇਜਰੀਵਾਲ ਦੀ ਚੁਪੀ ਕਾਰਨ ਜਥੇਦਾਰ ਅਕਾਲ ਤਖਤ ਔਖੇ

## ✪ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਹੁਣ ਮੰਗ ਪੱਤਰ ਦੀ ਬਜਾਏ ਮੋਰਚਾ ਲਗਾਉ ✪ ਗੁਰੂਘਰਾਂ ਦੇ ਦਰਵਾਜ਼ਿਆਂ ਅੱਗੇ ਬੰਦੀ ਸਿੰਘਾਂ ਸਬੰਧੀ ਵੱਡੇ ਵੱਡੇ ਹੋਰਡਿੰਗ ਲਗਾਏ ਜਾਣ ✪ ਬੰਦੀ ਸਿੰਘਾਂ ਬਾਰੇ ਸਮੂਹ ਗੁਰਦੁਆਰਾ ਸਾਹਿਬਾਨ ਤੇ ਵਿੱਦਿਅਕ ਅਦਾਰਿਆਂ 'ਚ ਲਗਾਏ ਜਾਣਗੇ

**ਅੰਮ੍ਰਿਤਸਰ/ਏ.ਟੀ.ਨਿਊਜ਼** :- ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੂੰ ਕੋਈ ਮੰਗ-ਪੱਤਰ ਦੀ ਲੋੜ ਨਹੀਂ। ਗੁਰੂਘਰਾਂ ਦੇ ਦਰਵਾਜ਼ਿਆਂ ਅੱਗੇ ਬੰਦੀ ਸਿੰਘਾਂ ਸਬੰਧੀ ਵੱਡੇ ਵੱਡੇ ਹੋਰਡਿੰਗ ਲਗਾਏ ਜਾਣ ਤਾਂ ਕਿ ਦੁਨੀਆ ਭਰ ਦੇ ਲੋਕ ਜਾਣ ਸਕਣ ਕਿ ਸਿੱਖਾਂ ਨਾਲ ਬੇਇਨਸਾਫੀ ਕਰਨ ਵਾਲੀਆਂ ਕਿਹੜੀਆਂ ਕਿਹੜੀਆਂ ਸਰਕਾਰਾਂ ਦੋਸ਼ੀ ਹਨ।

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਦਿੱਲੀ ਸ਼੍ਰੋਮਣੀ ਕਮੇਟੀ ਦੇ 2 ਸਾਬਕਾ ਪ੍ਰਧਾਨ ਬੀਤੇ ਦਿਨੀਂ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੂੰ ਮੰਗ ਪੱਤਰ ਦੇਣ ਲਈ ਗਏ ਸਨ। ਉਕਤ ਪ੍ਰਧਾਨ ਕੇਜਰੀਵਾਲ ਦੀ ਕੋਠੀ ਦੇ ਬਾਹਰ ਮੀਂਹ ਵਿਚ ਭਿੱਜਦੇ ਰਹੇ ਪਰ ਮੁੱਖ ਮੰਤਰੀ ਉਨਾਂ ਨੂੰ ਮਿਲਣ ਅਤੇ ਮੰਗ ਪੱਤਰ ਲੈਣ ਲਈ ਕੋਠੀ ਤੋਂ ਬਾਹਰ ਤੱਕ ਨਹੀਂ ਆਏ। ਜਥੇਦਾਰ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਿਸ ਦਹਾੜ ਨਾਲ ਦਿੱਲੀ ਦਾ ਤਖ਼ਤ ਹਿੱਲ ਜਾਂਦਾ ਸੀ, ਉਹ ਅੱਜ ਇੰਨੀ ਕਮਜ਼ੋਰ ਕਰ ਦਿੱਤੀ ਗਈ ਹੈ ਕਿ ਅੱਜ ਉਥੋਂ ਦਾ ਮੁੱਖ ਮੰਤਰੀ ਬਾਹਰ ਆ ਕੇ ਨਹੀਂ ਮਿਲ ਸਕਦਾ। ਮੁੱਖ ਮੰਤਰੀ ਜ਼ਰੂਰੀ ਨਹੀਂ ਸਮਝਦਾ ਕਿ ਉਸ ਦਾ ਕੋਈ ਅਫ਼ਸਰ ਬਾਹਰ ਜਾ ਕੇ ਸਾਡੇ ਪ੍ਰਧਾਨਾਂ ਨਾਲ ਮੁਲਾਕਾਤ ਕਰ ਸਕੇ।ਉਨਾਂ ਕਿਹਾ ਕਿ ਹੁਣ ਕੋਈ ਮੰਗ ਪੱਤਰ ਦੇਣ ਦੀ ਲੋੜ ਨਹੀਂ ਸਗੋਂ ਇਕੱਠੇ ਹੋ ਕੇ ਮੋਰਚੇ ਲਗਾਉਣ ਦੀ ਲੋੜ ਹੈ ਤਾਂ ਕਿ ਸਿੱਖ ਸੰਗਤਾਂ ਨੂੰ ਜਾਗਰੂਕ ਕਰ ਕੇ ਬੰਦੀ ਸਿੰਘਾ ਦੀ ਰਿਹਾਈ ਨੂੰ ਯਕੀਨੀ ਬਣਾਇਆ ਜਾ ਸਕੇ।



ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਆਦੇਸ਼ਾਂ 'ਤੇ ਸ਼੍ਰੋਮਣੀ ਕਮੇਟੀ ਭਾਈ ਹਰਜਿੰਦਰ ਸਿੰਘ ਧਾਮੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਬਣਾਈ ਗਈ 11 ਮੈਂਬਰੀ ਕਮੇਟੀ ਦਾ ਵੀ ਜਥੇਦਾਰ ਨੇ ਆਪ ਹੀ ਇਹ ਕਹਿ ਕੇ ਭੋਗ ਪਾ ਦਿੱਤਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਹੁਣ ਕਿਸੇ ਅੱਗੇ ਵੀ ਮਿੰਨਤਾਂ ਕਰਨ ਦੀ ਲੋੜ ਨਹੀਂ ਸਗੋਂ ਦੁਨੀਆ ਭਰ ਵਿਚ ਪ੍ਰਚਾਰ ਮਾਧਿਅਮ ਰਾਹੀਂ ਜਾਗਰੂਕ ਕਰਨ ਦੀ ਲੋੜ ਹੈ।

ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਸਰਕਾਰਾਂ ਵਲੋਂ ਅਣਗੌਲਿਆ ਕਰਨ ਤੋਂ ਬਾਅਦ ਸ਼੍ਰੋਮਣੀ ਕਮੇਟੀ ਵਲੋਂ ਹੁਣ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਦੇ ਆਦੇਸ਼ ਅਨੁਸਾਰ ਨਵੀਂ ਮੁਹਿੰਮ ਅਰੰਭ ਕਰਦਿਆਂ ਸ੍ਰੀ ਹਰਿਮੰਦਰ ਸਾਹਿਬ ਦੇ ਸਾਰੇ ਪ੍ਰਵੇਸ਼ ਦੁਆਰਾ ਸਮੇਤ ਆਪਣੇ ਪ੍ਰਬੰਧ ਹੇਠਲੇ ਸਮੂਹ ਗੁਰਦੁਆਰਾ ਸਾਹਿਬਾਨਾਂ ਤੇ ਵਿੱਦਿਅਕ ਅਦਾਰਿਆਂ ਦੇ ਬਾਹਰ ਬੰਦੀ ਸਿੰਘਾਂ ਦੀਆਂ ਤਸਵੀਰਾਂ ਸਮੇਤ ਉਨਾਂ ਦੀ ਨਜ਼ਰਬੰਦੀ ਸੰਬੰਧੀ ਜਾਣਕਾਰੀ ਦਿੰਦੇ ਹੋਰਡਿੰਗ ਬੋਰਡ ਲਗਾਉਣ ਦਾ ਫ਼ੈਸਲਾ ਕੀਤਾ ਗਿਆ ਹੈ, ਤਾਂ ਜੋ ਦਰਸ਼ਨ ਕਰਨ ਆਉਂਦੀਆਂ ਸੰਗਤਾਂ ਨੂੰ ਸਰਕਾਰਾਂ ਵਲੋਂ ਸਿੱਖਾਂ ਨਾਲ ਕੀਤੀ ਜਾ ਰਹੀ ਬੇਇਨਸਾਫੀ ਤੋਂ ਜਾਣੂ ਕਰਵਾਇਆ ਜਾ ਸਕੇ। ਇਸ ਸੰਬੰਧੀ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਸਰਕਾਰਾਂ ਦੇ ਅੜੀਅਲ ਰਵੱਈਏ ਦੇ ਚੱਲਦਿਆਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਸਿੱਖ ਕੌਮ ਨੂੰ ਬੀਤੇ ਦਿਨ ਦਿੱਤੇ ਗਏ ਆਦੇਸ਼ ਤਹਿਤ ਸ਼੍ਰੋਮਣੀ ਕਮੇਟੀ ਵਲੋਂ ਬੰਦੀ ਸਿੰਘਾਂ ਬਾਰੇ ਜਾਣਕਾਰੀ ਦਿੰਦੇ ਹੋਰਡਿੰਗ ਬੋਰਡ ਲਗਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਉਨਾਂ ਦੱਸਿਆ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਘੰਟਾ ਘਰ ਪ੍ਰਵੇਸ਼ ਦੁਆਰ ਤੋਂ ਇਲਾਵਾ ਗੁਰੂ ਰਾਮਦਾਸ ਸਰਾਂ ਵਾਲੇ, ਆਟਾ ਮੰਡੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਾਲੇ ਪ੍ਰਵੇਸ਼ ਦੁਆਰਾਂ ਦੇ ਬਾਹਰ ਜਲਦੀ ਹੀ ਸਜ਼ਾਵਾਂ ਪੂਰੀਆਂ ਕਰ ਚੁੱਕ 7 ਦੇ ਕਰੀਬ ਪ੍ਰਮੁੱਖ ਬੰਦੀ ਸਿੰਘਾਂ ਦੀਆਂ ਤਸਵੀਰਾਂ ਸਮੇਤ ਉਨਾਂ ਦੀ ਨਜ਼ਰਬੰਦੀ ਦੇ ਕੇਸਾਂ ਦੀ ਸਥਿਤੀ ਤੇ ਸਜ਼ਾਵਾਂ ਦੇ ਵੇਰਵਿਆਂ ਸਮੇਤ ਵੱਡੇ ਹੋਰਡਿੰਗ ਬੋਰਡ ਲਗਾਏ ਜਾਣਗੇ। ਉਨਾਂ ਕਿਹਾ ਕਿ ਇਹ ਬੋਰਡ ਗੁਰਦੁਆਰਾ ਸਾਹਿਬਾਨ ਦੇ ਮੁੱਖ ਦੁਆਰਾਂ 'ਤੇ ਸਥਾਪਤ ਕੀਤੇ ਜਾਣਗੇ ਅਤੇ ਵਿਦਿਅਕ ਅਦਾਰਿਆਂ ਵਿਚ ਵੀ ਢੁੱਕਵੀਆਂ ਥਾਵਾਂ 'ਤੇ ਲਗਾਏ ਜਾਣਗੇ। ਉਨਾਂ ਕਿਹਾ ਕਿ ਬੋਰਡਾਂ ਦੀ ਇਬਾਰਤ ਤਿਆਰ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਸਕੱਤਰ ਨੂੰ ਕਿਹਾ ਗਿਆ ਹੈ ਅਤੇ ਜਲਦ ਹੀ ਇਹ ਕਾਰਜ ਮੁਕੰਮਲ ਕੀਤਾ ਜਾਵੇਗਾ। ਪ੍ਰਧਾਨ ਧਾਮੀ ਨੇ ਕਿਹਾ ਕਿ ਵੱਧ ਸਜ਼ਾਵਾਂ ਭੁਗਤਣ ਦੇ ਬਾਵਜੂਦ ਬੰਦੀ ਸਿੰਘਾਂ ਨੂੰ ਰਿਹਾਅ ਨਾ ਕਰਨਾ ਮਨੁੱਖੀ ਅਧਿਕਾਰਾਂ ਦਾ ਘਾਣ ਹੈ, ਜਿਸ ਲਈ ਸਿੱਧੇ ਤੌਰ 'ਤੇ ਕੇਂਦਰ ਅਤੇ ਸੰਬੰਧਿਤ ਸੂਬਿਆਂ ਦੀ ਸਰਕਾਰਾਂ ਜ਼ਿੰਮੇਵਾਰ ਹਨ।

# ਅਕਾਲੀ ਦਲ ਦੀ ਮਾਨਤਾ ਖਤਰੇ ਵਿਚ

## ਸ਼੍ਰੋਮਣੀ ਅਕਾਲੀ ਦਲ ਦੀ ਮਾਨਤਾ ਰੱਦ ਕਰਨ ਸੰਬੰਧੀ ਕੇਸ ਦੀ ਅਗਲੀ ਸੁਣਵਾਈ ਪਹਿਲੀ ਨੂੰ

**ਹੁਸ਼ਿਆਰਪੁਰ**-ਸ਼੍ਰੋਮਣੀ ਅਕਾਲੀ ਦਲ ਵਲੋਂ ਚੋਣ ਕਮਿਸ਼ਨ ਕੋਲ ਜਾਅਲੀ ਸੰਵਿਧਾਨ ਪੇਸ਼ ਕਰਕੇ ਹਾਸਿਲ ਕੀਤੀ ਮਾਨਤਾ ਨੂੰ ਰੱਦ ਕਰਵਾਉਣ ਲਈ ਸੋਸ਼ਲਿਸਟ ਪਾਰਟੀ ਦੇ ਨੇਤਾ ਬਲਵੰਤ ਸਿੰਘ ਖੇੜਾ ਤੇ ਓਮ ਸਿੰਘ ਸਟਿਆਣਾ ਵਲੋਂ ਦਿੱਲੀ ਹਾਈਕੋਰਟ ਵਿਚ ਦਾਇਰ ਕੀਤੀ ਪਟੀਸ਼ਨ ਦੀ ਸੁਣਵਾਈ ਹੋਈ। ਅਦਾਲਤ ਵਲੋਂ ਅਗਲੀ ਤਰੀਕ ਪਹਿਲੀ ਅਗਸਤ ਨਿਸ਼ਚਿਤ ਕੀਤੀ ਗਈ।

ਸ਼ਿਕਾਇਤਕਰਤਾ ਧਿਰ ਦੇ ਵਕੀਲ ਇੰਦਰਾ ਓਨੀਆਰ ਮੁਤਾਬਿਕ ਚੀਫ਼ ਜਸਟਿਸ ਸਤੀਸ਼ ਚੰਦਰ ਸ਼ਰਮਾ ਤੇ ਜਸਟਿਸ ਸੁਬਰਾਮਨੀਅਮ ਪ੍ਰਸਾਦ ਦੇ ਬੈਂਚ ਨੇ ਸ਼੍ਰੋਮਣੀ ਅਕਾਲੀ ਦਲ ਦੀ ਸਿਆਸੀ ਪਾਰਟੀ ਵਜੋਂ ਮਾਨਤਾ ਰੱਦ ਕਰਨ ਦੀ ਮੰਗ ਵਾਲੀ ਇਸ ਪਟੀਸ਼ਨ ਦੀ ਸੁਣਵਾਈ ਦੌਰਾਨ ਕਿਹਾ ਕਿ ਭਾਰਤੀ ਚੋਣ ਕਮਿਸ਼ਨ ਨੂੰ ਕਾਰਵਾਈ ਕਰਨ ਤੋਂ ਇਨਕਾਰ ਕਰਨ ਦਾ ਵਾਜਬ ਕਾਰਨ ਦੱਸਣਾ ਚਾਹੀਦਾ ਸੀ ਤੇ ਇਸ ਦੋਸ਼ ਨੂੰ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਵਲੋਂ ਇਹ ਮਾਨਤਾ ਧੋਖਾਧੜੀ ਨਾਲ ਹਾਸਿਲ ਕੀਤੀ ਗਈ ਸੀ।

# ਨਿੱਜਰ 'ਤੇ ਰਾਸ਼ਟਰੀ ਜਾਂਚ ਏਜੰਸੀ ਨੇ ਐਲਾਨਿਆ 10 ਲੱਖ ਦਾ ਇਨਾਮ

## ਨਿੱਝਰ ਨੇ ਐੱਨਆਈਏ ਦੇ ਦੋਸ਼ ਨਕਾਰੇ

**ਜਲੰਧਰ/ਏ.ਟੀ.ਨਿਊਜ਼** :- ਰਾਸ਼ਟਰੀ ਜਾਂਚ ਏਜੰਸੀ ਨੇ ਖਾਲਿਸਤਾਨੀ ਹਰਦੀਪ ਸਿੰਘ ਨਿੱਜਰ 'ਤੇ 10 ਲੱਖ ਦਾ ਇਨਾਮ ਐਲਾਨ ਕੀਤਾ ਹੈ। ਇਹ ਇਨਾਮ ਜਲੰਧਰ ਦੇ ਇਕ ਪੁਜਾਰੀ ਦੀ ਹੱਤਿਆ ਦੇ ਮਾਮਲੇ ਵਿਚ ਐਲਾਨ ਕੀਤਾ ਗਿਆ ਹੈ। ਉਹ ਹਾਲੇ ਕੈਨੇਡਾ ਵਿਚ ਰਹਿ ਰਿਹਾ ਹੈ ਤੇ ਐੱਨਆਈਏ ਵੱਲੋਂ ਲੋੜੀਂਦਾ ਹੈ। ਨਿੱਜਰ ਸਿੱਖਸ ਫਾਰ ਜਸਟਿਸ ਲਈ ਪੰਜਾਬ ਦੇ ਵੱਖਵਾਦੀ ਤੇ ਹਿੰਸਕ ਏਜੰਡੇ ਨੂੰ ਉਤਸ਼ਾਹਿਤ ਕਰ ਰਿਹਾ ਹੈ। ਉਹ ਮੂਲ ਰੂਪ ਵਿਚ ਜਲੰਧਰ ਦੇ ਭਰਸਿੰਘਪੁਰ ਦਾ ਰਹਿਣ ਵਾਲਾ ਹੈ। ਪੁਜਾਰੀ ਦੀ ਹੱਤਿਆ ਦੀ ਸਾਜ਼ਿਸ਼ ਨਿੱਜਰ ਨੇ ਹੀ ਰਚੀ ਸੀ। ਐੱਨਆਈਏ ਨੇ ਕਿਹਾ ਕਿ ਉਸ ਨੂੰ ਫੜਾਉਣ ਬਾਰੇ ਕੋਈ ਵੀ ਅਹਿਮ ਜਾਣਕਾਰੀ ਦੇਣ ਵਾਲੇ ਦੀ ਪਛਾਣ ਗੁਪਤ ਰੱਖੀ ਜਾਵੇਗੀ।

ਹਰਦੀਪ ਸਿੰਘ ਨਿੱਜਰ ਪੰਜਾਬ ਦੇ ਜਲੰਧਰ ਦਾ ਰਹਿਣ ਵਾਲਾ ਹੈ ਤੇ ਇਸ ਸਮੇਂ ਕੈਨੇਡਾ ਦੇ ਸਰੀ ਵਿਚ ਹੈ। ਪੁਲਿਸ ਅਨੁਸਾਰ ਪਿਛਲੇ ਕਈ ਸਾਲਾਂ ਤੋਂ ਉਹ ਲਗਾਤਾਰ ਪੰਜਾਬ ਵਿੱਚ ਖ਼ਾਲਿਸਤਾਨ ਟੈਰਰ ਫੋਰਸ ਦਾ ਮੋਡਿਊਲ ਖੜਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਉਸ ਖਿਲਾਫ ਕਈ ਮਾਮਲੇ ਦਰਜ ਹਨ।

ਸਾਲ 2020 'ਚ ਭਾਰਤ ਸਰਕਾਰ ਨੇ ਪੰਜਾਬ ਵਿਚ ਵੱਖਵਾਦ ਨੂੰ ਉਤਸ਼ਾਹਿਤ ਕਰਨ ਦੇ ਦੋਸੀ ਖਾਲਿਸਤਾਨ ਪੱਖੀ ਸੰਗਠਨ ਦੇ 9 ਲੋਕਾਂ ਨੂੰ ਦੋਸ਼ੀ ਐਲਾਨ ਕੀਤਾ ਸੀ। ਸਰਕਾਰ ਨੇ ਇਹ ਕਾਰਵਾਈ ਖਾਲਿਸਤਾਨ ਦੇ ਸਮਰਥਕਾਂ 'ਤੇ ਖਾੜਕੂਵਾਦ ਵਿਰੋਧੀ ਐਕਟ ਤਹਿਤ ਕੀਤੀ ਹੈ। ਇਹ 9 ਖਾਲਿਸਤਾਨੀ ਪਾਕਿਸਤਾਨ



ਸਮੇਤ 5 ਹੋਰ ਦੇਸ਼ਾਂ ਵਿਚ ਬੈਠੇ ਭਾਰਤ ਵਿਰੋਧੀ ਗਤੀਵਿਧੀਆਂ 'ਚ ਸ਼ਾਮਲ ਹਨ। ਇਨਾਂ ਵਿੱਚ ਹਰਦੀਪ ਸਿੰਘ ਨਿੱਜਰ ਦਾ ਨਾਂ ਵੀ ਸ਼ਾਮਲ ਸੀ।

### ਸਾਲ 2010 'ਚ ਬੰਬ ਧਮਾਕੇ ਵਿਚ ਆਇਆ ਸੀ ਨਾਂ

ਹਰਦੀਪ ਸਿੰਘ ਨਿੱਜਰ ਦਾ ਨਾਂ 2010 ਵਿੱਚ ਉਦੋਂ ਸਾਹਮਣੇ ਆਇਆ ਸੀ ਜਦੋਂ ਪਟਿਆਲਾ ਵਿਚ ਸੱਤਿਆ ਨਰਾਇਣ ਮੰਦਰ ਨੇੜੇ ਹੋਏ ਬੰਬ ਧਮਾਕੇ ਵਿੱਚ ਉਸ ਖ਼ਿਲਾਫ਼ ਐਫਆਈਆਰ ਦਰਜ ਕੀਤੀ ਗਈ। ਸਾਲ 2016 ਵਿਚ ਨਿੱਜਰ ਖਿਲਾਫ ਲੁਧਿਆਣਾ ਦੇ ਡਾਕਖਾਨਾ ਥਾਣੇ ਵਿਚ ਹਿੰਸਾ ਭੜਕਾਉਣ ਅਤੇ ਅੱਤਵਾਦੀ ਗਤੀਵਿਧੀਆਂ ਨੂੰ ਭੜਕਾਉਣ ਦਾ ਮਾਮਲਾ ਦਰਜ ਕੀਤਾ ਗਿਆ ਸੀ।

### ਨਿੱਜਰ ਨੇ ਕਿਹਾ ਦੋਸ਼ ਝੂਠੇ

ਭਾਰਤ ਦੀ ਕੌਮੀ ਜਾਂਚ ਏਜੰਸੀ (ਐੱਨਆਈਏ) ਵੱਲੋਂ ਉਸ ਦੇ ਸਿਰ 10 ਲੱਖ ਰੁਪਏ ਦਾ ਇਨਾਮ ਰੱਖਣ 'ਤੇ ਹੈਰਾਨੀ ਪ੍ਰਗਟ ਕਰਦਿਆਂ ਸਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਦੀਪ ਸਿੰਘ ਨਿੱਜਰ ਨੇ ਕਿਹਾ ਕਿ ਉਸ 'ਤੇ ਲਾਏ ਗਏ ਸਾਰੇ ਦੋਸ਼ ਬੇਬੁਨਿਆਦ ਹਨ, ਜੋ ਵਿਦੇਸ਼ ਵਸਦੇ ਪੰਜਾਬੀਆਂ ਨੂੰ ਵੰਡਣ ਦੀ ਸਾਜ਼ਿਸ਼ ਦਾ ਹਿੱਸਾ ਹਨ। ਉਨਾਂ ਕਿਹਾ ਕਿ ਅਸਲ ਵਿੱਚ ਇਹ ਕਾਰਵਾਈ ਬ੍ਰਿਟਿਸ਼ ਕੋਲੰਬੀਆ ਗੁਰਦੁਆਰਾ ਕੌਂਸਲ ਵੱਲੋਂ ਕੈਨੇਡਾ ਸਰਕਾਰ ਤੋਂ ਰਿਪੁਦਮਨ ਸਿੰਘ ਮਲਿਕ ਦੀ ਹੱਤਿਆ ਵਿੱਚ ਵਿਦੇਸ਼ੀ ਏਜੰਸੀਆਂ ਦੀ ਭੂਮਿਕਾ ਦੀ ਜਾਂਚ ਮੰਗਣ ਮਗਰੋਂ ਭਾਰਤੀ ਏਜੰਸੀਆਂ ਦੀ ਬੁਖਲਾਹਟ ਦਾ ਨਤੀਜਾ ਹੈ।

ਨਿੱਜਰ ਨੇ ਦੋਸ਼ ਲਾਏ ਕਿ ਹੱਤਿਆ ਦੀ ਜਾਂਚ ਦੀਆਂ ਸੂਈਆਂ ਏਜੰਸੀਆਂ ਵੱਲ ਉੱਠਣ ਤੋਂ ਰੋਕਣ ਲਈ ਹੀ ਉਸ ਨੂੰ ਨਿਸ਼ਾਨੇ 'ਤੇ ਲਿਆ ਜਾ ਰਿਹਾ ਹੈ।

**ਬਾਕੀ ਸਫ਼ਾ 31 'ਤੇ**

# ਰਵਨੀਤ ਬਿੱਟੂ ਜਥੇਦਾਰ ਤੇ ਸ੍ਰੋਮਣੀ ਕਮੇਟੀ ਦੀ ਕਾਰਵਾਈ ਉਤੇ ਅੱਗ ਬਬੂਲਾ

## ਅਖੇ, ਜੇ ਸੁਖਬੀਰ ਦੇ ਪਰਿਵਾਰ ਨੂੰ ਬੰਬ ਨਾਲ ਉਡਾਇਆ ਹੁੰਦਾ ਤਾਂ ਵੀ ਤੁਸੀ ਬੰਦੀ ਸਿੰਘਾਂ ਦੀ ਰਿਹਾਈ ਮੰਗਦੇ'

**ਚੰਡੀਗੜ** : ਕਾਂਗਰਸ ਦੇ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਪੰਜਾਬ ਵਿਚ ਗੁਰਦੁਆਰਿਆਂ ਵਿਚ ਐਸਜੀਪੀਸੀ ਵੱਲੋਂ ਲਾਏ ਪੋਸਟਰਾਂ 'ਤੇ ਸਵਾਲ ਚੁੱਕੇ ਹਨ। ਇਹ ਪੋਸਟਰ ਬੰਦੀ ਸਿੰਘਾਂ ਦੀ ਰਿਹਾਈ ਦੀ ਅਪੀਲ ਦੇ ਲਗਾਏ ਗਏ ਹਨ, ਜਿਨਾਂ ਨੂੰ ਲੈ ਕੇ ਸੰਸਦ ਮੈਂਬਰ ਨੇ ਇਤਰਾਜ਼ ਪ੍ਰਗਟਾਇਆ ਹੈ।ਸ਼੍ਰੋਮਣੀ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਗੁਰਦੁਆਰਿਆਂ 'ਚ ਅਪੀਲ ਭਰੇ ਪੋਸਟਰ ਲਗਾਏ ਜਾਣ 'ਤੇ ਰਵਨੀਤ ਬਿੱਟੂ ਨੇ ਸਖਤ ਇਤਰਾਜ਼ ਪ੍ਰਗਟ ਕੀਤਾ। ਉਨਾਂ ਕਿਹਾ ਕਿ ਕੀ ਸੁਖਬੀਰ ਬਾਦਲ ਦੇ ਪਰਿਵਾਰ ਨੂੰ ਜੇਕਰ ਇਨਾਂ ਨੇ ਬੰਬ ਨਾਲ ਉਡਾਇਆ ਹੁੰਦਾ ਤਾਂ ਵੀ ਤੁਸੀ ਉਨਾਂ ਨੂੰ ਛੁਡਾਉਣ ਦੀ ਗੱਲ ਕਰਦੇ ?

ਉਨਾਂ ਕਿਹਾ ਕਿ ਮੈਨੂੰ ਲਗਾਤਾਰ ਖਾਲਿਸਤਾਨੀਆਂ ਦੀਆਂ ਧਮਕੀਆਂ ਮਿਲਦੀਆਂ ਰਹਿੰਦੀਆਂ ਹਨ ਅਤੇ ਅੱਜ ਸ਼੍ਰੋਮਣੀ ਕਮੇਟੀ ਉਨਾਂ ਦੀਆਂ ਤਸਵੀਰਾਂ ਗੁਰਦੁਆਰਿਆਂ ਵਿਚ ਲਗਾਉਣ ਦੀਆਂ ਗੱਲਾਂ ਹੋ ਰਹੀਆਂ ਹਨ। ਉਨਾਂ ਕਿਹਾ ਕਿ ਜਿਹੜੇ 25 ਹਜ਼ਾਰ ਲੋਕ ਪੰਜਾਬ ਸੰਤਾਪ ਦੌਰਾਨ ਸ਼ਹੀਦ ਹੋਏ ਹਨ, ਉਨਾਂ ਨੂੰ ਕੀ ਜਵਾਬ ਦਿਓਗੇ।

ਉਨਾਂ ਕਿਹਾ ਕਿ ਮੈਂ ਗੁਰਦੁਆਰਾ ਸਾਹਿਬ ਦੇ ਮਾਮਲਿਆਂ ਵਿੱਚ ਮੈਂ ਕੁੱਝ ਨਹੀਂ ਕਰ ਸਕਦਾ, ਪਰ ਜੇਕਰ ਬਾਹਰ ਪੋਸਟਰ ਲਗਾਉਗੇ ਤਾਂ ਅਸੀਂ ਵਿਰੋਧ ਕਰਕੇ ਵਿਖਾਵਾਂਗੇ।ਉਨਾਂ ਕਿਹਾ ਕਿ ਸੁਖਬੀਰ ਬਾਦਲ ਨੇ ਕਿਹੜੀ ਕੁਰਬਾਨੀ ਦਿੱਤੀ ਹੈ ਕਿ ਐਸਜੀਪੀਸੀ ਪ੍ਰਧਾਨ ਕਠਪੁਤਲੀ ਹੈ। ਉਨਾਂ ਕਿਹਾ ਕਿ ਜੇਕਰ ਐਸਜੀਪੀਸੀ ਪ੍ਰਧਾਨ ਨੂੰ ਸੁਖਬੀਰ ਬਾਦਲ ਦੀ ਜ਼ਿਆਦਾ ਫਿਕਰ ਹੈ ਤਾਂ ਤੁਸੀ ਅਦਾਲਤ ਵਿਚ ਜਾ ਕੇ ਕਾਨੂੰਨੀ ਲੜਾਈ ਲੜੋ ਜਾਂ ਰਾਸ਼ਟਰਪਤੀ ਕੋਲ ਜਾਵੇ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm,office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਏਜੀ ਅਨਮੋਲ ਰਤਨ ਸਿੱਧੂ ਨੇ ਅਹੁਦੇ ਤੋਂ ਦਿਤਾ ਅਸਤੀਫ਼ਾ

**✪ ਮੁੱਖ ਮੰਤਰੀ ਨੂੰ ਅਸਤੀਫ਼ਾ ਸੌਂਪ ਕੇ, ਨਿੱਜੀ ਕਾਰਨਾਂ ਦਾ ਹਵਾਲਾ ਦਿੱਤਾ ✪ ਵਿਨੋਦ ਘਈ ਹੋਣਗੇ ਨਵੇਂ ਐਡਵੋਕੇਟ ਜਨਰਲ ✪ ਪੰਜਾਬ ਸਰਕਾਰ ਅਤੇ ਐਡਵੋਕੇਟ ਜਨਰਲ ਅਨਮੋਲ ਰਤਨ ਸਿੱਧੂ ਦਰਮਿਆਨ ਸੀ ਤਕਰਾਰ ✪ ਡੇਰਾ ਸਿਰਸਾ ਦੇ ਕੇਸਾਂ ਵਿਚ ਵੀ ਘਈ ਡੇਰੇ ਤਰਫੋਂ ਪੇਸ਼ ਹੁੰਦੇ ਰਹੇ ✪ ਵਿਰੋਧੀ ਸਿਆਸੀ ਧਿਰਾਂ ਨੇ ਐਡਵੋਕੇਟ ਜਨਰਲ ਦੇ ਅਸਤੀਫ਼ੇ ਨੂੰ ਲੈ ਕੇ 'ਆਪ' ਸਰਕਾਰ ਨੂੰ ਘੇਰਿਆ**

**ਚੰਡੀਗੜ/ਏ.ਟੀ.ਨਿਊਜ਼ :-** ਪੰਜਾਬ ਦੇ ਐਡਵੋਕੇਟ ਜਨਰਲ ਅਨਮੋਲ ਰਤਨ ਸਿੰਘ ਸਿੱਧੂ ਨੇ ਕਰੀਬ ਚਾਰ ਮਹੀਨੇ ਮਗਰੋਂ ਅਚਨਚੇਤ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਮੁੱਖ ਮੰਤਰੀ ਨੂੰ ਭੇਜੇ ਅਸਤੀਫ਼ੇ 'ਵਿਚ ਐਡਵੋਕੇਟ ਜਨਰਲ ਨੇ ਆਪਣੇ ਅਸਤੀਫ਼ੇ ਪਿੱਛੇ ਨਿੱਜੀ ਕਾਰਨਾਂ ਦਾ ਹਵਾਲਾ ਦਿੱਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਉਨਾਂ ਦਾ ਅਸਤੀਫ਼ਾ ਪ੍ਰਵਾਨ ਕਰ ਲਿਆ ਹੈ। 'ਆਪ' ਸਰਕਾਰ ਵੱਲੋਂ ਹੁਣ ਫੌਜਦਾਰੀ ਕੇਸਾਂ ਦੇ ਸੀਨੀਅਰ ਐਡਵੋਕੇਟ ਵਿਨੋਦ ਘਈ ਨੂੰ ਐਡਵੋਕੇਟ ਜਨਰਲ ਵਜੋਂ ਜ਼ਿੰਮੇਵਾਰੀ ਸੌਂਪ ਦਿੱਤੀ ਗਈ ਹੈ।

ਜਾਣਕਾਰੀ ਅਨੁਸਾਰ ਪਿਛਲੇ ਕੁਝ ਦਿਨਾਂ ਤੋਂ ਪੰਜਾਬ ਸਰਕਾਰ ਅਤੇ ਐਡਵੋਕੇਟ ਜਨਰਲ ਅਨਮੋਲ ਰਤਨ ਸਿੱਧੂ ਦਰਮਿਆਨ ਠੰਢੀ ਜੰਗ ਚੱਲ ਰਹੀ ਸੀ। ਉਧਰ ਅਨਮੋਲ ਰਤਨ ਸਿੱਧੂ ਕਿਸੇ ਨਾਲ ਵੀ ਕੋਈ ਮੱਤਭੇਦ ਹੋਣ ਤੋਂ ਸਾਫ਼ ਇਨਕਾਰ ਕਰ ਰਹੇ ਹਨ। ਉਨਾਂ 19 ਮਾਰਚ 2022 ਨੂੰ ਐਡਵੋਕੇਟ ਜਨਰਲ ਦਾ ਅਹੁਦਾ ਸੰਭਾਲਿਆ ਸੀ ਅਤੇ ਚਾਰ ਮਹੀਨੇ ਮਗਰੋਂ ਉਨਾਂ 19 ਜੁਲਾਈ ਨੂੰ ਆਪਣਾ ਅਸਤੀਫ਼ਾ ਮੁੱਖ ਮੰਤਰੀ ਨਾਲ ਮੁਲਾਕਾਤ ਕਰ ਕੇ ਸੌਂਪ ਦਿੱਤਾ।

ਇੱਧਰ, ਨਵੇਂ ਐਡਵੋਕੇਟ ਜਨਰਲ ਵਿਨੋਦ ਘਈ ਨੇ ਐਡਵੋਕੇਟ ਜਨਰਲ ਬਣਾਏ ਜਾਣ ਮਗਰੋਂ ਕਿਹਾ ਕਿ ਉਹ ਇਸ ਅਹੁਦੇ ਦੀ ਜ਼ਿੰਮੇਵਾਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ। ਘਈ ਦੀ ਨਿਯੁਕਤੀ ਦੀ ਫਾਈਲ ਸਰਕਾਰ ਨੇ ਰਾਜਪਾਲ ਕੋਲ ਪ੍ਰਵਾਨਗੀ ਲਈ ਭੇਜ ਦਿੱਤੀ ਹੈ। ਨਵੇਂ ਚਰਚੇ ਛਿੜੇ ਹਨ ਕਿ ਨਵੇਂ ਐਡਵੋਕੇਟ ਜਨਰਲ ਵਿਨੋਦ ਘਈ ਪਿਛਲੇ ਸਮੇਂ ਦੌਰਾਨ ਸਰਕਾਰ ਵਿਰੋਧੀ ਕੇਸਾਂ ਵਿੱਚ ਐਡਵੋਕੇਟ ਰਹੇ ਹਨ ਜਿਨਾਂ ਵਿੱਚ ਸਾਬਕਾ ਵਜ਼ੀਰਾਂ 'ਤੇ ਦਰਜ ਕੇਸਾਂ ਵਿੱਚ ਅਤੇ ਸਿੱਧੂ ਮੂਸੇਵਾਲਾ ਦੇ ਸਾਬਕਾ ਮੈਨੇਜਰ ਸ਼ਰਨਪ੍ਰੀਤ ਦੇ ਕੇਸ ਵਿੱਚ ਵਿਨੋਦ ਘਈ ਦੇ ਵਕੀਲ ਹੋਣ ਦਾ ਜ਼ਿਕਰ ਚੱਲ ਰਿਹਾ ਹੈ। ਡੇਰਾ ਸਿਰਸਾ ਦੇ ਕੇਸਾਂ 'ਚ ਵੀ ਘਈ ਡੇਰੇ ਤਰਫੋਂ ਪੇਸ਼ ਹੁੰਦੇ ਰਹੇ ਹਨ। ਚੰਨੀ ਸਰਕਾਰ ਸਮੇਂ ਏਪੀਐੱਸ ਦਿਓਲ ਦੀ ਐਡਵੋਕੇਟ ਜਨਰਲ ਵਜੋਂ ਨਿਯੁਕਤੀ ਹੋਈ ਸੀ ਤਾਂ ਉਦੋਂ ਇਸ ਤਰਾਂ ਤੇ ਤਕਨੀਕੀ ਨੁਕਤੇ ਖੜੇ ਹੋਏ ਸਨ।

ਵਿਰੋਧੀ ਸਿਆਸੀ ਧਿਰਾਂ ਨੇ ਐਡਵੋਕੇਟ ਜਨਰਲ ਦੇ ਅਸਤੀਫ਼ੇ ਨੂੰ ਲੈ ਕੇ 'ਆਪ' ਸਰਕਾਰ ਨੂੰ ਨਿਸ਼ਾਨੇ 'ਤੇ ਲੈਣਾ ਸ਼ੁਰੂ ਕਰ ਦਿੱਤਾ ਹੈ। ਇਹ ਉਂਗਲ ਉੱਠਣ ਲੱਗੀ ਹੈ ਕਿ 'ਆਪ' ਸਰਕਾਰ ਸਿਆਸੀ ਤੇ ਪ੍ਰਸ਼ਾਸਕੀ ਸਥਿਰਤਾ ਤੋਂ ਵਿਹੂਣੀ ਹੈ। ਥੋੜੇ ਸਮੇਂ ਮਗਰੋਂ ਹੀ ਏਜੀ ਨੂੰ ਬਦਲਣ ਦਾ ਫ਼ੈਸਲਾ ਵੀ ਸਰਕਾਰ ਦੇ ਅਕਸ 'ਤੇ ਪ੍ਰਸ਼ਨ ਚਿੰਨ ਲਾ ਰਿਹਾ ਹੈ। ਥੋੜਾ ਸਮਾਂ ਪਹਿਲਾਂ ਮੁੱਖ ਸਕੱਤਰ ਅਤੇ ਡੀਜੀਪੀ ਨੂੰ ਬਦਲਣਾ ਵੀ ਨਵੀਂ ਕੜੀ ਨਾਲ ਜੁੜ ਰਿਹਾ ਹੈ।

ਭਾਜਪਾ ਆਗੂ ਸੁਨੀਲ ਜਾਖੜ ਨੇ ਟਵੀਟ ਕਰ ਕੇ ਕਿਹਾ ਕਿ ਇੰਜ ਜਾਪਦਾ ਹੈ ਕਿ ਜਿਵੇਂ ਮਾਨ ਸਰਕਾਰ ਵੀ ਚੰਨੀ ਸਰਕਾਰ ਦੇ ਰਸਤੇ 'ਤੇ ਚੱਲ ਰਹੀ ਹੋਵੇ। ਕਾਫ਼ੀ ਕੁਝ ਦੋਵਾਂ ਵਿੱਚ ਮਿਲਦਾ-ਜੁਲਦਾ ਹੈ। ਉਨਾਂ ਐਡਵੋਕੇਟ ਜਨਰਲ ਦੇ ਅਸਤੀਫ਼ੇ ਦੇ ਸੰਦਰਭ 'ਚ ਕਿਹਾ ਕਿ ਚੰਨੀ ਸਰਕਾਰ ਸਮੇਂ ਪਹਿਲਾਂ ਡੀਜੀਪੀ ਬਦਲਿਆ ਗਿਆ ਅਤੇ ਫਿਰ ਐਡਵੋਕੇਟ ਜਨਰਲ। ਹੁਣ ਮਾਨ ਸਰਕਾਰ ਵੀ ਉਸੇ ਤਰਾਂ ਦੀ ਸਕ੍ਰਿਪਟ ਅਪਣਾ ਰਹੀ ਹੈ ਅਤੇ ਬੱਸ, ਸਿਰਫ਼ ਚਰਿੱਤਰ ਬਦਲਿਆ ਹੈ। ਉਨਾਂ ਕਿਹਾ ਕਿ ਜੇਕਰ ਪਹਿਲਾਂ ਹਰੀਸ਼ ਚੌਧਰੀ ਸੀ ਤਾਂ ਹੁਣ ਰਾਘਵ ਚੱਢਾ ਹੈ। ਇਸ ਸਭ ਮਾਮਲੇ ਵਿਚ ਭੁਗਤ ਪੰਜਾਬ ਰਿਹਾ ਹੈ।

'ਆਪ' ਸਰਕਾਰ ਵੱਲੋਂ ਨਵੇਂ ਲਾਏ ਐਡਵੋਕੇਟ ਜਨਰਲ ਵਿਨੋਦ ਘਈ ਦੀ ਨਿਯੁਕਤੀ 'ਤੇ ਕਿੰਤੂ ਕਰਦਿਆਂ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਬੁਲਾਰੇ ਦਵਿੰਦਰ ਸਿੰਘ ਸੋਢੀ ਨੇ ਕਿਹਾ ਜਿਸ ਡੇਰਾ ਸਿਰਸਾ ਦੇ ਮੁਖੀ ਨੇ ਸ਼ੁਰੂ ਤੋਂ ਸਿੱਖ ਵਿਰੋਧੀ ਹਰਕਤਾਂ ਕੀਤੀਆਂ ਹਨ, ਉਨਾਂ ਦੇ ਵਕੀਲ ਨੂੰ ਐਡਵੋਕੇਟ ਜਨਰਲ ਲਾਉਣਾ ਬੇਹੱਦ ਨਿੰਦਾ ਭਰਿਆ ਕਦਮ ਹੈ। ਉਨਾਂ ਇਹ ਫ਼ੈਸਲਾ ਵਾਪਸ ਲੈਣ ਦੀ ਮੰਗ ਕੀਤੀ। ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਬਲਜੀਤ ਸਿੰਘ ਦਾਦੂਵਾਲ ਨੇ ਵੀ ਇਸ ਕਦਮ ਦੀ ਨਿੰਦਾ ਕੀਤੀ ਹੈ। ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਚਾਰ ਮਹੀਨਿਆਂ ਵਿੱਚ ਤਿੰਨ ਥੰਮ ਡਿੱਗ ਗਏ ਹਨ ਜਿਸ ਤੋਂ ਸਰਕਾਰ ਦੇ ਇਰਾਦਿਆਂ ਦੀ ਖੋਟ ਦਾ ਸਾਫ਼ ਪਤਾ ਚੱਲਦਾ ਹੈ।

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪ੍ਰਸ਼ਾਸਨਿਕ ਅਨਿਸ਼ਚਿਤਤਾ ਅਤੇ ਅਸਥਿਰਤਾ ਦਾ ਮਾਹੌਲ ਪੈਦਾ ਕਰਨ ਲਈ ਆਮ ਆਦਮੀ ਪਾਰਟੀ ਸਰਕਾਰ ਦੀ ਨਿਖੇਧੀ ਕੀਤੀ ਹੈ। ਉਨਾਂ



ਕਿਹਾ ਕਿ ਡਾ. ਅਨਮੋਲ ਰਤਨ ਸਿੱਧੂ ਵਰਗਿਆਂ ਨੂੰ ਸੀਨੀਅਰ ਅਹੁਦਿਆਂ ਤੋਂ ਵਾਰ-ਵਾਰ ਹਟਾਉਣਾ ਸੂਬੇ ਲਈ ਠੀਕ ਨਹੀਂ ਹੈ। ਪਹਿਲਾਂ ਡੀਜੀਪੀ ਅਤੇ ਮੁੱਖ ਸਕੱਤਰ ਨੂੰ ਬੇਢੰਗੇ ਤਰੀਕੇ ਨਾਲ ਹਟਾਇਆ ਗਿਆ ਸੀ, ਜਿਸ ਦੇ ਕਾਰਨਾਂ ਤੋਂ ਸਰਕਾਰ ਚੰਗੀ ਤਰਾਂ ਜਾਣੂ ਹੈ ਅਤੇ ਹੁਣ ਏਜੀ ਨੇ ਅਸਤੀਫ਼ਾ ਦੇ ਦਿੱਤਾ ਹੈ। 'ਆਪ' ਸਰਕਾਰ ਵਿੱਚ ਤਜਰਬੇ ਅਤੇ ਕਾਬਲੀਅਤ ਦੀ ਘਾਟ ਹੈ। ਅਧਿਕਾਰੀਆਂ ਦੀ ਨਿਯੁਕਤੀ ਕਰਨਾ ਸਰਕਾਰ ਦਾ ਅਧਿਕਾਰ ਹੈ, ਪਰ ਇਸ ਦੌਰਾਨ ਪ੍ਰਸ਼ਾਸਨਿਕ ਸਥਿਰਤਾ ਨੂੰ ਵਿਗੜਨ ਨਹੀਂ ਦੇਣਾ ਚਾਹੀਦਾ, ਜੋ 'ਆਪ' ਦੇ ਸ਼ਾਸਨ 'ਚ ਵਿਗੜ ਰਹੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਵਾਇਸ ਪ੍ਰੈਜ਼ੀਡੈਂਟ ਤੇ ਸਾਬਕਾ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਅਨਮੋਲ ਰਤਨ ਸਿੱਧੂ ਵਲੋਂ ਅਸਤੀਫ਼ਾ ਦੇਣਾ ਉਨਾਂ ਦੀ ਮਜਬੂਰੀ ਬਣ ਗਈ ਸੀ, ਕਿਉਂਕਿ ਭਗਵੰਤ ਮਾਨ ਸਰਕਾਰ ਨੂੰ ਦਿੱਲੀ ਤੋਂ ਚਲਾਇਆ ਜਾ ਰਿਹਾ ਹੈ, ਜਿਸ ਦੇ ਰੋਸ ਵਜੋਂ ਸਿੱਧੂ ਵਲੋਂ ਅਸਤੀਫ਼ਾ ਦੇਣ ਸਮੇਂ ਨਾ ਬੋਲਣਾ ਇਹ ਇਕ ਵੱਡਾ ਸੁਆਲ ਹੈ, ਕਿਉਂਕਿ ਸਿੱਧੂ ਦਿੱਲੀ ਦੇ ਮੁਤਾਬਿਕ ਨਹੀਂ ਚੱਲ ਸਕੇ ।

### ਗਿਆਰਾਂ ਮਹੀਨੇ ਵਿਚ ਤਿੰਨ ਏਜੀ ਬਦਲੇ

ਬੀਤੇ ਗਿਆਰਾਂ ਮਹੀਨਿਆਂ ਵਿੱਚ ਤਿੰਨ ਐਡਵੋਕੇਟ ਜਨਰਲ ਬਦਲ ਚੁੱਕੇ ਹਨ। ਜਦੋਂ ਚੰਨੀ ਸਰਕਾਰ ਸੀ ਤਾਂ ਉਦੋਂ ਏ.ਪੀ.ਐੱਸ ਦਿਓਲ ਨੂੰ ਐਡਵੋਕੇਟ ਜਨਰਲ ਲਾਇਆ ਗਿਆ ਸੀ ਜਿਨਾਂ ਦਾ ਕਾਰਜਕਾਲ 27 ਸਤੰਬਰ 2021 ਤੋਂ 1 ਨਵੰਬਰ 2021 (ਇੱਕ ਮਹੀਨਾ 15 ਦਿਨ) ਤੱਕ ਰਿਹਾ। ਪੰਜਾਬ ਕਾਂਗਰਸ ਦੇ ਤਤਕਾਲੀ ਪ੍ਰਧਾਨ ਨਵਜੋਤ ਸਿੱਧੂ ਦੇ ਵਿਰੋਧ ਮਗਰੋਂ ਨਵਾਂ ਐਡਵੋਕੇਟ ਜਨਰਲ ਡੀ ਐੱਸ ਪਤਵਾਲੀਆ ਨੂੰ ਲਾਇਆ ਗਿਆ ਜੋ 19 ਨਵੰਬਰ 2021 ਤੋਂ 11 ਮਾਰਚ 2022 ਤੱਕ (ਤਿੰਨ ਮਹੀਨੇ 22 ਦਿਨ) ਆਪਣੇ ਅਹੁਦੇ 'ਤੇ ਰਹੇ। ਅਨਮੋਲ ਰਤਨ ਸਿੱਧੂ ਨੇ 19 ਮਾਰਚ ਨੂੰ ਅਹੁਦਾ ਸੰਭਾਲਿਆ ਸੀ। ਕੈਪਟਨ ਅਮਰਿੰਦਰ ਸਿੰਘ ਦੇ ਕਾਰਜਕਾਲ ਦੌਰਾਨ ਅਤੁਲ ਨੰਦਾ 16 ਮਾਰਚ 2017 ਤੋਂ 19 ਸਤੰਬਰ 2021 ਤੱਕ (54 ਮਹੀਨੇ ਤਿੰਨ ਦਿਨ) ਅਹੁਦੇ 'ਤੇ ਰਹੇ।

### ਅਨਮੋਲ ਰਤਨ ਸਿੱਧੂ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਸੀ : ਭਗਵੰਤ ਮਾਨ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨਾਂ ਪੰਜਾਬ ਦੇ ਸਾਬਕਾ ਐਡਵੋਕੇਟ ਜਨਰਲ ਅਨਮੋਲ ਰਤਨ ਸਿੱਧੂ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਉਹ ਅਸਤੀਫ਼ਾ ਨਾ ਦੇਣ ਤੇ ਆਪਣੇ ਅਹੁਦੇ 'ਤੇ ਸੇਵਾਵਾਂ ਦਿੰਦੇ ਰਹਿਣ। ਮੁੱਖ ਮੰਤਰੀ ਨੇ

ਦੱਸਿਆ ਕਿ ਹੁਣ ਸੀਨੀਅਰ ਵਕੀਲ ਵਿਨੋਦ ਘਈ ਨੂੰ ਨਵਾਂ ਐਡਵੋਕੇਟ ਜਰਨਲ ਲਾਇਆ ਗਿਆ ਹੈ। ਉਨਾਂ ਕਿਹਾ ਕਿ ਸ੍ਰੀ ਸਿੱਧੂ ਸੀਨੀਅਰ ਵਕੀਲ ਹਨ ਤੇ ਸਾਡੀ ਟੀਮ ਦੇ ਮੁੱਢਲੇ ਮੈਂਬਰ ਵੀ ਹਨ ਜਿਸ ਕਰਕੇ ਭਵਿੱਖ ਵਿੱਚ ਵੀ ਉਨਾਂ ਤੋਂ ਸੇਵਾਵਾਂ ਲਈਆਂ ਜਾਣਗੀਆਂ। ਮੁੱਖ ਮੰਤਰੀ ਨੇ ਕਿਹਾ, 'ਮੈਂ ਉਨਾਂ ਨੂੰ ਅਸਤੀਫ਼ਾ ਵਾਪਸ ਲੈਣ ਲਈ ਕਿਹਾ, ਪਰ ਸ੍ਰੀ ਸਿੱਧੂ ਨੇ ਦੱਸਿਆ ਕਿ ਉਨਾਂ ਦੇ ਕੁਝ ਰੁਝੇਵੇਂ ਹਨ।' ਮੁੱਖ ਮੰਤਰੀ ਸ੍ਰੀ ਮਾਨ ਨੇ ਕਿਹਾ ਕਿ ਸਰਕਾਰ ਅਜਿਹੀ ਟੀਮ ਚਾਹੁੰਦੀ ਹੈ ਕਿ ਬਾਹਰੋਂ ਮਹਿੰਗੇ ਵਕੀਲ ਨਾ ਲੈਣੇ ਪੈਣ ਚਾਹੇ ਸੈਸ਼ਨ ਕੋਰਟ ਹੋਵੇ, ਹਾਈ ਕੋਰਟ ਜਾਂ ਸੁਪਰੀਮ ਕੋਰਟ, ਸਰਕਾਰੀ ਵਕੀਲ ਅਜਿਹੇ ਹੋਣ ਜੋ ਪੰਜਾਬ ਦੇ ਲੋਕਾਂ ਦੀ ਸਹੀ ਨੁਮਾਇੰਦਗੀ ਕਰਨ।

# ਅਮਰੀਕੀ ਹਵਾਈ ਫ਼ੌਜ 'ਚ ਭਰਤੀ ਹੋਏ ਪਹਿਲੇ ਦਸਤਾਰਧਾਰੀ ਸਿੱਖ ਨੂੰ ਸੇਵਾਵਾਂ ਨਿਭਾਉਣ ਦੀ ਮਿਲੀ ਇਜਾਜ਼ਤ

**ਨਿਊਯਾਰਕ/ਰਾਜ ਗੋਗਨਾ :-** ਅਮਰੀਕਾ ਦੇ ਸੂਬੇ ਆਈਓਵਾ ਯੂਨੀਵਰਸਿਟੀ ਵਿਖੇ ਡਿਟੈਚਮੈਂਟ 255 ਵਿਖੇ ਸੋਫੋਮੋਰ ਇਨਫਰਮੇਸ਼ਨ ਐਸ਼ੋਰੈਂਸ ਵੱਲੋਂ ਮੇਜਰ ਗੁਰਸ਼ਰਨ ਸਿੰਘ ਵਿਰਕ ਨੂੰ ਸਾਬਤ ਸੂਰਪ ਸਿੱਖ ਵਜੋਂ ਸੇਵਾਵਾਂ ਨਿਭਾਉਣ ਦੀ ਇਜਾਜ਼ਤ ਦਿੱਤੀ ਗਈ ਹੈ। ਅਮਰੀਕਾ ਦੀ ਹਵਾਈ ਸੈਨਾ ਨੇ ਫੈਸਲਾ ਲੈਂਦੇ ਹੋਏ, ਬੀਤੇਂ ਦਿਨ ਭਾਰਤੀ ਸਿੱਖ ਕੈਡਟ ਗੁਰਸ਼ਰਨ ਸਿੰਘ ਵਿਰਕ ਨੂੰ ਸਿੱਖੀ ਸਰੂਪ ਵਿਚ ਸੇਵਾਵਾਂ ਨਿਭਾਉਣ ਦੀ ਇਜਾਜ਼ਤ ਦਿੱਤੀ ਹੈ। ਹਵਾਈ ਫ਼ੌਜ 'ਚ ਭਰਤੀ ਹੋਏ ਗੁਰਸ਼ਰਨ ਸਿੰਘ ਵਿਰਕ ਨੇ ਆਪਣੀ ਖੁਸ਼ੀ ਸਾਂਝੀ ਕਰਦਿਆਂ ਕਿਹਾ ਕਿ ਇਹ ਪੱਗ ਗੁਰੂ ਸਾਹਿਬ ਵੱਲੋਂ ਬਖ਼ਸ਼ਿਆ ਸਿੱਖਾਂ ਦਾ ਤਾਜ ਹੈ ਜਿਸ ਨੂੰ ਹਰ ਸਿੱਖ ਆਪਣੇ ਸਿਰ ਤੇ ਸਜਾਉਣਾ ਚਾਹੁੰਦਾ ਹੈ। ਵਿਰਕ ਨੇ ਦੱਸਿਆ ਕਿ ਇਹ ਜਾਣਦੇ ਹੋਏ, ਕਿ ਸਿੱਖ ਦਸਤਾਰ ਨੂੰ ਆਪਣਾ ਤਾਜ ਸਮਝਦੇ ਹਨ ਅਤੇ ਇਸ ਨੂੰ ਮਾਣ ਨਾਲ ਪਹਿਨਦੇ ਹਨ। ਇਸ ਤਰਾਂ, ਉਸ ਪੁਰਾਣੀ ਵਿਰਾਸਤ ਅਤੇ ਮਾਣ ਨੂੰ ਮੇਰੇ ਨਾਲ ਏਅਰ ਫੋਰਸ ਵਿੱਚ ਲੈ ਕੇ ਜਾਣ ਦੇ ਯੋਗ ਹੋਣ ਦੇ ਨਾਲ-ਨਾਲ ਮੈਂ ਪਾਇਲਟ ਬਣਨ ਦੇ ਆਪਣੇ ਸੁਪਨੇ ਨੂੰ ਪੂਰਾ ਕਰਨ ਦੇ ਯੋਗ ਹੋਣਾ ਮੇਰੇ ਲਈ ਇਸ ਸੰਸਾਰ



ਵਿਚ ਇਕ ਅਰਥ ਹੈ। ਵਿਰਕ ਨੇ ਪਰਸੋਨਲ ਅਤੇ ਸਰਵਿਸਿਜ਼ ਦਫਤਰ ਨੂੰ ਆਪਣੇ ਧਾਰਮਿਕ ਚਿੰਨਾਂ ਲਈ ਇੱਕ ਅਧਿਕਾਰਤ ਤੌਰ 'ਤੇ ਬੇਨਤੀ ਪੇਸ਼ ਕੀਤੀ ਸੀ ਜਿਸ ਨੂੰ ਦਸੰਬਰ ਸੰਨ 2021 ਵਿੱਚ ਮਨਜ਼ੂਰੀ ਦਿੱਤੀ ਗਈ ਸੀ। ਉਹ ਸੰਯੁਕਤ ਰਾਜ ਅਮਰੀਕਾ ਵਿੱਚ ਪੈਦਾ ਹੋਇਆ। ਵਿਰਕ ਦੀ ਫੌਜ ਵਿੱਚ ਸੇਵਾ ਕਰਨ ਦੀ ਇੱਛਾ ਉਸ ਦੇ ਪਿਤਾ ਤੋਂ ਪੈਦਾ ਹੋਈ ਜੋ ਕਿ ਭਾਰਤੀ ਫੌਜ ਵਿੱਚੋਂ ਇੱਕ ਕਰਨਲ ਦੇ ਵਜੋਂ ਸੇਵਾਮੁਕਤ ਹੋਏ ਸਨ ਅਤੇ ਗੁਰਸ਼ਰਨ ਸਿੰਘ ਵਿਰਕ ਨੂੰ ਵੀ ਫੌਜੀ ਜੀਵਨ ਸ਼ੈਲੀ ਪਸੰਦ ਸੀ ਅਤੇ ਮੇਰੀ ਵਰਦੀ ਦੇ ਨਾਲ ਪੱਗ ਬੰਨਣ ਦੇ ਯੋਗ ਹੋਣਾ ਅਮਰੀਕੀ ਨਾਗਰਿਕਾਂ ਦੀ ਅਗਲੀ ਪੀੜੀ ਨੂੰ ਵੀ ਇੱਕ ਸੰਦੇਸ਼ ਦਿੰਦਾ ਹੈ।

# ਸੁਖਮਨਪ੍ਰੀਤ ਸਿੰਘ ਬ੍ਰਿਟਿਸ਼ ਕੋਲੰਬੀਆ ਦੀ ਹਾਕੀ ਟੀਮ ਦੇ ਬਣੇ ਕਪਤਾਨ



**ਵੈਨਕੂਵਰ/ਕਾਹਨੂੰਵਾਨ/ਏ.ਟੀ.ਨਿਊਜ਼ :-** ਬ੍ਰਿਟਿਸ਼ ਕੋਲੰਬੀਆ ਦੀ ਅੰਡਰ-16 ਫੀਲਡ ਹਾਕੀ ਟੀਮ ਦੀ ਕਪਤਾਨੀ ਇਸ ਵਾਰ ਗੁਰਦਾਸਪੁਰੀਆ ਨੌਜਵਾਨ ਸੁਖਮਨਪ੍ਰੀਤ ਕਰੇਗਾ। ਸੂਬਾਈ ਟੂਰਨਾਮੈਂਟ ਇਸ ਵਾਰ 30 ਜੁਲਾਈ ਤੋਂ 3 ਅਗਸਤ ਤੱਕ ਹੋਣੇ ਹਨ, ਜਿਸ ਵਿੱਚ ਸਿਰਫ ਤਿੰਨ ਪੰਜਾਬੀ ਨੌਜਵਾਨਾਂ ਦੀ ਸ਼ਮੂਲੀਅਤ ਵਾਲੀ 18 ਮੈਂਬਰੀ ਹਾਕੀ ਟੀਮ ਦੀ ਕਪਤਾਨੀ ਗੁਰਦਾਸਪੁਰ ਦੇ ਕਾਹਨੂੰਵਾਨ ਨੇੜਲੇ ਪਿੰਡ ਬਹੂਰੀਆਂ ਸੈਣੀਆਂ ਤੋਂ ਕੈਨੇਡਾ ਆ ਕੇ ਵਸੇ ਲੱਡੂ ਸਿੰਘ ਖਾਲਸਾ ਦਾ ਪੁੱਤਰ ਸੁਖਮਨਪ੍ਰੀਤ ਸਿੰਘ ਕਰੇਗਾ। ਲੱਡੂ ਸਿੰਘ ਨੇ ਦੱਸਿਆ ਕਿ ਸੁਖਮਨਪ੍ਰੀਤ ਦੀ ਬਚਪਨ ਤੋਂ ਹੀ ਹਾਕੀ ਵਿੱਚ ਰੁਚੀ ਸੀ। ਉਨਾਂ ਕਿਹਾ ਕਿ ਇੱਕ ਦਿਨ ਉਨਾਂ ਦਾ ਪੁੱਤਰ ਅੰਤਰਾਸ਼ਟਰੀ ਪੱਧਰ 'ਤੇ ਕੈਨੇਡਾ ਲਈ ਸੋਨ ਤਮਗ਼ਾ ਜਿੱਤ ਕੇ ਪੰਜਾਬੀਆਂ ਦਾ ਨਾਂ ਉੱਚਾ ਕਰੇਗਾ। ਸਰੀ ਦੇ ਵਸਨੀਕ ਸੁਖਮਨਪ੍ਰੀਤ ਸਿੰਘ ਨੇ ਕਿਹਾ ਕਿ ਕਈ ਸਾਲਾਂ ਤੋਂ ਉਹ ਲਗਾਤਾਰ ਰੋਜ਼ਾਨਾ ਚਾਰ ਘੰਟੇ ਅਭਿਆਸ ਕਰਦਾ ਰਿਹਾ ਹੈ ਅਤੇ ਅੱਜ ਉਸ ਦਾ ਹਾਕੀ ਦੀ ਟੀਮ ਦਾ ਕਪਤਾਨ ਬਣਨ ਦਾ ਸੁਫ਼ਨਾ ਪੂਰਾ ਹੋਇਆ ਹੈ।

ਦੂਜੇ ਪਾਸੇ, ਜ਼ਿਲਾ ਗੁਰਦਾਸਪੁਰ ਦੇ ਪਿੰਡ ਬਹੂਰੀਆਂ ਸੈਣੀਆਂ ਵਿੱਚ ਸੁਖਮਨਪ੍ਰੀਤ ਸਿੰਘ ਦੇ ਬ੍ਰਿਟਿਸ਼ ਕੋਲੰਬੀਆ ਦੀ ਅੰਡਰ-18 ਹਾਕੀ ਟੀਮ ਦਾ ਕਪਤਾਨ ਨਿਯੁਕਤ ਹੋਣ 'ਤੇ ਖੁਸ਼ੀ ਦਾ ਮਾਹੌਲ ਹੈ। ਹਾਕੀ ਖਿਡਾਰੀ ਸੁਖਮਨਪ੍ਰੀਤ ਸਿੰਘ ਦੇ ਪਿਤਾ ਲੱਡੂ ਸਿੰਘ ਖ਼ਾਲਸਾ ਅਤੇ ਮਾਤਾ ਅਰਵਿੰਦਰ ਕੌਰ ਸੋਨੀ ਨੇ ਦੱਸਿਆ ਕਿ ਉਨਾਂ ਦਾ ਪੁੱਤਰ ਹਾਕੀ ਕੋਚ ਗੁਰਵਿੰਦਰ ਸਿੰਘ ਦੀ ਦੇਖ-ਰੇਖ ਵਿੱਚ ਸਖ਼ਤ ਮਿਹਨਤ ਕਰਨ ਸਦਕਾ ਹਾਕੀ ਟੀਮ ਦਾ ਕਪਤਾਨ ਚੁਣਿਆ ਗਿਆ ਹੈ। ਇਸ ਮੌਕੇ ਉਸ ਦੇ ਦਾਦਕੇ ਪਿੰਡ ਬਹੂਰੀਆਂ ਸੈਣੀਆਂ ਵਿੱਚ ਵੀ ਪਰਿਵਾਰਕ ਮੈਂਬਰਾਂ ਵੱਲੋਂ ਇਲਾਕਾ ਵਾਸੀਆਂ ਨਾਲ ਖ਼ੁਸ਼ੀਆਂ ਸਾਂਝੀਆਂ ਕੀਤੀਆਂ ਗਈਆਂ।

# ਪ੍ਰੈਸ ਕਲੱਬ ਆਫ ਨਾਰਥ ਅਮਰੀਕਾ ਦੀ ਮੀਟਿੰਗ ਵਿੱਚ ਅਹਿਮ ਫ਼ੈਸਲੇ

**ਵਰਜੀਨੀਆ/ਏ.ਟੀ.ਨਿਊਜ਼** :- ਪ੍ਰੈਸ ਕਲੱਬ ਆਫ ਨਾਰਥ ਅਮਰੀਕਾ ਦੇ ਪ੍ਰਬੰਧਕਾਂ ਦੀ ਮੀਟਿੰਗ ਪੰਜ ਤਾਰਾ ਰੈਸਟੋਰੈਟ ਵਿਖੇ ਵਰਜੀਨੀਆ ਵਿੱਚ ਹੋਈ। ਇਸ ਮੀਟਿੰਗ ਨੂੰ ਪੰਜ ਤਾਰਾ ਰੈਸਟੋਰੈਟ ਦੇ ਸੀ ਈ ਓ ਮਹਿਤਾਬ ਸਿੰਘ ਕਾਹਲੋਂ ਨੇ ਸਪਾਂਸਰ ਕੀਤਾ ਸੀ। ਮੀਟਿੰਗ ਦੀ ਸ਼ੁਰੂਆਤ ਪ੍ਰਧਾਨ ਦੀ ਆਗਿਆ ਨਾਲ ਸ਼ੁਰੂ ਕੀਤੀ ਗਈ। ਸਭ ਤੋਂ ਪਹਿਲਾਂ ਜਾਣ ਪਹਿਚਾਣ ਕਰਨ ਉਪਰੰਤ ਦੋ ਨਵੇਂ ਮੈਂਬਰਾਂ ਦੇ ਨਾਵਾਂ ਨੂੰ ਪ੍ਰਵਾਨਗੀ ਦਿੱਤੀ ਗਈ। ਜਿਨਾਂ ਨੂੰ ਬਤੌਰ ਅਗਜੈਕਟਿਵ ਡਾਇਰੈਕਟਰ ਵਜੋਂ ਸ਼ਾਮਲ ਕੀਤਾ ਗਿਆ। ਆਗਿਆਪਾਲ ਸਿੰਘ ਰੰਧਾਵਾ ਤੇ ਸੁਲੇਖਾ ਵਿਜ ਨੇ ਕੋਰ ਕਮੇਟੀ ਦਾ ਧੰਨਵਾਦ ਕੀਤਾ ਤੇ ਮੀਟਿੰਗ ਦੀ ਕਾਰਵਾਈ ਵਿੱਚ ਹਿੱਸਾ ਲਿਆ ਤੇ ਸੁਝਾ ਦਿੱਤੇ, ਜੋ ਕਾਫੀ ਲਾਹੇਵੰਦ ਸਾਬਤ ਹੋਏ ਹਨ। ਪ੍ਰੈਸ ਦੇ ਲੋਗੋ ਤੇ ਅਹਿਮ ਵਿਚਾਰਾਂ ਕਰਨ ਉਪਰੰਤ ਇਸ ਵਿੱਚ ਤਬਦੀਲੀਆਂ ਕਰਨ ਉਪਰੰਤ ਪ੍ਰਵਾਨਗੀ ਦਿੱਤੀ ਗਈ ਤੇ ਇਸ ਨੂੰ ਅੰਤਮ ਰੂਪ ਦੇ ਕੇ ਕੋਰ ਕਮੇਟੀ ਦੇ ਗਰੁਪ ਵਿੱਚ ਇਸ ਦੀ ਤਸਵੀਰ ਸਾਂਝੀ ਕਰਨ ਲਈ ਕੁਲਵਿੰਦਰ ਸਿੰਘ ਫਲੋਰਾ ਪ੍ਰਧਾਨ ਦੀ ਡਿਊਟੀ ਲਗਾਈ ਗਈ। ਕੋਰ ਕਮੇਟੀ ਦੀਆਂ ਸ਼ਾਮਲ ਸ਼ਖਸੀਅਤਾਂ ਦੇ ਧਿਆਨ ਹਿਤ ਲਿਆਂਦਾ ਗਿਆ ਕਿ ਕੁਝ ਅਹੁਦਿਆਂ ਨੂੰ ਆਪਸੀ ਤਬਦੀਲ ਕਰਕੇ ਇਸ ਸੰਸਥਾ ਨੂੰ ਮਜ਼ਬੂਤੀ ਨਾਲ ਸਰਕਾਰੇ ਦਰਬਾਰੇ ਇਸ ਦੀ ਪਹੁੰਚ ਨੂੰ ਯਕੀਨੀ ਬਣਾਇਆ ਜਾਵੇ। ਸੋ ਕੈਸ਼ੀਅਰ ਦਾ ਅਹੁਦਾ ਮੋਨੀ ਗਿੱਲ ਨੂੰ ਦਿੱਤਾ ਗਿਆ ਤੇ ਸੋਮਵਾਰ ਅਕਾਊਂਟ ਖੋਲਣ ਦੀ ਬੇਨਤੀ ਕੀਤੀ ਗਈ। ਮੋਨੀ ਗਿੱਲ ਦਾ ਅਹੁਦਾ ਸਹਾਇਕ ਸਕੱਤਰ ਦਾ ਰਘੂਬੀਰ ਗੋਇਲ ਨੂੰ ਦਿੱਤਾ ਗਿਆ। ਜਦ ਕਿ ਸੁਲੇਖਾਂ ਵਿੱਜ ਨੂੰ ਮੀਡੀਆ ਸਲਾਹਕਾਰ ਨਿਯੁਕਤ ਕੀਤਾ ਗਿਆ। ਇਕ ਨਵੇਂ ਅਹੁਦੇ ਚੇਅਰਮੈਨ ਜੋ ਖਾਲੀ ਸੀ ਉਸ ਤੇ ਡਾਕਟਰ ਸੁਰਿੰਦਰ ਸਿੰਘ ਗਿੱਲ ਨੂੰ ਨਿਯੁਕਤ ਕੀਤਾ ਗਿਆ, ਜਿਸ ਦੀ ਪ੍ਰਵਾਨਗੀ ਤੇ ਹਾਜ਼ਰੀਨ ਨੇ ਮੋਹਰ ਲਗਾਈ ਗਈ। ਫਿਰ ਵੀ ਗ਼ੈਰ ਹਾਜ਼ਰ ਉਪ ਪ੍ਰਧਾਨ ਦਵਿੰਦਰ ਸਿੰਘ ਬਦੇਸ਼ਾ ਦੀ ਪ੍ਰਵਾਨਗੀ ਲੈਣ ਦਾ ਜ਼ਿਕਰ ਕੀਤਾ ਗਿਆ ਹੈ। ਜਿਸ ਦੀ ਜ਼ੁੰਮੇਵਾਰੀ ਸਕੱਤਰ ਜਨਰਲ ਹਰਜੀਤ ਸਿੰਘ ਹੁੰਦਲ ਦੀ ਲਗਾਈ ਗਈ। ਮੀਟਿੰਗ ਵਿੱਚ ਸਾਂਝੇ ਪ੍ਰੋਗਰਾਮਾਂ ਵਿੱਚ ਸ਼ਮੂਲੀਅਤ ਦੀ ਰੂਪਰੇਖਾ ਤਿਆਰ ਕਰਕੇ ਅਗਲੀ ਮੀਟਿੰਗ ਵਿੱਚ ਪ੍ਰਵਾਨਗੀ ਲਈ ਪੇਸ਼ ਕਰਨ ਦੀ ਬੇਨਤੀ ਕੀਤੀ ਗਈ ਹੈ। ਮੀਟਿੰਗ ਉਪਰੰਤ ਬਬੂ ਮਾਨ ਦੇ ਸ਼ੌਅ ਤੇ ਤੀਆਂ ਦੇ ਮੇਲੇ ਸੰਬੰਧੀ ਵਿਚਾਰਾਂ ਦੀ ਸਾਂਝ ਪਾਈ ਗਈ ਤਾਂ ਜੋ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਨਾਲ ਨਾਲ ਸੱਭਿਆਚਾਰ ਨੂੰ ਪ੍ਰਫਲਤ ਕਰਨ ਦੇ ਮਨੋਰਥ ਨੂੰ ਲੋਕ-ਹਿਤ ਕੀਤਾ ਜਾ ਸਕੇ। ਜਿਸ



ਲਈ ਮਹਿਤਾਬ ਸਿੰਘ ਕਾਹਲੋਂ ਨੇ ਬਬੂ ਮਾਨ ਦੇ ਸ਼ੋਅ ਦੇ ਹਰ ਪਹਿਲੂ ਨੂੰ ਦਲੀਲਾਂ ਸਾਹਿਤ ਉਭਾਰਿਆ ਤੇ ਸ਼ੋਅ ਸੋਲਡ ਆਉਟ ਹੋਣ ਬਾਰੇ ਭਰਵੀਂ ਚਰਚਾ ਕੀਤੀ। ਅਗਿਆਪਾਲ ਸਿੰਘ ਰੰਧਾਵਾ ਨੇ ਬੱਬੂ ਮਾਨ ਦੇ ਵਿਵਾਦਾਂ ਵਿੱਚ ਘਿਰੇ ਹੋਣ ਦਾ ਜ਼ਿਕਰ ਕੀਤਾ ਜਿਸ ਨੂੰ ਮਹਿਤਾਬ ਸਿੰਘ ਕਾਹਲੋਂ ਨੇ ਖ਼ੂਬਸੂਰਤ ਢੰਗ ਨਾਲ ਬੱਬੂ ਮਾਨ ਦੇ ਪੱਖ ਵਿੱਚ ਜਵਾਬ ਦਿੱਤੇ ਤੇ ਸ਼ੋ ਨੂੰ ਕਾਮਯਾਬੀ ਵੱਲ ਵਧਦਾ ਦੱਸਿਆ। ਤੀਆਂ ਦੇ ਮੇਲੇ ਸੰਬੰਧੀ ਮੋਨੀ ਗਿੱਲ ਨੇ ਮੀਡੀਏ ਦੇ ਰੂਬਰੂ ਹੋ ਕੇ ਇਸ ਮੇਲੇ ਨੂੰ ਗਿਆਰਵੇਂ ਸਾਲ ਵਿਚ ਪ੍ਰਵੇਸ਼ ਹੋਣ ਦਾ ਜ਼ਿਕਰ ਕੀਤਾ। ਉਨਾਂ ਕਿਹਾ ਇਹ ਮੁਟਿਆਰਾਂ ਦਾ ਮੇਲਾ ਅਪਣੇ ਆਪ ਵਿਚ ਮਿਸਾਲ ਹੋਵੇਗਾ। ਜਿਸ ਵਿਚ ਛੋਟੇ ਬੱਚਿਆਂ ਤੋਂ ਲੈ ਕੇ ਬਜ਼ੁਰਗ ਔਰਤਾਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਦਾ ਦਾਅਵਾ ਪੇਸ਼ ਕੀਤਾ। ਡਾਕਟਰ ਗਿੱਲ ਨੇ ਚੁਣੌਤੀਆ ਪੇਸ਼ ਹੋਣ ਬਾਰੇ ਸਵਾਲ ਕੀਤਾ। ਜਿਸਨੂੰ ਮੋਨੀ ਗਿੱਲ ਨੇ ਨਕਾਰਦੇ ਹੋਏ ਕਿਹਾ ਕਿ ਆਸ਼ਾਵਾਦੀ ਹਮੇਸ਼ਾ ਕਾਮਯਾਬੀ ਦੇ ਮੁਕਾਮ ਤੇ ਪਹੁੰਚਦੇ ਹਨ। ਇਸ ਲਈ ਇਹ ਮੇਲਾ ਮੁਟਿਆਰਾਂ ਦੀ ਸਫਲਤਾ ਤੇ ਪ੍ਰਤਿਭਾ ਦੀ ਪੇਸ਼ਕਾਰੀ ਦਾ ਸੋਮਾ ਬਣਿਆ ਹੈ। ਮੋਨੀ ਗਿੱਲ ਨੇ ਹਰ ਔਰਤ ਨੂੰ ਇਸ ਤੀਆਂ ਦੇ ਮੇਲੇ ਵਿਚ ਪਹੁੰਚਣ ਦੀ ਅਪੀਲ ਕੀਤੀ ਤੇ ਇਸ ਦਾ ਲੁਤਫ ਲੈਣ ਲਈ ਇਕਤੀ ਜੁਲਾਈ ਨੂੰ ਸਾਰੇ ਕੰਮ ਛੱਡ ਕੇ ਤੀਆਂ ਦੇ ਮੇਲੇ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ।

ਪ੍ਰੈਸ ਕਲੱਬ ਆਫ ਨਾਰਥ ਅਮਰੀਕਾ ਨੇ ਦੋਵੇਂ ਸਮਾਗਮਾਂ ਰਾਹੀ ਪੰਜਾਬੀ ਤੇ ਵਿਰਸੇ ਨੂੰ ਉਭਾਰਨ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਹੈ। ਮੋਨੀ ਗਿੱਲ ਤੇ ਮਹਿਤਾਬ ਸਿੰਘ ਕਾਹਲੋਂ ਵੱਲੋਂ ਉਲੀਕੇ ਸਮਾਗਮਾ ਵਿਚ ਹੁੰਮ-ਹੁਮਾ ਕੇ ਪਹੁੰਚਣ ਦਾ ਸੱਦਾ ਦਿੱਤਾ। ਇਸ ਮੀਟਿੰਗ ਵਿੱਚ ਕੁਲਵਿਦਰ ਸਿੰਘ ਫਲੋਰਾ, ਸੁਰਮੁਖ ਸਿੰਘ ਮਾਣਕੂ, ਮੋਨੀ ਗਿੱਲ, ਰਘੂਬੀਰ ਗੋਇਲ, ਕੁਲਦੀਪ ਗਿੱਲ, ਸੁਲੇਖਾਂ ਵਿੱਜ, ਆਗਿਆਪਾਲ ਸਿੰਘ ਰੰਧਾਵਾ, ਹਰਜੀਤ ਸਿੰਘ ਹੁੰਦਲ, ਮਹਿਤਾਬ ਸਿੰਘ ਕਾਹਲੋਂ ਤੇ ਡਾਕਟਰ ਸੁਰਿੰਦਰ ਸਿੰਘ ਗਿੱਲ ਨੇ ਇਸ ਮੀਟਿੰਗ ਵਿੱਚ ਸ਼ਾਮਲ ਹੋ ਕੇ ਅਪਨੀ ਹਾਜ਼ਰੀ ਨੂੰ ਯਕੀਨੀ ਬਣਾਇਆ ਤਾਂ ਜੋ ਜਰਨਲਿਸਟਾਂ ਦੀ ਇਹ ਕਲੱਬ ਪ੍ਰੈਸ ਪ੍ਰਤੀ ਵਫ਼ਾਦਾਰੀ ਨੂੰ ਮਜ਼ਬੂਤੀ ਨਾਲ ਅੱਗੇ ਤੋਰ ਸਕਣ।

# ਕੈਲੀਫੋਰਨੀਆ ਦੇ ਜੰਗਲ ਨੂੰ ਲੱਗੀ ਭਿਆਨਕ ਅੱਗ

## ✪ ਭਾਰੀ ਤਬਾਹੀ ਅਤੇ ਹਜ਼ਾਰਾਂ ਲੋਕ ਘਰ ਛੱਡਣ ਲਈ ਹੋਏ ਮਜਬੂਰ ✪ ਇਕ ਹੈਲੀਕਾਪਟਰ ਤਬਾਹ, ਦੋ ਪਾਈਲਟਾਂ ਦੀ ਮੌਤ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ** :- ਪੈ ਰਹੀ ਤੇਜ਼ ਗਰਮੀ ਦਰਮਿਆਨ ਕੈਲੀਫੋਰਨੀਆ ਸਮੇਤ ਅਮਰੀਕਾ ਦੇ ਹੋਰ ਰਾਜਾਂ ਵਿਚ ਜੰਗਲਾਂ ਨੂੰ ਲੱਗੀ ਭਿਆਨਕ ਅੱਗ ਨਾਲ ਵੱਡੀ ਪੱਧਰ ਉਪਰ ਤਬਾਹੀ ਹੋਈ ਹੈ ਤੇ ਹਜ਼ਾਰਾਂ ਲੋਕ ਘਰ ਬਾਹਰ ਛੱਡਣ ਲਈ ਮਜਬੂਰ ਹੋਏ ਹਨ। ਕੈਲੀਫੋਰਨੀਆ ਦੀ ਮਾਰੀਪੋਸਾ ਕਾਊਂਟੀ ਵਿਚ ਯੋਸਮਾਈਟ ਨੈਸ਼ਨਲ ਪਾਰਕ ਨੇੜੇ ਲੱਗੀ ਅੱਗ ਕਾਬੂ ਹੇਠ ਨਹੀਂ ਆ ਰਹੀ ਜਿਸ ਨਾਲ ਹੁਣ ਤੱਕ ਘੱਟੋ ਘੱਟ 10 ਇਮਾਰਤਾਂ ਸੜ ਗਈਆਂ ਹਨ। ਤਕਰਬੀਨ 9500 ਏਕੜ ਰਕਬਾ ਸੜ ਚੁੱਕਾ ਹੈ। ਇਸ ਖੇਤਰ ਵਿਚੋਂ 6000 ਤੋਂ ਵਧ ਲੋਕਾਂ ਨੂੰ ਆਪਣੇ ਘਰ ਛੱਡ ਕੇ ਕਿਤੇ ਹੋਰ ਜਾਣ ਲਈ ਮਜਬੂਰ ਹੋਣਾ ਪਿਆ ਹੈ। ਅਧਿਕਾਰੀਆਂ ਅਨੁਸਾਰ ਅੱਗ ਬੀਤੇ ਸ਼ੁੱਕਰਵਾਰ ਨੂੰ ਮਿਡਪਾਈਨਜ ਨੇੜੇ ਸੀਰਾ ਨੇਵਾਡਾ ਖੇਤਰ ਤੋਂ ਸ਼ੁਰੂ ਹੋਈ ਸੀ ਜੋ ਤੇਜ਼ੀ ਨਾਲ ਅੱਗੇ ਵਧੀ। ਇਸੇ ਦਿਨ ਤਕਰੀਬਨ 4 ਵਜੇ ਬਿਜਲੀ ਕੱਟ ਦਿੱਤੀ ਗਈ ਸੀ। ਕੈਲੀਫੋਰਨੀਆ ਡਿਪਾਰਟਮੈਂਟ ਆਫ ਫੌਰੈਸਟਰੀ ਐਂਡ ਫਾਇਰ ਪ੍ਰੋਟੈਕਸ਼ਨ ਅਨੁਸਾਰ ਖੇਤਰ ਵਿਚਲੇ 2000 ਤੋਂ ਹੋਰ ਵਧ ਘਰਾਂ ਨੂੰ ਖਤਰਾ ਪੈਦਾ ਹੋ ਗਿਆ ਹੈ।

ਲਦਾਹੋ ਵਿਚ ਮੋਨਟਾਨਾ ਬਾਰਡਰ ਨੇੜੇ ਦਿਹਾਤੀ ਖੇਤਰ ਵਿਚ ਅੱਗ ਉਪਰ ਕਾਬੂ ਪਾਉਣ ਦੇ ਯਤਨ ਵਿਚ ਇਕ ਹੈਲੀਕਾਪਟਰ ਤਬਾਹ ਹੋ ਗਿਆ ਤੇ ਉਸ ਦੇ ਦੋਨਾਂ ਪਾਇਲਟਾਂ ਦੀ ਮੌਤ ਹੋ ਗਈ। ਲੈਮਹੀ ਕਾਊਂਟੀ ਦੇ ਸ਼ੈਰਿਫ ਦਫਤਰ ਅਨੁਸਾਰ ਦੋਨਾਂ ਪਾਈਲਟਾਂ ਨੂੰ ਜ਼ਖਮੀ ਹਾਲਤ ਵਿਚ ਨੇੜੇ ਦੇ ਹਸਪਤਾਲ ਲਿਜਾਇਆ ਗਿਆ



ਜਿਥੇ ਉਹ ਜ਼ਖਮਾਂ ਦੀ ਤਾਬ ਨਾ ਸਹਾਰਦੇ ਹੋਏ ਦਮ ਤੋੜ ਗਏ। ਇਨਾਂ ਪਾਈਲਟਾਂ ਦੀ ਪਛਾਣ 41 ਸਾਲਾ ਥਾਮਲ ਹੇਅਜ ਤੇ 36 ਸਾਲਾ ਜੇਰਡ ਬਰਡ ਵਜੋਂ ਹੋਈ ਹੈ। ਨੈਸ਼ਨਲ ਇੰਟਰਏਜੰਸੀ ਫਾਇਰ ਸੈਂਟਰ ਅਨੁਸਾਰ ਸਲਮੋਨ, ਲਦਾਹੋ ਦੇ ਉਤਰ ਵਿਚ ਤਕਰੀਬਨ 21 ਮੀਲ ਜੰਗਲ ਸੜ ਚੁੱਕਾ ਹੈ ਤੇ 700 ਤੋਂ ਵਧ ਅੱਗ ਬੁਝਾਊ ਅਮਲੇ ਦੇ ਮੁਲਾਜ਼ਮ ਅੱਗ ਉਪਰ ਕਾਬੂ ਪਾਉਣ ਦਾ ਯਤਨ ਕਰ ਰਹੇ ਹਨ। 9 ਹੈਲੀਕਾਪਟਰ ਅੱਗ ਬੁਝਾਊ ਅਮਲੇ ਦੀ ਸਹਾਇਤਾ ਕਰ ਰਹੇ ਹਨ। ਤਾਪਮਾਨ ਵਧਣ ਤੇ ਹੁਮਸ ਵਾਲੇ ਹਾਲਾਤ ਦੇ ਮੱਦੇਨਜ਼ਰ ਆਮ ਲੋਕਾਂ ਨੂੰ ਸਖਤ ਚਿਤਾਵਨੀ ਦਿੱਤੀ ਗਈ ਹੈ। ਅੱਗ ਨਾਲ ਹੋਏ ਮਾਲੀ ਨੁਕਸਾਨ ਬਾਰੇ ਅਜੇ ਕੋਈ ਰਿਪੋਰਟ ਨਹੀਂ ਮਿਲੀ ਹੈ ਪ੍ਰੰਤੂ ਭਾਰੀ ਆਰਥਿਕ ਨੁਕਸਾਨ ਹੋਣ ਦਾ ਅਨੁਮਾਨ ਹੈ।

# ਅਮਰੀਕਾ ਦੇ ਡੈਲਸ ਹਵਾਈ ਅੱਡੇ ’ਤੇ ਇਕ ਔਰਤ ਨੇ ਹਵਾ ਵਿਚ ਚਲਾਈ ਗੋਲੀ

## ✪ ਪੁਲਿਸ ਅਫਸਰ ਵਲੋਂ ਜਵਾਬੀ ਕਾਰਵਾਈ, ਲੱਤ ’ਤੇ ਮਾਰੀ ਗੋਲੀ

## ✪ ਮੱਚੀ ਭਗਦੜ ਤੇ ਉਡਾਣਾਂ ਰੁਕੀਆਂ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ** :- ਡੈਲਸ ਦੇ ਲਵ ਫੀਲਡ ਹਵਾਈ ਅੱਡੇ ਉਪਰ ਉਸ ਵੇਲੇ ਭਗਦੜ ਮੱਚ ਗਈ ਜਦੋਂ ਇਕ ਔਰਤ ਨੇ ਹਵਾ ਵਿਚ ਗੋਲੀ ਚਲਾਈ ਦਿੱਤੀ। ਲੋਕ ਆਪਣੀਆਂ ਜਾਨਾਂ ਬਚਾਉਣ ਲਈ ਇਧਰ ਉਧਰ ਲੁਕ ਗਏ। ਡਲਾਸ ਪੁਲਿਸ ਮੁਖੀ ਐਡਗਾਰਡੋ ਗਾਰਸੀਆ ਨੇ ਕਿਹਾ ਹੈ ਕਿ 37 ਸਾਲਾ ਔਰਤ ਸਥਾਨਕ ਸਮੇਂ ਅਨੁਸਾਰ ਸਵੇਰੇ 11 ਵਜੇ ਟਿਕਟ ਕਾਊਂਟਰ ਖੇਤਰ ਵਿਚ ਦਾਖਲ ਹੋਈ। ਉਹ ਬਾਥਰੂਮ ਗਈ ਤੇ ਕੁਝ ਮਿੰਟਾਂ ਬਾਅਦ ਕੱਪੜੇ ਬਦਲ ਕੇ ਬਾਹਰ ਆਈ। ਬਾਹਰ ਆ ਕੇ ਉਸ ਨੇ ਗੋਲੀ ਚਲਾ ਦਿੱਤੀ ਜਿਸ ਨੂੰ ਰੋਕਣ ਲਈ ਇਕ ਪੁਲਿਸ ਅਫਸਰ ਨੇ ਉਸ ਦੀ ਲੱਤ ’ਤੇ ਗੋਲੀ ਮਾਰੀ। ਗਾਰਸੀਆ ਅਨੁਸਾਰ ਔਰਤ ਤੋਂ ਇਲਾਵਾ ਹੋਰ ਕੋਈ ਜ਼ਖਮੀ ਨਹੀਂ ਹੋਇਆ। ਔਰਤ ਨੂੰ ਗ੍ਰਿਫਤਾਰ ਕਰਕੇ ਤੁਰੰਤ ਹਸਪਤਾਲ ਲਿਜਾਇਆ ਗਿਆ। ਪੁਲਿਸ ਨੇ ਔਰਤ ਦਾ ਨਾਂ ਨਹੀਂ ਦੱਸਿਆ ਹੈ। ਗਾਰਸੀਆ ਅਨੁਸਾਰ ਔਰਤ ਨੇ ਹਵਾ ਵਿਚ ਗੋਲੀ ਕਿਉਂ ਚਲਾਈ ਇਸ ਬਾਰੇ ਜਾਂਚ ਕੀਤੀ ਜਾ ਰਹੀ ਹੈ। ਗੋਲੀ ਚੱਲਣ ਉਪਰੰਤ ਹਵਾਈ ਅੱਡੇ ਨੂੰ ਖਾਲੀ ਕਰਵਾ ਲਿਆ ਗਿਆ। ਡਲਾਸ ਹਵਾਈ ਅੱਡੇ ’ਤੇ ਪਹੁੰਚੀਆਂ ਉਡਾਣਾਂ ਨੂੰ ਉਥੇ ਹੀ ਕੁਝ ਘੰਟਿਆਂ ਲਈ ਰੋਕ ਲਿਆ ਗਿਆ ਤੇ ਜੋ ਉਡਾਣਾਂ ਜਾਣ ਦੀ ਤਿਆਰੀ ਵਿਚ ਸਨ, ਉਹ ਵੀ ਰੋਕ ਲਈਆਂ ਗਈਆਂ। ਦੁਪਹਿਰ 2 ਵਜੇ ਤੋਂ ਬਾਅਦ ਹਵਾਈ ਅੱਡੇ ਉਪਰ ਮੁਸਾਫਿਰਾਂ ਦੀ ਸੁਰੱਖਿਆ ਜਾਂਚ ਦਾ ਕੰਮ ਸ਼ੁਰੂ ਹੋਇਆ।

# ਕੈਲੀਫੋਰਨੀਆ ਵਿਚ ਗੋਲੀਬਾਰੀ, 7 ਵਿਅਕਤੀ ਜ਼ਖਮੀ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ**:- ਲਾਸ ਏਂਜਲਸ ਦੇ ਗੁਆਂਢ ਸੈਨ ਪੇਡਰੋ, ਕੈਲੀਫੋਰਨੀਆ ਵਿਚ ਅਣਪਛਾਤੇ ਹਮਲਾਵਰ ਵਲੋਂ ਕੀਤੀ ਗੋਲੀਬਾਰੀ ਵਿਚ 7 ਵਿਅਕਤੀ ਜ਼ਖਮੀ ਹੋ ਗਏ। ਇਹ ਜਾਣਕਾਰੀ ਲਾਸ ਏਂਜਲਸ ਦੇ ਅੱਗ ਬੁਝਾਊ ਵਿਭਾਗ ਨੇ ਜਾਰੀ ਇਕ ਪ੍ਰੈਸ ਬਿਆਨ ਵਿਚ ਦਿੱਤੀ ਹੈ। ਵਿਭਾਗ ਅਨੁਸਾਰ ਸੂਚਨਾ ਮਿਲਣ ’ਤੇ ਵਿਭਾਗ ਦੇ ਸਿਹਤ ਮੁਲਾਜ਼ਮ ਤੁਰੰਤ ਘਟਨਾ ਸਥਾਨ ’ਤੇ ਪੁੱਜੇ ਤੇ ਜ਼ਖਮੀ ਹੋਏ 7 ਵਿਅਕਤੀਆਂ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ। ਵਿਭਾਗ ਵੱਲੋਂ ਜਾਰੀ ਬਿਆਨ ਅਨੁਸਾਰ ਇਹ ਘਟਨਾ ਪੈੱਕ ਪਾਰਕ ਵਿਚ ਕਾਰ ਸ਼ੋਅ ਦੌਰਾਨ ਵਾਪਰੀ ਦੱਸੀ ਜਾਂਦੀ ਹੈ। ਗੋਲੀਬਾਰੀ ਵਿਚ ਜ਼ਖਮੀ ਹੋਏ ਲੋਕਾਂ ਵਿਚ 4 ਮਰਦ ਤੇ 3 ਔਰਤਾਂ ਸ਼ਾਮਿਲ ਹਨ। ਇਸ ਸਬੰਧੀ ਲਾਸ ਏਂਜਲਸ ਪੁਲਿਸ ਵਿਭਾਗ ਦੇ ਬੁਲਾਰੇ ਨੇ ਕਿਹਾ ਹੈ ਕਿ ਅਜੇ ਤੱਕ ਇਸ ਮਾਮਲੇ ਵਿਚ ਕੋਈ ਗ੍ਰਿਫਤਾਰੀ ਨਹੀਂ ਹੋਈ ਹੈ ਤੇ ਨਾ ਹੀ ਘਟਨਾ ਵਾਪਰਨ ਪਿੱਛੇ ਕੋਈ ਮਕਸਦ ਸਪੱਸ਼ਟ ਹੋ ਸਕਿਆ ਹੈ। ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਮੌਕੇ ’ਤੇ ਮੌਜੂਦ ਲੋਕਾਂ ਤੋਂ ਜਾਣਕਾਰੀ ਲਈ ਜਾ ਰਹੀ ਹੈ। ਸੀ ਸੀ ਟੀ ਵੀ ਕੈਮਰਿਆਂ ਨੂੰ ਘੋਖਿਆ ਜਾ ਰਿਹਾ ਹੈ ਤਾਂ ਜੋ ਸ਼ੱਕੀ ਹਮਲਾਵਾਰ ਬਾਰੇ ਕੋਈ ਸੂਹ ਮਿਲ ਸਕੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਸਿੱਖ ਸ਼ਹਾਦਤਾਂ ਨੂੰ ਰੋਲਣ ਵਾਲੀ ਸਿਆਸਤ

**ਸਰਬਜੀਤ ਕੌਰ ਸਰਬ**

ਪੰਜਾਬ ਵਿੱਚ ਰਾਜਨੀਤੀ ਦਾ ਜੋ ਦੌਰ ਚੱਲ ਰਿਹਾ ਹੈ ਉਸ ਨੂੰ ਵੇਖ ਕੇ ਲੱਗ ਰਿਹਾ ਹੈ ਇੱਥੇ ਨਾ ਤਾਂ ਸਿੱਖੀ ਨੂੰ ਬਚਾਉਣ ਦੀ ਗੱਲ ਕੀਤੀ ਜਾ ਰਹੀ ਹੈ ਤੇ ਨਾ ਹੀ ਲੋਕਾਂ ਦੀਆਂ ਅਸਲ ਭਾਵਨਾਵਾਂ ਨੂੰ ਵੇਖਿਆ ਜਾ ਰਿਹਾ ਹੈ। ਸਿਆਸੀ ਲੀਡਰ ਆਪਣੀਆਂ ਰੋਟੀਆਂ ਸੇਕਣ ਦੇ ਲਈ ਇੱਕ ਦੂਜੇ ਉੱਤੇ ਇਲਜ਼ਾਮਾਂ ਦੀਆਂ ਝੜੀਆਂ ਲਾ ਰਹੇ ਹਨ ਜਿਸ ਵਿੱਚ ਆਏ ਦਿਨ ਕਿਸੇ ਨਾ ਕਿਸੇ ਅਜਿਹੇ ਮੁੱਦੇ ਤੇ ਬਹਿਸ ਛੇੜ ਦਿੱਤੀ ਜਾਂਦੀ ਹੈ ਜਿਸ ਨਾਲ ਪੰਜਾਬ ਦੇ ਅਸਲ ਮੁੱਦਿਆਂ ਨੇ ਅੱਖੋਂ ਓਹਲੇ ਕਰ ਦਿੱਤਾ ਜਾਂਦਾ ਹੈ ।

ਅਜੋਕੇ ਦੌਰ ਵਿੱਚ ਇਨਾਂ ਸਿਆਸਤਦਾਨਾਂ ਨੇ ਸਿੱਖ ਕੌਮ ਦੇ ਯੋਧਿਆਂ ਦੀਆਂ ਸ਼ਹਾਦਤਾਂ ’ਤੇ ਸਿਆਸਤ ਕਰਨੀ ਸ਼ੁਰੂ ਕਰ ਦਿੱਤੀ ਹੈ । ਇਸ ਗੰਦੀ ਰਾਜਨੀਤੀ ਦੀ ਖੇਡ ਨੇ ਤਾਂ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੀ ਨਹੀ ਬਖ਼ਸ਼ਿਆ ਹੈ। ਜਿਨਾਂ ਸੂਰਮਿਆਂ ਨੇ ਸ਼ਬਦ ਗੁਰੂ ਨੂੰ ਸਮਰਪਿਤ ਹੋ ਕੇ ਸਿੱਖੀ ਵਿੱਚ ਅਣਖੀਲਾਪਣ ਕਾਇਮ ਕੀਤਾ ਸੀ ਅੱਜ ਉਨਾਂ ਦੀ ਰਿਹਾਈ ਦੇ ਲਈ ਸਿਆਸੀ ਤੰਜ ਕੱਸੇ ਜਾ ਰਹੇ ਹਨ। ਅੱਜ ਉਹ ਹੀ ਲੀਡਰ ਹੱਥਾਂ ਵਿੱਚ ਤਖ਼ਤੀਆਂ ਫੜ ਕੇ ਸਿੰਘਾਂ ਦੀ ਰਿਹਾਈ ਦੀ ਗੱਲ ਕਰ ਰਹੇ ਹਨ ਜਿਨਾਂ ਨੇ ਆਪਣੇ ਰਾਜ ਦੇ ਦੌਰਾਨ ਵੀ ਕਦੇ ਸਿੰਘਾਂ ਦੀ ਸਾਰ ਨਹੀਂ ਲਈ ਸੀ।

ਉਦੋਂ ਇਨਾਂ ਨੂੰ ਦਿੱਲੀ ਦਰਬਾਰ ਆਪਣਾ ਲੱਗਦਾ ਸੀ।ਅਜਿਹੇ ਲੋਕ ਸਿਰਫ਼ ਦਿਖਾਵੇ ਦੇ ਲਈ ਕੌਮੀ ਪਹਿਰੇਦਾਰ ਬਣਦੇ ਹਨ ਪਰ ਅਸਲ ਹਕੀਕਤ ਵਿਚ ਇਹ ਅਬਦਾਲੀ ਦੇ ਹੀ ਪੈਰੋਕਾਰ ਹਨ ।

ਜੇਕਰ ਗਹਿਰਾਈ ਵਿੱਚ ਬੰਦੀ ਸਿੰਘਾਂ ਦੀ ਗੱਲ ਕੀਤੀ ਜਾਵੇ ਤਾਂ ਸਮਝ ਆਉਂਦਾ ਹੈ ਕਿ ਬੰਦੀ ਸਿੰਘ ਕੇਵਲ ਭਾਰਤੀ ਜੇਲਾਂ ਵਿੱਚ ਹੀ ਨਹੀਂ ਹਨ ਸਗੋਂ ਭਾਰਤ ਤੋਂ ਬਾਹਰ ਵੀ ਬੰਦੀ ਸਿੰਘ ਸਜ਼ਾਵਾਂ ਕੱਟ ਰਹੇ ਹਨ।

ਜਿਵੇਂ ਆਸਟਰੀਆ ਦੇ ਵਿਆਨਾ ਦੇ ਇੱਕ ਰਵਿਦਾਸੀਆ ਮੰਦਿਰ ਵਿੱਚ ਗੋਲੀਬਾਰੀ ਅਤੇ ਝਗੜੇ ਦੇ ਸਬੰਧ ਵਿੱਚ ਗ੍ਰਿਫਤਾਰ ਕੀਤੇ ਗਏ ਛੇ ਸਿੱਖਾਂ ਨੂੰ ਸਵੈ-ਨਿਰਭਰ ਰਵਿਦਾਸੀਆ ‘ਗੁਰੂ’ ਬਾਬਾ ਰਾਮਾਨੰਦ ਦੇ ਕਤਲ ਦੇ ਦੋਸ਼ ਵਿੱਚ ਜੇਲ ਦੀ ਸਜ਼ਾ ਸੁਣਾਈ ਗਈ ਹੈ। ਸਿੱਖਾਂ ਨੇ ਰਾਮਾਨੰਦ ਅਤੇ ਉਸ ਦੇ ਪੈਰੋਕਾਰਾਂ ਨੂੰ ਵਿਆਨਾ ਮੰਦਿਰ ਵਿਚ ਹੋਈ ਹਿੰਸਾ ਲਈ ਜ਼ਿੰਮੇਵਾਰ ਠਹਿਰਾਇਆ ਸੀ, ਇਹ ਕਹਿੰਦਿਆਂ ਕਿ ਉਨਾਂ ਨੇ ਜਾਣਬੁੱਝ ਕੇ ਸਿੱਖਾਂ




ਦੇ ਪਵਿੱਤਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਰਾਦਰ ਕੀਤਾ ਸੀ। ਸਜ਼ਾ ਸੁਣਾਏ ਗਏ ਵਿਅਕਤੀਆਂ ਦੀ ਪਛਾਣ ਜਸਪਾਲ ਸਿੰਘ (35), ਸਤਵਿੰਦਰ ਸਿੰਘ (29), ਤਰਸੇਮ ਸਿੰਘ (46), ਸੁਖਵਿੰਦਰ ਸਿੰਘ (28), ਹਰਦੀਪ ਸਿੰਘ (33) ਅਤੇ ਚਰਨਜੀਤ ਸਿੰਘ (24) ਵਜੋਂ ਹੋਈ ਹੈ।

ਇਸ ਤੋਂ ਇਲਾਵਾ ਦੁਨੀਆਂ ਭਰ ਵਿੱਚ ਕਿੰਨੇ ਹੀ ਅਜਿਹੇ ਬੰਦੀ ਸਿੰਘ ਹਨ ਜਿਨਾਂ ਨੂੰ ਸਾਡਾ ਪੰਥ ਅੱਜ ਭੁੱਲ ਚੁੱਕਿਆ ਹੈ। ਕਿਉਂਕਿ ਪੰਥ ਦੀ ਨੁਮਾਇੰਦਗੀ ਕਰਨ ਵਾਲੇ ਹੀ ਅਜਿਹੇ ਲੋਕ ਹਨ ਜੋ ਕੇਵਲ ਆਪਣੇ ਹਿੱਤਾਂ ਦੀ ਪੂਰਤੀ ਦੇ ਲਈ ਪੰਥ ਦੀ ਸੇਵਾ ਕਰਨ ਦਾ ਢੌਂਗ ਰਚਦੇ ਹਨ ।

**ਪੰਜਾਬ ਵਿੱਚ ਇਸ ਸਮੇਂ ਕੀ ਵਾਪਰ ਰਿਹਾ ਹੈ,ਲੋਕਾਂ ਦੀ ਸੋਚ ਕਿਸ ਪਾਸੇ ਜਾ ਰਹੀ ਹੈ, ਸਿੱਖ ਕੌਮ ਧਰਮ ਪਰਿਵਰਤਨ ਵੱਲ ਕਿਉਂ ਵਧ ਰਹੀ ਹੈ, ਨਸ਼ਿਆਂ ਦਾ ਕਾਰੋਬਾਰ ਕਿੱਥੋਂ ਚੱਲ ਰਿਹਾ ਹੈ, ਮਾਰੂ ਹਥਿਆਰ ਪੰਜਾਬ ਵਿਚ ਕਿਵੇਂ ਖੁੱਲੇਆਮ ਵਿਕ ਰਹੇ ਹਨ, ਪੰਜਾਬ ਦੇ ਲੋਕ ਬਿਮਾਰੀਆਂ ਨਾਲ ਕਿਵੇਂ ਜੂਝ ਰਹੇ ਹਨ, ਧਰਤੀ ਹੇਠਲਾ ਪਾਣੀ ਕਿਵੇਂ ਦੂਸ਼ਿਤ ਹੋ ਰਿਹਾ ਹੈ, ਨੌਜਵਾਨ ਤੇ ਬਜ਼ੁਰਗ ਆਤਮ ਹੱਤਿਆ ਕਰਨ ਲਈ ਕਿਉਂ ਮਜਬੂਰ ਹਨ। ਇਸ ਸਭ ਦੇ ਲਈ ਸਰਕਾਰਾਂ ਤੇ ਕੌਮ ਦੇ ਨੁਮਾਇੰਦੇ ਕਦੋਂ ਸੋਚਣਗੇ ।**

ਪੰਥ ਦਾ ਦਰਦ ਰੱਖਣ ਦਾ ਦਿਖਾਵਾ ਕਰਨ ਵਾਲਿਆਂ ਨੂੰ ਸਭ ਤੋਂ ਪਹਿਲਾਂ ਸ਼ਹੀਦਾਂ ਦੇ ਪਰਿਵਾਰਾਂ ਨੂੰ ਉਹ ਸਹੂਲਤਾਂ ਮੁਹੱਈਆ ਕਰਵਾਉਣੀਆਂ ਚਾਹੀਦੀਆਂ ਹਨ ਜਿਨਾਂ ਦੇ ਲਈ ਉਹ ਅੱਜ ਤਕ ਤਰਸਦੇ ਆ ਰਹੇ ਹਨ। ਪੰਜਾਬ ਦੇ ਵਿੱਚ ਹੀ ਅਜਿਹੇ ਕਿੰਨੇ ਸ਼ਹੀਦ ਪਰਿਵਾਰ ਹਨ ਜਿਨਾਂ ਦੀ ਆਰਥਿਕ ਸਥਿਤੀ ਚੰਗੀ ਨਹੀਂ ਹੈ । ਗੁਰੂ ਦੀ ਗੋਲਕ ਇਨਾਂ ਸ਼ਹੀਦਾਂ ਦੇ ਪਰਿਵਾਰਾਂ ਲਈ ਕਿਉਂ ਨਹੀਂ ਖੁੱਲਦੀ ? ਅੱਜ ਅਸੀਂ ਇਹ ਤਾਂ ਆਖ ਦਿੰਦੇ ਹਾਂ ਕਿ ਸਿੱਖ ਧਰਮ ਵਿੱਚ ਪਰਿਵਰਤਨ ਦੀ ਹੋੜ ਲੱਗੀ ਪਈ ਹੈ । ਸਿੱਖੀ ਹੋਣ ਦੇ ਬਾਵਜੂਦ ਵੀ ਉਹ ਲੋਕ ਇਸਾਈ ਮੱਤ ਨੂੰ ਗ੍ਰਹਿਣ ਕਰ ਰਹੇ ਹਨ । ਪਰ ਕੀ ਕਦੇ ਕਿਸੇ ਪੰਥਕ ਆਗੂ ਨੇ ਇਹ ਜਾਨਣ ਦੀ ਕੋਸ਼ਿਸ਼ ਕੀਤੀ ਹੈ ਕਿ ਇਸ ਦਾ ਅਸਲ ਕਾਰਨ ਕੀ ਹੈ ? ਸਾਡੇ ਅੱਜ ਦੇ ਧਾਰਮਿਕ ਅਦਾਰੇ ਵੀ ਉਹ ਸਿੱਖਿਆ ਦੇਣ ਵਿੱਚ ਅਸਫਲ ਹਨ ਜਿਵੇਂ ਦੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਆਪਣੇ ਵਿਦਿਆਰਥੀਆਂ ਨੂੰ ਦਿੰਦੇ ਸਨ । ਕੌਮ ਦੀ ਤਰਾਸਦੀ ਹੀ ਇਸ ਵਿੱਚ ਹੈ ਕਿ ਇਸ ਦੇ ਆਗੂ ਹੀ ਸ਼ਬਦ ਗੁਰੂ ਦਾ ਸਹੀ ਪ੍ਰਚਾਰ ਕਰਨ ਵਿਚ ਸਫ਼ਲ ਨਹੀਂ ਹੋ ਸਕੇ ਹਨ ।ਬੇਸ਼ੱਕ ਕੁਝ ਅਜਿਹੇ ਸੰਤ ਬਿਰਤੀ ਰੂਹਾਂ ਹਨ ਜੋ ਕੌਮ ਲਈ ਸੰਘਰਸ਼ਮਈ ਜ਼ਿੰਦਗੀ ਬਤੀਤ ਕਰ ਰਹੀਆਂ ਹਨ ਤੇ ਸਮਾਂ ਪੈਣ ਤੇ ਉਨਾਂ ਨਾਲ ਵੀ ਇਹ ਇਕ ਸਿਆਸੀ ਲੀਡਰ ਦਗ਼ੇਬਾਜ਼ੀਆਂ ਕਮਾ ਜਾਂਦੇ ਹਨ। ਜਿਸ ਦੀ ਸਪੱਸ਼ਟ ਉਦਾਹਰਣ ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਜੀ ਹਨ ਜਿਨਾਂ ਦੇ ਸੱਚੇ ਬੋਲਾਂ ਕਾਰਨ 295-1 ਦਾ ਝੂਠਾ ਪਰਚਾ ਦਰਜ ਕੀਤਾ ਗਿਆ।

ਇਨਾਂ ਸਿਆਸੀ ਅਨਸਰਾਂ ਨੇ ਹਮੇਸ਼ਾ ਹੀ ਪੰਜਾਬ ਨੂੰ ਵਰਤਿਆ ਹੈ। ਅੱਜ ਪੰਜਾਬ ਦੇ ਵਿੱਚ ਹੀ ਪੰਜਾਬੀ ਬੋਲੀ ਤੇ ਸਿੱਖੀ ਨੂੰ ਖ਼ਤਰਾ ਹੈ। ਜਦੋਂ ਅਜਿਹੇ ਲੋਕਾਂ ਨੇ ਸਿੱਖੀ ਨੂੰ ਹੀ ਢਾਹ ਲਾਉਣੀ ਸ਼ੁਰੂ ਕਰ ਦਿੱਤੀ ਹੈ ਫਿਰ ਇਨਾਂ ਕੋਲੋਂ ਪੰਜਾਬ ਦੀ ਖੁਸ਼ਹਾਲੀ ਦੀ ਆਸ ਕਿੱਥੋਂ ਕੀਤੀ ਜਾ ਸਕਦੀ ਹੈ। ਅੱਜ ਰਾਜਨੀਤੀ ਲੋਕਾਂ ਦੇ ਭਲੇ ਲਈ ਨਹੀਂ ਕੀਤੀ ਜਾ ਰਹੀ ਸਗੋਂ ਇੱਕ ਦੂਜੇ ਰਾਜਨੀਤਕ ਲੀਡਰਾਂ ਤੇ ਚਿੱਕੜ ਸੁੱਟਣ ਲਈ ਕੀਤੀ ਜਾਂਦੀ ਹੈ ।

ਕੌਮ ਦੀ ਵਿਰਾਸਤ ਅੱਜ ਇਨਾਂ ਲੀਡਰਾਂ ਨੇ ਪੈਰਾਂ ਵਿੱਚ ਰੋਲ ਦਿੱਤੀ ਹੈ। ਜਿਸ ਦਾ ਨਤੀਜਾ ਪੰਜਾਬ ਅੱਜ ਅਜਿਹੇ ਲੋਕਾਂ ਦੇ ਹੱਥਾਂ ਵਿੱਚ ਹੈ

ਜਿਨਾਂ ਨੇ ਕੇਵਲ ਦੁਨਿਆਵੀ ਵਿਅੰਗ ਰਚੇ ਹਨ । ਸਿੱਖ ਇਤਿਹਾਸ ਤੇ ਵਿਰਾਸਤ ਦੀ ਸੋਝੀ ਜਿਨਾਂ ਲੋਕਾਂ ਨੂੰ ਨਹੀਂ ਹੈ ਉਹ ਦਿੱਲੀ ਤੋਂ ਪੰਜਾਬ ਦੀ ਅਗਵਾਈ ਕਰ ਰਹੇ ਹਨ। ਪੰਜਾਬ ਦੀ ਸਭ ਤੋਂ ਵੱਡੀ ਤਰਾਸਦੀ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਕੋਈ ਵੀ ਚੰਗਾ ਲੀਡਰ ਪੰਜਾਬ ਦੀ ਰਹਿਨੁਮਾਈ ਨਹੀਂ ਕਰ ਸਕਿਆ । ਪੰਜਾਬ ਨੂੰ ਜਿੰਨੇ ਵੀ ਆਗੂ ਮਿਲੇ ਉਨਾਂ ਸਾਰਿਆਂ ਨੇ ਪੰਜਾਬ ਨੂੰ ਲੁੱਟ ਕੇ ਖਾ ਲਿਆ ਤੇ ਰਹਿੰਦੀ ਕਸਰ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਦੀ ਲੱਤ ਲਾ ਕੇ ਗੈਂਗਸਟਰ ਬਣਾ ਦਿੱਤਾ ਹੈ। ਅੱਜ ਪੰਜਾਬ ਦੀਆਂ ਮਾਵਾਂ ਆਪਣੇ ਪੁੱਤਾਂ ਦੀਆਂ ਲਾਸ਼ਾਂ ਉਪਰ ਵੈਣ ਪਾਉਂਦੀਆਂ ਨਜ਼ਰ ਆ ਰਹੀਆਂ ਹਨ ਤੇ ਸਾਡਾ ਸਿਆਸੀ ਭਾਈਚਾਰਾ ਇੱਕ ਦੂਜੇ ਉੱਤੇ ਭ੍ਰਿਸ਼ਟਾਚਾਰ ਦੇ ਆਰੋਪ ਲਾ ਕੇ ਆਪਸ ਵਿੱਚ ਲੜ ਰਹੇ ਹਨ।

# ਦਰੋਪਦੀ ਮੁਰਮੂ ਨੇ 15ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ

## ✪ ਆਦਿਵਾਸੀ ਸਮਾਜ ਦੀ ਪਹਿਲੀ ਅਤੇ ਦੇਸ਼ ਦੀ ਦੂਜੀ ਬੀਬੀ ਰਾਸ਼ਟਰਪਤੀ ਹੋਣ ਦਾ ਮਿਲਿਆ ਮਾਣ ✪ ਹੁਣ ਗਰੀਬਾਂ ਦੇ ਸੁਫ਼ਨੇ ਵੀ ਪੂਰੇ ਹੋ ਸਕਦੇ ਨੇ : ਮੁਰਮੂ ✪ ਆਪਣੇ ਪਲੇਠੇ ਭਾਸ਼ਣ ਵਿੱਚ ‘ਸਬਕਾ ਸਾਥ, ਸਬਕਾ ਕਰਤੱਵਯ’ ਦੀ ਕੀਤੀ ਅਪੀਲ

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਦਰਪੋਦੀ ਮੁਰਮੂ (64) ਨੇ ਬੀਤੇ ਦਿਨੀਂ ਦੇਸ਼ ਦੇ 15ਵੇਂ ਰਾਸ਼ਟਰਪਤੀ ਵਜੋਂ ਹਲਫ਼ ਲੈਣ ਮਗਰੋਂ ਆਪਣੇ ਪਲੇਠੇ ਭਾਸ਼ਣ ਵਿਚ ਕਿਹਾ ਕਿ ਉਨਾਂ ਦੀ ਚੋਣ ਇਸ ਗੱਲ ਦਾ ਸਬੂਤ ਹੈ ਕਿ ਕਿਸੇ ਵੀ ਗਰੀਬ ਦੇ ਸੁਫ਼ਨੇ ਹੁਣ ਪੂਰੇ ਹੋ ਸਕਦੇ ਹਨ। ਸ੍ਰੀਮਤੀ ਮੁਰਮੂ ਦੇਸ਼ ਦੇ ਸਿਖਰਲੇ ਅਹੁਦੇ ’ਤੇ ਬੈਠਣ ਵਾਲੀ ਆਦਿਵਾਸੀ ਸਮਾਜ ਦੀ ਪਹਿਲੀ ਅਤੇ ਦੂਜੀ ਬੀਬੀ ਰਾਸ਼ਟਰਪਤੀ ਹਨ। ਉਹ ਸਭ ਤੋਂ ਛੋਟੀ ਉਮਰ ਦੀ ਰਾਸ਼ਟਰਪਤੀ ਹੋਣ ਦੇ ਨਾਲ ਨਾਲ ਅਹੁਦੇ ’ਤੇ ਬਿਰਾਜਮਾਨ ਹੋਣ ਵਾਲੀ ਆਜ਼ਾਦ ਭਾਰਤ ਦੀ ਪਹਿਲੀ ਆਗੂ ਹਨ। ਦੇਸ਼ ਦੇ ਚੀਫ਼ ਜਸਟਿਸ ਐੱਨ ਵੀ ਰਾਮੰਨਾ ਨੇ ਉਨਾਂ ਨੂੰ ਸੰਸਦ ਦੇ ਕੇਂਦਰੀ ਹਾਲ ਵਿੱਚ ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ, ਉਪ ਰਾਸ਼ਟਰਪਤੀ ਤੇ ਰਾਜ ਸਭਾ ਚੇਅਰਮੈਨ ਐੱਮ ਵੈਂਕੱਈਆ ਨਾਇਡੂ, ਲੋਕ ਸਭਾ ਸਪੀਕਰ ਓਮ ਬਿਰਲਾ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਸਾਬਕਾ ਰਾਸ਼ਟਰਪਤੀ ਪ੍ਰਤਿਭਾ ਪਾਟਿਲ, ਦੋਵਾਂ ਸਦਨਾਂ ਦੇ ਮੈਂਬਰਾਂ ਅਤੇ ਹੋਰ ਮਹਿਮਾਨਾਂ ਦੀ ਹਾਜ਼ਰੀ ਵਿੱਚ ਅਹੁਦੇ ਦਾ ਹਲਫ਼ ਦਿਵਾਇਆ। ਹਲਫ਼ ਲੈਣ ਮਗਰੋਂ ਹਾਜ਼ਰੀਨ ਤੇ ਦੇਸ਼ ਵਾਸੀਆਂ ਨੂੰ ਆਪਣੇ ਪਲੇਠੇ ਸੰਬੋਧਨ ਵਿੱਚ ਰਾਸ਼ਟਰਪਤੀ ਮੁਰਮੂ ਨੇ ‘ਸਬਕਾ ਸਾਥ, ਸਬਕਾ ਕਰਤੱਵਯ’ ਦੀ ਅਪੀਲ ਕੀਤੀ। ਉਨਾਂ ਕਿਹਾ ਕਿ ਦੇਸ਼ ਦੇ ਸਿਖਰਲੇ ਸੰਵਿਧਾਨਕ ਅਹੁਦੇ ’ਤੇ ਉਨਾਂ ਦੀ ਚੋਣ ਕੋਈ ਨਿੱਜੀ ਉਪਲੱਬਧੀ ਨਹੀਂ ਸਗੋਂ ਇਹ ਭਾਰਤ ਦੇ ਹਰੇਕ ਗ਼ਰੀਬ ਵਿਅਕਤੀ ਦੀ ਹੈ ਜੋ ਇਹ ਸਾਬਤ ਕਰਦੀ ਹੈ ਕਿ ਉਹ ਨਾ ਸਿਰਫ਼ ਸੁਫ਼ਨਾ ਵੇਖ ਸਕਦਾ ਹੈ ਬਲਕਿ ਇਸ ਨੂੰ ਪੂਰਾ ਵੀ ਕਰ ਸਕਦਾ ਹੈ।

ਉਨਾਂ ਕਿਹਾ ਕਿ ਦੇਸ਼ ਦਾ ਦੱਬਿਆ-ਕੁਚਲਿਆ, ਗਰੀਬ, ਦਲਿਤ ਤੇ ਕਬਾਇਲੀ ਵਰਗ, ਉਨਾਂ ਵਿਚ ਆਪਣਾ ਪਰਛਾਵਾਂ ਵੇਖ ਸਕਦਾ ਹੈ। ਉਨਾਂ ਭਾਰਤ ਦੇ ਅਜ਼ਾਦੀ ਘੁਲਾਟੀਆਂ ਨੂੰ ਸ਼ਰਧਾਂਜਲੀ ਵੀ ਭੇਟ ਕੀਤੀ। ਸੰਥਾਲ



ਪਰਿਵਾਰ ਵਿਚ ਜਨਮੀ ਨਵੀਂ ਰਾਸ਼ਟਰਪਤੀ ਨੇ ਕਿਹਾ, ‘ਮੈਂ ਛੋਟੇ ਜਿਹੇ ਆਦਿਵਾਸੀ ਪਿੰਡ ਵਿਚ ਪਲੀ ਜਿਥੇ ਪ੍ਰਾਇਮਰੀ ਸਿੱਖਿਆ ਹਾਸਲ ਕਰਨਾ ਇਕ ਸੁਫ਼ਨੇ ਵਾਂਗ ਸੀ ਪਰ ਮੈਂ ਪਿੰਡ ਦੀ ਪਹਿਲੀ ਲੜਕੀ ਸੀ ਜਿਸ ਨੇ ਕਾਲਜ ਵਿਚ ਦਾਖ਼ਲਾ ਲਿਆ ਸੀ। ਸੰਥਾਲ, ਪਾਇਕਾ, ਕੋਲ ਅਤੇ ਭੀਲ ਇਨਕਲਾਬਾਂ ਨੇ ਆਜ਼ਾਦੀ ਸੰਘਰਸ਼ ਵਿਚ ਆਦਿਵਾਸੀਆਂ ਦੇ ਯੋਗਦਾਨ ਨੂੰ ਮਜ਼ਬੂਤ ਕੀਤਾ।’ ਉਨਾਂ ਕਿਹਾ ਕਿ ਉਹ ਅਜਿਹੀ ਆਦਿਵਾਸੀ ਰਵਾਇਤ ਵਿਚ ਜਨਮੀ ਹੈ ਜੋ ਹਜ਼ਾਰਾਂ ਸਾਲ ਤੋਂ ਕੁਦਰਤ ਨਾਲ ਰਲ ਕੇ ਰਹਿ ਰਹੇ ਹਨ। ਮੇਰੇ ਜੀਵਨ ਵਿਚ ਜੰਗਲਾਂ ਅਤੇ ਜਲ ਸਾਧਨਾਂ ਦੀ ਵਧੇਰੇ ਅਹਿਮੀਅਤ ਹੈ। ਅਸੀਂ ਕੁਦਰਤ ਤੋਂ ਲੋੜੀਂਦੇ ਸਰੋਤ ਲੈਂਦੇ ਹਾਂ ਅਤੇ ਕੁਦਰਤ ਦੀ ਉਸੇ ਉਤਸ਼ਾਹ ਨਾਲ ਸੇਵਾ ਵੀ ਕਰਦੇ ਹਾਂ। ਇਹ ਸੰਵੇਦਨਸ਼ੀਲਤਾ ਅੱਜ ਪੂਰੀ ਦੁਨੀਆ ’ਚ ਦਿਖਾਈ ਦੇ ਰਹੀ ਹੈ।’ ਇਸ ਤੋਂ ਪਹਿਲਾਂ ਅਹੁਦੇ ਤੋਂ ਲਾਂਭੇ ਹੋਏ ਰਾਸ਼ਟਰਪਤੀ ਰਾਮਨਾਥ ਕੋਵਿੰਦ ਅਤੇ ਮੁਰਮੂ ਇਕੱਠਿਆਂ ਹੀ ਰਾਸ਼ਟਰਪਤੀ ਭਵਨ ਤੋਂ ਸੰਸਦ ਭਵਨ ਪਹੁੰਚੇ ਸਨ। ਨਵੇਂ ਰਾਸ਼ਟਰਪਤੀ ਨੂੰ 21 ਤੋਪਾਂ ਦੀ ਸਲਾਮੀ ਵੀ ਦਿੱਤੀ ਗਈ।

### ਚੀਨੀ ਰਾਸ਼ਟਰਪਤੀ ਨੇ ਮੁਰਮੂ ਨੂੰ ਦਿੱਤੀ ਵਧਾਈ

ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਆਪਣੇ ਭਾਰਤੀ ਹਮਰੁਤਬਾ ਦਰੋਪਦੀ ਮੁਰਮੂ ਵੱਲੋਂ ਅਹੁਦਾ ਸੰਭਾਲੇ ਜਾਣ ’ਤੇ ਉਨਾਂ ਨੂੰ ਵਧਾਈ ਦਿੱਤੀ ਹੈ। ਜਿਨਪਿੰਗ ਨੇ ਕਿਹਾ ਕਿ ਉਹ ਦੋਵੇਂ ਮੁਲਕਾਂ ਵਿਚਕਾਰ ਆਪਸੀ ਸਿਆਸੀ ਵਿਸ਼ਵਾਸ ਵਧਾਉਣ ਅਤੇ ਮੱਤਭੇਦਾਂ ਨੂੰ ਦੂਰ ਕਰਨ ਲਈ ਉਨਾਂ ਨਾਲ ਮਿਲ ਕੇ ਕੰਮ ਕਰਨ ਲਈ ਤਿਆਰ ਹਨ। ਉਨਾਂ ਆਪਣੇ ਵਧਾਈ ਸੁਨੇਹੇ ’ਚ ਕਿਹਾ ਕਿ ਚੀਨ ਅਤੇ ਭਾਰਤ ਇਕ-ਦੂਜੇ ਦੇ ਅਹਿਮ ਗੁਆਂਢੀ ਹਨ ਅਤੇ ਚੀਨ-ਭਾਰਤ ਵਿਚਾਲੇ ਮਜ਼ਬੂਤ ਸਬੰਧ ਦੋਵੇਂ ਮੁਲਕਾਂ ਦੇ ਬੁਨਿਆਦੀ ਹਿੱਤਾਂ ਦੇ ਨਾਲ ਨਾਲ ਖ਼ਿੱਤੇ ਅਤੇ ਪੂਰੀ ਦੁਨੀਆ ’ਚ ਸ਼ਾਂਤੀ, ਸਥਿਰਤਾ ਅਤੇ ਵਿਕਾਸ ਲਈ ਜ਼ਰੂਰੀ ਹਨ। ਚੀਨ ਦੀ ਸਰਕਾਰੀ ਖ਼ਬਰ ਏਜੰਸੀ ਸਿਨਹੂਆ ਦੀ ਰਿਪੋਰਟ ਮੁਤਾਬਕ ਜਿਨਪਿੰਗ ਨੇ ਕਿਹਾ ਕਿ ਉਹ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਬਣਾਉਣ ਲਈ ਮੁਰਮੂ ਨਾਲ ਮਿਲ ਕੇ ਕੰਮ ਕਰਨ ਲਈ ਤਿਆਰ ਹਨ। ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਮੁਰਮੂ ਨੂੰ ਵਧਾਈ ਦਿੰਦਿਆਂ ਆਸ ਜਤਾਈ ਹੈ ਕਿ ਉਹ ਦੋਵੇਂ ਮੁਲਕਾਂ ਵਿਚਕਾਰ ਦੁਵੱਲੇ ਸਹਿਯੋਗ ਨੂੰ ਹੋਰ ਉਤਸ਼ਾਹਿਤ ਕਰਨਗੇ। ਸ੍ਰੀਲੰਕਾ ਦੇ ਨਵੇਂ ਬਣੇ ਰਾਸ਼ਟਰਪਤੀ ਰਨਿਲ ਵਿਕਰਮਸਿੰਘੇ ਨੇ ਕਿਹਾ ਕਿ ਸਭ ਤੋਂ ਵੱਡੀ ਜਮਹੂਰੀਅਤ ਵੱਲੋਂ ਸਿਖਰਲੇ ਅਹੁਦੇ ’ਤੇ ਤੁਹਾਡੀ ਤਾਇਨਾਤੀ ਇਸ ਗੱਲ ਦੀ ਗਵਾਹੀ ਹੈ ਕਿ ਲੋਕਾਂ ਅਤੇ ਸਿਆਸੀ ਆਗੂਆਂ ਨੇ ਤੁਹਾਡੇ ’ਤੇ ਭਰੋਸਾ ਜਤਾਇਆ ਹੈ। ਨੇਪਾਲ ਦੀ ਰਾਸ਼ਟਰਪਤੀ ਬਿਦਿਆ ਦੇਵੀ ਭੰਡਾਰੀ ਅਤੇ ਪ੍ਰਧਾਨ ਮੰਤਰੀ ਸ਼ੇਰ ਬਹਾਦਰ ਦਿਓਬਾ ਨੇ ਵੀ ਦਰੋਪਦੀ ਮੁਰਮੂ ਨੂੰ ਰਾਸ਼ਟਰਪਤੀ ਬਣਨ ’ਤੇ ਵਧਾਈ ਦਿੱਤੀ ਹੈ।

ਵੱਖ ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਪਾਰਟੀ ਲਾਈਨ ਤੋਂ ਹਟ ਕੇ ਦਰੋਪਦੀ ਮੁਰਮੂ ਨੂੰ ਰਾਸ਼ਟਰਪਤੀ ਵਜੋਂ ਹਲਫ਼ ਲੈਣ ’ਤੇ ਵਧਾਈ ਦਿੱਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਨੂੰ ਭਾਰਤ ਲਈ ਖਾਸ ਕਰਕੇ ਗਰੀਬਾਂ, ਹਾਸ਼ੀਏ ’ਤੇ ਧੱਕੇ ਲੋਕਾਂ ਅਤੇ ਦਲਿਤਾਂ ਲਈ ਇਕ ‘ਇਤਿਹਾਸਕ ਪਲ’ ਦੱਸਿਆ ਹੈ। ਮੁਰਮੂ ਨੂੰ ਵਧਾਈ ਦਿੰਦਿਆਂ ਉਪ ਰਾਸ਼ਟਰਪਤੀ ਐੱਮ ਵੈਂਕਈਆ ਨਾਇਡੂ ਨੇ ਕਿਹਾ ਕਿ ਸਿਖਰਲੇ ਅਹੁਦੇ ’ਤੇ ਉਨਾਂ ਦੀ ਚੋਣ ਭਾਰਤੀ ਲੋਕਤੰਤਰ ਦੀ ਤਾਕਤ ਦੀ ਗਵਾਹੀ ਹੈ। ਮੁਰਮੂ ਦੇ ਸਫ਼ਲ ਕਾਰਜਕਾਲ ਲਈ ਸ਼ੁਭਕਾਮਨਾਵਾਂ ਦਿੰਦਿਆਂ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਜਦੋਂ ਉਹ ਹਲਫ਼ ਲੈ ਰਹੇ ਸਨ ਤਾਂ ਪੂਰਾ ਮੁਲਕ ਮਾਣ ਨਾਲ ਦੇਖ ਰਿਹਾ ਸੀ। ਉਨਾਂ ਕਿਹਾ ਕਿ ਹਲਫ਼ ਲੈਣ ਤੋਂ ਬਾਅਦ ਆਪਣੇ ਸੰਬੋਧਨ ’ਚ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਆਸ ਅਤੇ ਦਿਆਲਤਾ ਦਾ ਸੁਨੇਹਾ ਦਿੱਤਾ ਹੈ। ਉਨਾਂ ਭਾਰਤ ਦੀਆਂ ਉਪਲੱਬਧੀਆਂ ’ਤੇ ਜ਼ੋਰ ਦਿੱਤਾ ਅਤੇ ਅਜਿਹੇ ਸਮੇਂ ’ਚ

**ਬਾਕੀ ਸਫ਼ਾ 31 ’ਤੇ**

# ਅਕਾਲੀ ਦਲ (ਅ) ਨੇ ਨਵਾਂ ਵਿਵਾਦ ਛੇੜਿਆ

## ਅਖੇ ਕੇਂਦਰੀ ਸਿੱਖ ਅਜਾਇਬਘਰ ਵਿਚੋਂ ਭਗਤ ਸਿੰਘ ਦੀ ਤਸਵੀਰ ਹਟਾਉ

**ਅੰਮ੍ਰਿਤਸਰ/ਏ.ਟੀ.ਨਿਊਜ਼ :-** ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਤੇ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਸ਼ਹੀਦ ਭਗਤ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬਘਰ ਵਿੱਚੋਂ ਹਟਾਉਣ ਦੀ ਮੰਗ ਕੀਤੀ ਹੈ। ਇਸ ਸਬੰਧੀ ਇਕ ਮੰਗ ਪੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਾਂ ਕਮੇਟੀ ਦੇ ਅਧਿਕਾਰੀਆਂ ਨੂੰ ਸੌਂਪਿਆ ਗਿਆ। ਮਾਨ ਦਲ ਵੱਲੋਂ ਇਹ ਪੱਤਰ ਸਿਮਰਨਜੀਤ ਸਿੰਘ ਮਾਨ ਦੇ ਪੁੱਤਰ ਈਮਾਨ ਸਿੰਘ ਮਾਨ, ਹਰਪਾਲ ਸਿੰਘ ਬਲੇਰ ਤੇ ਹਰਬੀਰ ਸਿੰਘ ਸੰਧੂ ਨੇ ਸੌਂਪਿਆ ਹੈ। ਪੱਤਰ ਵਿੱਚ ਉਨਾਂ ਲਿਖਿਆ ਕਿ ਸ਼ਹੀਦ ਭਗਤ ਸਿੰਘ ਖੁਦ ਨੂੰ ਨਾਸਤਿਕ ਮੰਨਦਾ ਸੀ ਤੇ ਉਹ ਕਿਸੇ ਧਰਮ ਜਾਂ ਰੱਬ ਵਿੱਚ ਭਰੋਸਾ ਨਹੀਂ ਸੀ ਰੱਖਦਾ। ਇਸ ਗੱਲ ਦਾ ਪ੍ਰਗਟਾਵਾ ਭਗਤ ਸਿੰਘ ਵੱਲੋਂ ਆਪਣੀ ਇੱਕ ਚਿੱਠੀ ਵਿੱਚ ਵੀ



ਕੀਤਾ ਗਿਆ ਹੈ, ਜਿਸ ਦੀ ਕਾਪੀ ਸ਼੍ਰੋਮਣੀ ਕਮੇਟੀ ਨੂੰ ਵੀ ਸੌਂਪੀ ਗਈ ਹੈ। ਉਨਾਂ ਕਿਹਾ ਕਿ ਜਦੋਂ ਉਹ ਕਿਸੇ ਧਰਮ ਵਿੱਚ ਵਿਸ਼ਵਾਸ ਹੀ ਨਹੀਂ ਰੱਖਦਾ ਤਾਂ ਫਿਰ ਉਸ ਦੀ ਤਸਵੀਰ ਨੂੰ ਕੇਂਦਰੀ ਸਿੱਖ ਅਜਾਇਬਘਰ ਵਿੱਚ ਕਿਉਂ ਲਗਾਇਆ ਗਿਆ ਹੈ। ਉਸ ਦੀ ਤਸਵੀਰ ਨੂੰ ਅਜਾਇਬਘਰ ਵਿੱਚ ਲਾਉਣਾ ਮੂਰਤੀ ਪੂਜਾ ਨੂੰ ਉਤਸ਼ਾਹਿਤ ਕਰਨਾ ਹੈ। ਸਿੱਖ ਆਗੂਆਂ ਨੇ ਸ਼ਹੀਦ ਭਗਤ ਸਿੰਘ ਦੀ ਤਸਵੀਰ ਨੂੰ ਹਟਾਉਣ ਦੀ ਮੰਗ ਕਰਦਿਆਂ ਆਖਿਆ ਕਿ ਜੇਕਰ ਇਸ ਨੂੰ ਨਹੀਂ ਹਟਾਇਆ ਗਿਆ ਤਾਂ ਉਹ ਇਸ ਮਾਮਲੇ ਬਾਰੇ ਸੰਗਤ ਨੂੰ ਜਾਣੂ ਕਰਾਉਣਗੇ। ਉੱਧਰ, ਕੇਂਦਰੀ ਅਜਾਇਬਘਰ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਸ਼ਹੀਦ ਭਗਤ ਸਿੰਘ ਦੀ ਲਗਾਈ ਤਸਵੀਰ ਹੇਠਾਂ ਪਹਿਲਾਂ ਹੀ ਇਹ ਦਰਜ ਕੀਤਾ ਹੋਇਆ ਹੈ ਕਿ ਭਗਤ ਸਿੰਘ ਨੇ ਸ਼ਹੀਦੀ ਤੋਂ ਪਹਿਲਾਂ ਭਾਈ ਰਣਧੀਰ ਸਿੰਘ ਨਾਲ ਹੋਈ ਮੁਲਾਕਾਤ ਤੋਂ ਬਾਅਦ ਮੁੜ ਸਿੱਖੀ ਧਾਰਨ ਕਰ ਲਈ ਸੀ।

### ਮਾਮਲਾ ਫਰਜ਼ੀ ਪੁਲਿਸ ਮੁਕਾਬਲੇ ਦਾ

# 30 ਸਾਲ ਪੁਰਾਣੇ ਕੇਸ ਵਿਚ ਸੀਬੀਆਈ ਕੋਰਟ ਨੇ 3 ਪੁਲਿਸ ਮੁਲਾਜ਼ਮਾਂ ਨੂੰ ਸੁਣਾਈ 3-3 ਸਾਲ ਦੀ ਸਜ਼ਾ

**ਮੁਹਾਲੀ/ਏ.ਟੀ.ਨਿਊਜ਼ :-** 30 ਸਾਲ ਪੁਰਾਣੇ ਕੇਸ ਵਿਚ ਮੁਹਾਲੀ ਦੀ ਸੀਬੀਆਈ ਕੋਰਟ ਨੇ ਫਰਜ਼ੀ ਪੁਲਿਸ ਮੁਕਾਬਲੇ ਦੇ ਮਾਮਲੇ ਵਿਚ ਸੇਵਾਮੁਕਤ ਆਈਪੀਐਸ ਬਲਕਾਰ ਸਿੰਘ, ਸੇਵਾਮੁਕਤ ਐਸਐਚਓ ਊਧਮ ਸਿੰਘ ਅਤੇ ਮੌਜੂਦਾ ਸਬ ਇੰਸਪੈਕਟਰ ਸਾਹਿਬ ਸਿੰਘ ਨੂੰ ਤਿੰਨ-ਤਿੰਨ ਸਾਲ ਕੈਦ ਦੀ ਸਜ਼ਾ ਸੁਣਾਈ ਹੈ।

ਸਮੇਤ ਕੁਝ ਵਿਅਕਤੀਆਂ ਨੂੰ ਸਜ਼ਾ ਸੁਣਾਈ ਹੈ। ਮਾਮਲਾ 7 ਮਈ 1992 ਦਾ ਹੈ ਜਦੋਂ ਅੰਮ੍ਰਿਤਸਰ ਦੇ ਪਿੰਡ ਪੌਂਗਸ਼ੀ ਰਾਜਪੂਤ ਤੋਂ ਸੁਰਜੀਤ ਸਿੰਘ ਨਾਂ ਦੇ ਵਿਅਕਤੀ ਤੇ ਉਸਦੇ ਚਾਰ ਸਾਥੀਆਂ ਨੂੰ ਤਤਕਾਲੀ ਡੀਐਸਪੀ ਬਲਕਾਰ ਸਿੰਘ ਅਤੇ ਐਸਐਚਓ ਊਧਮ ਸਿੰਘ ਹੋਰਾਂ ਪੁਲਿਸ ਮੁਲਾਜ਼ਮਾਂ ਨੇ ਪਿੰਡ ਦੀ ਘੇਰਾਬੰਦੀ ਕਰਦਿਆਂ ਅਗਵਾ ਕਰ ਲਿਆ ਸੀ। ਸੁਰਜੀਤ ਦੇ ਬਾਕੀ ਸਾਥੀਆਂ ਨੂੰ ਛੱਡ ਦਿੱਤਾ ਗਿਆ ਜਦੋਂਕਿ ਮੁਕਾਬਲੇ ਦੌਰਾਨ ਸੁਰਜੀਤ ਦਾ ਮੁਕਾਬਲਾ ਕਰਕੇ ਉਸ ਦੀ ਲਾਸ਼ ਨੂੰ ਖੁਰਦ-ਬੁਰਦ ਕਰ ਦਿੱਤਾ ਗਿਆ ਸੀ।

ਜ਼ਿਕਰਯੋਗ ਹੈ ਕਿ 1992 ਵਿਚ ਸੁਰਜੀਤ ਸਿੰਘ ਨਾਂ ਦਾ ਵਿਅਕਤੀ ਪੁਲਿਸ ਹਿਰਾਸਤ ਵਿਚੋਂ ਲਾਪਤਾ ਹੋ ਗਿਆ ਸੀ। ਇਸ ਮਾਮਲੇ ਵਿਚ ਹਾਈ ਕੋਰਟ ਦੇ ਆਦੇਸ਼ਾਂ 'ਤੇ 2000 ਵਿਚ ਸੀਬੀਆਈ ਨੇ ਜਾਂਚ ਸ਼ੁਰੂ ਕਰ ਦਿੱਤੀ ਸੀ। ਇਸ ਕੇਸ ਵਿਚ 9 ਵਿਅਕਤੀ ਸ਼ਾਮਲ ਸਨ, ਜਿਨਾਂ ਵਿਚ 3 ਨੂੰ ਸਜ਼ਾ ਸੁਣਾਈ ਗਈ ਹੈ ਤੇ ਇਕ ਦੀ ਮੌਤ ਹੋ ਚੁੱਕੀ ਹੈ।

# ਲੁਧਿਆਣਾ ਬੰਬ ਧਮਾਕੇ ਦੇ ਮੁਲਜ਼ਮ ਦਾ ਸਾਥੀ ਬਲਵਿੰਦਰ ਸਿੰਘ 5 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ

**ਅੰਮ੍ਰਿਤਸਰ/ਏ.ਟੀ.ਨਿਊਜ਼ :-** ਸਪੈਸ਼ਲ ਟਾਸਕ ਫੋਰਸ (ਐਸਟੀਐਫ) ਨੇ ਕੌਮਾਂਤਰੀ ਤਸਕਰ ਬਲਵਿੰਦਰ ਸਿੰਘ ਵਾਸੀ ਚੱਕ ਅੱਲਾ ਬਖ਼ਸ਼ ਨੂੰ ਪੰਜ ਕਿਲੋ ਹੈਰੋਇਨ ਸਮੇਤ ਕਾਬੂ ਕੀਤਾ ਹੈ। ਮੁਲਜ਼ਮਾਂ ਕੋਲੋਂ ਦੋ ਮੋਬਾਈਲ ਫ਼ੋਨ ਅਤੇ ਦੋ ਪਾਕਿਸਤਾਨੀ ਸਿਮ ਵੀ ਬਰਾਮਦ ਹੋਏ ਹਨ। ਪੁਲਿਸ ਅਨੁਸਾਰ ਬਲਵਿੰਦਰ ਲੁਧਿਆਣਾ ਬੰਬ ਧਮਾਕੇ ਦੇ ਕੇਸ ਵਿੱਚ ਗ੍ਰਿਫ਼ਤਾਰ ਸੁਰਮੁੱਖ ਸਿੰਘ ਵਾਸੀ ਭਿੱਖੀਵਿੰਡ ਅਤੇ ਦਿਲਬਾਗ ਸਿੰਘ ਬੱਗੋ ਵਾਸੀ ਚੱਕ ਅੱਲਾ ਬਖ਼ਸ਼ ਦਾ ਸਾਥੀ ਹੈ। ਦਿਲਬਾਗ ਨੇ ਪਾਕਿਸਤਾਨ ਤੋਂ ਆਈਈਡੀ ਲੁਧਿਆਣਾ ਦੇ ਗਗਨ ਤੱਕ ਪਹੁੰਚਾਈ ਸੀ। ਇਨਾਂ ਦਾ ਮਾਸਟਰਮਾਈਂਡ ਸੁਰਮੁਖ ਦਾ ਚਚੇਰਾ ਭਰਾ ਹਰਪ੍ਰੀਤ ਸਿੰਘ ਹੈ, ਜੋ ਮਲੇਸ਼ੀਆ ਵਿੱਚ ਬੈਠਾ ਹੈ। ਹਰਪ੍ਰੀਤ ਇਨਾਂ ਸਮੱਗਲਰਾਂ ਨੂੰ ਹੈਰੋਇਨ, ਹਥਿਆਰ, ਪਾਕਿਸਤਾਨੀ ਸਿਮ ਅਤੇ ਆਈਈਡੀ ਆਦਿ ਮੁਹੱਈਆ ਕਰਵਾਉਂਦਾ ਰਿਹਾ ਹੈ। ਹਰਪ੍ਰੀਤ ਮਲੇਸ਼ੀਆ ਪਾਕਿਸਤਾਨ



ਦੀ ਖੁਫੀਆ ਏਜੰਸੀ ਆਈਐਸਆਈ ਲਈ ਕੰਮ ਕਰ ਰਿਹਾ ਹੈ। ਏਆਈਜੀ ਰਛਪਾਲ ਸਿੰਘ ਨੇ ਦੱਸਿਆ ਕਿ ਬਲਵਿੰਦਰ ਸਿੰਘ ਛੇਹਰਟਾ ਵਿੱਚ ਲੁਕਿਆ ਹੋਇਆ ਸੀ। ਪੁੱਛਗਿੱਛ ਕਰਨ 'ਤੇ ਉਸ ਦੇ ਕਬਜ਼ੇ ਵਿਚੋਂ ਤਿੰਨ ਕਿਲੋ ਹੈਰੋਇਨ ਬਰਾਮਦ ਹੋਈ। ਇਹ ਹੈਰੋਇਨ ਕੁਝ ਦਿਨ ਪਹਿਲਾਂ ਪਾਕਿਸਤਾਨ ਤੋਂ ਡਰੋਨ ਰਾਹੀਂ ਆਈ ਸੀ। ਉਹ ਇਸ ਨੂੰ ਠੀਕ ਕਰਨ ਜਾ ਰਿਹਾ ਸੀ। ਉਸਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਉਸਦੇ ਇੱਕ ਹੋਰ ਸਾਥੀ ਅਵਤਾਰ ਸਿੰਘ, ਗੁਰ ਅਵਤਾਰ ਸਿੰਘ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ। ਇਨਾਂ ਦੇ ਕਬਜ਼ੇ ਵਿਚੋਂ ਇਕ ਕਿੱਲੋ ਹੈਰੋਇਨ ਬਰਾਮਦ ਹੋਈ। ਇਸ ਤੋਂ ਪਹਿਲਾਂ ਹਰਪ੍ਰੀਤ ਸਿੰਘ ਉਰਫ਼ ਹੈਪੀ ਵਾਸੀ ਨੈੱਟਵਰਕ ਧਨੋਆ ਕਲਾਂ, ਸਵਿੰਦਰ ਸਿੰਘ ਉਰਫ਼ ਭੋਲਾ ਵਾਸੀ ਧਨੋਆ ਖੁਰਦ ਨਾਬਾਲਗ, ਗੁਰਪ੍ਰੀਤ ਸਿੰਘ ਉਰਫ਼ ਗੋਪੀ ਵਾਸੀ ਪਿੰਡ ਮਿਆੜੀ ਕਲਾਂ, ਰਿੰਕੂ ਕੁਮਾਰ ਉਰਫ਼ ਲਾਡੋ ਵਾਸੀ ਗੁਮਟਾਲਾ ਅਤੇ ਅਵਤਾਰ ਸਿੰਘ ਵਾਸੀ 171 ਛੇਹਰਟਾ ਗਰੀਨ ਵੈਲੀ ਨੂੰ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫਤਾਰ ਕਰ ਲਿਆ ਗਿਆ ਹੈ।

# ਮਾਨ ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਸੰਸਦ ਵਿਚ ਉਠਾਵੇਗਾ

**ਚੰਡੀਗੜ/ਏ.ਟੀ.ਨਿਊਜ਼ :-** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਐਲਾਨ ਕੀਤਾ ਹੈ ਕਿ ਮੈਂ ਲੋਕ ਸਭਾ ਵਿਚ ਬੰਦੀ ਸਿੰਘਾਂ ਦੀ ਰਿਹਾਈ ਲਈ ਡਟ ਕੇ ਆਵਾਜ਼ ਬੁਲੰਦ ਕਰਾਂਗਾ। ਉਨਾਂ ਕਿਹਾ ਕਿ ਮੈਂ ਹੁਣ ਭਾਰਤੀ ਪਾਰਲੀਮੈਂਟਰੀ ਡੈਮੋਕ੍ਰੇਸੀ ਵਿਚ ਰਚ-ਮਿਚ ਗਿਆ ਹਾਂ। ਮੈਂ ਸਿੱਖ, ਪੰਥ, ਪੰਜਾਬ ਤੇ ਪੰਜਾਬੀਅਤ ਲਈ ਵਚਨਬੱਧ ਹਾਂ । ਉਨਾਂ ਵਿਚਾਰ ਪ੍ਰਗਟ ਕੀਤਾ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਕਈ ਸਾਲ ਪਹਿਲਾਂ ਮੋਗਾ ਵਿਚ ਜੋ ਐਲਾਨ ਕੀਤਾ ਸੀ, ਉਹ ਹੁਣ ਫੇਰ ਤੋਂ ਪਿੱਛੇ ਹਟ ਕੇ ਸਿੱਖ ਪੰਥ ਦੀ ਗੱਲ ਕਰਨ ਲੱਗੇ ਹਨ, ਜੋ ਬਹੁਤ ਹੀ ਸੁਖਾਵਾਂਪਣ ਨਜ਼ਰ ਆ ਰਿਹਾ ਹੈ । ਸੰਗਰੂਰ ਦੀ ਜਨਤਾ ਨੇ ਵੀ ਮੈਨੂੰ ਫ਼ਤਵਾ ਦਿੱਤਾ ਹੈ। ਸ. ਮਾਨ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਦੀ ਆਮ ਚੋਣ ਕਰਾਉਣ ਲਈ ਕੇਂਦਰ ਸਰਕਾਰ ਨੂੰ ਮਜਬੂਰ ਕਰ ਦੇਵਾਂਗਾ। ਇਹ ਸਿੱਖਾਂ ਦੀ ਧਾਰਮਿਕ ਤੇ ਰਾਜਨੀਤਿਕ ਹੱਕ ਹੈ, ਜਿਸ ਨੂੰ ਹੁਣ ਤੱਕ ਕੁਚਲਿਆ ਜਾ ਰਿਹਾ ਹੈ ।

# 'ਕੈਸ਼ ਐਂਡ ਕੈਰੀ' ਦੇ ਕਾਰੋਬਾਰੀ ਜੱਸੀ ਨਿੱਝਰ ਨੂੰ ਸਦਮਾ,

## ਨੌਜਵਾਨ ਪੁੱਤਰ ਪੁਨੀਤ ਨਿੱਝਰ ਸੜਕ ਹਾਦਸੇ 'ਚ ਮੌਤ



**ਨਿਊਯਾਰਕ/ਰਾਜ ਗੋਗਨਾ:-** ਅਮਰੀਕਾ ਦੇ ਨਿਊਜਰਸੀ ਸੂਬੇ ਵਿਚ ਰਹਿੰਦੇ ਪ੍ਰਸਿੱਧ ਕਾਰੋਬਾਰੀ ਸਮਾਜ ਸੇਵੀ, ਮਿਲਾਪੜੇ ਸੁਭਾਅ ਦੇ ਮਾਲਿਕ ਜਸਵੀਰ ਸਿੰਘ ਜੱਸੀ ਦੇ ਬੇਟੇ ਅਤੇ ਪਾਲੇ ਨਿੱਝਰ ਦੇ ਸਕੇ ਭਤੀਜੇ ਪੁਨੀਤ ਸਿੰਘ ਨਿੱਝਰ ਦੀ ਨਿਊਯਾਰਕ ਦੇ ਲੌਂਗਆਈਲੈਂਡ ਦੇ ਇਲਾਕੇ ਵਿਚ ਬੀਤੇ ਦਿਨ ਹੋਏ ਇਕ ਕਾਰ ਹਾਦਸੇ 'ਚ ਮੌਤ ਹੋ ਗਈ। ਇਸ ਹਾਦਸੇ ਵਿਚ ਉਸ ਦੇ ਦੋ ਦੋਸਤਾਂ ਦੀ ਵੀ ਮੌਤ ਹੋ ਗਈ। ਇਹ ਹਾਦਸਾ ਨਿਊਯਾਰਕ ਸੂਬੇ ਦੇ ਨੋਰਦਨ ਸਟੇਟ ਪਾਰਕਵੇਅ ਨਸਾਉ ਕਾਉਂਟੀ ਖੇਤਰ ਦੇ ਨਾਰਥ ਹੈਪਸਟੈਡ ਕਸਬੇ ਨੇੜੇ ਵਾਪਰਿਆ, ਜਦੋਂ ਉਨਾਂ ਦੀ ਕਾਰ ਬੇਕਾਬੂ ਹੋ ਕੇ ਸੜਕ ਕਿਨਾਰੇ ਲੱਗੇ ਦਰੱਖ਼ਤਾਂ ਨਾਲ ਟਕਰਾਈ ਗਈ ਜਿਸ ਨੂੰ ਅੱਗ ਲੱਗ ਗਈ ਜਿਸ ਦੀ ਲਪੇਟ ਵਿੱਚ ਆਉਣ ਨਾਲ ਤਿੰਨਾਂ ਨੌਜਵਾਨਾ ਦੀ ਮੌਤ ਹੋ ਗਈ। ਜਸਵੀਰ ਸਿੰਘ ਜੱਸੀ ਜਿਸ ਪਰਿਵਾਰ ਦਾ ਪਿਛੋਕੜ ਪੰਜਾਬ ਤੋਂ ਜਿਲਾ ਜਲੰਧਰ ਦੇ ਪਿੰਡ ਨਿੱਝਰਾਂ ਤੋਂ ਹੈ। ਕਾਰ ਸਵਾਰ ਦੂਜੇ ਮਾਰੇ ਗਏ ਪੰਜਾਬੀ ਨੌਜਵਾਨਾਂ ਦੀ ਸ਼ਨਾਖਤ ਅਮਰਜੀਤ ਸਿੰਘ ਅਤੇ ਹਰਪਾਲ ਸਿੰਘ ਦੇ ਵਜੋਂ ਹੋਈ ਹੈ।

# .ਗਦਰੀ ਬਾਬਿਆਂ ਦਾ ਮੇਲਾ ਸਾਮਰਾਜ ਖ਼ਿਲਾ.ਫ ਜੂਝਣ ਵਾਲਿਆਂ ਨੂੰ ਹੋਵੇਗਾ ਸਮਰਪਿਤ

**ਜਲੰਧਰ/ਏ.ਟੀ.ਨਿਊਜ਼ :-** ਦੇਸ਼ ਭਗਤ ਯਾਦਗਾਰ ਕਮੇਟੀ ਦੀ ਮੀਟਿੰਗ ਕਮੇਟੀ ਦੀ ਮੀਟਿੰਗ ਕਮੇਟੀ ਪ੍ਰਧਾਨ ਅਮੋਲਕ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਦੇਸ਼ ਭਗਤ ਯਾਦਗਾਰ ਹਾਲ ਵਿੱਚ ਹੋਈ ਮੀਟਿੰਗ ਦੀ ਸ਼ੁਰੂਆਤ ਵਿੱਚ ਮਹਾਨ ਗ਼ਦਰੀ ਇਨਕਲਾਬੀ ਸ਼ਹੀਦ ਊਧਮ ਸਿੰਘ ਤੇ ਇਨਕਲਾਬੀ ਸਾਹਿਤਕ ਸ਼ਖ਼ਸੀਅਤ ਸੁਰੇਂਦਰ ਹੇਮ ਜਯੋਤੀ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ ਦੌਰਾਨ ਫ਼ੈਸਲਾ ਲਿਆ ਗਿਆ ਕਿ ਇਸ ਵਾਰ 31ਵਾਂ ਗਦਰੀ ਬਾਬਿਆਂ ਦਾ ਮੇਲਾ ਸਾਮਰਾਜੀ ਤੇ ਫਾਸ਼ੀਵਾਦੀ ਹਮਲੇ ਖ਼ਿਲਾਫ਼ ਜੂਝਦੀਆਂ ਲਹਿਰਾਂ ਦੇ ਸੰਗਰਾਮੀਆਂ ਨੂੰ ਸਮਰਪਿਤ ਹੋਵੇਗਾ। ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਇਸ ਵਾਰ ਦਾ ਮੇਲਾ ਸਾਮਰਾਜੀ ਤੇ ਬਹੁ-ਕੌਮੀ ਕੰਪਨੀਆਂ ਦੇ ਚੌਤਰਫ਼ੇ ਹੱਲੇ, ਫ਼ਿਰਕੂ/ਫਾਸ਼ੀ ਹਨੇਰੀ ਅਤੇ ਬੁੱਧੀਜੀਵੀਆਂ ਤੇ ਪੱਤਰਕਾਰਾਂ ਨੂੰ ਨਿਸ਼ਾਨੇ ਬਣਾਏ ਜਾਣ ਦੇ ਮਾਰੂ ਹਮਲਿਆਂ ਨੂੰ ਪਛਾੜਨ ਲਈ ਉੱਠੀਆਂ ਲਹਿਰਾਂ ਨੂੰ ਸਮਰਪਿਤ ਹੋਵੇਗਾ। ਉਨਾਂ ਦੱਸਿਆ ਕਿ ਇਨਾਂ ਲਹਿਰਾਂ ਦੌਰਾਨ ਕੁਰਬਾਨੀਆਂ ਦੇਣ ਵਾਲੇ ਜੁਝਾਰੂਆਂ ਦੀ ਸ਼ਾਨਮੱਤੀ ਭੂਮਿਕਾ ਤੋਂ ਪ੍ਰੇਰਨਾ ਲੈਂਦਿਆਂ ਲੋਕਾਂ ਨੂੰ ਜਨਤਕ ਲਹਿਰ ਉਸਾਰਨ ਦਾ ਪੈਗਾਮ ਦਿੱਤਾ ਜਾਵੇਗਾ। ਇਸ ਵਾਰ ਪਹਿਲੀ ਨਵੰਬਰ ਦੀ ਸਵੇਰ ਨੂੰ ਗਦਰੀ ਝੰਡਾ ਲਹਿਰਾਉਣ ਦੀ ਰਸਮ ਕਮੇਟੀ ਦੇ ਮੈਂਬਰ ਤੇ ਉੱਘੇ ਖੋਜੀ ਲੇਖਕ ਸੁਵਰਨ ਸਿੰਘ ਵਿਰਕ ਨਿਭਾਉਣਗੇ। ਸ਼ਹੀਦ ਊਧਮ ਸਿੰਘ ਦੀ ਸੋਚ ਤੇ ਕਰਨੀ ਨੂੰ ਸਿਜਦਾ ਕਰਦਿਆਂ ਦੇਸ਼ ਭਗਤ ਯਾਦਗਾਰ ਹਾਲ ਨੂੰ ਮੇਲੇ ਦੌਰਾਨ 'ਮੁਹੰਮਦ ਸਿੰਘ ਆਜ਼ਾਦ ਨਗਰ' ਦਾ ਨਾਂ ਦਿੱਤਾ ਜਾਵੇਗਾ ਤੇ ਪ੍ਰਵੇਸ਼ ਦੁਆਰ ਵੀ ਇਸ ਨਾਂ 'ਤੇ ਬਣਾਇਆ ਜਾਵੇਗਾ। ਉਨਾਂ ਕਿਹਾ ਕਿ 30, 31 ਅਕਤੂਬਰ ਤੇ 1 ਨਵੰਬਰ ਨੂੰ ਹੋ ਰਹੇ ਤਿੰਨ ਰੋਜ਼ਾ ਮੇਲੇ ਵਿਚ ਗਾਇਨ, ਭਾਸ਼ਣ, ਪੇਂਟਿੰਗ, ਕੁਇੱਜ਼, ਕਵੀ ਦਰਬਾਰ, ਫ਼ਿਲਮ ਸ਼ੋਅ, ਗੀਤ-ਸੰਗੀਤ ਤੇ ਨਾਟਕ ਖੇਡੇ ਜਾਣਗੇ। ਮੇਲੇ ਲਈ ਪਾਕਿਸਤਾਨ ਤੋਂ ਕਵੀਆਂ, ਨਾਟਕਕਾਰਾਂ ਨੂੰ ਸੱਦਾ ਭੇਜਿਆ ਗਿਆ ਹੈ।

# ਜੇਲਾਂ ਵਿੱਚ ਬੰਦ ਸਿੰਘਾਂ ਦੀ ਰਿਹਾਈ ਲਈ ਯਤਨਸ਼ੀਲਤਾ ਦਾ ਸਮਰਥਨ : ਸਿੱਖ ਜਥੇਬੰਦੀਆਂ ਯੂ.ਕੇ.

## 'ਸ਼ਹੀਦਾਂ ਅਤੇ ਜੇਲਾਂ ਵਿੱਚ ਬੰਦ ਜੁਝਾਰੂਆਂ ਤੇ ਸਿੱਖ ਕੌਮ ਨੂੰ ਫਖਰ ਹੈ'

**ਲੰਡਨ/ਏ.ਟੀ.ਨਿਊਜ਼ :-** ਲੰਬੇ ਅਰਸੇ ਤੋਂ ਜੇਲਾਂ ਵਿੱਚ ਬੰਦ ਸਿੰਘਾਂ ਦੀ ਰਿਹਾਈ ਲਈ ਵੱਖ-ਵੱਖ ਸਿੱਖ ਸੰਸਥਾਵਾਂ ਵਲੋਂ ਯਤਨ ਅਰੰਭੇ ਜਾ ਰਹੇ ਹਨ । ਜੋ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ ਜਿਸ ਵਿੱਚ ਸਮੁੱਚੀ ਸਿੱਖ ਕੌਮ ਨੂੰ ਜਥੇਬੰਦਕ ਹੱਦਾਂ ਤੋਂ ਉਪਰ ਉੱਠ ਕੇ ਇਕ ਵੱਡੀ ਲਹਿਰ ਬਣਾਉਣ ਲਈ ਸਾਥ ਦੇਣ ਦੀ ਲੋੜ ਹੈ। ਯੂਨਾਈਟਿਡ ਖਾਲਸਾ ਦਲ ਯੂ.ਕੇ. ਅਤੇ ਬੱਬਰ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਵਲੋਂ ਸਿੱਖ ਜਥੇਬੰਦੀਆਂ ਦੇ ਇਸ ਕਾਰਜ ਦਾ ਸਮਰਥਨ ਕੀਤਾ ਗਿਆ ਹੈ। ਭਾਈ ਨਿਰਮਲ ਸਿੰਘ ਸਿੰਘ ਸੰਧੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਜਥੇਦਾਰ ਜੋਗਾ ਸਿੰਘ ਵਲੋਂ ਜੇਲਾਂ ਵਿੱਚ ਬੰਦ ਸਿੰਘਾਂ ਦੀ ਕੁਰਬਾਨੀ ਨੂੰ ਸਿਜਦਾ ਕਰਦਿਆਂ ਆਖਿਆ ਗਿਆ ਕਿ ਉਨਾਂ ਨੇ ਆਪਣੀ ਚੜਦੀ ਜਵਾਨੀ ਅਤੇ ਜਵਾਨੀ ਦੀ ਸਿਖਰ ਦੁਪਹਿਰ ਸਿੱਖ ਕੌਮ ਨੂੰ ਅਜ਼ਾਦ ਕਰਵਾਉਣ ਲਈ ਵਾਰ ਦਿੱਤੀ। ਢਾਈ ਦਹਾਕਿਆਂ ਤੋਂ ਵੱਧ ਸਮਾਂ ਜੇਲਾਂ ਵਿੱਚ ਗੁਜ਼ਾਰ ਦਿੱਤਾ ਹੈ। ਸਿੱਖ ਕੌਮ ਪ੍ਰਤੀ ਸਨੇਹ ਰੱਖਣ ਵਾਲੇ ਪੰਜਾਬ ਦੇ ਵਿਧਾਇਕਾਂ ਦਾ ਇਖਲਾਕੀ ਫਰਜ਼ ਹੈ ਕਿ ਤਾਮਿਲਨਾਡੂ ਸਰਕਾਰ ਦੀ ਤਰਜ਼ 'ਤੇ ਉਹ ਪੰਜਾਬ ਐਸੰਬਲੀ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਦਾ ਮਤਾ ਪਾਸ ਕਰਵਾਉਣ ਵਿੱਚ ਆਪਣਾ ਬਣਦਾ ਯੋਗਦਾਨ ਪਾਉਣ। ਜਿਹੜੇ ਵੀ ਵਿਧਾਇਕ ਬੰਦੀ ਸਿੰਘਾਂ ਦੀ ਰਿਹਾਈ ਦੇ ਵਿਰੋਧ ਵਿੱਚ ਭੁਗਤਣਗੇ ਸਿੱਖ ਕੌਮ ਉਨਾਂ ਨੂੰ ਕਦੇ ਮੁਆਫ ਨਹੀਂ ਕਰੇਗੀ ਅਤੇ ਪੰਜਾਬ ਦੇ ਅਣਖੀ ਸਿੱਖ ਉਨਾਂ ਦਾ ਪਿੰਡਾਂ ਵਿੱਚ ਵੜਨਾ ਦੁੱਭਰ ਕਰ ਦੇਣਗੇ। ਜ਼ਿਕਰਯੋਗ ਹੈ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਵਲੋਂ ਅਰੰਭੇ ਹੋਏ ਸੰਘਰਸ਼ ਦੌਰਾਨ ਜਿਥੇ ਅਣਗਿਣਤ ਸਿੰਘ ਸਿੱਖ ਕੌਮ ਨੂੰ ਅਜਾਦ ਕਰਵਾਉਣ ਲਈ ਜੂਝਦੇ ਹੋਏ ਸ਼ਹੀਦ ਹੋ ਗਏ ਹਨ ਉਥੇ ਭਾਈ ਜਗਤਾਰ ਸਿੰਘ ਹਵਾਰਾ, ਭਾਈ ਜਗਤਾਰ ਸਿੰਘ ਤਾਰਾ, ਭਾਈ ਪਰਮਜੀਤ ਸਿੰਘ ਭਿਉਰਾ ਸਮੇਤ ਕਈ ਅਜਿਹੇ ਬੰਦੀ ਸਿੰਘ ਹਨ ਜਿਨਾਂ ਨੂੰ ਪੈਰੋਲ ਵੀ ਨਹੀਂ ਦਿੱਤੀ ਜਾ ਰਹੀ ਜੋ ਕਿ ਜੇਲ ਨਿਯਮਾਂ ਅਨੁਸਾਰ ਹਰੇਕ ਉਮਰ ਕੈਦੀ ਦਾ ਹੱਕ ਹੋਇਆ ਕਰਦਾ ਹੈ। ਸਿੱਖ ਜਥੇਬੰਦੀਆਂ ਵਲੋਂ ਆਖਿਆ ਗਿਆ ਕਿ ਸਿੱਖ ਸੰਘਰਸ਼ ਦੌਰਾਨ ਜੂਝ ਕੇ ਸ਼ਹੀਦ ਹੋਏ ਅਤੇ ਜੇਲਾਂ ਵਿੱਚ ਬੰਦ ਸਿੰਘਾਂ ਨੂੰ ਕੌਮ ਨੂੰ ਸਦਾ ਫਖਰ ਰਹੇਗਾ।

# ਮਾਮਲਾ ਗੈਂਗਸਟਰ ਰੂਪਾ ਤੇ ਮੰਨੂ ਦੇ ਪੁਲਿਸ ਮੁਕਾਬਲੇ ਦਾ

## ✪ ਮੈਜਿਸਟ੍ਰੇਟ ਜਾਂਚ ਸ਼ੁਰੂ, ਪੁਲਿਸ ਨੇ ਭਕਨਾ ਵਿਚ ਰੀਕ੍ਰਿਏਟ ਕੀਤਾ ਐਨਕਾਊਂਟਰ ਸੀਨ ✪ ਐੱਸਆਈਟੀ ਵਲੋਂ ਵੀ ਜਾਂਚ ਕਰਕੇ ਆਪਣੀ ਰਿਪੋਰਟ ਡੀਜੀਪੀ ਨੂੰ ਸੌਂਪੇਗੀ ✪ ਗੈਂਗਸਟਰ ਗੋਲਡੀ ਬਰਾੜ ਨੇ ਸਿੱਧੂ ਮੂਸੇਵਾਲਾ ਦੇ ਕਤਲ ਕਾਂਡ ਵਿਚ 8 ਸ਼ਾਰਪ ਸ਼ੂਟਰਾਂ ਦਾ ਦਾਅਵਾ ਤੇ ਪੰਜਾਬ ਤੇ ਦਿੱਲੀ ਪੁਲਿਸ ਦੱਸ ਰਹੀ 6 ✪ ਗੈਂਗਸਟਰਵਾਦ ਵਿਰੁੱਧ ਛੇੜੀ ਮੁਹਿੰਮ ਨੂੰ ਮਿਲੀ ਵੱਡੀ ਸਫਲਤਾ : ਭਗਵੰਤ ਮਾਨ

ਭਾਰਤ-ਪਾਕਿ ਅੰਤਰਰਾਸ਼ਟਰੀ ਸਰਹੱਦ ਤੋਂ ਛੇ ਕਿਲੋਮੀਟਰ ਪਹਿਲਾਂ ਪਿੰਡ ਭਕਨਾ ਖੁਰਦ ਵਿਚ ਹੋਏ ਮੁਕਾਬਲੇ ਦੇ ਮਾਮਲੇ ਵਿਚ ਬੀਤੇ ਹਫਤੇ ਮੈਜਿਸਟ੍ਰੇਟ ਜਾਂਚ ਸ਼ੁਰੂ ਕੀਤੀ ਗਈ। ਐੱਸਡੀਐੱਮ ਅਮਨਪ੍ਰੀਤ ਸਿੰਘ ਦੀ ਅਗਵਾਈ ਵਿਚ ਪੁਲਿਸ ਅਧਿਕਾਰੀਆਂ ਨੇ ਸੀਨ ਰੀਕ੍ਰਿਏਟ ਕੀਤਾ। ਕਰੀਬ ਦੋ ਘੰਟੇ ਤਕ ਮੈਜਿਸਟਰੇਟ ਨੇ ਮੌਕਾ-ਏ-ਵਾਰਦਾਤ ਦਾ ਮੁਆਇਨਾ ਕੀਤਾ। ਦੋ ਪੁਲਿਸ ਮੁਲਾਜ਼ਮ ਪਿਸਤੌਲਾਂ ਤੇ ਏਕੇ-47 ਦੇ ਨਾਲ ਦੋ ਲੋਕੇਸ਼ਨਾਂ ’ਤੇ ਤਾਇਨਾਤ ਸਨ ਅਤੇ ਫਿਰ ਬਾਹਰ ਪੁਜੀਸ਼ਨ ਲਏ ਕਮਾਂਡੋਜ਼ ’ਤੇ ਗੋਲ਼ੀਬਾਰੀ ਦਾ ਦ੍ਰਿਸ਼ ਦਰਸਾਇਆ ਗਿਆ ਸੀ। ਹਾਲਾਂਕਿ ਦੋਵਾਂ ਪਾਸਿਆਂ ਤੋਂ ਕੋਈ ਗੋਲ਼ੀ ਨਹੀਂ ਚਲਾਈ ਗਈ। ਦੋ ਘੰਟੇ ਤਕ ਕਰਾਈਮ ਸੀਨ ਦੇਖਣ ਤੋਂ ਬਾਅਦ ਐੱਸਡੀਐੱਮ ਨੇ ਪੁਲਿਸ ਅਧਿਕਾਰੀਆਂ ਨੂੰ ਕਈ ਸਵਾਲ ਪੁੱਛੇ। ਇਸ ਤੋਂ ਬਾਅਦ ਹਵੇਲੀ ਦੇ ਆਲੇ-ਦੁਆਲੇ ਦੇ ਦੋ ਘਰਾਂ ਦੇ ਮੈਂਬਰਾਂ ਤੋਂ ਵੀ ਪੁੱਛਗਿੱਛ ਕੀਤੀ ਗਈ।

ਪਤਾ ਲੱਗਾ ਹੈ ਕਿ ਡੀਜੀਪੀ ਗੌਰਵ ਯਾਦਵ ਦੇ ਹੁਕਮਾਂ ’ਤੇ ਵਿਸ਼ੇਸ਼ ਜਾਂਚ ਟੀਮ ਵੀ ਬਣਾਈ ਗਈ ਹੈ। ਟੀਮ ਵਿਚ ਅੰਮ੍ਰਿਤਸਰ ਦਿਹਾਤੀ ਪੁਲਿਸ ਦੇ ਅਧਿਕਾਰੀ ਸ਼ਾਮਲ ਕੀਤੇ ਗਏ ਹਨ। ਇਸ ਵਿਚ ਐੱਸਪੀ (ਐੱਚ) ਪ੍ਰਿਥੀਪਾਲ ਸਿੰਘ, ਡੀਐੱਸਪੀ ਸੰਜੀਵ ਕੁਮਾਰ ਤੇ ਘਰਿੰਡਾ ਥਾਣੇ ਦੇ ਇੰਸਪੈਕਟਰ ਗੁਰਵਿੰਦਰ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ। ਐੱਸਆਈਟੀ ਨੇ ਵੀ ਜਾਂਚ ਸ਼ੁਰੂ ਕਰ ਦਿੱਤੀ ਹੈ, ਜੋ ਆਪਣੀ ਰਿਪੋਰਟ ਡੀਜੀਪੀ ਨੂੰ ਸੌਂਪੇਗੀ। ਪਤਾ ਲੱਗਾ ਹੈ ਕਿ ਫੋਰੈਂਸਿਕ ਟੀਮ ਨੇ ਤੀਜੇ ਦਿਨ ਹਵੇਲੀ ਅੰਦਰ ਜਾਂਚ ਸ਼ੁਰੂ ਕੀਤੀ ਹੈ। ਪਤਾ ਲਗਾਇਆ ਜਾ ਰਿਹਾ ਹੈ ਕਿ ਹਵੇਲੀ ਦੇ ਅੰਦਰ ਹੀ ਮਾਰੇ ਗਏ ਸ਼ੂਟਰ ਜਗਰੂਪ ਸਿੰਘ ਰੂਪਾ ਤੇ ਮਨਪ੍ਰੀਤ ਸਿੰਘ ਉਰਫ਼ ਮੰਨੂ ਤੋਂ ਇਲਾਵਾ ਕੌਣ-ਕੌਣ ਮੌਜੂਦ ਸਨ। ਇਸ ਤੋਂ ਇਲਾਵਾ ਪੁਲਿਸ ਅਧਿਕਾਰੀ ਪਿੰਡ ਭਕਨਾ ਖੁਰਦ ਵਿਚ ਲੱਗੇ ਸੀਸੀਟੀਵੀ ਫੁਟੇਜ ਦੀ ਵੀ ਜਾਂਚ ਕਰ ਰਹੇ ਹਨ। ਘਟਨਾ ਵਾਲੇ ਦਿਨ ਹਵੇਲੀ ਦੇ ਆਸ-ਪਾਸ ਘੁੰਮ ਰਹੀ ਕੋਰੋਲਾ ਕਾਰ ਤੇ ਥਾਰ ਦਾ ਸੁਰਾਗ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਯਾਦ ਰਹੇ ਕਿ ਬੀਤੇ ਹਫਤੇ ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਪੰਜਾਬੀ ਗਾਇਕ ਸਿੱਧੂ ਮੂਸੇਵਾਲ ਕਤਲਕਾਂਡ ਵਿਚ ਸ਼ਾਮਲ ਗੈਂਗਸਟਰ ਜਗਰੂਪ ਸਿੰਘ ਰੂਪਾ ਤੇ ਮਨਪ੍ਰੀਤ ਸਿੰਘ ਮੰਨੂ ਪਿੰਡ ਭਕਨਾ ਖੁਰਦ ਨੇੜੇ ਇਕ ਖ਼ਾਲੀ ਹਵੇਲੀ ਵਿਚ ਲੁਕੇ ਹੋਏ ਹਨ। ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਹਵੇਲੀ ਨੂੰ ਘੇਰ ਲਿਆ। ਇਸ ਦੌਰਾਨ ਦੋਵਾਂ ਪਾਸਿਆਂ ਤੋਂ ਪੰਜ ਘੰਟੇ ਤਕ ਗੋਲ਼ੀਬਾਰੀ ਹੁੰਦੀ ਰਹੀ ਤੇ ਦੋਵੇਂ ਸ਼ੂਟਰ ਮਾਰੇ ਗਏ।

ਗੈਂਗਸਟਰ ਗੋਲਡੀ ਬਰਾੜ ਨੇ ਦਾਅਵਾ ਕੀਤਾ ਹੈ ਕਿ 8 ਲੋਕਾਂ ਨੇ ਸਿੱਧੂ ਮੂਸੇਵਾਲਾ ਨੂੰ ਮਾਰਿਆ। ਅੰਮ੍ਰਿਤਸਰ ਐਨਕਾਊਂਟਰ ਵਿਚ ਮਾਰੇ ਗਏ 2 ਸ਼ਾਰਪ ਸ਼ੂਟਰਾਂ ਤੋਂ ਬਾਅਦ ਗੋਲਡੀ ਬਰਾੜ ਨੇ ਸੋਸ਼ਲ ਮੀਡੀਆ ਪੋਸਟ ਵਿਚ ਅਜਿਹਾ ਦਾਅਵਾ ਕੀਤਾ ਹੈ। ਉੱਥੇ ਹੀ ਪੰਜਾਬ ਪੁਲਿਸ ਨੇ ਇਸ ਵਿਚ 6 ਹੀ ਸ਼ਾਰਪ ਸ਼ੂਟਰਾਂ ਦੇ ਸ਼ਾਮਲ ਹੋਣ ਬਾਰੇ ਦੱਸਿਆ ਹੈ। ਦਿੱਲੀ ਪੁਲਿਸ ਨੇ ਸ਼ੁਰੂਆਤੀ ਜਾਂਚ ਵਿਚ 8 ਸ਼ਾਰਪਸ਼ੂਟਰ ਦੱਸੇ ਸੀ। ਹਾਲਾਂਕਿ ਉਸ ਤੋਂ ਬਾਅਦ ਉਹ ਵੀ 6 ਦੱਸਣ ਲੱਗੀ। ਜੇਕਰ ਇਹ ਸੱਚ ਹੈ ਤਾਂ ਫਿਰ ਬਾਕੀ 2 ਸ਼ਾਰਪ ਸ਼ੂਟਰ ਕੌਣ ਹਨ ?

ਗੈਂਗਸਟਰ ਗੋਲਡੀ ਬਰਾੜ ਨੇ ਸੋਸ਼ਲ ਮੀਡੀਆ ਉਪਰ ਪੋਸਟ ਵਿਚ ਅੰਮ੍ਰਿਤਸਰ ਐੱਨਕਾਊਂਟਰ ਵਿਚ ਮਾਰੇ ਗਏ ਸ਼ਾਰਪਸ਼ੂਟਰਾਂ ਰੂਪਾ ਤੇ ਮੰਨੂ ਦੀ ਤਾਰੀਫ ਕੀਤੀ। ਗੋਲਡੀ ਨੇ ਲਿਖਿਆ ਕਿ ਇਕੱਲੇ ਮੂਸੇਵਾਲਾ ਨੂੰ 8 ਲੋਕਾਂ ਨੇ ਘੇਰ ਕੇ ਮਾਰਿਆ। ਉਸ ਨੇ ਦੋਵਾਂ ਦੀ ਤਾਰੀਫ ਇਸ ਲਈ ਕੀਤੀ ਕਿ ਸ਼ਾਰਪ ਸ਼ੂਟਰਾਂ ਨੂੰ ਸੈਂਕੜੇ ਪੁਲਿਸ ਵਾਲਿਆਂ ਨੇ ਘੇਰਿਆ ਹੋਇਆ ਸੀ, ਫਿਰ ਵੀ 6 ਘੰਟੇ ਤਕ ਟੱਕਰ ਲੈਂਦੇ ਰਹੇ। ਗੋਲਡੀ ਬਰਾੜ ਨੇ ਫੇਸਬੁੱਕ ਪੋਸਟ ’ਚ ਸਿੱਧੂ ਮੂਸੇਵਾਲਾ ਨੂੰ ਮਾਰਨ ਵਾਲੇ ਸ਼ੂਟਰਾਂ ਵਿਚ ਸ਼ਾਮਲ ਅੰਕਿਤ ਨੂੰ ਪੈਸਾ ਨਾ ਦੇਣ ਤੇ ਹੱਤਿਆ ਤੋਂ ਬਾਅਦ ਉਸ ਦਾ ਫੋਨ ਨਾ ਚੁੱਕਣ ਦੀਆਂ ਖ਼ਬਰਾਂ ਨੂੰ ਖਾਰਜ ਕੀਤਾ। ਗੋਲਡੀ ਬਰਾੜ ਨੇ ਆਪਣੀ ਪੋਸਟ ਵਿਚ ਦਾਅਵਾ ਕੀਤਾ ਹੈ ਕਿ ਪੰਜਾਬ ਪੁਲਿਸ ਵੱਲੋਂ ਫੈਲਾਇਆ ਜਾ ਰਿਹਾ ਹੈ ਕਿ ਉਸ ਨੇ ਅੰਕਿਤ ਨਾਂ ਦੇ ਸ਼ਾਰਪ ਸ਼ੂਟਰ ਨੂੰ ਪੈਸਾ ਨਹੀਂ ਦਿੱਤਾ ਤੇ ਮੂਸੇਵਾਲਾ ਦੀ ਹੱਤਿਆ ਤੋਂ ਬਾਅਦ ਉਸ ਦਾ ਫੋਨ ਨਹੀਂ ਚੁੱਕਿਆ ਜੋ ਕਿ ਬਿਲਕੁਲ ਗਲਤ ਹੈ। ਉਸ ਨੇ ਦਾਅਵਾ ਕੀਤਾ ਹੈ ਕਿ ਉਸ ਵੱਲੋਂ ਸ਼ਾਰਪ ਸ਼ੂਟਰ ਅੰਕਿਤ ਦੀ ਪੂਰੀ ਮਦਦ ਕੀਤੀ ਜਾ ਰਹੀ ਹੈ ਤੇ ਅਟਾਰੀ ਵਿਚ ਹੋਏ ਐੱਨਕਾਊਂਟਰ ਵਿਚ ਮਾਰੇ ਗਏ ਦੋਵੇਂ ਗੈਂਗਸਟਰਾਂ ਦੇ ਪਰਿਵਾਰਾਂ ਦੀ ਪੂਰੀ ਮਦਦ ਕੀਤੀ ਜਾਵੇਗੀ।

ਪੁਲਿਸ ਮੁਕਾਬਲੇ ਵਿਚ ਮਾਰੇ ਗਏ ਗੈਂਗਸਟਰ ਮਨਪ੍ਰੀਤ ਸਿੰਘ ਉਰਫ਼ ਮਨੂੰ ਕੁੱਸਾ ਨੇ ਗਾਇਕ ਸਿੱਧੂ ਮੂਸੇਵਾਲਾ ਦੇ ਪਹਿਲੀ ਗੋਲੀ ਮਾਰੀ ਸੀ। ਉਸ ਨਾਲ ਮਾਰਿਆ ਗਿਆ ਗੈਂਗਸਟਰ ਜਗਰੂਪ ਸਿੰਘ ਉਰਫ਼ ਰੂਪਾ ਵੀ ਉਸ ਵੇਲੇ ਨਾਲ ਹੀ ਸੀ ਅਤੇ ਉਹ ਕੋਰੋਲਾ ਗੱਡੀ ਚਲਾ ਰਿਹਾ ਸੀ। ਉਸ ਦੇ ਨਾਲ ਵਾਲੀ ਸੀਟ ’ਤੇ ਮਨੂੰ ਕੁੱਸਾ ਏ.ਕੇ. 47 ਰਾਈਫ਼ਲ ਲੈ ਕੇ ਬੈਠਾ ਹੋਇਆ ਸੀ। ਕੁੱਸਾ ਮਨੂੰ ਦੇ ਪਿੰਡ ਦਾ ਨਾਂ ਹੈ ਜੋ ਕਿ ਮੋਗਾ ਜ਼ਿਲੇ ਵਿਚ ਪੈਂਦਾ ਹੈ। ਮਨੂੰ ਕੁੱਸਾ ਲਾਰੈਂਸ ਬਿਸ਼ਨੋਈ ਦਾ ਕਰੀਬੀ ਸਾਥੀ ਸੀ ਅਤੇ ਸਿੱਧੂ ਮੂਸੇਵਾਲਾ ਦੇ ਹੱਤਿਆ ਕਾਂਡ ਨੂੰ ਉਸ ਨੇ ਲਾਰੈਂਸ ਬਿਸ਼ਨੋਈ ਦੇ ਕਹਿਣ ’ਤੇ ਹੀ ਅੰਜਾਮ ਦਿੱਤਾ ਸੀ।



ਭਕਨਾ ਐਨਕਾਊਂਟਰ ਮਾਮਲੇ ਦੀ ਘਟਨਾ ਤੋਂ ਛੇ ਦਿਨ ਪਹਿਲਾਂ ਭਕਨਾ ਖੁਰਦ ਦੀ ਸੁੰਨਸਾਨ ਹਵੇਲੀ ਵਿਚ ਖ਼ਤਰਨਾਕ ਗੈਂਗਸਟਰ ਤੇ ਉਨਾਂ ਦੇ ਗੁਰਗਿਆਂ ਨੇ ਪਾਰਟੀ ਕੀਤੀ ਸੀ। ਪੁਲਿਸ ਨੂੰ ਮੌਕਾ-ਏ-ਵਾਰਦਾਤ ਤੋਂ ਡਿਸਪੋਜ਼ੇਬਲ ਬਰਤਨ, ਇੱਟਾਂ ਦੀ ਬਣੀ ਆਰਜ਼ੀ ਭੱਠੀ ਅਤੇ ਸੜੀਆਂ ਹੋਈਆਂ ਲੱਕੜਾਂ ਮਿਲੀਆਂ ਹਨ। ਪੁਲਿਸ ਨੂੰ ਪਤਾ ਲੱਗਾ ਹੈ ਕਿ ਪਾਰਟੀ ਵਿਚ ਖ਼ਤਰਨਾਕ ਗੈਂਗਸਟਰ ਮਨੀ ਰਈਆ, ਉਸ ਦੇ ਗੁਰਗੇ ਮਨਦੀਪ ਤੂਫ਼ਾਨ, ਹਰਿਆਣਾ ਦਾ ਸ਼ੂਟਰ ਦੀਪਕ ਮੁੰਡੀ, ਮਾਰੇ ਗਏ ਜਗਰੂਪ ਸਿੰਘ ਉਰਫ਼ ਰੂਪਾ ਤੇ ਮਨਪ੍ਰੀਤ ਸਿੰਘ ਉਰਫ਼ ਮਨੂ ਆਪਣੇ ਕੁਝ ਸਾਥੀਆਂ ਨਾਲ ਪੁਲਿਸ ਹਿਰਾਸਤ ਵਿਚ ਬੰਦ ਆਪਣੇ ਆਕਾ ਜੱਗੂ ਭਗਵਾਨਪੁਰੀਆ ਨੂੰ ਭਜਾਉਣ ਦੀ ਸਾਜ਼ਿਸ਼ ਰਚ ਰਹੇ ਸਨ। ਪੁਲਿਸ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਉਕਤ ਮੁਲਜ਼ਮਾਂ ਨੂੰ ਭਕਨਾ ਖੁਰਦ ਦੀ ਸੁੰਨਸਾਨ ਹਵੇਲੀ ਕਿਸ ਨੇ ਮੁਹੱਈਆ ਕਰਵਾਈ ਸੀ। ਖ਼ਦਸ਼ਾ ਜਤਾਇਆ ਜਾ ਰਿਹਾ ਹੈ ਕਿ ਪਿੰਡ ਦਾ ਹੀ ਕੋਈ ਵਿਅਕਤੀ ਖ਼ਤਰਨਾਕ ਗੈਂਗਸਟਰ ਜੱਗੂ ਭਗਵਾਨਪੁਰੀਆ ਨਾਲ ਸੰਪਰਕ ਵਿਚ ਹੈ ਤੇ ਉਸ ਦੇ ਇਸ਼ਾਰੇ ’ਤੇ ਗੈਂਗਸਟਰਾਂ ਨੇ ਹਵੇਲੀ ’ਚ ਪਨਾਹ ਲਈ ਹੋਈ ਸੀ। ਪੁਲਿਸ ਨੂੰ ਪਤਾ ਲੱਗਾ ਹੈ ਕਿ ਘਟਨਾ ਤੋਂ ਛੇ ਦਿਨ ਪਹਿਲਾਂ ਤਕ ਕੋਰੋਲਾ ਕਾਰ ਤੇ ਥਾਰ ਨੂੰ ਵੀ ਹਵੇਲੀ ਵੱਲ ਜਾਂਦੇ ਦੇਖਿਆ ਗਿਆ ਸੀ। ਪੁਲਿਸ ਵੱਲੋਂ ਉਪਰੋਕਤ ਦੋਵਾਂ ਵਾਹਨਾਂ ਨੂੰ ਟਰੇਸ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੁਲਿਸ ਨੂੰ ਸੂਚਨਾ ਮਿਲੀ ਹੈ ਕਿ ਮੁਕਾਬਲੇ ਸਮੇਂ ਦੀਪਕ ਮੁੰਡੀ, ਮਨੀ ਰਈਆ ਤੇ ਮਨਦੀਪ ਤੂਫ਼ਾਨ ਭਕਨਾ ਖੁਰਦ ਪਿੰਡ ਦੇ ਨਾਲ ਲਗਦੇ ਕਿਸੇ ਇਲਾਕੇ ਵਿਚ ਲੁਕੇ ਹੋਏ ਸਨ। ਸਪੈਸ਼ਲ ਇਨਵੈਸਟੀਗੇਸ਼ਨ ਟੀਮ ਨੇ ਹਵੇਲੀ ਦੇ ਮਾਲਕ ਬਲਵਿੰਦਰ ਸਿੰਘ ਬਿੱਲਾ ਨੂੰ ਐਤਵਾਰ ਦੁਪਹਿਰ ਨੂੰ ਮਾਲ ਮੰਡੀ ਵਿਚ ਪੁੱਛਗਿੱਛ ਲਈ ਬੁਲਾਇਆ ਸੀ। ਬਿੱਲਾ ਤੋਂ ਐੱਸਆਈਟੀ ਦੇ ਤਿੰਨ ਮੈਂਬਰਾਂ ਨੇ ਕਰੀਬ ਤਿੰਨ ਘੰਟੇ ਤੱਕ ਪੁੱਛਗਿੱਛ ਕੀਤੀ।

ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਹੱਤਿਆਕਾਂਡ ਵਿਚ ਲੋੜੀਂਦੇ ਛੇਵੇਂ ਸ਼ੂਟਰ ਹਰਿਆਣਾ ਦੇ ਦੀਪਕ ਮੁੰਡੀ ਨੂੰ ਫੜਨ ਲਈ ਪੁਲਿਸ ਦੀਆਂ ਸੱਤ ਟੀਮਾਂ ਪੰਜਾਬ, ਹਿਮਾਚਲ, ਹਰਿਆਣਾ ਤੇ ਯੂਪੀ ’ਵਿਚ ਛਾਪੇਮਾਰੀ ਕਰ ਰਹੀ ਹੈ। ਪੁਲਿਸ ਨੂੰ ਸੂਚਨਾ ਮਿਲੀ ਹੈ ਕਿ ਮੁੰਡੀ ਕੁਝ ਦਿਨ ਪਹਿਲਾਂ ਤਕ ਪੰਜਾਬ ਵਿਚ ਹੀ ਸੀ। ਇਹ ਜਾਣਕਾਰੀ ਵੀ ਸਾਹਮਣੇ ਆਈ ਹੈ ਕਿ ਮਾਰੇ ਗਏ ਸ਼ੂਟਰ ਜਗਰੂਪ ਰੂਪਾ ਤੇ ਮਨਪ੍ਰੀਤ ਸਿੰਘ ਮਨੂੰ ਐਨਕਾਊਂਟਰ ਤੋਂ ਪਹਿਲਾਂ ਸਰੈਂਡਰ ਕਰਨਾ ਚਾਹੁੰਦੇ ਸਨ। ਕੁਝ ਦੇਰ ਫਾਈਰਿੰਗ ਕਰਨ ਤੋਂ ਬਾਅਦ ਉਨਾਂ ਨੇ ਪੁਲਿਸ ਅਧਿਕਾਰੀਆਂ ਨੂੰ ਮੀਡੀਆ ਕਰਮੀਆਂ ਨੂੰ ਬੁਲਾਉਣ ਲਈ ਕਿਹਾ ਸੀ, ਤਾਂਕਿ ਉਹ ਮੀਡੀਆ ਦੇ ਸਾਹਮਣੇ ਸਰੈਂਡਰ ਕਰ ਸਕਣ, ਪਰ ਬਾਅਦ ਵਿਚ ਉਹ ਮੁੱਕਰ ਗਏ ਤੇ ਫਾਈਰਿੰਗ ਸ਼ੁਰੂ ਕਰ ਦਿੱਤੀ। ਐੱਸਆਈਟੀ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੁਝ ਦੇਰ ਪੁਲਿਸ ਨਾਲ ਗੱਲ ਵੀ ਕੀਤੀ ਸੀ। ਸਿੱਧੂ ਮੂਸੇਵਾਲਾ ਦੀ ਹੱਤਿਆ ਤੋਂ ਬਾਅਦ ਦੋਵੇਂ ਪੰਜਾਬ ਤੋਂ ਬਾਹਰ ਨਹੀਂ ਗਏ, ਕਿਉਂਕਿ ਇਸ ਨਾਲ ਉਨਾਂ ਨੂੰ ਨਸ਼ਾ ਮਿਲਣ ਵਿਚ ਪ੍ਰੇਸ਼ਾਨੀ ਆਉਂਦੀ। ਦੋਵੇਂ ਨਸ਼ੇੜੀ ਸਨ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸਰਕਾਰ ਵਲੋਂ ਗੈਂਗਸਟਰਵਾਦ ਵਿਰੁੱਧ ਛੇੜੀ ਗਈ ਮੁਹਿੰਮ ਨੂੰ ਵੱਡੀ ਸਫਲਤਾ ਮਿਲੀ ਹੈ। ਉਨਾਂ ਟਵੀਟ ਕਰਦਿਆਂ ਕਿਹਾ ਕਿ ਸੂਬੇ ਦਾ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਅਤੇ ਲੋਕਾਂ ‘ਵਿਚ ਡਰ ਦਾ ਮਾਹੌਲ ਬਣਾਉਣ ਲਈ ਸਾਜ਼ਿਸ਼ ਰਚਣ ਵਾਲਿਆਂ ਨੂੰ ਹੁਣ ਬਖ਼ਸ਼ਿਆ ਨਹੀਂ ਜਾਵੇਗਾ।

### ਬਾਦਲ ਦਲ ਵਿਚ ਝੂੰਦਾਂ ਕਮੇਟੀ ਦੀਆਂ ਸਿਫ਼ਾਰਸ਼ਾਂ ਲਾਗੂ ਕਰਨ ਨੇ ਫੜਿਆ ਜ਼ੋਰ

ਰਾਸ਼ਟਰਪਤੀ ਦੀ ਚੋਣ ਮੌਕੇ ਅਕਾਲੀ ਦਲ ਵਲੋਂ ਭਾਜਪਾ ਉਮੀਦਵਾਰ ਦੀ ਹਮਾਇਤ ਦੇ ਮੁੱਦੇ ’ਤੇ ਪਾਰਟੀ ਵਿਧਾਇਕ ਦਲ ਦੇ ਆਗੂ ਮਨਪ੍ਰੀਤ ਸਿੰਘ ਇਯਾਲੀ ਵਲੋਂ ਚੋਣ ਦੇ ਬਾਈਕਾਟ ਦੇ ਲਏ ਫ਼ੈਸਲੇ ਨੇ ਉਨਾਂ ਸਾਰੇ ਮੁੱਦਿਆਂ ਨੂੰ ਮੁੜ ਚਰਚਾ ਵਿਚ ਲੈ ਆਂਦਾ ਹੈ, ਜੋ ਪਾਰਟੀ ਦੀ 13 ਮੈਂਬਰੀ ਕਮੇਟੀ ਦੀਆਂ ਸਿਫ਼ਾਰਸ਼ਾਂ ਦਾ ਹਿੱਸਾ ਹਨ ਪਰ ਇਨਾਂ ਨੂੰ ਹੁਣ ਤੱਕ ਪਾਰਟੀ ਪੱਧਰ ’ਤੇ ਵਿਚਾਰਿਆ ਨਹੀਂ ਗਿਆ। ਅਕਾਲੀ ਦਲ ਦੀ ਕੋਰ ਕਮੇਟੀ ਦੇ ਮੈਂਬਰ ਜਗਮੀਤ ਸਿੰਘ ਬਰਾੜ ਨੇ ਵੀ ਕਿਹਾ ਕਿ ਅਕਾਲੀ ਦਲ ਜਿਸ ਦਾ ਗੌਰਵਮਈ ਇਤਿਹਾਸ ਹੈ, ਮਗਰਲੇ ਕੁਝ ਸਮੇਂ ਦੌਰਾਨ ਪਾਰਟੀ ਵਿਚ ਜਿਵੇਂ ਨਿਘਾਰ ਆਇਆ ਹੈ ਉਹ ਸਮੁੱਚੇ ਪੰਜਾਬੀਆਂ ਤੇ ਪੰਥ ਦਰਦੀਆਂ ਲਈ ਚਿੰਤਾ ਦਾ ਵਿਸ਼ਾ ਹੈ, ਕਿਉਂਕਿ ਇਸੇ ਪਾਰਟੀ ਨੇ ਅੱਜ ਤੱਕ ਪੰਜਾਬ ਤੇ ਸਿੱਖਾਂ ਦੇ ਹੱਕਾਂ ਲਈ ਸੰਘਰਸ਼ ਕੀਤਾ ਅਤੇ ਅੱਜ ਵੀ ਇਸੇ ਪਾਰਟੀ ਤੋਂ ਹੀ ਲੋਕਾਂ ਨੂੰ ਆਸਾਂ ਹਨ। ਬਰਾੜ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਪਾਰਟੀ ਨੂੰ ਮੁੜ ਖੜਾ ਕਰਨ ਲਈ ਕਾਫ਼ੀ ਵਿਚਾਰ ਚਰਚਾ ਤੋਂ ਬਾਅਦ ਪਾਰਟੀ ਦੀ 13 ਮੈਂਬਰੀ ਕਮੇਟੀ ਵਿਚ ਵਡਮੁੱਲੀਆਂ ਸਿਫ਼ਾਰਸ਼ਾਂ ਕੀਤੀਆਂ, ਜਿਨਾਂ ਵਿਚ ਇਕ ਪਰਿਵਾਰ ਨੂੰ ਇਕ ਟਿਕਟ ਦੇਣ ਤੇ 2 ਵਾਰ ਤੋਂ ਵੱਧ ਕਿਸੇ ਨੂੰ ਪਾਰਟੀ ਪ੍ਰਧਾਨ ਨਾ ਬਣਾਉਣ ਵਰਗੀਆਂ ਸਿਫ਼ਾਰਸ਼ਾਂ ਵੀ ਕੀਤੀਆਂ ਗਈਆਂ। ਉਨਾਂ ਕਿਹਾ ਕਿ ਮੈਂ ਤਾਂ ਕੋਰ ਕਮੇਟੀ ਦੀ ਮੀਟਿੰਗ ਵਿਚ ਵੀ ਰਾਸ਼ਟਰਪਤੀ ਚੋਣ ਲਈ ਭਾਜਪਾ ਨੂੰ ਸਮਰਥਨ ਦੇਣ ਦੇ ਮੁੱਦੇ ‘ਤੇ ਕਿਹਾ ਸੀ ਕਿ ਜੋ ਸਰਕਾਰ ਸਾਡੇ ਮਸਲੇ ਹੱਲ ਕਰਨ ਲਈ ਦਿਲਚਸਪੀ ਨਹੀਂ ਦਿਖਾ ਰਹੀ ਅਤੇ ਸ਼੍ਰੋਮਣੀ ਕਮੇਟੀ ਦੇ ਪੱਤਰਾਂ ਦਾ ਜਵਾਬ ਤੱਕ ਨਹੀਂ ਦਿੰਦੀ, ਸਮਰਥਨ ਤੋਂ ਪਹਿਲਾਂ ਇਹ ਸਾਰੀਆਂ ਗੱਲਾਂ ਵਿਚਾਰ ਲੈਣੀਆਂ ਚਾਹੀਦੀਆਂ ਹਨ। ਪਾਰਟੀ ਦੇ ਹੋਰ ਆਗੂਆਂ ਮੀਤ ਪ੍ਰਧਾਨ ਭਾਈ ਮਨਜੀਤ ਸਿੰਘ, ਯੂਥ ਆਗੂ ਰਵੀਕਰਨ ਸਿੰਘ ਕਾਹਲੋਂ ਅਤੇ ਸਰਬਜੋਤ ਸਿੰਘ ਸਾਬੀ (ਮੁਕੇਰੀਆਂ), ਤਲਬੀਰ ਸਿੰਘ ਗਿੱਲ, ਸਾਬਕਾ ਵਿਧਾਇਕ ਅਮਰਪਾਲ ਸਿੰਘ ਬੋਨੀ ਅਜਨਾਲਾ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਕਰਨੈਲ ਸਿੰਘ ਪੰਜੋਲੀ ਤੇ ਲੁਧਿਆਣਾ ਦਿਹਾਤੀ ਦੇ ਸਾਬਕਾ ਪ੍ਰਧਾਨ ਸੰਤਾ ਸਿੰਘ ਉਮੈਦਪੁਰੀ ਵਲੋਂ ਵੀ ਕਿਹਾ ਗਿਆ ਕਿ ਇਯਾਲੀ ਵਲੋਂ ਭਾਜਪਾ ਨੂੰ ਬਿਨਾਂ ਸ਼ਰਤ ਸਮਰਥਨ ਨਾ ਦੇਣ ਦਾ ਉਠਾਇਆ ਗਿਆ ਮੁੱਦਾ ਪੰਥ ਤੇ ਪੰਜਾਬ ਦੀਆਂ ਭਾਵਨਾਵਾਂ ਪ੍ਰਗਟ ਕਰਦਾ ਹੈ, ਕਿਉਂਕਿ ਪਿਛਲੇ ਲੰਬੇ ਸਮੇਂ ਤੋਂ ਪਹਿਲਾਂ ਕਾਂਗਰਸ ਤੇ ਹੁਣ ਭਾਜਪਾ ਦੀ ਕੇਂਦਰ ਵਿਚਲੀਆਂ ਸਰਕਾਰਾਂ ਵਲੋਂ ਪੰਜਾਬ ਦੇ ਮੁੱਦਿਆਂ ਪ੍ਰਤੀ ਬੇਪ੍ਰਵਾਹੀ ਦਿਖਾਈ ਜਾਂਦੀ ਰਹੀ ਹੈ। ਉਨਾਂ ਕਿਹਾ ਕਿ ਪਾਰਟੀ ਹਾਈਕਮਾਨ ਨੂੰ ਚਾਹੀਦਾ ਹੈ ਕਿ ਝੂੰਦਾ ਕਮੇਟੀ ਦੀ ਰਿਪੋਰਟ ਨੂੰ ਲਾਗੂ ਕਰੇ ਜਿਸ ਨੂੰ ਪਾਰਟੀ ਪ੍ਰਧਾਨ ਵਲੋਂ ਬਣਾਈ ਕਮੇਟੀ ਨੇ ਕੋਈ 100 ਵਿਧਾਨ ਸਭਾ ਹਲਕਿਆਂ ਵਿਚੋਂ ਲੋਕਾਂ ਦੇ ਵਿਚਾਰ ਲੈ ਕੇ ਬਣਾਇਆ ਹੈ। ਉਨਾਂ ਕਿਹਾ ਕਿ ਇਸ ਰਿਪੋਰਟ ਦੇ ਲਾਗੂ ਹੋਣ ਨਾਲ ਅਕਾਲੀ ਦਲ ਪ੍ਰਤੀ ਲੋਕਾਂ ਦਾ ਵਿਸ਼ਵਾਸ ਦੁਬਾਰਾ ਮਜ਼ਬੂਤ ਕੀਤਾ ਜਾ ਸਕੇਗਾ ਅਤੇ ਅਕਾਲੀ ਦਲ ਸਿਆਸੀ ਮੰਚ ’ਤੇ ਦੁਬਾਰਾ ਉੱਤਰ ਕੇ ਸਾਹਮਣੇ ਆ ਸਕੇਗਾ। ਇਸੇ ਦੌਰਾਨ ਇਹ ਵੀ ਪਤਾ ਲੱਗਾ ਹੈ ਕਿ ਪਾਰਟੀ ਅੰਦਰੋਂ ਉਠ ਰਹੀਆਂ ਸੁਧਾਰਵਾਦੀ ਆਵਾਜ਼ਾਂ ਤੋਂ ਬਾਅਦ ਸੀਨੀਅਰ ਆਗੂ ਬਲਵਿੰਦਰ ਸਿੰਘ ਭੂੰਦੜ ਵਲੋਂ ਪਾਰਟੀ ਆਗੂਆਂ ਨੂੰ ਭਰੋਸਾ ਦਿੱਤਾ ਕਿ ਝੂੰਦਾ ਕਮੇਟੀ ਦੀ ਰਿਪੋਰਟ ’ਤੇ ਵਿਚਾਰ ਲਈ ਛੇਤੀ ਹੀ ਪਾਰਟੀ ਦੀ ਮੀਟਿੰਗ ਸੱਦੀ ਜਾਵੇਗੀ। ਪਾਰਟੀ ਸੂਤਰਾਂ ਦਾ ਮੰਨਣਾ ਹੈ ਕਿ ਪਾਰਟੀ ਦੀ ਨੌਜਵਾਨ ਲੀਡਰਸ਼ਿਪ ਇਸ ਵੇਲੇ ਵਧੇਰੇ ਪ੍ਰੇਸ਼ਾਨ ਤੇ ਰੋਹ ਵਿਚ ਨਜ਼ਰ ਆ ਰਹੀ ਹੈ ਕਿਉਂਕਿ ਅਕਾਲੀ ਦਲ ਦੇ ਕਮਜ਼ੋਰ ਪੈਣ ਕਾਰਨ ਉਨਾਂ ਨੂੰ ਆਪਣਾ ਭਵਿੱਖ ਧੁੰਦਲਾ ਪੈਂਦਾ ਨਜ਼ਰ ਆ ਰਿਹਾ ਹੈ।

## ਨੂਰਮਹਿਲੀਆ ਸਾਧ ਦੀ 9 ਸਾਲਾਂ ਤੋਂ ਫ੍ਰੀਜਰ ਵਿਚ ‘ਡੂੰਘੀ ਸਮਾਧੀ’



ਆਸ਼ੂਤੋਸ਼ ਮਹਾਰਾਜ ਦੀਪ ਮੈਡੀਟੇਸ਼ਨ ਰਹੱਸ ਲਗਭਗ 45 ਸਾਲ ਪਹਿਲਾਂ ਬਿਹਾਰ ਤੋਂ ਇੱਕ ਸਾਧੂ ਪੰਜਾਬ ਆਇਆ ਸੀ। ਲੋਕ ਉਸ ਨੂੰ ਆਸ਼ੂਤੋਸ਼ ਮਹਾਰਾਜ (ਅਸਲ ਨਾਂ ਮਹੇਸ਼ ਕੁਮਾਰ ਝਾਅ) ਕਹਿ ਕੇ ਬੁਲਾਉਂਦੇ ਹਨ। ਹੌਲੀ-ਹੌਲੀ ਉਨਾਂ ਦੇ ਪੈਰੋਕਾਰਾਂ ਦੀ ਗਿਣਤੀ ਵਧਦੀ ਗਈ। ਆਸ਼ੂਤੋਸ਼ ਮਹਾਰਾਜ ਨੇ ਜਲੰਧਰ ਨੇੜੇ ਨੂਰਮਹਿਲ ਵਿਖੇ ਦਿਵਿਆ ਜੋਤ ਜਾਗ੍ਰਿਤੀ ਸੰਸਥਾਨ ਦੀ ਸਥਾਪਨਾ ਕੀਤੀ। ਇਸ ਉਪਰ ਲੜਕੀਆਂ ਨੂੰ ਗੁੰਮਰਾਹ ਕਰਨ ਦੇ ਦੋਸ਼ ਉਸਦੇ ਡਰਾਈਵਰ ਵਲੋਂ ਲਗਾਏ ਗਏ ਸਨ। ਖਾਸ ਗੱਲ ਇਹ ਹੈ ਕਿ ਸਾਧੂ ਆਸ਼ੂਤੋਸ਼ ਮਹਾਰਾਜ ਦਾ 29 ਜਨਵਰੀ 2014 ਨੂੰ ਦਿਹਾਂਤ ਹੋ ਗਿਆ। ਇਸ ਤੋਂ ਬਾਅਦ 31 ਜਨਵਰੀ ਨੂੰ ਡਾਕਟਰਾਂ ਦੀ ਟੀਮ ਨੇ ਉਨਾਂ ਨੂੰ ‘ਕਲੀਨੀਕਲੀ ਡੈੱਡ’ ਐਲਾਨ ਦਿੱਤਾ ਪਰ ਉਨਾਂ ਦੇ ਚੇਲਿਆਂ ਦਾ ਦਾਅਵਾ ਹੈ ਕਿ ਉਨਾਂ ਦੇ ਗੁਰੂ ਆਸ਼ੂਤੋਸ਼ ਮਹਾਰਾਜ ‘ਡੂੰਘੀ ਸਮਾਧੀ’ ਵਿੱਚ ਚਲੇ ਗਏ ਹਨ। ਸਹੀ ਸਮਾਂ ਆਉਣ ’ਤੇ ਉਨਾਂ ਦੀ ਚੇਤਨਾ ਮੁੜ ਪਰਤ ਆਵੇਗੀ। ਵਿਵਾਦ ਵਧਦੇ ਹੀ ਮਾਮਲਾ ਪੰਜਾਬ ਤੇ ਹਰਿਆਣਾ ਹਾਈਕੋਰਟ ਵਿੱਚ ਪਹੁੰਚ ਗਿਆ, ਜਿੱਥੇ ਸ਼ਰਧਾਲੂਆਂ ਨੂੰ ਆਸ਼ੂਤੋਸ਼ ਮਹਾਰਾਜ ਦੀ ਦੇਹ ਨੂੰ ਤਿੰਨ ਸਾਲ ਤਕ ਫਰੀਜ਼ਰ ਵਿੱਚ ਰੱਖਣ ਦੀ ਇਜਾਜ਼ਤ ਦਿੱਤੀ ਗਈ। ਭਾਵੇਂ ਅੱਜ ਨੌਂ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ ਤੇ ਆਸ਼ੂਤੋਸ਼ ਮਹਾਰਾਜ ਦੀ ‘ਡੂੰਘੀ ਸਮਾਧੀ’ ਵਾਲਾ ਪਾਖੰਡ ਜਾਰੀ ਹੈ।

ਨੂਰਮਹਿਲ ਸਥਿਤ ਸੰਸਥਾ ਦੇ ਮੁੱਖ ਦਫਤਰ ਦੇ ਕਮਰੇ, ਜਿੱਥੇ ਆਸ਼ੂਤੋਸ਼ ਮਹਾਰਾਜ ਦੀ ਦੇਹ ਰੱਖੀ ਗਈ ਹੈ, ਦੀ ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਦੇ ਵਲੰਟੀਅਰਾਂ ਦੁਆਰਾ 24 ਘੰਟੇ ਪਹਿਰਾ ਦਿੱਤਾ ਜਾਂਦਾ ਹੈ। ਆਮ ਲੋਕਾਂ ਨੂੰ ਇਸ ਦੇ ਅੰਦਰ ਜਾਣ ਦੀ ਇਜਾਜ਼ਤ ਨਹੀਂ ਹੈ। ਇਸ ਦੇ ਨਾਲ ਹੀ ਇਲਾਕੇ ਦੇ ਆਲੇ-ਦੁਆਲੇ ਪੰਜਾਬ ਪੁਲਿਸ ਦੇ ਜਵਾਨਾਂ ਦੀ ਸੁਰੱਖਿਆ ਘੇਰਾਬੰਦੀ ਕੀਤੀ ਹੋਈ ਹੈ। ਇਸ ਦੇ ਨਾਲ ਹੀ ਸੰਸਥਾ ਵਿਚ ਦਾਖਲ ਹੋਣ ਤੋਂ ਪਹਿਲਾਂ ਵੀ ਪੂਰੀ ਤਲਾਸ਼ੀ ਲਈ ਜਾਂਦੀ ਹੈ।

# ਭਾਰਤ ਵਿਚ ਈ.ਡੀ. ਦੀ ਵਰਤੋਂ ਸਿਆਸੀ ਹਥਿਆਰ ਵਜੋਂ

**ਖੁਸ਼ਵਿੰਦਰ ਸਿੰਘ**

ਅੱਜ ਭਾਰਤ ਦੀ ਅਜ਼ਾਦੀ ਲਈ ਸੰਘਰਸ਼ ਕਰਨ ਵਾਲੀ ਦੇਸ਼ ਦੀ ਸਭ ਤੋਂ ਪੁਰਾਣੀ ਰਾਜਨੀਤਕ ਪਾਰਟੀ ਆਪਣੀ ਹੋਂਦ ਨੂੰ ਬਣਾਈ ਰੱਖਣ ਲਈ ਜ਼ਬਰਦਸਤ ਸੰਘਰਸ਼ ਕਰ ਰਹੀ ਹੈ। ਕਾਂਗਰਸ ਐਨੀ ਕਮਜ਼ੋਰ ਸਥਿਤੀ ਵਿਚ ਅੱਜ ਤੋਂ ਪਹਿਲਾਂ ਸ਼ਾਇਦ ਕਦੇ ਨਹੀਂ ਸੀ ਪਰ ਚੁਣੌਤੀਆਂ ਹਾਲੇ ਖ਼ਤਮ ਨਹੀਂ ਹੋਈਆਂ। ਕਾਂਗਰਸ ਪਾਰਟੀ ਦੀ ਮੁੱਖ ਨੇਤਾ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਈ.ਡੀ. ਦੇ ਨਿਸ਼ਾਨੇ 'ਤੇ ਖ਼ਾਸ ਕਰਕੇ ਆਏ ਹੋਏ ਹਨ। ਰਾਹੁਲ ਗਾਂਧੀ ਨੂੰ ਈ.ਡੀ. ਹਾਲ ਹੀ ਵਿਚ ਨੈਸ਼ਨਲ ਹੈਰਾਲਡ ਮਾਮਲੇ ਵਿਚ ਲਗਭਗ ਚਾਰ-ਪੰਜ ਵਾਰ ਪੁੱਛ-ਪੜਤਾਲ ਲਈ ਸੱਦ ਚੁੱਕੀ ਹੈ ਤੇ ਪੁੱਛਗਿੱਛ ਵੀ ਲਗਭਗ 40 ਘੰਟਿਆਂ ਤੋਂ ਜ਼ਿਆਦਾ ਸਮਾਂ ਹੋ ਚੁੱਕੀ ਹੈ ਜੋ ਆਪਣੇ ਆਪ ਵਿਚ ਇਕ ਰਿਕਾਰਡ ਹੈ। ਵਰਨਾ ਹਾਲੇ ਤੱਕ ਪੁੱਛਗਿੱਛ ਦਾ ਵੱਧ ਤੋਂ ਵੱਧ ਰਿਕਾਰਡ 22 ਘੰਟੇ ਦਾ ਸੀ ਤੇ ਉਹ ਵੀ ਸੀ.ਬੀ.ਆਈ. ਨੇ ਕੀਤੀ ਸੀ। ਰਾਹੁਲ ਗਾਂਧੀ ਦੀ ਏਨੀ ਲੰਬੀ ਪੁੱਛਗਿੱਛ ਆਪਣੇ ਆਪ ਵਿਚ ਪਹਿਲੀ ਉਦਾਹਰਨ ਹੈ, ਜਿੱਥੇ ਹਾਲੇ ਤੱਕ ਵੀ ਈ.ਡੀ. ਨੂੰ ਤਸੱਲੀ ਨਹੀਂ ਹੋਈ। ਕਿਤੇ ਇੰਜ ਤਾਂ ਨਹੀਂ ਕਿ ਈ.ਡੀ. ਕਿਸੇ ਨਤੀਜੇ 'ਤੇ ਪੁੱਜਣਾ ਹੀ ਨਹੀਂ ਚਾਹੁੰਦੀ। ਆਪਣੇ ਕਿੱਤੇ ਵਿਚ ਮਾਹਰ ਈ.ਡੀ. ਦੇ ਇਸ ਰਵੱਈਏ ਦਾ ਰਾਜ਼ ਕੀ ਹੈ? ਸਭ ਤੋਂ ਪਹਿਲਾਂ ਤਾਂ ਈ.ਡੀ. ਦੀ ਤਾਕਤ ਨੂੰ ਜਾਣ ਲੈਂਦੇ ਹਾਂ। ਈ.ਡੀ. ਭਾਵ ਇਨਫੋਰਸਮੈਂਟ ਡਾਇਰੈਕਟੋਰੇਟ ਉਹ ਕੇਂਦਰੀ ਜਾਂਚ ਏਜੰਸੀ ਹੈ ਜੋ ਮਨੀ ਲਾਂਡਰਿੰਗ ਭਾਵ ਹਵਾਲਾ ਜਾਂ ਕਿਸੇ ਵੀ ਕਿਸਮ ਦੇ ਆਰਥਿਕ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਪੁੱਛਗਿੱਛ ਕਰਦੀ ਹੈ ਪਰ ਇਹ ਸੀ.ਬੀ.ਆਈ. ਤੋਂ ਕਾਫੀ ਵੱਖਰੀ ਹੈ। ਜ਼ਿਕਰਯੋਗ ਹੈ ਕਿ ਸੀ.ਬੀ.ਆਈ. ਰਾਜਾਂ ਦੀ ਸਹਿਮਤੀ ਤੋਂ ਬਿਨਾਂ ਉਨਾਂ ਰਾਜਾਂ ਵਿਚ ਦਖ਼ਲ ਨਹੀਂ ਦੇ ਸਕਦੀ ਜਦੋਂ ਤੱਕ ਕੋਈ ਅਦਾਲਤ ਹੁਕਮ ਨਾ ਦੇਵੇ ਜਾਂ ਸੰਬੰਧਿਤ ਰਾਜ ਕਿਸੇ ਕੇਸ ਦੀ ਜਾਂਚ ਲਈ ਉਸ ਤੱਕ ਪਹੁੰਚ ਨਾ ਕਰ ਸਕੇ। ਦੂਜਾ ਇਹ ਕਿ ਸੀ.ਬੀ.ਆਈ. ਨੂੰ ਆਪਣੀ ਸਾਰੀ ਕਾਰਵਾਈ ਕਿਵੇਂ ਤੇ ਕਿਉਂ ਸੰਬੰਧੀ ਜਾਣਕਾਰੀ ਸੰਬੰਧਿਤ ਰਾਜ ਨੂੰ ਦੇਣੀ ਪੈਂਦੀ ਹੈ ਜਦਕਿ ਈ.ਡੀ. ਇਨਾਂ ਸਭ ਬੰਧਨਾਂ ਤੋਂ ਆਜ਼ਾਦ ਹੈ। ਈ.ਡੀ. ਕੋਲ ਜੋ ਤਾਕਤ ਹੈ, ਉਹ ਕਿਸੇ ਵੀ ਹੋਰ ਜਾਂਚ ਏਜੰਸੀ ਕੋਲ ਨਹੀਂ। ਈ.ਡੀ. ਦੋ ਨੰਬਰ ਦੇ ਪੈਸੇ ਸੰਬੰਧੀ ਕਿਸੇ ਵੀ ਵਿਅਕਤੀ, ਨੇਤਾ, ਅਫ਼ਸਰ, ਕਾਰੋਬਾਰੀ ਜਾਂ ਵੱਡੇ ਪ੍ਰਭਾਵ ਵਾਲੇ ਵਿਅਕਤੀ ਤੋਂ ਸਿੱਧੇ ਹੀ ਜਾ ਕੇ ਜਾਂ ਬੁਲਾ ਕੇ ਪੁੱਛਗਿੱਛ ਕਰ ਸਕਦੀ ਹੈ, ਉਸ ਨੂੰ ਕਿਸੇ ਵੀ ਅਦਾਲਤ ਤੋਂ ਮਨਜ਼ੂਰੀ ਲੈਣ ਦੀ ਲੋੜ ਨਹੀਂ ਤੇ ਸਾਹਮਣੇ ਵਾਲਾ ਵਿਅਕਤੀ ਇਸ ਸੰਬੰਧੀ ਕਿਸੇ ਗ੍ਰਿਫ਼ਤਾਰੀ ਤੋਂ ਬਚਣ ਲਈ ਕਿਸੇ ਅਦਾਲਤ ਤੋਂ ਅਗਾਊਂ ਜ਼ਮਾਨਤ ਜਾਂ ਕੋਈ ਰਾਹਤ ਵੀ ਨਹੀਂ ਲੈ ਸਕਦਾ, ਜਿਸ ਤਰਾਂ ਸੀ.ਬੀ.ਆਈ. ਦੀ ਜਾਂਚ ਵੇਲੇ ਅਕਸਰ ਵੱਡੇ ਪ੍ਰਭਾਵ ਵਾਲੇ ਲੋਕ ਲੈ ਲੈਂਦੇ ਹਨ। ਈ.ਡੀ. ਨੂੰ ਜਾਂਚ ਆਪਣੇ ਤਰੀਕੇ ਮੁਤਾਬਿਕ ਕਰਨ ਦਾ ਪੂਰਾ ਅਧਿਕਾਰ ਹੈ। ਜੇ ਕੋਈ ਪੀੜਤ ਉੱਚ ਅਦਾਲਤ ਜਾਵੇ ਤਾਂ ਵੀ ਅਦਾਲਤ ਈ.ਡੀ. ਦੇ ਸਰਕਾਰੀ ਵਕੀਲ ਦੀ ਗ਼ੈਰ-ਹਾਜ਼ਰੀ ਵਿਚ ਕਦੇ ਜ਼ਮਾਨਤ ਨਹੀਂ ਦਿੰਦੀ, ਬਲਕਿ ਪਹਿਲਾਂ ਸਰਕਾਰੀ ਵਕੀਲ ਦੀ ਦਲੀਲ ਸੁਣਦੀ ਹੈ ਤੇ ਜੇ ਸਰਕਾਰੀ ਵਕੀਲ ਅਦਾਲਤ ਦੀ ਤਸੱਲੀ ਕਰਵਾ ਦੇਵੇ ਜੋ ਉਹ ਅਕਸਰ ਕਰਵਾ ਦਿੰਦੇ ਹਨ ਤਾਂ ਫਿਰ ਸਭ ਠੀਕ ਹੈ। ਜੇ ਅਦਾਲਤ ਨੂੰ ਫਿਰ ਵੀ ਪੀੜਤ ਨਿਰਦੋਸ਼ ਲੱਗੇ ਤਾਂ ਹੀ ਜ਼ਮਾਨਤ 'ਤੇ ਗੱਲ ਆਉਂਦੀ ਹੈ। ਪਰ ਅੱਜ ਤੱਕ ਕਿਸੇ ਨੂੰ ਈ.ਡੀ. ਦੀ ਜਾਂਚ ਵਿਚ ਅਦਾਲਤ ਕੋਲੋਂ ਜ਼ਮਾਨਤ ਨਹੀਂ ਮਿਲੀ ਬਲਕਿ ਸਰਬਉੱਚ ਅਦਾਲਤ ਵੀ ਅਜਿਹੇ ਕੇਸਾਂ 'ਤੇ ਸੁਣਵਾਈ ਨਹੀਂ ਕਰਦੀ ਬਲਕਿ ਵਾਪਸ ਹਾਈ ਕੋਰਟ ਨੂੰ ਭੇਜ ਦਿੰਦੀ ਹੈ।

ਜ਼ਾਹਰ ਹੈ ਕਿ ਈ.ਡੀ. ਦੀ ਤਾਕਤ ਬੇਮਿਸਾਲ ਹੈ ਤੇ ਜੇ ਕੇਂਦਰ ਸਰਕਾਰ ਇਸ ਨੂੰ ਰਾਜਨੀਤਕ ਹਥਿਆਰ ਬਣਾ ਕੇ ਵਰਤ ਲਵੇ ਜੋ ਕਿ ਉਹ ਬਾਖੂਬੀ ਵਰਤਦੀ ਵੀ ਹੈ ਤਾਂ ਫਿਰ ਵਿਰੋਧੀ ਧਿਰ ਦੀ ਹਾਲਤ ਦਾ ਤਰਸਯੋਗ ਹੋਣਾ ਤੈਅ ਹੀ ਹੈ। ਈ.ਡੀ. ਨੇ 122 ਵੱਡੇ ਸਿਆਸੀ ਆਗੂਆਂ ਦੇ ਨਾਵਾਂ ਦੀ ਸੂਚੀ ਸਰਬਉੱਚ ਅਦਾਲਤ ਵਿਚ ਦਿੱਤੀ ਹੋਈ ਹੈ, ਜਿਨਾਂ ਤੋਂ ਉਸ ਨੇ ਪੁੱਛ-ਪੜਤਾਲ ਕਰਨੀ ਹੈ। ਭਾਵ ਜੇ ਸੱਤਾਧਾਰੀ ਧਿਰ ਚਾਹੇ ਤਾਂ ਕਿਸੇ ਵੀ ਵਿਰੋਧੀ ਨੂੰ ਈ.ਡੀ. ਰਾਹੀਂ ਖਿੱਚ ਸਕਦੀ ਹੈ। ਸਤਿੰਦਰ ਜੈਨ ਦਿੱਲੀ ਦੀ 'ਆਪ' ਪਾਰਟੀ ਦੇ ਸਿਹਤ ਮੰਤਰੀ ਨੂੰ ਹਾਲ ਹੀ ਵਿਚ ਈ.ਡੀ. ਨੇ ਜੇਲ ਵਿਚ ਡੱਕਿਆ ਹੋਇਆ ਹੈ। ਸਮੱਸਿਆ ਇਹ ਨਹੀਂ ਕਿ ਈ.ਡੀ. ਵਿਰੋਧੀ ਆਗੂਆਂ ਤੋਂ ਪੁੱਛ-ਪੜਤਾਲ ਕਰਦੀ ਹੈ। ਜੇਕਰ ਕਿਸੇ ਨੇ ਭ੍ਰਿਸ਼ਟਾਚਾਰ ਕੀਤਾ ਹੈ ਤਾਂ ਉਸ ਨੂੰ ਜਾਂਚ ਕਰਕੇ ਸਜ਼ਾ ਮਿਲਣੀ ਹੀ ਚਾਹੀਦੀ ਹੈ, ਫਿਰ ਚਾਹੇ ਉਹ ਕੋਈ ਵੀ ਹੋਵੇ ਪਰ ਜੇਕਰ ਸਿਰਫ ਜਾਂਚ-ਪੜਤਾਲ ਹੀ ਹੋਵੇ ਤੇ ਸਾਲਾਂ ਮਗਰੋਂ ਵੀ ਕੋਈ ਨਤੀਜਾ ਨਾ ਨਿਕਲੇ ਤਾਂ ਫਿਰ ਇਸ ਨੂੰ ਅਸੀਂ ਕੀ ਕਹਾਂਗੇ? ਨੈਸ਼ਨਲ ਹੈਰਾਲਡ ਦੇ ਜਿਸ ਮਾਮਲੇ ਵਿਚ ਅੱਜ ਰਾਹੁਲ ਗਾਂਧੀ ਦੀ ਏਨੀ ਪੁੱਛਗਿੱਛ ਹੋ ਰਹੀ ਹੈ, ਉਸ ਦੀ ਫਾਈਲ 2014-15 ਵਿਚ ਖੁੱਲੀ ਸੀ। ਸਵਾਲ ਇਹ ਹੈ ਕਿ ਜੇਕਰ ਰਾਹੁਲ ਗਾਂਧੀ ਦੋਸ਼ੀ ਹਨ ਤਾਂ 8 ਸਾਲ ਮਗਰੋਂ ਵੀ ਹਾਲੇ ਤੱਕ ਜੇਲ ਵਿਚ ਕਿਉਂ ਨਹੀਂ ਹਨ? ਕਈ ਹੋਰ ਕਾਂਗਰਸੀ ਆਗੂਆਂ ਦੇ ਨਾਂਅ ਵੀ ਇਸ ਵਿਚ ਸ਼ਾਮਿਲ ਹਨ। 2012-13 ਵਿਚ ਭਾਜਪਾ ਦੇ ਪ੍ਰਧਾਨ ਮੰਤਰੀ ਅਹੁਦੇ ਦੇ ਦਾਅਵੇਦਾਰ ਸ੍ਰੀ ਨਰਿੰਦਰ ਮੋਦੀ ਨੇ ਛਾਤੀ ਠੋਕ ਕੇ ਰਾਬਰਟ ਵਾਡਰਾ 'ਤੇ ਵੀ ਵੱਡੇ ਭ੍ਰਿਸ਼ਟਾਚਾਰ ਦੇ ਇਲਜ਼ਾਮ ਲਗਾਏ ਸਨ। ਰਾਬਰਟ ਵਾਡਰਾ ਦਾ ਕੇਸ ਵੀ ਬੜਾ ਸਪੱਸ਼ਟ ਸੀ, ਇਲਜ਼ਾਮ ਸੀ ਕਿ ਉਸ ਨੇ ਸਰਕਾਰੀ ਜ਼ਮੀਨ ਸਸਤੀ ਕੌਡੀਆਂ ਦੇ ਭਾਅ ਲੈ ਕੇ ਅੱਗੇ ਬੜੇ ਮਹਿੰਗੇ ਮੁੱਲ 'ਤੇ ਵੇਚ ਕੇ ਕਰੋੜਾਂ ਦਾ ਮੁਨਾਫ਼ਾ ਕਮਾਇਆ ਸੀ ਪਰ ਅੱਜ 8 ਸਾਲਾਂ ਮਗਰੋਂ ਭਾਜਪਾ ਦੀ ਸਰਕਾਰ ਹੋਣ ਮਗਰੋਂ ਵੀ ਕੋਈ ਨਤੀਜਾ ਨਹੀਂ, ਬੱਸ ਪੁੱਛਗਿੱਛ ਹੋ ਰਹੀ ਹੈ। ਕਾਂਗਰਸ ਦੇ ਹਰਿਆਣਾ ਦੇ ਭੁਪਿੰਦਰ ਹੁੱਡਾ ਤੋਂ ਵੀ ਈ.ਡੀ. ਲਗਭਗ 65 ਕਰੋੜ ਦੀ ਇਕ ਜ਼ਮੀਨ ਲਗਭਗ 70 ਲੱਖ ਵਿਚ ਵੇਚਣ ਦੇ ਕੇਸ ਵਿਚ ਜਾਂਚ ਕਰ ਰਹੀ ਹੈ। ਹਾਲਾਂਕਿ ਉਹ ਜ਼ਮੀਨ ਵੀ ਈ.ਡੀ. ਨੇ ਆਪਣੇ ਕਬਜ਼ੇ ਹੇਠ ਲੈ ਲਈ ਸੀ ਪਰ ਹੁੱਡਾ ਹੋਰੀਂ ਹਾਲੇ ਤੱਕ ਆਜ਼ਾਦ ਘੁੰਮ ਰਹੇ ਹਨ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਬਾਰੇ ਵੀ ਭਾਜਪਾ ਕਹਿੰਦੀ ਸੀ ਕਿ ਉਨਾਂ ਦੀ ਫਾਈਲ ਤਾਂ ਬੜੀ ਮੋਟੀ ਹੈ ਤੇ ਈ.ਡੀ. ਦੀ ਸੂਚੀ ਵਿਚ ਵੀ ਉਨਾਂ ਦਾ ਨਾਂਅ ਤੀਜੇ ਚੌਥੇ ਨੰਬਰ 'ਤੇ ਸੀ ਪਰ ਹੁਣ ਜਦੋਂ ਤੋਂ ਉਨਾਂ ਦੀ ਭਾਜਪਾ ਨਾਲ ਨੇੜਤਾ ਹੋ ਗਈ ਹੈ, ਉਦੋਂ ਤੋਂ ਈ.ਡੀ. ਵੀ ਚੁੱਪ ਹੈ। ਮੋਟੀ ਫਾਈਲ ਖੁੱਲੀ ਕਿਉਂ ਨਹੀਂ? ਕਾਂਗਰਸ ਦੇ ਸੁਰੇਸ਼ ਕਲਮਾੜੀ, ਜੋ 2009-10 ਵਿਚ ਰਾਸ਼ਟਰ ਮੰਡਲ ਖੇਡਾਂ ਵਿਚ ਵੱਡੇ ਘਪਲੇ ਵਿਚ ਫਸ ਗਏ ਸਨ ਤੇ ਕਾਂਗਰਸ ਨੇ ਉਨਾਂ ਨੂੰ ਇਸ ਘਪਲੇ ਵਿਚ ਨਾਂ ਆਉਣ 'ਤੇ ਬਰਖ਼ਾਸਤ ਕਰ ਦਿੱਤਾ ਸੀ, ਅੱਜ 12 ਸਾਲਾਂ ਮਗਰੋਂ ਵੀ ਮਜ਼ੇ 'ਚ ਹਨ। ਕਾਂਗਰਸ ਦੇ ਪੀ. ਚਿਦੰਬਰਮ ਤੇ ਕਾਰਤਿਕ ਚਿਦੰਬਰਮ 'ਤੇ ਵੀ ਵਿਦੇਸ਼ੀ ਨਿਵੇਸ਼ ਨੂੰ ਲੈ ਕੇ ਭ੍ਰਿਸ਼ਟਾਚਾਰ ਸਮੇਤ 18 ਹੋਰ ਦੋਸ਼ ਹਨ ਪਰ ਪੀ. ਚਿਦੰਬਰਮ ਤਾਂ ਰਾਜ ਸਭਾ ਤੱਕ ਪੰਹੁਚ ਗਏ। ਨਾਵਾਂ ਦੀ ਸੂਚੀ ਬੜੀ ਲੰਮੀ ਹੈ ਪਰ ਸਭ ਦੀ ਜਾਂਚ ਹੋ ਰਹੀ ਹੈ, ਪੁੱਛ-ਪੜਤਾਲ ਜਾਰੀ ਹੈ ਪਰ ਨਤੀਜਾ ਕੋਈ ਨਹੀਂ ਕਿਉਂ?

ਇਸ ਕਿਉਂ ਦਾ ਜਵਾਬ ਲੱਭਣ ਲਈ ਕੇਂਦਰ ਸਰਕਾਰ ਦੀਆਂ ਨੀਤੀਆਂ ਦੀ ਥੋੜੀ ਪੜਚੋਲ ਕਰ ਲੈਂਦੇ ਹਾਂ। ਕੇਂਦਰ ਦੀ ਮੋਦੀ ਸਰਕਾਰ ਪਿਛਲੇ ਦੌਰ ਵਿਚ ਭਾਰਤ ਦੀ ਅਰਥਵਿਵਸਥਾ ਨੂੰ ਲੈ ਕੇ ਆਰਥਿਕ ਸੁਧਾਰਾਂ ਦੇ ਖੇਤਰ ਵਿਚ ਜਾਂ ਕਿਸੇ ਹੋਰ ਖੇਤਰ ਵਿਚ ਜੋ ਵੀ ਕਾਨੂੰਨ ਲੈ ਕੇ ਆਈ ਉਹ ਕਿਸੇ ਨਾ ਕਿਸੇ ਤਰਾਂ ਸਰਕਾਰ 'ਤੇ ਪੁੱਠੇ ਹੀ ਪੈ ਗਏ, ਭਾਵੇਂ ਉਹ ਨੋਟਬੰਦੀ ਹੋਵੇ ਜਾਂ ਜੀ.ਐਸ.ਟੀ. ਜਾਂ ਫਿਰ 'ਇਕ ਰੈਂਕ ਇਕ ਪੈਨਸ਼ਨ' ਜਾਂ ਕਿਸਾਨੀ ਸੰਬੰਧੀ ਆਏ ਤਿੰਨ ਕਾਲੇ ਕਾਨੂੰਨ ਜਾਂ ਫਿਰ ਹੁਣ ਅਗਨੀਪਥ। ਭਾਵ ਜਦੋਂ ਸੱਤਾਧਾਰੀ ਪਾਰਟੀ ਨੀਤੀਗਤ ਤਰੀਕੇ ਨਾਲ ਗੱਲਾਂ ਲੋਕਾਂ ਅੱਗੇ ਰੱਖੇ ਤੇ ਲੋਕ ਉਸ ਨੂੰ ਸੁਰੋਂ ਨਕਾਰ ਦੇਣ ਤਾਂ ਸੱਤਾਧਾਰੀ ਪਾਰਟੀ ਦੀ ਸਥਿਤੀ ਰੱਖਿਆਤਮਿਕ ਹੋ ਜਾਂਦੀ ਹੈ ਤੇ ਆਮ ਲੋਕ ਦੁਬਿਧਾ ਵਿਚ ਪੈ ਜਾਂਦੇ ਹਨ। ਅਜਿਹੇ ਵਿਚ ਜੋ ਪਾਰਟੀ ਰਾਜਨੀਤਕ ਤੌਰ 'ਤੇ ਇਨਾਂ ਗੱਲਾਂ ਨੂੰ ਦੇਸ਼ ਭਰ ਵਿਚ ਸਹੀ ਤਰੀਕੇ ਨਾਲ ਪ੍ਰਚਾਰ ਕੇ ਅੱਗੇ ਲੈ ਕੇ ਜਾ ਸਕਦੀ ਹੈ, ਉਹ ਇਕ ਰਾਸ਼ਟਰੀ ਪੱਧਰ ਦੀ ਵਿਰੋਧੀ ਪਾਰਟੀ ਹੀ ਹੋ ਸਕਦੀ ਹੈ ਤੇ ਅੱਜ ਵਿਰੋਧੀ ਧਿਰ ਕਾਂਗਰਸ ਬਿਨਾਂ ਅਧੂਰੀ ਹੈ। ਇਹ ਭਾਰਤ ਦੀ ਰਾਜਨੀਤੀ ਦੀ ਸਚਾਈ ਹੈ। ਕੋਈ ਖੇਤਰੀ ਪਾਰਟੀ ਕਿੰਨੀ ਵੀ ਮਜ਼ਬੂਤ ਕਿਉਂ ਨਾ ਹੋਵੇ, ਉਹ ਰਾਸ਼ਟਰੀ ਪੱਧਰ 'ਤੇ ਇਨਾਂ ਚੀਜ਼ਾਂ ਨੂੰ ਅੱਗੇ ਨਹੀਂ ਵਧਾ ਸਕਦੀ। ਹੁਣ ਜੇਕਰ ਕਾਂਗਰਸ ਵਰਗੀ ਪੁਰਾਣੀ ਤੇ ਵੱਡੀ ਪਾਰਟੀ, ਮੁੱਖ ਵਿਰੋਧੀ ਪਾਰਟੀ ਦੇ ਤੌਰ 'ਤੇ ਰਾਸ਼ਟਰੀ ਪੱਧਰ ਦੇ ਮੁੱਦਿਆਂ ਤੇ ਸਮੱਸਿਆਵਾਂ ਵਿਚੋਂ ਗ਼ੈਰ-ਹਾਜ਼ਰ ਹੋ ਜਾਵੇ ਤਾਂ ਫਿਰ ਦੇਸ਼ ਦਾ ਰਾਜਨੀਤਕ ਦ੍ਰਿਸ਼ ਕੀ ਹੋਵੇਗਾ?

ਬਾਕੀ ਸਫ਼ਾ 31 'ਤੇ

# ਹਜ਼ਾਰਾਂ ਲੋਕ ਛੱਡ ਰਹੇ ਨੇ ਭਾਰਤ ਦੀ ਨਾਗਰਿਕਤਾ

## ✪ ਗਿਣਤੀ ਹੋਰ ਵਧਣ ਦੀ ਸੰਭਾਵਨਾ ✪ 78,284 ਭਾਰਤੀ ਲੋਕਾਂ ਨੇ ਅਮਰੀਕਾ, 23,533 ਨੇ ਆਸਟ੍ਰੇਲੀਆ ਅਤੇ 21,597 ਨੇ ਕੈਨੇਡੀਅਨ ਨਾਗਰਿਕਤਾ ਲਈ

ਭਾਰਤ ਦੇ ਗ੍ਰਹਿ ਮੰਤਰਾਲੇ ਦੇ ਮੁਤਾਬਕ 2021 ਵਿੱਚ 163,370 ਲੋਕਾਂ ਨੇ ਦੇਸ਼ ਦੀ ਨਾਗਰਿਕਤਾ ਛੱਡ ਦਿੱਤੀ ਸੀ। ਸੰਸਦ ਵਿੱਚ ਪੇਸ਼ ਦਸਤਾਵੇਜ਼ ਅਨੁਸਾਰ ਇਨਾਂ ਲੋਕਾਂ ਨੇ 'ਨਿੱਜੀ ਕਾਰਨਾਂ' ਕਰਕੇ ਆਪਣੀ ਨਾਗਰਿਕਤਾ ਛੱਡਣ ਦਾ ਫੈਸਲਾ ਕੀਤਾ ਸੀ। ਇਨਾਂ ਵਿੱਚੋਂ ਸਭ ਤੋਂ ਵੱਧ 78,284 ਲੋਕਾਂ ਨੇ ਅਮਰੀਕਾ ਦੀ ਨਾਗਰਿਕਤਾ ਲਈ ਹੈ। ਇਸ ਤੋਂ ਇਲਾਵਾ 23,533 ਲੋਕਾਂ ਨੇ ਆਸਟ੍ਰੇਲੀਆ ਅਤੇ 21,597 ਨੇ ਕੈਨੇਡੀਅਨ ਨਾਗਰਿਕਤਾ ਲਈ ਭਾਰਤ ਦੀ ਨਾਗਰਿਕਤਾ ਛੱਡੀ ਸੀ।

ਸਾਲ 2020 ਵਿੱਚ ਭਾਰਤ ਦੀ ਨਾਗਰਿਕਤਾ ਛੱਡਣ ਵਾਲੇ ਲੋਕਾਂ ਦੀ ਗਿਣਤੀ 85,256 ਸੀ। ਸਾਲ 2019 ਵਿੱਚ 144,017 ਲੋਕਾਂ ਨੇ ਨਾਗਰਿਕਤਾ ਛੱਡੀ ਸੀ। ਅੱਠ ਲੱਖ ਤੋਂ ਵੱਧ ਲੋਕਾਂ ਨੇ 2015 ਤੋਂ 2020 ਵਿਚਕਾਰ ਭਾਰਤ ਦੀ ਨਾਗਰਿਕਤਾ ਛੱਡ ਦਿੱਤੀ ਸੀ। ਇਹਨਾਂ ਅੰਕੜਿਆਂ ਵਿੱਚ ਸਾਲ 2020 ਵਿੱਚ ਕਮੀ ਦੇਖੀ ਗਈ ਸੀ ਪਰ ਇਸਦਾ ਕਾਰਨ ਕੋਰੋਨਾ ਮਹਾਂਮਾਰੀ ਨੂੰ ਮੰਨਿਆ ਜਾ ਰਿਹਾ ਹੈ।ਵਿਦੇਸ਼ੀ ਮਾਮਲਿਆਂ ਦੇ ਮਾਹਰ ਹਰਸ਼ ਪੰਤ ਨੇ ਅਨੁਸਾਰ ਇਸ ਵਾਧੇ ਦਾ ਕਾਰਨ ਇਹ ਹੋ ਸਕਦਾ ਹੈ ਕਿ ਪਿਛਲੇ ਸਾਲ ਕੁਝ ਲੋਕ ਜੋ ਕੋਰੋਨਾ ਕਾਰਨ ਕੰਮ ਬੰਦ ਹੋਣ ਕਰਕੇ ਨਾਗਰਿਕਤਾ ਨਹੀਂ ਲੈ ਸਕੇ ਸਨ, ਉਨਾਂ ਨੂੰ ਵੀ ਇਸ ਸਾਲ ਨਾਗਰਿਕਤਾ ਮਿਲ ਗਈ ਹੈ। ਹਰਸ਼ ਪੰਤ ਦਾ ਕਹਿਣਾ ਹੈ ਕਿ ਵੱਡੀ ਗਿਣਤੀ ਵਿੱਚ ਲੋਕ ਬਿਹਤਰ ਕੰਮ, ਪੈਸਾ ਅਤੇ ਚੰਗੀ ਜ਼ਿੰਦਗੀ ਦੀ ਭਾਲ ਵਿੱਚ ਦੇਸ਼ ਛੱਡਦੇ ਹਨ। ਪੰਤ ਮੁਤਾਬਕ, 'ਵੱਡੇ ਦੇਸ਼ਾਂ ਵਿੱਚ ਵਧੀਆ ਸਹੂਲਤਾਂ ਮਿਲਦੀਆਂ ਹਨ ਪਰ ਕਈ ਲੋਕ ਛੋਟੇ ਮੁਲਕਾਂ ਵਿੱਚ ਵੀ ਜਾਂਦੇ ਹਨ। ਕਈ ਛੋਟੇ ਦੇਸ਼ ਕਾਰੋਬਾਰ ਲਈ ਚੰਗੀਆਂ ਸਹੂਲਤਾਂ ਦਿੰਦੇ ਹਨ। ਕੁਝ ਲੋਕਾਂ ਦੇ ਪਰਿਵਾਰ ਵੀ ਅਜਿਹੇ ਮੁਲਕਾਂ ਵਿੱਚ ਸੈਟਲ ਹੁੰਦੇ ਹਨ ਇਸ ਲਈ ਉਹ ਉਨਾਂ ਦੇ ਨਾਲ ਉੱਥੇ ਕੰਮ ਕਰਨ ਲਈ ਜਾਂਦੇ ਹਨ।'

ਅਮਰੀਕਾ ਦੀ ਰਹਿਣ ਵਾਲੀ ਮਨਜੀਤ ਕੌਰ ਸੇਖੋਂ ਦਾ ਕਹਿਣਾ ਹੈ ਕਿ ਜੇਕਰ ਭਾਰਤ ਨੇ ਆਪਣੀ ਨਾਗਰਿਕਤਾ ਛੱਡਣ ਜਾਂ ਬ੍ਰੇਨ ਡਰੇਨ ਦੀ ਦਰ ਨੂੰ ਕਾਬੂ ਕਰਨਾ ਹੈ ਤਾਂ ਉਸ ਨੂੰ ਕਈ ਕਦਮ ਚੁੱਕਣੇ ਪੈਣਗੇ।ਇਸ ਲਈ ਨਵੇਂ ਮੌਕਿਆਂ ਤੋਂ ਲੈ ਕੇ ਦੋਹਰੀ ਨਾਗਰਿਕਤਾ ਤੱਕ ਚੰਗੀਆਂ ਸਹੂਲਤਾਂ



ਉਪਰ ਵਿਚਾਰ ਕਰਨਾ ਜ਼ਰੂਰੀ ਹੈ।ਬੀਬੀ ਸੇਖੋਂ ਸਾਲ 2003 ਵਿੱਚ ਨੌਕਰੀ ਦੇ ਸਬੰਧ ਵਿੱਚ ਅਮਰੀਕਾ ਗਈ ਸੀ ਪਰ ਉਸ ਨੂੰ ਉੱਥੇ ਹੀ ਰਹਿਣਾ ਪਸੰਦ ਆਇਆ ਅਤੇ ਉੱਥੇ ਹੀ ਰਹਿਣ ਦਾ ਫੈਸਲਾ ਕੀਤਾ। ਉਨਾਂ ਨੇ ਗ੍ਰੀਨ ਕਾਰਡ ਅਪਲਾਈ ਕੀਤਾ ਅਤੇ ਕੁਝ ਸਾਲ ਪਹਿਲਾਂ ਉਸ ਨੂੰ ਨਾਗਰਿਕਤਾ ਮਿਲ ਗਈ। ਉਨਾਂ ਕਿਹਾ, ਇੱਥੇ ਜੀਵਨ ਬਹੁਤ ਆਸਾਨ ਹੈ। ਜੀਵਨ ਪੱਧਰ ਬਹੁਤ ਵਧੀਆ ਹੈ। ਬੱਚਿਆਂ ਦੀ ਆਪਣੀ ਪੜਾਈ ਚੰਗੀ ਹੋ ਜਾਂਦੀ ਹੈ। ਉਨਾਂ ਨੂੰ ਭਾਰਤ ਨਾਲੋਂ ਵੀ ਵਧੀਆ ਮੌਕੇ ਮਿਲਣਗੇ। ਅਮਰੀਕਾ ਵਿੱਚ ਕੰਮ ਦਾ ਮਾਹੌਲ ਬਹੁਤ ਵਧੀਆ ਹੈ। ਤੁਸੀਂ ਜਿੰਨਾ ਕੰਮ ਕਰਦੇ ਹੋ ਉਸ ਹਿਸਾਬ ਨਾਲ ਚੰਗੀ ਤਨਖ਼ਾਹ ਮਿਲਦੀ ਹੈ।

ਕੈਨੇਡਾ ਦੇ ਰਹਿਣ ਵਾਲੇ ਤੇਜਪ੍ਰੀਤ ਕੌਰ (28) ਵੀ ਅਜਿਹਾ ਹੀ ਸੋਚਦੀ ਹੈ। ਤੇਜਪ੍ਰੀਤ ਕੌਰ ਨੇ ਕੈਨੇਡਾ ਵਿੱਚ ਹੀ ਆਈ ਟੀ ਪੜਾਈ ਕੀਤੀ ਹੈ ਅਤੇ ਪਿਛਲੇ ਇੱਕ ਸਾਲ ਤੋਂ ਉਥੇ ਹੀ ਕੰਮ ਕਰ ਰਹੀ ਹੈ। ਉਹ ਅਜੇ ਵੀ ਭਾਰਤੀ ਪਾਸਪੋਰਟ ਦੀ ਵਰਤੋਂ ਕਰਦੀ ਹੈ ਪਰ ਭਾਰਤ ਦੀ ਨਾਗਰਿਕਤਾ ਛੱਡਣ ਲਈ ਤਿਆਰ ਹੈ।

ਉਸਦਾ ਦਾ ਕਹਿਣਾ ਹੈ ਕਿ ਇਥੇ ਕੰਮ ਦਾ ਚੰਗਾ ਮਾਹੌਲ ਹੋਣਾ, ਸਿਸਟਮ ਚੰਗਾ ਹੋਣਾ ਵੀ ਇੱਕ ਕਾਰਨ ਹੈ ਜਿਸ ਕਰਕੇ ਉਹ ਭਾਰਤ ਵਾਪਸ ਨਹੀਂ ਜਾਣਾ ਚਾਹੁੰਦੀ। ਇੱਥੇ ਕੰਮ ਦੇ ਘੰਟੇ ਨਿਸ਼ਚਿਤ ਹਨ। ਕੰਮ ਵਾਲੀ ਥਾਂ 'ਤੇ ਨਿਯਮਾਂ ਦੀ ਪਾਲਣਾ ਕੀਤਾ ਜਾਂਦੀ ਹੈ। ਤੁਸੀਂ ਜਿੰਨਾ ਕੰਮ ਕਰਦੇ ਹੋ ਉਸ ਹਿਸਾਬ ਨਾਲ ਤਨਖਾਹ ਮਿਲਦੀ ਹੈ।ਭਾਰਤ ਵਿੱਚ ਨਿਯਮਾਂ ਦੀ ਪਾਲਣਾ ਐਨੀ ਨਹੀਂ ਕੀਤੀ ਜਾਂਦੀ ਹੈ ਇਸ ਲਈ ਮੈਂ ਕੰਮ ਵਾਸਤੇ ਭਾਰਤ ਜਾਣਾ ਨਹੀਂ ਚਾਹੁੰਦੀ। ਜੇਕਰ ਮੈਂ ਕਿਸੇ ਹੋਰ ਦੇਸ਼ ਵਿੱਚ ਰਹਿ ਕੇ ਕੰਮ ਕਰਨਾ ਚਾਹੁੰਦੀ ਹਾਂ ਤਾਂ ਉੱਥੇ ਦੀ ਨਾਗਰਿਕਤਾ ਲੈਣ ਵਿੱਚ ਕੀ ਹਰਜ਼ ਹੈ।'

### ਦੋਹਰੀ ਨਾਗਰਿਕਤਾ ਦੀ ਜ਼ਰੂਰਤ?

ਤੇਜਪ੍ਰੀਤ ਕੌਰ ਕਹਿੰਦੀ ਹੈ ਕਿ ਜੇਕਰ ਭਾਰਤ ਦੋਹਰੀ ਨਾਗਰਿਕਤਾ ਦੀ ਸਹੂਲਤ ਲਿਆਉਂਦਾ ਹੈ ਤਾਂ ਨਾਗਰਿਕਤਾ ਛੱਡਣ ਵਾਲਿਆਂ ਦੀ ਗਿਣਤੀ ਵਿੱਚ ਕਮੀ ਆਵੇਗੀ। ਉਹ ਕਹਿੰਦੀ ਹੈ, 'ਮੇਰੇ ਕੋਲ ਹਮੇਸ਼ਾ ਉਸ ਦੇਸ਼ ਦੀ ਨਾਗਰਿਕਤਾ ਹੋਣੀ ਚਾਹੀਦੀ ਹੈ ਜਿੱਥੇ ਮੈਂ ਪੈਦਾ ਹੋਈ ਸੀ। ਪਰ ਭਾਰਤ ਦੋਹਰੀ ਨਾਗਰਿਕਤਾ ਦੀ ਇਜਾਜ਼ਤ ਨਹੀਂ ਦਿੰਦਾ। ਇਸ ਲਈ ਮੇਰੇ ਕੋਲ ਨਾਗਰਿਕਤਾ ਛੱਡਣ ਤੋਂ ਇਲਾਵਾ ਕੋਈ ਹੱਲ ਨਹੀਂ ਹੈ। ਬਹੁਤ ਸਾਰੇ ਲੋਕ ਹਨ ਜੋ ਆਪਣੀ ਨਾਗਰਿਕਤਾ ਛੱਡ ਦੇਣਗੇ। ਕਿਉਂਕਿ ਉਨਾਂ ਨੂੰ ਭਾਰਤ ਵਿੱਚ ਦੋਹਰੀ ਨਾਗਰਿਕਤਾ ਨਹੀਂ ਮਿਲ ਸਕਦੀ ਹੈ।'

### ਓਸੀਆਈ ਕਾਰਡ ਕੀ ਹੈ?

ਭਾਰਤ ਵਿੱਚ ਦੋਹਰੀ ਨਾਗਰਿਕਤਾ ਦੀ ਕੋਈ ਵਿਵਸਥਾ ਨਹੀਂ ਹੈ। ਇਸ ਦਾ ਮਤਲਬ ਹੈ ਕਿ ਜੇਕਰ ਤੁਸੀਂ ਕਿਸੇ ਹੋਰ ਦੇਸ਼ ਦੀ ਨਾਗਰਿਕਤਾ ਚਾਹੁੰਦੇ ਹੋ ਤਾਂ ਤੁਹਾਨੂੰ ਭਾਰਤ ਦੀ ਨਾਗਰਿਕਤਾ ਛੱਡਣੀ ਪਵੇਗੀ। ਓਸੀਆਈ ਕਾਰਡ ਭਾਰਤੀ ਲੋਕਾਂ ਲਈ ਇੱਕ ਵਿਸ਼ੇਸ਼ ਕਿਸਮ ਦੀ ਸਹੂਲਤ ਦਾ ਨਾਮ ਹੈ ਜੋ ਵਿਦੇਸ਼ ਵਿੱਚ ਵਸ ਗਏ ਹਨ ਅਤੇ ਉੱਥੋਂ ਦੀ ਨਾਗਰਿਕਤਾ ਲੈ ਚੁੱਕੇ ਹਨ ਉਨਾਂ ਨੂੰ ਓਸੀਆਈ ਕਾਰਡ ਜਾਰੀ ਹੁੰਦਾ ਹੈ। ਓਸੀਆਈ ਦਾ ਅਰਥ ਹੈ - ਓਵਰਸੀਜ਼ ਸਿਟੀਜ਼ਨ ਆਫ਼ ਇੰਡੀਆ। ਦੁਨੀਆ ਵਿੱਚ ਬਹੁਤ ਸਾਰੇ ਦੇਸ਼ਾਂ ਵਿਚ ਦੋਹਰੀ ਨਾਗਰਿਕਤਾ ਦੀ ਸਹੂਲਤ ਹੈ ਪਰ ਭਾਰਤੀ ਨਾਗਰਿਕਤਾ ਕਾਨੂੰਨ ਦੇ ਅਨੁਸਾਰ ਅਜਿਹਾ ਨਹੀਂ ਹੈ। ਜੇਕਰ ਕੋਈ ਵਿਅਕਤੀ ਕਿਸੇ ਹੋਰ ਦੇਸ਼ ਦੀ ਨਾਗਰਿਕਤਾ ਲੈਂਦਾ ਹੈ ਤਾਂ ਉਸ ਨੂੰ ਆਪਣੀ ਭਾਰਤੀ ਨਾਗਰਿਕਤਾ ਛੱਡਣੀ ਪੈਂਦੀ ਹੈ। ਅਜਿਹੇ ਲੋਕਾਂ ਦੀ ਗਿਣਤੀ ਲੱਖਾਂ ਵਿਚ ਹੈ ਜਿਨਾਂ ਨੇ ਅਮਰੀਕਾ, ਬ੍ਰਿਟੇਨ ਜਾਂ ਕੈਨੇਡਾ ਵਰਗੇ ਦੇਸ਼ਾਂ ਦੀ ਨਾਗਰਿਕਤਾ ਲੈ ਲਈ ਹੈ ਪਰ ਉਨਾਂ ਦਾ ਭਾਰਤ ਨਾਲ ਸਬੰਧ ਕਾਇਮ ਹੈ। ਭਾਰਤ ਦੀ ਨਾਗਰਿਕਤਾ ਛੱਡਣ ਤੋਂ ਬਾਅਦ ਇਨਾਂ ਲੋਕਾਂ ਨੂੰ ਦੇਸ਼ ਵਿੱਚ ਆਉਣ ਲਈ ਵੀਜ਼ਾ ਲੈਣਾ ਪੈਂਦਾ ਸੀ। ਅਜਿਹੇ ਲੋਕਾਂ ਦੀ ਸਹੂਲਤ ਲਈ ਸਾਲ 2003 ਵਿੱਚ ਭਾਰਤ ਸਰਕਾਰ ਨੇ ਪੀਆਈਓ ਕਾਰਡ ਦੀ ਵਿਵਸਥਾ ਕੀਤੀ ਸੀ।

ਪੀਆਈਓ ਦਾ ਅਰਥ ਹੈ- ਭਾਰਤੀ ਮੂਲ ਦਾ ਵਿਅਕਤੀ। ਇਹ ਕਾਰਡ ਪਾਸਪੋਰਟ ਵਾਂਗ ਦਸ ਸਾਲਾਂ ਲਈ ਜਾਰੀ ਕੀਤਾ ਜਾਂਦਾ ਸੀ। ਸਾਲ 2006 ਵਿੱਚ ਪਰਵਾਸੀ ਭਾਰਤੀ ਦਿਵਸ ਦੇ ਮੌਕੇ ਭਾਰਤ ਸਰਕਾਰ ਨੇ ਹੈਦਰਾਬਾਦ ਵਿੱਚ ਓਸੀਆਈ ਕਾਰਡ ਦੇਣ ਦਾ ਐਲਾਨ ਕੀਤਾ ਹੈ। ਲੰਬੇ ਸਮੇਂ ਤੋਂ ਪੀਆਈਓ ਅਤੇ ਓਸੀਆਈ ਕਾਰਡ ਦੋਵੇਂ ਪ੍ਰਚਲਨ ਵਿੱਚ ਸਨ ਪਰ 2015 ਵਿੱਚ ਪੀਆਈਓ ਦੀ ਵਿਵਸਥਾ ਨੂੰ ਖਤਮ ਕਰ ਦਿੱਤਾ। ਪਰ ਸਰਕਾਰ ਨੇ ਓਸੀਆਈ ਕਾਰਡ ਨੂੰ ਜਾਰੀ ਰੱਖਣ ਦਾ ਐਲਾਨ ਕੀਤਾ ਸੀ। ਓਸੀਆਈ ਭਾਰਤ ਵਿੱਚ ਜੀਵਨ ਭਰ ਰਹਿਣ, ਕੰਮ ਕਰਨ ਅਤੇ ਹਰ ਤਰਾਂ ਦੇ ਆਰਥਿਕ ਲੈਣ-ਦੇਣ ਕਰਨ ਦੇ ਇੱਕ ਤਰੀਕੇ ਦੀ ਇਜਾਜ਼ਤ ਦਿੰਦਾ ਹੈ।

ਬਾਕੀ ਸਫ਼ਾ 31 'ਤੇ

# ਬਿਖਰੀ ਅਕਾਲੀ ਲੀਡਰਸ਼ਿਪ ਦੇ ਭਵਿੱਖ ਦਾ ਸਵਾਲ

**ਦਰਬਾਰਾ ਸਿੰਘ ਕਾਹਲੋਂ**

ਪੰਜਾਬ ਅੰਦਰ ਪੰਥਕ ਰਾਜਨੀਤੀ ਅਜੋਕੇ ਰਾਜਨੀਤਕ, ਧਾਰਮਿਕ, ਸਮਾਜਿਕ ਅਤੇ ਆਰਥਿਕ ਸੰਦਰਭ ਵਿਚ ਚੌਰਾਹੇ 'ਤੇ ਖੜੀ ਹੈ। ਟੋਟੇ-ਟੋਟੇ ਹੋਏ ਸ਼੍ਰੋਮਣੀ ਅਕਾਲੀ ਦਲ ਦੀ ਪੰਜਾਬ ਅਤੇ ਰਾਸ਼ਟਰੀ ਪੱਧਰ 'ਤੇ ਇਕ ਪ੍ਰਭਾਵਸ਼ਾਲੀ ਰਾਜਨੀਤਕ ਦਲ ਵਜੋਂ ਪਛਾਣ ਕਿਧਰੇ ਮਹਿਸੂਸ ਨਹੀਂ ਕੀਤੀ ਜਾ ਰਹੀ। ਵੈਸੇ ਪਿਛਲੇ 11 ਸਾਲ ਤੋਂ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨਾ ਹੋਣ ਕਰ ਕੇ ਇਨਾਂ ਦਾ ਰਾਜਨੀਤਕ ਅਤੇ ਧਾਰਮਿਕ ਵਜੂਦ ਨਿਰਜੀਵ ਸਥਿਤੀ ਵਰਗਾ ਹੈ। ਅਜੋਕੀ 'ਸਕੂਟਰ ਪਾਰਟੀ' ਸ਼੍ਰੋਮਣੀ ਅਕਾਲੀ ਦਲ ਵਿਚ 18 ਜੁਲਾਈ 2022 ਨੂੰ ਦੇਸ਼ ਦੇ ਰਾਸ਼ਟਰਪਤੀ ਦੀ ਚੋਣ ਨੂੰ ਲੈ ਕੇ ਐਸਾ ਸਨਸਨੀਖੇਜ਼ ਪਟਾਕਾ ਪਿਆ ਕਿ ਇਸ ਨਾਲ ਉਹ ਪੁਰਜ਼ਾ-ਪੁਰਜ਼ਾ ਹੁੰਦੀ ਵਿਖਾਈ ਦੇਣ ਲੱਗੀ। ਇਸ ਪਾਰਟੀ ਦੇ ਵਿਧਾਨਕਾਰ ਗਰੁੱਪ ਦੇ ਮਲਾਹ ਅਰਥਾਤ ਮਨਪ੍ਰੀਤ ਸਿੰਘ ਇਯਾਲੀ ਨੇ ਪਾਰਟੀ ਲੀਡਰਸ਼ਿਪ ਵੱਲੋਂ ਐੱਨਡੀਏ ਗੱਠਜੋੜ ਦੇ ਭਾਜਪਾ ਨਾਲ ਸਬੰਧਤ ਉਮੀਦਵਾਰ ਸ਼੍ਰੀਮਤੀ ਦ੍ਰੋਪਦੀ ਮੁਰਮੂ ਨੂੰ ਵੋਟ ਪਾਉਣ ਦੇ ਫ਼ੈਸਲੇ ਵਿਰੁੱਧ ਬਗਾਵਤ ਕਰਦੇ ਹੋਏ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਤੋਂ ਨਾਂਹ ਕਰ ਦਿੱਤੀ। ਉਨਾਂ ਨੇ ਸਪਸ਼ਟ ਦੋਸ਼ ਲਗਾਇਆ ਕਿ ਅਜਿਹਾ ਫ਼ੈਸਲਾ ਲੈਣ ਵੇਲੇ ਉਨਾਂ ਨੂੰ ਭਰੋਸੇ ਵਿਚ ਨਹੀਂ ਲਿਆ।ਉਨਾਂ ਨੇ ਪਾਰਟੀ ਲੀਡਰਸ਼ਿਪ ਬਾਰੇ ਬੇਬਾਕ ਸਵਾਲ ਖੜੇ ਕੀਤੇ। ਭਾਜਪਾ ਅਤੇ ਕਾਂਗਰਸ ਨੂੰ ਪੰਜਾਬ ਵਿਰੋਧੀ ਗਰਦਾਨਿਆ। ਪੰਜਾਬ ਦੇ ਭਖਦੇ ਮੁੱਦਿਆਂ, ਮਸਲਿਆਂ, ਆਰਥਿਕ ਪਰੇਸ਼ਾਨੀਆਂ ਨੂੰ ਦਰਕਿਨਾਰ ਕਰਦੇ ਹੋਏ ਭਾਜਪਾ ਪ੍ਰਧਾਨ ਜੇਪੀ ਨੱਢਾ ਦੇ ਫੋਨ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵੱਲੋਂ ਬਿਨਾਂ ਸ਼ਰਤ ਰਾਸ਼ਟਰਪਤੀ ਚੋਣ ਸਬੰਧੀ ਦਿੱਤੇ ਸਮਰਥਨ ਦਾ ਇਯਾਲੀ ਨੇ ਬੇਬਾਕੀ ਨਾਲ ਪੇਟ-ਚਾਕ ਕਰ ਕੇ ਰੱਖ ਦਿੱਤਾ। ਇਯਾਲੀ ਇਕ ਤਾਕਤਵਰ ਜਨਤਕ ਅਤੇ ਪੰਥਕ ਆਧਾਰ ਵਾਲਾ ਆਗੂ ਹੈ ਜੋ ਤੀਸਰੀ ਵਾਰ ਦਾਖਾ ਹਲਕੇ ਤੋਂ ਜਿੱਤਿਆ ਹੈ। ਉਸ ਨੇ ਕੈਪਟਨ ਅਮਰਿੰਦਰ ਸਰਕਾਰ ਵੇਲੇ ਉੱਪ ਚੋਣ ਵੇਲੇ ਉਨਾਂ ਦੇ ਸੱਜੇ ਹੱਥ ਵਜੋਂ ਜਾਣੇ ਜਾਂਦੇ ਕੈਪਟਨ ਸੰਦੀਪ ਸੰਧੂ ਨੂੰ ਕਰਾਰੀ ਹਾਰ ਦਿੱਤੀ ਸੀ। ਇਯਾਲੀ ਨੇ ਤਸਲੀਮ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਅਸਲ ਵਿਚ ਸ਼ਹੀਦਾਂ ਦੀ ਜੱਥੇਬੰਦੀ ਹੈ ਜਿਸ ਨੇ ਦੇਸ਼ ਦੀ ਆਜ਼ਾਦੀ ਲਈ 80% ਅਤੇ ਪੰਜਾਬੀ ਸੂਬੇ ਲਈ ਅਨੇਕ ਕੁਰਬਾਨੀਆਂ ਦਿੱਤੀਆਂ ਸਨ। ਇਹ ਪਾਰਟੀ ਮੀਰੀ-ਪੀਰੀ ਦੇ ਪਿਰਾਮਿਡੀ ਸਿਧਾਂਤ 'ਤੇ ਖੜੀ ਰਹਿ ਕੇ ਹੀ ਅੱਗੇ ਵਧ ਸਕਦੀ ਹੈ। ਇਯਾਲੀ ਦਾ ਮੰਨਣਾ ਹੈ ਕਿ ਉਨਾਂ ਨੇ ਹਮੇਸ਼ਾ ਵਾਹਿਗੁਰੂ ਦੇ ਆਸ਼ੀਰਵਾਦ ਨਾਲ ਜਿੰਨੇ ਵੀ ਫ਼ੈਸਲੇ ਲਏ ਹਨ, ਉਨਾਂ ਵਿਚ ਸਫਲ ਰਿਹਾ ਹਾਂ। ਹੁਣ ਇਸ ਦੀ ਏਨੀ ਨਮੋਸ਼ੀਜਨਕ ਸਥਿਤੀ ਹੋਣ ਜਾ ਰਹੀ ਹੈ ਕਿ ਇਸ ਸਾਲ ਨਵੰਬਰ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਚੋਣ ਵੇਲੇ ਇਸ ਦੀ ਪਰਚੀ ਪਾੜ ਕੇ ਸੁੱਟ ਦਿੱਤੀ ਜਾਵੇਗੀ। ਦਰਅਸਲ, 102 ਸਾਲ ਪਹਿਲਾਂ ਪੰਥਕ ਅਤੇ ਸਿੱਖ ਰਾਜਨੀਤਕ ਅਤੇ ਧਾਰਮਿਕ ਹਿੱਤਾਂ ਦੀ ਰਾਖੀ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਰਾਵਲ ਦਸਤੇ ਵਜੋਂ 14 ਦਸੰਬਰ 1920 ਨੂੰ ਸ਼੍ਰੋਮਣੀ ਅਕੀਲ ਦਲ ਨੂੰ ਸਥਾਪਤ ਕੀਤਾ ਗਿਆ ਸੀ, ਉਸ ਦਾ ਭੋਗ ਸੰਨ 1996 ਵਿਚ ਮੋਗਾ ਕਨਵੈਨਸ਼ਨ ਵੇਲੇ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਪਾ ਦਿੱਤਾ ਗਿਆ ਸੀ ਜਦੋਂ ਇਸ ਨੂੰ ਪੰਥਕ ਪਾਰਟੀ ਦੀ ਥਾਂ ਪੰਜਾਬੀ ਪਾਰਟੀ ਵਿਚ ਤਬਦੀਲ ਕਰ ਦਿੱਤਾ ਗਿਆ। ਪੰਥਕ ਵਿਚਾਰਧਾਰਕ, ਰੂਹਾਨੀ ਤੇ ਬੌਧਿਕ ਸੋਚ ਦੇ ਕੇਂਦਰ ਸ੍ਰੀ ਅੰਮ੍ਰਿਤਸਰ ਤੋਂ ਇਸ ਦਾ ਦਫ਼ਤਰ ਤਬਦੀਲ ਕਰ ਕੇ ਚੰਡੀਗੜ ਲਿਜਾਇਆ ਗਿਆ। ਇਵੇਂ ਹੀ ਪੰਥਕ ਮੁੱਢਲੇ ਸਿਧਾਂਤਾਂ, ਪੰਚ ਪ੍ਰਧਾਨੀ, ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਅਨੁਸਾਰ ਰਾਜਨੀਤਕ, ਆਰਥਿਕ, ਸੱਭਿਆਚਾਰਕ ਨਿਸ਼ਾਨੇ, ਸਿੱਖ ਸੰਸਥਾਵਾਂ ਦੀ ਮਰਿਆਦਾ ਨੂੰ ਦਰਕਿਨਾਰ ਕਰ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਪਰਿਵਾਰਵਾਦੀ ਪਾਰਟੀ ਵਜੋਂ ਸਥਾਪਤ ਕਰਨਾ ਸ਼ੁਰੂ ਕਰ ਦਿੱਤਾ।

ਸੰਨ 1997 ਵਿਚ ਸੱਤਾ ਪ੍ਰਾਪਤੀ ਤੋਂ ਬਾਅਦ ਬਾਦਲ ਸਾਹਿਬ ਨੇ ਸੰਤ ਫਤਿਹ ਸਿੰਘ, ਸੁਰਜੀਤ ਸਿੰਘ ਬਰਨਾਲਾ ਵਾਂਗ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਨੁੱਕਰੇ ਲਗਾ ਦਿੱਤਾ। ਪੰਜਾਬ ਵਿਚ 10

-12 ਸਾਲ ਬੇਗੁਨਾਹ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰ ਮੁਕਾਉਣ ਵਾਲੇ ਪੁਲਿਸ ਅਤੇ ਸਿਵਲ ਅਫ਼ਸਰਾਂ, ਕੇਂਦਰ ਦੇ ਪਿੱਠੂਆਂ ਨੂੰ ਸਜ਼ਾਵਾਂ ਦੇਣ ਲਈ ਜਾਂਚ ਕਮਿਸ਼ਨ ਬੈਠਾਉਣੋਂ ਦੜ ਵੱਟ ਲਈ। ਚੰਡੀਗੜ, ਪੰਜਾਬੀ ਭਾਸ਼ੀ ਇਲਾਕਿਆਂ ਅਤੇ ਪਾਣੀਆਂ ਦੇ ਮਸਲੇ ਠੱਪ ਕਰ ਦਿੱਤੇ ਗਏ। ਬਸਪਾ ਨਾਲੋਂ ਨਾਤਾ ਤੋੜ ਕੇ ਭਾਜਪਾ ਨਾਲ ਨਹੁੰ-ਮਾਸ ਦਾ ਰਿਸ਼ਤਾ ਜੋੜ ਲਿਆ। 'ਪੰਥ



ਵੱਸੇ-ਮੈਂ ਉਜੜਾਂ', 'ਝੂਲਤੇ ਨਿਸ਼ਾਨ ਰਹੇਂ ਪੰਥ ਮਹਾਰਾਜ ਕੇ', ਸਿੱਖ ਸੰਸਥਾਵਾਂ ਦੀ ਮਾਣ-ਮਰਿਯਾਦਾ, ਸ੍ਰੀ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਦੀ ਖ਼ੁਦਮੁਖਤਾਰੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਚਲਾਣੇ ਨਾਲ ਫੌਤ ਹੋ ਗਈ। ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਦਰੂਨੀ ਪੰਚ ਪ੍ਰਧਾਨੀ ਅਤੇ ਕਾਡਰ ਦੀ ਸਮਾਪਤੀ ਕਰ ਕੇ ਇਹ ਸੰਸਥਾਵਾਂ ਇਕ ਪਰਿਵਾਰ-ਇਕ ਵਿਅਕਤੀ ਦੀਆਂ ਬਾਂਦੀਆਂ ਬਣਾ ਕੇ ਰੱਖ ਦਿੱਤੀਆਂ। ਵੋਟਾਂ ਖ਼ਾਤਰ ਸਾਧਾਂ ਦੇ ਡੇਰੇ ਮਜ਼ਬੂਤ ਕੀਤੇ। ਸਿਰਸੇ ਵਾਲਾ ਰਾਮ-ਰਹੀਮ ਤਾਂ ਰੱਬ ਬਣ ਬੈਠਾ। ਉਸ ਦਾ ਮਾਫ਼ੀਨਾਮਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਸਿੰਘ ਸਾਹਿਬਾਨ ਨਾਲ 'ਹਜ਼ੂਰਵਾਦ' ਜਿਹੇ ਸ਼ਰਮਨਾਕ ਕਾਂਡ ਹੋਏ ਜਿਨਾਂ ਕਾਰਨ ਸਿੱਖ ਸੰਗਤ, ਪੰਥ ਅਤੇ ਸੁਹਿਰਦ ਪੰਜਾਬੀਆਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਏਕਾਧਿਕਾਰਵਾਦੀ ਪਰਿਵਾਰ ਤੋਂ ਕਿਨਾਰਾ ਕਰਨਾ ਸ਼ੁਰੂ ਕਰ ਦਿੱਤਾ। ਪ੍ਰਕਾਸ਼ ਸਿੰਘ ਬਾਦਲ ਦੇ ਭਤੀਜੇ ਮਨਪ੍ਰੀਤ ਬਾਦਲ ਦਾ ਪਾਰਟੀ ਵਿੱਚੋਂ ਬਾਹਰ ਆਉਣਾ ਪਰਿਵਾਰਕ ਏਕਾਧਿਕਾਰ ਦੀ ਚਰਮ ਸੀਮਾ ਸੀ। ਬਿਕਰਮ ਮਜੀਠੀਏ ਦੇ ਵਿਵਹਾਰ ਨੇ ਰਣਜੀਤ ਸਿੰਘ ਬ੍ਰਹਮਪੁਰਾ, ਡਾ. ਰਤਨ ਸਿੰਘ, ਮਰਹੂਮ ਸੇਵਾ ਸਿੰਘ ਸੇਖਵਾਂ ਆਦਿ ਨੂੰ ਅਕਾਲੀ ਦਲ ਨੂੰ ਅਲਵਿਦਾ ਕਹਿਣ ਲਈ ਮਜਬੂਰ ਕੀਤਾ। ਸੁਖਬੀਰ ਸਿੰਘ ਬਾਦਲ ਦੇ ਵਤੀਰੇ ਨੇ ਸੁਖਦੇਵ ਸਿੰਘ ਢੀਂਡਸਾ ਆਦਿ ਨੂੰ ਪਾਰਟੀ ਛੱਡਣ ਲਈ ਮਜਬੂਰ ਕੀਤਾ। ਸੋ ਸੁਖਬੀਰ ਨੂੰ ਕੰਧ 'ਤੇ ਲਿਖਿਆ ਪੜ ਕੇ ਪ੍ਰਧਾਨਗੀ ਤੋਂ ਲਾਂਭੇ ਹੋ ਜਾਣਾ ਚਾਹੀਦਾ ਹੈ ਅਤੇ ਬਿਖਰੇ ਹੋਏ ਅਕਾਲੀ ਦਲ ਨੂੰ ਮੁੜ ਇਕੱਤਰ ਹੋਣ ਦਾ ਮੌਕਾ ਦੇਣਾ ਚਾਹੀਦਾ ਹੈ।

ਸਮੇਂ ਦੀ ਮੰਗ ਹੈ ਕਿ ਟਕਸਾਲੀ ਅਕਾਲੀਆਂ ਨੂੰ ਮਿਲ-ਬੈਠ ਕੇ ਮੁੜ ਸੰਨ 1920 ਵਾਲਾ ਸ਼੍ਰੋਮਣੀ ਅਕਾਲੀ ਦਲ ਸਥਾਪਿਤ ਕਰਨਾ ਚਾਹੀਦਾ ਹੈ। ਪੰਥ ਇਕ ਮੰਚ 'ਤੇ ਇਕੱਠਾ ਨਾ ਹੋਇਆ ਤਾਂ ਪੰਜਾਬ ਦੀ ਰਾਜਧਾਨੀ ਚੰਡੀਗੜ, ਪਾਣੀਆਂ, ਬੀਬੀਐੱਮਬੀ 'ਚ ਪੱਕੀ ਮੈਂਬਰੀ ਅਤੇ ਪੰਜਾਬ ਪੁਲਿਸ ਦੁਆਰਾ ਸੁਰੱਖਿਆ, ਸਰਹੱਦ ਤੋਂ 50 ਕਿਲੋਮੀਟਰ ਦੇ ਦਾਇਰੇ ਵਿਚ ਬੀਐੱਸਐੱਫ ਦਾ ਅਧਿਕਾਰ, ਸਿੱਖ ਅਤੇ ਪੰਥਕ ਮਸਲੇ ਹੱਲ ਨਹੀਂ ਕੀਤੇ ਜਾ ਸਕਦੇ। ਅੱਜ ਸਥਿਤੀ ਇਹ ਹੈ ਕਿ ਸੱਤਾਧਾਰੀ ਪਾਰਟੀ ਪੰਜਾਬ ਯੂਨੀਵਰਸਿਟੀ ਦੀ ਰਾਖੀ ਨਹੀਂ ਕਰ ਸਕਦੀ। ਵਿਸ਼ਵ 'ਚ ਫੈਲੇ ਤਾਕਤਵਰ ਸਿੱਖ ਡਾਇਸਪੋਰਾ ਦੇ ਕੌਮਾਂਤਰੀ, ਧਾਰਮਿਕ, ਰਾਜਸੀ, ਡਿਪਲੋਮੈਟਿਕ ਮਸਲੇ ਹੱਲ ਨਹੀਂ ਕਰ ਸਕਦੀ। ਕਾਂਗਰਸ ਪਾਰਟੀ ਤਾਂ ਪੰਜਾਬ ਦੇ ਅਜੋਕੇ ਵੱਡੇ ਜ਼ਖ਼ਮਾਂ ਲਈ ਜ਼ਿੰਮੇਵਾਰ ਹੈ। ਪੰਜਾਬ ਦੇ ਆਰਥਿਕ, ਸਮਾਜਿਕ, ਭਾਈਚਾਰਕ, ਧਾਰਮਿਕ, ਰਾਜਨੀਤਕ ਮਸਲਿਆਂ ਦਾ ਹੱਲ, ਪੰਜਾਬ ਦੇ ਹਿੱਤਾਂ ਅਤੇ ਹੱਕਾਂ ਦੀ ਰਾਖੀ ਕਰਨ ਲਈ ਪੰਥਕ ਤਾਕਤਾਂ ਨੂੰ ਇਕੱਠੇ ਹੋਣਾ ਪਵੇਗਾ। ਸ਼੍ਰੋਮਣੀ ਕਮੇਟੀ ਅਤੇ ਇਸ ਨਾਲ ਸਬੰਧਤ ਸੰਸਥਾਵਾਂ ਦੀ ਖ਼ੁਦਮੁਖਤਾਰੀ, ਮਾਣ-ਮਰਿਯਾਦਾ, ਸਿੱਖਿਆ, ਪ੍ਰਚਾਰ ਦੇ ਮਸਲੇ ਇਸ ਬਗੈਰ ਕੋਈ ਨਹੀਂ ਸੰਭਾਲ ਸਕਦਾ। ਸੋ, ਮੌਜੂਦਾ ਬਿਖਰੀ ਅਕਾਲੀ ਲੀਡਰਸ਼ਿਪ ਨੂੰ ਮਿਲ-ਬੈਠ ਕੇ ਮਜ਼ਬੂਤ ਅਕਾਲੀ ਦਲ ਸਥਾਪਤ ਕਰਨਾ ਚਾਹੀਦਾ ਹੈ।

# ਅਸਲ ਮੁੱਦਾ ਤਾਂ ਸਿੱਖ ਵਿਚਾਰਧਾਰਾ ਦੀ ਰੌਸ਼ਨੀ ਵਿਚ ਆਤਮ-ਨਿਰਭਰ ਪੰਜਾਬ ਦੀ ਨਵ-ਉਸਾਰੀ ਕਰਨ ਅਤੇ ਬਦਲਵਾਂ ਵਿਸ਼ਵ ਆਰਡਰ ਸਿਰਜਣ ਦਾ ਐ

**ਭਾਈ ਹਰਿਸਿਮਰਨ ਸਿੰਘ**
**ਮੋ. ੯੮੭੨੫੯੧੭੧੩**

ਸ. ਸਿਮਰਨਜੀਤ ਸਿੰਘ ਮਾਨ ਵੱਲੋਂ ਸ. ਭਗਤ ਸਿੰਘ ਦੇ ਜੀਵਨ, ਪਿਛੋਕੜ, ਸ਼ਖ਼ਸੀਅਤ ਅਤੇ ਵਿਚਾਰਾਂ ਬਾਰੇ ਦਿੱਤੇ ਗਏ ਬਿਆਨ ਨਾਲ ਪੰਜਾਬ ਦੀ ਧਰਤੀ ਤੋਂ ਉੱਠੇ ਇਸ ਸੰਘਰਸ਼ਸ਼ੀਲ ਨੌਜਵਾਨ ਦੀ ਸ਼ਖ਼ਸੀਅਤ ਦਾ ਪਹਿਲਾਂ ਹੀ ਰਾਜਨੀਤਿਕਾਂ-ਸੱਤਾਧਾਰੀਆਂ, ਵਿਦਵਾਨਾਂ ਅਤੇ ਸੰਘਰਸ਼ਸ਼ੀਲ ਕਾਰਕੁੰਨਾਂ ਵੱਲੋਂ ਪਠਾਣਾਂ ਦੀ 'ਬਕਰੇ ਦੀ ਖੋਹ ਖਿੰਝ ਵਾਲੀ ਖੇਡ' ਵਾਂਗ ਹੋ ਚੁੱਕੇ ਭਾਗੀਕਰਨ ਵਿਚ ਹੋਰ ਵਾਧਾ ਹੋ ਗਿਆ ਹੈ। ਸਿੱਖ ਵਿਦਵਾਨਾਂ, ਕੁੱਝ ਖੱਬੇਪੱਖੀ ਬੁੱਧੀਜੀਵੀਆਂ ਅਤੇ ਮੀਡੀਆ ਵੱਲੋਂ ਭਗਤ ਸਿੰਘ ਨੂੰ 'ਅੱਤਵਾਦੀ' ਜਾਂ "ਸ਼ਹੀਦ" ਸਾਬਿਤ ਕਰਨ ਦੀ ਬਹਿਸ ਜਾਰੀ ਹੈ। ਇਤਿਹਾਸਕ ਘਟਨਾਵਾਂ ਦਾ ਵਿਸ਼ਲੇਸ਼ਣ ਕਰਨ ਵਾਲੇ ਵਿਦਵਾਨਾਂ ਸ. ਸੁਖਪ੍ਰੀਤ ਸਿੰਘ ਉਦੋਕੇ, ਸ. ਅਜਮੇਰ ਸਿੰਘ ਅਤੇ ਸ. ਗੁਰਤੇਜ ਸਿੰਘ ਨੇ ਦੂਜੀ ਧਿਰ ਨੂੰ ਬਹਿਸ ਨੂੰ ਅੱਗੇ ਤੋਰਨ ਦੀ ਵੰਗਾਰ ਪਾਈ ਹੈ। ਮੰਨ ਲੈਂਦੇ ਹਾਂ ਕਿ ਸਰਕਾਰੀ ਪੱਖ ਲੋਕਾਂ ਨਾਲ ਜੁੜੇ ਮਸਲਿਆਂ ਤੋਂ ਧਿਆਨ ਹਟਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਪਰ ਵੇਖਣਾ ਹੋਏਗਾ ਕਿ ਇਸ ਵਾਦ-ਵਿਵਾਦ ਵਿਚ ਉਲਝੇ ਸਾਰੇ ਲੋਕ ਕੀ ਸਰਕਾਰ ਅਤੇ ਰਾਜਨੀਤਿਕਾਂ ਵੱਲੋਂ ਵਿਛਾਏ ਗਏ ਜਾਲ ਵਿਚ ਹੋਰ ਤਾਂ ਨਹੀਂ ਉਲਝਦੇ ਜਾ ਰਹੇ ?

ਮਾਨਵ ਸੱਭਿਅਤਾ ਦੀ ਉਤਪਤੀ, ਰਾਜਨੀਤਿਕ-ਸੰਘਰਸ਼ਸ਼ੀਲ ਲਹਿਰਾਂ ਅਤੇ ਸਮਾਜੀ ਵਿਕਾਸ ਦਾ ਤੱਥ ਹੈ ਕਿ ਹਰ ਸਮੇਂ ਅਤੇ ਹਾਲਾਤ ਵਿਚ ਜੋ ਵੀ ਚੁਣੌਤੀਆਂ ਸਾਹਮਣੇ ਆਉਂਦੀਆਂ ਹਨ, ਕੁਝ ਲੋਕ ਉਨਾਂ ਚੁਣੌਤੀਆਂ ਦੀ ਰਿਸਪਾਂਸ ਵਿਚ ਆਪਣੇ ਆਪ ਨੂੰ ਸਮਰਪਿਤ ਕਰਦੇ ਹੀ ਹਨ। ਇਹ ਲੋਕ ਕਿੱਥੋਂ, ਕਿਵੇਂ ਅਤੇ ਕਿਸ ਪਿਛੋਕੜ ਵਿੱਚੋਂ ਅੱਗੇ ਆਉਂਦੇ ਹਨ, ਇਸ ਬਾਰੇ ਨਿਸ਼ਚਿਤ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ। ਭਾਵੇਂ ਭਗਤ ਸਿੰਘ ਆਰੀਆ ਸਮਾਜ ਪਰਿਵਾਰਕ ਪਿਛੋਕੜ ਨਾਲ ਸਬੰਧ ਰੱਖਦਾ ਸੀ, ਪਰ ਉਹ ਜ਼ਾਹਿਰਾ ਤੌਰ 'ਤੇ 1919 ਵਿਚ ਆਈ ਰੂਸੀ ਕ੍ਰਾਂਤੀ ਤੋਂ ਪੰਜਾਬ ਤੇ ਭਾਰਤ ਦੇ ਹੋਰ ਨੌਜੁਆਨਾਂ ਵਾਂਗ ਵਧੇਰੇ ਪ੍ਰਭਾਵਿਤ ਸੀ। ਅੰਗਰੇਜ਼ਾਂ ਤੋਂ ਪੰਜਾਬ ਤੇ ਭਾਰਤ ਨੂੰ ਆਜ਼ਾਦੀ ਦਿਵਾਉਣ ਲਈ 20ਵੀਂ ਸਦੀ ਦੇ ਚੜਦਿਆਂ ਹੀ ਹਾਲਾਤ ਅਤੇ ਸਥਿਤੀਆਂ ਨੇ ਸਿਫ਼ਤੀ ਕਰਵੱਟ ਲੈਣੀ ਸ਼ੁਰੂ ਕਰ ਦਿੱਤੀ ਸੀ। 1925-30 ਤੱਕ ਪਹੁੰਚਦਿਆਂ ਅੰਗਰੇਜ਼ਾਂ ਦੇ ਭਾਰਤ ਤੋਂ ਜਾਣ ਉਪਰੰਤ ਇਸ ਧਰਤੀ 'ਤੇ ਰਾਜ ਕਰਨ ਦਾ ਦਾਅਵਾ ਕਰਨ ਵਾਲੀਆਂ ਮੁੱਖ ਤੌਰ 'ਤੇ ਹਿੰਦੂ, ਮੁਸਲਮਾਨ, ਸਿੱਖ ਤੇ ਕਮਿਊਨਿਸਟ ਚਾਰ ਧਿਰਾਂ ਜ਼ਰੂਰ ਉੱਭਰ ਆਈਆਂ ਸਨ, ਪਰ ਹਿੰਦੂਆਂ, ਮੁਸਲਮਾਨਾਂ ਤੇ ਕਮਿਊਨਿਸਟਾਂ ਦੇ ਮੁਕਾਬਲੇ ਸਿੱਖ ਭਾਵੇਂ ਸੰਘਰਸ਼ ਤਾਂ ਵਧੇਰੇ ਲੜ ਰਹੇ ਸਨ, ਪਰ ਇਨਾਂ ਦੀ ਧਾਰਮਿਕ ਤੇ ਰਾਜਨੀਤਿਕ ਲੀਡਰਸ਼ਿਪ ਵਿਚ ਪੰਜਾਬ ਦੀ ਧਰਤੀ 'ਤੇ 1847-49 ਵਿਚ ਸਿੱਖ ਰਾਜ ਦੇ ਡੁੱਬ ਚੁੱਕੇ ਸੂਰਜ ਦੇ ਨਵ-ਉਭਾਰ ਲਈ ਸਿੱਧੇ ਯਤਨ ਕਰਨ ਸਬੰਧੀ ਘਾਟ ਸੀ।

1940 ਤੱਕ ਪਹੁੰਚਦਿਆਂ ਹਿੰਦੂ ਮਹਾਂਸਭਾ-ਆਰ.ਐਸ.ਐਸ, ਕਾਂਗਰਸ, ਮੁਸਲਿਮ ਲੀਗ ਅਤੇ ਕਮਿਊਨਿਸਟ ਆਪਣੇ ਅਕੀਦਿਆਂ ਵਿਚ ਹੋਰ ਸਪੱਸ਼ਟ ਹੋ ਗਏ ਸਨ, ਪਰ ਸਿੱਖ ਆਗੂ ਨਾ ਆਪ ਸਪੱਸ਼ਟ ਹੋਏ ਤੇ ਨਾ ਹੀ ਸਮੁੱਚੀ ਸੰਘਰਸ਼ਸ਼ੀਲ ਲਹਿਰ ਨੂੰ ਆਪਣਾ ਸਿੱਖ ਰਾਜ ਸਥਾਪਤ ਕਰਨ ਲਈ ਸਪੱਸ਼ਟ ਕਰ ਸਕੇ ਸਨ। ਵਰਨਾ ਕੀ ਕਾਰਨ ਹਨ ਕਿ ਗਦਰ ਲਹਿਰ, ਬੱਬਰ ਅਕਾਲੀ ਲਹਿਰ, ਸਮੁੱਚੇ ਗੁਰਦੁਆਰਿਆਂ ਦੀ ਆਜ਼ਾਦੀ ਲਈ ਲੜੇ ਗਏ ਸੰਘਰਸ਼, ਕਾਲੇ ਪਾਣੀ ਦੀਆਂ ਸਜ਼ਾਵਾਂ ਅਤੇ ਹੋਰ ਕੁਰਬਾਨੀਆਂ ਪੰਜਾਬ ਵਿਚ ਸਿੱਖਾਂ ਦੀ ਆਪਣੀ ਆਜ਼ਾਦ ਸੱਤਾ ਦੀ ਸਥਾਪਤੀ ਲਈ ਨਾ ਵਰਤੀਆਂ ਜਾ ਸਕੀਆਂ ਅਤੇ 1947 ਦੇ ਸਿੱਖ ਆਗੂਆਂ ਨੇ ਹਿੰਦੂ ਆਗੂਆਂ ਦੀ 'ਪਿੱਠ ਉੱਤੇ ਸਵਾਰੀ' ਕਰਨੀ ਬਿਹਤਰ ਸਮਝੀ।

**ਪੰਥਕ ਮੁੱਦਾ**

ਜਿਨਾਂ ਵੀ ਹਾਲਾਤ ਵਿਚ ਸ. ਭਗਤ ਸਿੰਘ ਤੇ ਉਸ ਦੇ ਸਾਥੀ ਰੂਸੀ ਕ੍ਰਾਂਤੀ ਤੋਂ ਪ੍ਰਭਾਵਿਤ ਹੋ ਕੇ ਭਾਰਤ ਦੇ ਦੱਬੇ ਕੁਚਲੇ ਲੋਕਾਂ ਦੀ ਆਜ਼ਾਦੀ ਦੀ ਆਵਾਜ਼ ਬਣੇ, ਉਸੇ ਤਰਾਂ ਸਿੱਖੀ ਨੂੰ ਸਮਰਪਿਤ ਨੌਜੁਆਨਾਂ ਤੇ ਸੰਗਤਾਂ ਲਈ ਹਰ ਤਰਾਂ ਦੀਆਂ ਕੁਰਬਾਨੀਆਂ ਕਰਨ ਦੀ ਮੰਜ਼ਿਲ 1920-25 ਵਿਚ ਹੀ ਸਪੱਸ਼ਟ ਹੋ ਜਾਣੀ ਚਾਹੀਦੀ ਸੀ। ਅਜਿਹੇ ਵਿਚ ਭਗਤ ਸਿੰਘ ਵਰਗੇ ਨੌਜੁਆਨਾਂ ਨੂੰ ਸਿੱਖ ਕ੍ਰਾਂਤੀ ਲਈ ਕੰਮ ਕਰਨ ਦਾ ਸੁਤੇਸਿੱਧ ਮੌਕਾ ਮਿਲ ਜਾਣਾ ਸੀ। ਦੂਸਰਾ, ਸਿੱਖ ਵਿਰੋਧੀ ਸ਼ਕਤੀਆਂ ਤਾਂ ਹਮੇਸ਼ਾ ਹੀ ਸਿੱਖਾਂ ਵਿਚੋਂ ਉੱਠੇ ਭਗਤ ਸਿੰਘ ਵਰਗੇ ਅਤੇ ਹੋਰ ਸਿੱਖ ਮਨੁੱਖੀ ਸਰੋਤਾਂ ਨੂੰ ਵਰਤਣ ਦੀ ਕੋਸ਼ਿਸ਼ ਵਿਚ ਰਹਿੰਦੇ ਰਹੇ ਹਨ। 1940 ਤੱਕ ਪਹੁੰਚਦਿਆਂ ਹਜ਼ਾਰਾਂ ਸਾਲਾਂ ਦੀ ਗੁਲਾਮੀ ਤੋਂ ਬਾਅਦ ਹਿੰਦੂ ਨੂੰ ਭਾਰਤ ਦੇ ਨਵ-ਉਭਾਰ ਦੀ ਉਮੀਦ ਲੱਗ ਗਈ ਸੀ। ਉਨਾਂ ਨੇ ਸਿੱਖਾਂ ਨੂੰ ਆਪਣੇ ਲਈ ਵਰਤਣਾ ਹੀ ਸੀ, ਪਰ ਸਿੱਖ-ਅਕਾਲੀ ਲਹਿਰ ਨੂੰ 1920-22 ਤੱਕ ਅਜਿਹੀਆਂ ਕੁਰਬਾਨੀਆਂ ਨੂੰ ਸਿੱਖੀ ਆਦਰਸ਼ਾਂ ਦੇ ਚੈਨਲ ਵਿਚ ਪਾਏ ਜਾਣ ਵਾਲੇ ਵੱਡੇ ਲਾਸਾਨੀ ਯਤਨ ਕਰਨੇ ਲੋੜੀਂਦੇ ਸਨ। ਅਜਿਹੇ ਯਤਨ ਨਾ ਕਰਨ ਦਾ ਨਤੀਜਾ ਇਹ ਨਿਕਲਿਆ ਕਿ ਸਿੱਖਾਂ ਦੀ ਪੰਥਕਪੁਣੇ ਦੀ ਪਹਿਚਾਣ ਦਾ ਵਿਭਾਗੀਕਰਨ ਕਾਂਗਰਸੀ, ਸਾਮਵਾਦੀ, ਰਾਸ਼ਟਰਵਾਦੀ ਅਤੇ ਹੋਰ ਧਾਰਮਿਕ ਪਹਿਚਾਣਾਂ ਦੇ ਰੂਪ ਵਿਚ ਹੋ ਗਿਆ। ਸਿੱਖਾਂ ਦੀ ਅਜਿਹੀ ਵੰਡ ਦਾ ਵਰਤਾਰਾ ਹਿੰਦੂਤਵਵਾਦੀ ਸਿੱਖਾਂ ਦੇ ਵਾਧੇ ਨਾਲ ਅਜੇ ਤੱਕ ਜਾਰੀ ਹੈ। 'ਭਗਤ ਸਿੰਘ ਬਿੰਬ' ਇਸੇ ਵਰਗੀਕਰਨ ਦਾ ਨਤੀਜਾ ਹੈ।

ਪਿਛਲੇ 100 ਸਾਲ (1920-2022) ਤੋਂ ਚੱਲੇ ਆ ਰਹੇ ਸਿੱਖ ਸੰਘਰਸ਼ ਵਿਚ ਕਈ ਅਸਫ਼ਲਤਾਵਾਂ ਦੇ ਨਾਲ-ਨਾਲ ਵਿਸ਼ਵ ਪੱਧਰ ਤੱਕ ਸਿੱਖਾਂ ਦੀਆਂ ਵੱਡੀਆਂ ਪ੍ਰਾਪਤੀਆਂ ਵੀ ਦਰਜ ਹੋ ਚੁੱਕੀਆਂ ਹਨ। ਪਰ ਭਵਿੱਖ ਦੇ ਸਿੱਖ ਸੰਘਰਸ਼ ਬਾਰੇ ਆਗੂਆਂ, ਵਿਦਵਾਨਾਂ ਤੇ ਸੰਘਰਸ਼ਸ਼ੀਲ ਸਿੱਖਾਂ ਨੂੰ ਵਧੇਰੇ ਸਜੱਗਤਾ ਨਾਲ ਕੰਮ ਕਰਨਾ ਹੋਏਗਾ। ਇਤਿਹਾਸ ਵਿਚ ਮਿਲੇ 1984 ਵਰਗੇ ਦਰਦਾਂ ਦੀ ਚੀਸ ਨਾਲ ਉੱਭਰੇ ਸਿੱਖ ਜਜ਼ਬਿਆਂ ਨੂੰ ਰਾਜਨੀਤਿਕ ਸੰਘਰਸ਼ ਵਿਚ ਬਦਲਣ ਲਈ ਜਜ਼ਬਾਤਾਂ ਅਤੇ ਸਿਧਾਂਤਿਕ ਮੁੱਦਿਆਂ ਦੇ ਸੁਮੇਲ ਦੁਆਲੇ ਸਿੱਖ-ਸੰਘਰਸ਼ ਨੂੰ ਕੇਂਦਰਿਤ ਕਰਕੇ ਰੱਖਣਾ ਜ਼ਰੂਰੀ ਹੋਏਗਾ ਅਤੇ ਸਿੱਖ ਸ਼ਹੀਦਾਂ ਅਤੇ ਨਾਇਕਾਂ ਪ੍ਰਤੀ ਸੰਜੀਦਾ ਰਹਿਣਾ ਹੋਏਗਾ। ਭਗਤ ਸਿੰਘ ਵਿਵਾਦ ਨਾਲ ਸਿੱਖ ਪੰਥ ਦੀ ਇਹ ਅਣਗਹਿਲੀ ਸਾਹਮਣੇ ਆਈ ਹੈ ਕਿ ਕੀ ਕਾਰਨ ਹਨ ਕਿ ਸਿੱਖ ਪੰਥ ਕਰਤਾਰ ਸਿੰਘ ਸਰਾਭਾ ਸਮੇਤ ਸਮੁੱਚੇ ਗਦਰੀ ਬਾਬਿਆਂ, ਸ਼ਹੀਦ ਊਧਮ ਸਿੰਘ, ਭਾਈ ਕਿਸ਼ਨ ਸਿੰਘ ਗੜਗੱਜ ਤੇ ਸੋਲਾਂ ਸਾਲਾ ਦਲੀਪ ਸਿੰਘ ਬੱਬਰ ਸਮੇਤ ਅਨੇਕਾਂ ਬੱਬਰਾਂ ਅਤੇ ਕਾਲੇ ਪਾਣੀ ਵਾਲੇ ਸਿੱਖ ਯੋਧਿਆਂ ਨੂੰ ਖੁਦ ਹੀ ਬਰਾਬਰ ਦਾ ਸਨਮਾਨ ਕਿਉਂ ਨਹੀਂ ਦੇ ਸਕਿਆ ? ਅਣਗਹਿਲੀ ਵਾਲਾ ਇਹ ਵਤੀਰਾ ਲਗਾਤਾਰ ਜਾਰੀ ਹੈ, ਜਿਸ ਨੂੰ ਹੁਣ ਸੁਧਾਰਨਾ ਹੋਵੇਗਾ। 1947 ਤੋਂ ਵਰਤਮਾਨ ਤੱਕ ਦੇ ਅਨੇਕਾਂ ਸ਼ਹੀਦਾਂ ਤੇ ਕੁਰਬਾਨੀ ਕਰਨ ਵਾਲਿਆਂ ਨੂੰ ਭਵਿੱਖ ਦੀਆਂ ਸਿੱਖ-ਨਸਲਾਂ ਦੀ ਤਿਆਰੀ ਲਈ ਗੁਰੂ ਪਿਆਰ ਵਿਚ ਯਾਦ ਰੱਖਣਾ ਹੋਏਗਾ ਅਤੇ ਪ੍ਰੇਰਨਾ ਦੇ ਵੱਡੇ ਸ੍ਰੋਤ ਬਣਾਉਣਾ ਹੋਏਗਾ।

ਭਗਤ ਸਿੰਘ ਸਬੰਧੀ ਉੱਠੇ ਵਾਦ-ਵਿਵਾਦ ਨੂੰ ਸਿੱਖ ਵਿਦਵਾਨ ਭਗਤ ਸਿੰਘ ਦੀ ਸਾਮਵਾਦੀ ਵਿਚਾਰਧਾਰਾ ਤੇ ਸਿੱਖ ਵਿਚਾਰਧਾਰਾ ਦੇ ਆਪਸੀ ਟਕਰਾਉ ਦਾ ਨਾਂ ਦੇ ਰਹੇ ਹਨ। ਇਸ ਨੂੰ ਠੀਕ ਮੰਨਿਆ ਜਾ ਸਕਦਾ ਹੈ, ਪਰ ਹਿੰਦੂਵਾਦੀ ਵਿਚਾਰਧਾਰਾ, ਪੱਛਮੀ ਵਿਚਾਰਧਾਰਾ ਅਤੇ ਸਿੱਖ ਧਰਮ ਤੇ ਪੰਥ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਧਾਰਮਿਕ-ਸਮਾਜਿਕ ਵਿਚਾਰਧਾਰਾਵਾਂ ਪ੍ਰਤੀ ਗੰਭੀਰ ਬਹਿਸ ਵਿਚੋਂ ਸਿੱਖ ਵਿਚਾਰਧਾਰਾ ਆਪਣੇ ਬੱਲ 'ਤੇ ਕਿਵੇਂ ਅੱਗੇ ਵੱਧ ਸਕਦੀ ਹੈ, ਸਾਡੇ ਲਈ ਇਸ ਬਾਰੇ ਸੁਚੇਤ ਰਹਿਣਾ ਹੋਵੇਗਾ। ਸਿੱਖ ਫਿਲਾਸਫ਼ੀ ਉੱਤੇ ਉਸਰੇ ਸਿੱਖ ਵਿਚਾਰਧਾਰਕ-ਰਾਜਨੀਤਿਕ-ਬਿਰਤਾਂਤ ਅਤੇ ਇਨਾਂ ਦੇ ਮਕਸਦ ਕਿਵੇਂ ਸਫ਼ਲ ਹੋਣਗੇ, ਸਾਡੇ ਸਾਹਮਣੇ ਇਹ ਵੀ ਇਕ ਹੋਰ ਵੱਡਾ ਮੁੱਦਾ ਹੈ। ਭਗਤ ਸਿੰਘ ਬਾਰੇ ਦਿੱਤੇ ਬਿਆਨ ਤੇ ਉੱਠੇ ਵਿਵਾਦ ਤੋਂ ਅੱਗੇ ਜਾ ਕੇ ਸਾਨੂੰ ਸਿੱਖ ਸੰਘਰਸ਼ ਨੂੰ ਵਿਚਾਰਧਾਰਕ ਮੁੱਦਿਆਂ ਦੇ ਅਮਲ ਵੱਲ ਮੁੜਨਾ ਹੋਏਗਾ ਅਤੇ ਆਪਣੀ ਸ਼ਕਤੀ, ਸਮੇਂ ਅਤੇ ਊਰਜਾ ਨੂੰ ਹੋਰ ਵਿਅਰਥ ਜਾਣ ਤੋਂ ਬਚਾਉਣਾ ਹੋਏਗਾ।

ਬਾਕੀ ਸਫ਼ਾ 31 'ਤੇ

# ਚੀਨ ਵਲੋਂ ਭਾਰਤ ਖਿਲਾਫ ਕਾਰਵਾਈਆਂ ਜਾਰੀ

## ✪ ਤਿੰਨ-ਚਾਰ ਹ.ਫਤਿਆਂ ਤੋਂ ਅਸਲ ਕੰਟਰੋਲ ਰੇਖਾ ਦੇ ਕਾ.ਫੀ ਨੇੜੇ ਉਡਾਣ ਭਰ ਰਹੇ ਨੇ ਚੀਨੀ ਜਹਾਜ਼

## ✪ ਯੂ.ਕੇ. ਤੇ ਭਾਰਤ ਲਈ ਚੀਨ 'ਸਭ ਤੋਂ ਵੱਡਾ ਖ਼ਤਰਾ' : ਰਿਸ਼ੀ ਸੁਨਕ

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਭਾਰਤ ਤੇ ਚੀਨ ਦਰਮਿਆਨ ਫ਼ੌਜੀ ਕਮਾਂਡਰ ਪੱਧਰ ਦੀ ਵਾਰਤਾ ਦੇ ਬਾਵਜੂਦ ਚੀਨ ਦੇ ਲੜਾਕੂ ਜਹਾਜ਼ ਪੂਰਬੀ ਲੱਦਾਖ ਵਿਚ ਤਾਇਨਾਤ ਭਾਰਤੀ ਸੁਰੱਖਿਆ ਬਲਾਂ ਨੂੰ ਭੜਕਾਉਣ ਦਾ ਲਗਾਤਾਰ ਯਤਨ ਕਰ ਰਹੇ ਹਨ। ਚੀਨ ਦੇ ਜਹਾਜ਼ ਪਿਛਲੇ ਤਿੰਨ-ਚਾਰ ਹਫ਼ਤਿਆਂ ਦੌਰਾਨ ਕਈ ਮੌਕਿਆਂ 'ਤੇ ਅਸਲ ਕੰਟਰੋਲ ਰੇਖਾ ਦੇ ਬਿਲਕੁਲ ਨੇੜੇ ਉੱਡਦੇ ਦੇਖੇ ਗਏ ਹਨ। ਇਸ ਨੂੰ ਚੀਨ ਵੱਲੋਂ ਖੇਤਰ ਵਿਚ ਭਾਰਤੀ ਰੱਖਿਆ ਢਾਂਚੇ ਨੂੰ ਜਾਂਚਣ ਦੇ ਯਤਨ ਵਜੋਂ ਦੇਖਿਆ ਜਾ ਰਿਹਾ ਹੈ। ਸਰਕਾਰੀ ਸੂਤਰ ਨੇ ਦੱਸਿਆ ਕਿ ਭਾਰਤੀ ਹਵਾਈ ਸੈਨਾ ਹਰੇਕ ਸਥਿਤੀ ਦਾ ਜ਼ਿੰਮੇਵਾਰੀ ਨਾਲ ਜਵਾਬ ਦੇਣ ਲਈ ਪੂਰੀ ਤਰਾਂ ਤਿਆਰ ਹੈ ਤੇ ਖ਼ਤਰੇ ਨਾਲ ਨਜਿੱਠਣ ਵਿਚ ਕੋਈ ਕਸਰ ਬਾਕੀ ਨਹੀਂ ਛੱਡ ਰਹੀ। ਇਸ ਤੋਂ ਇਲਾਵਾ ਇਹ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ ਕਿ ਮਾਮਲਾ ਕਾਬੂ ਤੋਂ ਬਾਹਰ ਨਾ ਹੋ ਜਾਵੇ। ਚੀਨ ਦੇ ਲੜਾਕੂ ਜਹਾਜ਼ ਜੇ-11 ਸਣੇ ਹੋਰ ਜਹਾਜ਼ਾਂ ਨੇ ਕੰਟਰੋਲ ਰੇਖਾ ਨੇੜੇ ਉਡਾਣ ਭਰੀ ਹੈ। ਭਰੋਸਾ ਬਣਾਏ ਰੱਖਣ ਲਈ ਜਿਹੜੀ ਦਸ ਕਿਲੋਮੀਟਰ ਲੰਮੀ ਲਾਈਨ (ਸੀਬੀਐਮ) ਤੈਅ ਕੀਤੀ ਗਈ ਹੈ, ਉਸ ਦੀ ਉਲੰਘਣਾ ਦੇ ਕਈ ਮਾਮਲੇ ਹਾਲ ਹੀ ਵਿਚ ਸਾਹਮਣੇ ਆਏ ਹਨ। ਉਨਾਂ ਦੱਸਿਆ ਕਿ ਭਾਰਤੀ ਹਵਾਈ ਸੈਨਾ ਨੇ ਵੀ ਆਪਣੇ ਸਭ ਤੋਂ ਅਸਰਦਾਰ ਲੜਾਕੂ ਜਹਾਜ਼ਾਂ ਮਿੱਗ-29 ਤੇ ਮਿਰਾਜ 2000 ਨੂੰ ਐਲਏਸੀ ਨੇੜੇ ਤਾਇਨਾਤ ਕਰ ਦਿੱਤਾ ਹੈ ਜੋ ਕਿਸੇ ਵੀ ਚੀਨੀ ਕਾਰਵਾਈ ਦਾ ਇਹ ਮਿੰਟਾਂ ਵਿਚ ਜਵਾਬ ਦੇ ਸਕਦੇ ਹਨ। ਸੂਤਰਾਂ ਮੁਤਾਬਕ ਚੀਨ ਦੀ ਫ਼ੌਜ ਪੀਐਲਏ ਭਾਰਤ ਵੱਲੋਂ ਲੱਦਾਖ ਵਿਚ ਸਰਹੱਦ ਨੇੜੇ ਅਪਗ੍ਰੇਡ ਕੀਤੇ ਜਾ ਰਹੇ ਢਾਂਚੇ ਤੋਂ ਤਣਾਅ ਵਿਚ ਹੈ। ਨਵੇਂ ਉਸਾਰੇ ਜਾ ਰਹੇ ਢਾਂਚੇ ਨਾਲ ਭਾਰਤ ਚੀਨ ਦੇ ਕਬਜ਼ੇ ਵਾਲੇ ਖੇਤਰ ਵਿਚ ਕਾਫ਼ੀ ਅੰਦਰ ਤੱਕ ਨਿਗਰਾਨੀ ਰੱਖਣ ਦੇ ਸਮਰੱਥ ਹੋ ਜਾਵੇਗਾ। ਭਾਰਤੀ ਹਵਾਈ ਸੈਨਾ ਚੀਨੀ ਜਹਾਜ਼ਾਂ ਦੇ ਉਡਣ ਦੇ ਢੰਗਾਂ ਨੂੰ ਵੀ ਬਾਰੀਕੀ ਨਾਲ ਦੇਖ ਰਹੀ ਹੈ। ਇਹ ਕਈ ਵਾਰ ਜ਼ਮੀਨ ਨੇੜੇ ਤੇ ਕਈ ਵਾਰ ਉਚਾਈ ਉਤੇ ਉਡਾਣ ਭਰਦੇ ਦੇਖੇ ਗਏ ਹਨ। ਸੂਤਰਾਂ ਮੁਤਾਬਕ ਚੀਨੀ ਜਹਾਜ਼ਾਂ ਦੀ ਇਹ ਕਾਰਵਾਈ 24-25 ਜੂਨ ਨੂੰ ਸ਼ੁਰੂ ਹੋਈ ਸੀ ਜਦ ਉਨਾਂ ਦਾ ਇਕ ਜਹਾਜ਼ ਪੂਰਬੀ ਲੱਦਾਖ ਵਿਚ ਟਕਰਾਅ ਵਾਲੀ ਥਾਂ ਦੇ ਕਾਫ਼ੀ ਨੇੜੇ ਉਡਿਆ ਸੀ। ਭਾਰਤੀ ਸੈਨਾ ਦੇ ਜਹਾਜ਼ ਵੀ ਪੂਰਬੀ ਲੱਦਾਖ ਵਿਚ ਲਗਾਤਾਰ ਉਡਾਣਾਂ ਭਰ ਰਹੇ ਹਨ। ਸੂਤਰਾਂ ਮੁਤਾਬਕ ਕੋਰ ਕਮਾਂਡਰ ਪੱਧਰ ਦੀ 17 ਜੁਲਾਈ ਨੂੰ ਹੋਈ ਵਾਰਤਾ ਵਿਚ ਵੀ ਇਹ ਮੁੱਦਾ ਚੀਨ ਨਾਲ ਉਠਾਇਆ ਗਿਆ ਸੀ।

ਬ੍ਰਿਟੇਨ ਦੇ ਪ੍ਰਧਾਨ ਮੰਤਰੀ ਅਹੁਦੇ ਦੇ ਦੌੜ ਵਿਚ ਸ਼ਾਮਲ ਰਿਸ਼ੀ ਸੁਨਕ ਨੇ ਕਿਹਾ ਕਿ ਚੀਨ ਇਸ ਸਦੀ ਵਿਚ ਬ੍ਰਿਟੇਨ ਅਤੇ ਦੁਨੀਆ ਦੀ ਸੁਰੱਖਿਆ ਅਤੇ ਖੁਸ਼ਹਾਲੀ ਲਈ 'ਸਭ ਤੋਂ ਵੱਡਾ ਖ਼ਤਰਾ' ਹੈ ਅਤੇ ਇਸ ਗੱਲ ਦੇ ਸਬੂਤ ਹਨ ਕਿ ਉਸ ਨੇ ਅਮਰੀਕਾ, ਭਾਰਤ ਸਮੇਤ ਕਈ ਦੇਸ਼ਾਂ ਨੂੰ ਨਿਸ਼ਾਨਾ ਬਣਾਇਆ ਹੈ। ਸਾਬਕਾ ਵਿੱਤ ਮੰਤਰੀ ਸੁਨਕ (42) ਨੇ ਪ੍ਰਧਾਨ ਮੰਤਰੀ ਚੁਣੇ ਜਾਣ 'ਤੇ ਤਕਨੀਕੀ ਖੇਤਰ ਵਿਚ ਚੀਨ ਦੇ ਦਬਦਬੇ ਤੋਂ ਬਚਾਅ ਲਈ ਉੱਤਰ ਅਟਲਾਂਟਿਕ ਸੰਧੀ ਸੰਗਠਨ (ਨਾਟੋ) ਦੀ ਤਰਾਂ 'ਸੁਤੰਤਰ ਰਾਸ਼ਟਰਾਂ' ਦੇ ਇਕ ਨਵੇਂ ਫੌਜੀ ਗਠਜੋੜ ਦੇ ਗਠਨ ਸਮੇਤ ਕਈ ਯੋਜਨਾਵਾਂ ਸ਼ੁਰੂ ਕਰਨ ਦੀ ਗੱਲ ਕਹੀ। ਕੰਜ਼ਰਵੇਟਿਵ ਪਾਰਟੀ ਦੇ ਲੀਡਰਸ਼ਿਪ ਦੇ ਅਹੁਦੇ ਲਈ ਚੋਣ ਲੜ ਰਹੇ ਸੁਨਕ ਨੇ ਕਿਹਾ ਕਿ ਮੈਂ ਯੂਕੇ ਵਿੱਚ ਚੀਨ ਦੀਆਂ ਸਾਰੀਆਂ



30 ਕਨਫਿਊਸ਼ੀਅਨ ਸੰਸਥਾਵਾਂ ਨੂੰ ਬੰਦ ਕਰ ਦਿਆਂਗਾ, ਜੋ ਕਿ ਵਿਸ਼ਵ ਵਿੱਚ ਸਭ ਤੋਂ ਵੱਡੀ ਗਿਣਤੀ ਹਨ। ਕਨਫਿਊਸ਼ੀਅਸ ਇੰਸਟੀਚਿਊਟ ਚੀਨੀ ਸਰਕਾਰ ਦੁਆਰਾ ਫੰਡ ਕੀਤੇ ਜਾਂਦੇ ਹਨ ਅਤੇ ਸੱਭਿਆਚਾਰ ਅਤੇ ਭਾਸ਼ਾ ਦੇ ਕੇਂਦਰਾਂ ਵਜੋਂ ਸੇਵਾ ਕਰਦੇ ਹਨ ਪਰ ਪੱਛਮ ਅਤੇ ਚੀਨ ਵਿਚਕਾਰ ਤਣਾਅਪੂਰਨ ਸਬੰਧਾਂ ਦੇ ਵਿਚਕਾਰ ਆਲੋਚਕ ਦਾਅਵਾ ਕਰਦੇ ਹਨ ਕਿ ਇਹ ਸੰਸਥਾਵਾਂ ਪ੍ਰਚਾਰ ਦੇ ਸਾਧਨ ਹਨ। ਭਾਰਤੀ ਮੂਲ ਦੇ ਸੰਸਦ ਮੈਂਬਰ ਸੁਨਕ ਨੇ ਕਿਹਾ ਕਿ ਚੀਨ ਅਤੇ ਚੀਨ ਦੀ ਕਮਿਊਨਿਸਟ ਪਾਰਟੀ ਇਸ ਸਦੀ ਵਿੱਚ ਬ੍ਰਿਟੇਨ ਅਤੇ ਦੁਨੀਆ ਦੀ ਸੁਰੱਖਿਆ ਅਤੇ ਖੁਸ਼ਹਾਲੀ ਲਈ ਸਭ ਤੋਂ ਵੱਡੇ ਖਤਰੇ ਹਨ। ਚੀਨ ਵੱਲੋਂ ਪੈਦਾ ਸਾਈਬਰ ਖਤਰਿਆਂ ਨਾਲ ਨਜਿੱਠਣ ਲਈ ਮੈਂ ਸੁਤੰਤਰ ਰਾਸ਼ਟਰਾਂ ਦਾ ਇੱਕ ਨਵਾਂ ਅੰਤਰਰਾਸ਼ਟਰੀ ਗਠਜੋੜ ਬਣਾਵਾਂਗਾ ਅਤੇ ਤਕਨਾਲੋਜੀ ਸੁਰੱਖਿਆ ਵਿੱਚ ਵਧੀਆ ਅਭਿਆਸਾਂ ਨੂੰ ਸਾਂਝਾ ਕਰਾਂਗਾ। 'ਦਾ ਰੈਡੀ ਫੌਰ ਸਟੇਜ' ਮੁਹਿੰਮ ਨੇ ਕਿਹਾ ਕਿ ਇਸ ਨਵੇਂ ਸੁਰੱਖਿਆ ਗਠਜੋੜ ਦੇ ਤਹਿਤ ਬ੍ਰਿਟੇਨ ਸਾਈਬਰ ਸੁਰੱਖਿਆ, ਦੂਰਸੰਚਾਰ ਸੁਰੱਖਿਆ ਅਤੇ ਬੌਧਿਕ ਜਾਇਦਾਦ ਦੀ ਚੋਰੀ ਨੂੰ ਰੋਕਣ ਲਈ ਅੰਤਰਰਾਸ਼ਟਰੀ ਮਿਆਰਾਂ ਅਤੇ ਮਾਪਦੰਡਾਂ ਨੂੰ ਪ੍ਰਭਾਵਿਤ ਕਰਨ ਦੀਆਂ ਕੋਸ਼ਿਸ਼ਾਂ ਬਾਰੇ ਜਾਣਕਾਰੀ ਇਕੱਠੀ ਕਰੇਗਾ। ਉੱਤਰੀ ਯੌਰਕਸ਼ਾਇਰ ਵਿੱਚ ਰਿਚਮੰਡ ਤੋਂ ਸੰਸਦ ਮੈਂਬਰ ਸੁਨਕ ਨੇ ਚੀਨ 'ਤੇ ਬ੍ਰਿਟੇਨ ਦੀ ਤਕਨਾਲੋਜੀ ਚੋਰੀ ਕਰਨ ਅਤੇ ਯੂਨੀਵਰਸਿਟੀਆਂ ਵਿੱਚ ਘੁਸਪੈਠ ਕਰਨ ਦਾ ਦੋਸ਼ ਲਗਾਉਂਦੇ ਹੋਏ ਕਿਹਾ ਕਿ ਚੀਨ ਯੂਕ੍ਰੇਨ ਵਿੱਚ ਹਮਲਿਆਂ ਵਿੱਚ ਸ਼ਾਮਲ ਸੀ, ਉਹ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦਾ ਸਮਰਥਨ ਕਰਦਾ ਹੈ, ਸ਼ਿਨਜਿਆਂਗ ਅਤੇ ਹਾਂਗਕਾਂਗ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ ਅਤੇ ਵਿਸ਼ਵ ਅਰਥਚਾਰੇ ਨੂੰ ਆਪਣੇ ਹਿੱਤ ਵਿੱਚ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਬੋਰਿਸ ਜਾਨਸਨ ਦੀ ਥਾਂ ਲੈਣ ਲਈ ਸੁਨਕ ਨੂੰ ਵਿਦੇਸ਼ ਮੰਤਰੀ ਲਿਜ਼ ਟਰਸ ਨਾਲ ਸਖ਼ਤ ਟੱਕਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬੀਤੇ ਸੋਮਵਾਰ ਦੀ ਟੈਲੀਵਿਜ਼ਨ ਬਹਿਸ ਤੋਂ ਪਹਿਲਾਂ ਸੁਨਕ ਨੇ ਆਪਣੇ ਸੰਦੇਸ਼ ਵਿੱਚ ਚੀਨ ਦੀਆਂ ਹਮਲਾਵਰ ਨੀਤੀਆਂ 'ਤੇ ਧਿਆਨ ਕੇਂਦਰਿਤ ਕੀਤਾ। ਸੁਨਕ ਨੇ ਕਿਹਾ ਕਿ ਮੈਂ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਅਤੇ ਹੋਰ ਵਿਸ਼ਵ ਨੇਤਾਵਾਂ ਨਾਲ ਕੰਮ ਕਰਾਂਗਾ ਤਾਂ ਕਿ ਸਾਰੇ ਪੱਛਮੀ ਦੇਸ਼ ਚੀਨ ਦੇ ਖਤਰੇ ਦਾ ਸਾਹਮਣਾ ਕਰਨ ਲਈ ਇਕਜੁੱਟ ਹੋ ਸਕਣ। ਵਿਰੋਧੀ ਧਿਰ ਨੇ ਸੁਨਕ 'ਤੇ ਵਿੱਤ ਮੰਤਰੀ ਦੇ ਅਹੁਦੇ 'ਤੇ ਰਹਿੰਦੇ ਹੋਏ ਚੀਨ ਪ੍ਰਤੀ 'ਨਰਮ' ਰੁਖ ਰੱਖਣ ਦਾ ਦੋਸ਼ ਲਗਾਇਆ। ਟਰਸ ਦੇ ਬੁਲਾਰੇ ਨੇ ਕਿਹਾ ਕਿ ਟਰਸ ਨੇ ਵਿਦੇਸ਼ ਮੰਤਰੀ ਬਣਨ ਤੋਂ ਬਾਅਦ 'ਚੀਨ ਦੇ ਸਾਹਮਣੇ ਬ੍ਰਿਟੇਨ ਦੀ ਸਥਿਤੀ ਨੂੰ ਮਜ਼ਬੂਤ ਕੀਤਾ' ਅਤੇ 'ਚੀਨੀ ਹਮਲੇ ਪ੍ਰਤੀ ਅੰਤਰਰਾਸ਼ਟਰੀ ਪ੍ਰਤੀਕਿਰਿਆ ਦੀ ਅਗਵਾਈ ਕਰਨ ਵਿੱਚ ਮਦਦ ਕੀਤੀ'।

## ਜੰਗ ਹੋਣ 'ਤੇ ਭਾਰਤ ਹੀ ਜਿੱਤੇਗਾ : ਰਾਜਨਾਥ



**ਦਿੱਲੀ/ਏ.ਟੀ.ਨਿਊਜ਼ :** ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਹੈ ਕਿ ਜੇਕਰ ਕਿਸੇ ਨੇ ਵੀ ਮੁਲਕ 'ਤੇ ਮਾੜੀ ਨਜ਼ਰ ਰੱਖਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਮੂੰਹ ਤੋੜ ਜਵਾਬ ਦੇਣ ਲਈ ਭਾਰਤ ਪੂਰੀ ਤਰਾਂ ਨਾਲ ਤਿਆਰ ਹੈ। ਉਨਾਂ ਭਰੋਸਾ ਜਤਾਇਆ ਕਿ ਜੇਕਰ ਕੋਈ ਜੰਗ ਹੋਈ ਤਾਂ ਭਾਰਤ ਹੀ ਜਿੱਤੇਗਾ। ਮਕਬੂਜ਼ਾ ਕਸ਼ਮੀਰ ਨੂੰ ਮੁੜ ਹਾਸਲ ਕਰਨ ਦੀ ਵਕਾਲਤ ਕਰਦਿਆਂ ਉਨਾਂ ਕਿਹਾ ਕਿ ਇਹ ਭਾਰਤ ਦਾ ਹਿੱਸਾ ਹੈ। 'ਕਾਰਗਿਲ ਵਿਜੈ ਦਿਵਸ' ਦੇ ਸਬੰਧ 'ਚ ਕਰਵਾਏ ਗਏ ਇਕ ਪ੍ਰੋਗਰਾਮ ਦੌਰਾਨ ਉਨਾਂ ਕਿਹਾ,'ਮੈਂ ਤੁਹਾਨੂੰ ਭਰੋਸਾ ਦਿਵਾਉਣਾ ਚਾਹੁੰਦਾ ਹਾਂ ਕਿ ਜੇਕਰ ਕਿਸੇ ਵਿਦੇਸ਼ੀ ਤਾਕਤ ਨੇ ਸਾਡੇ 'ਤੇ ਬੁਰੀ ਨਜ਼ਰ ਰੱਖੀ ਅਤੇ ਜੰਗ ਹੋਈ ਤਾਂ ਅਸੀਂ ਜਿੱਤਾਂਗੇ।" ਉਨਾਂ ਕਿਹਾ ਕਿ ਭਾਰਤ ਨੇ 1947 ਤੋਂ ਬਾਅਦ ਸਾਰੀਆਂ ਜੰਗਾਂ ਵਿਚ ਪਾਕਿਸਤਾਨ ਨੂੰ ਹਰਾਇਆ ਹੈ ਅਤੇ ਇਨਾਂ ਹਾਰਾਂ ਤੋਂ ਬਾਅਦ ਹੀ ਉਸ ਨੇ ਲੁਕਵੀਆਂ ਜੰਗਾਂ ਦਾ ਰਾਹ ਅਪਣਾਇਆ ਹੈ। ਰੱਖਿਆ ਮੰਤਰੀ ਨੇ ਕਿਹਾ ਕਿ ਫ਼ੌਜ ਭਵਿੱਖ ਦੀਆਂ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਹੈ। ਉਨਾਂ ਕਿਹਾ ਕਿ ਪਾਕਿਸਤਾਨ ਅਤੇ ਚੀਨ ਨਾਲ ਜੰਗ ਦੌਰਾਨ ਜੰਮੂ ਕਸ਼ਮੀਰ ਦੇ ਲੋਕ ਆਪਣੀ ਫ਼ੌਜ ਨਾਲ ਖੜੇ ਰਹੇ ਸਨ।

# ਹਰਿਮੰਦਰ ਸਾਹਿਬ ਦੇ ਕੇਂਦਰੀ ਸਿੱਖ ਅਜਾਇਬਘਰ ਤੋਂ ਸ਼ਹੀਦ ਭਗਤ ਸਿੰਘ ਦੀ ਤਸਵੀਰ ਨਹੀਂ ਹਟੇਗੀ

## ਸ਼ਹੀਦ ਭਗਤ ਸਿੰਘ ਬਾਰੇ ਵਿਵਾਦ ਸਿੱਖ ਵਿਦਵਾਨਾਂ ਵੱਲੋਂ ਬੇਲੋੜਾ ਕਰਾਰ

**ਅੰਮ੍ਰਿਤਸਰ/ਏ.ਟੀ.ਨਿਊਜ਼ :-** ਸੰਗਰੂਰ ਤੋਂ ਨਵੇਂ ਚੁਣੇ ਗਏ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਦੇ ਪੁੱਤਰ ਅਤੇ ਉਨਾਂ ਦੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਯੂਥ ਸਰਪ੍ਰਸਤ ਈਮਾਨ ਸਿੰਘ ਮਾਨ ਨੇ ਕੇਂਦਰੀ ਸਿੱਖ ਅਜਾਇਬ ਘਰ ਤੋਂ ਸ਼ਹੀਦ ਭਗਤ ਸਿੰਘ ਦੀ ਤਸਵੀਰ ਹਟਾਉਣ ਦੀ ਮੰਗ ਕਰਕੇ ਨਵਾਂ ਵਿਵਾਦ ਖੜਾ ਕਰ ਦਿੱਤਾ ਹੈ। ਉਨਾਂ ਨੇ ਭਗਤ ਸਿੰਘ ਨੂੰ ਨਾਸਤਿਕ ਵੀ ਕਿਹਾ ਹੈ। ਬੇਸ਼ੱਕ ਉਨਾਂ ਨੇ ਸ਼੍ਰੋਮਣੀ ਕਮੇਟੀ ਨੂੰ ਪੱਤਰ ਸੌਂਪ ਕੇ ਤਸਵੀਰ ਹਟਾਉਣ ਦੀ ਮੰਗ ਕੀਤੀ ਹੈ ਪਰ ਇਸ ਅਜਾਇਬਘਰ ਵਿੱਚੋਂ ਇਹ ਫੋਟੋ ਹਟਾਉਣੀ ਅਸੰਭਵ ਹੈ। ਅਜਾਇਬਘਰ ਵਿਚ ਫੋਟੋ ਲਗਾਉਣ ਦੀ ਲੰਮੀ ਪ੍ਰਕਿਰਿਆ ਹੈ, ਜਿਸ ਨੂੰ ਨਿਯਮਾਂ ਅਨੁਸਾਰ ਪੂਰਾ ਕਰਨਾ ਪੈਂਦਾ ਹੈ।ਕੇਂਦਰੀ ਸਿੱਖ ਅਜਾਇਬ ਘਰ ਨੂੰ 1956 ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਕਲਾਕ ਟਾਵਰ ਉੱਤੇ ਸਜਾਇਆ ਗਿਆ ਸੀ। ਅਜਾਇਬਘਰ ਵਿੱਚ ਸਿੱਖ ਗੁਰੂਆਂ, ਯੋਧਿਆਂ, ਸਿੱਖ ਇਤਿਹਾਸ ਦੇ ਸ਼ਹੀਦਾਂ ਅਤੇ ਦੇਸ਼ ਲਈ ਮਹੱਤਵਪੂਰਨ ਯੋਗਦਾਨ ਪਾਉਣ ਵਾਲੀਆਂ ਸ਼ਖਸੀਅਤਾਂ ਦੀਆਂ ਲਗਭਗ 700 ਪੇਂਟਿੰਗਾਂ ਹਨ। ਇਨਾਂ ਵਿੱਚ ਕੁਰਬਾਨੀ ਦੇਣ ਵਾਲੇ ਭਗਤ ਸਿੰਘ ਦੀ ਤਸਵੀਰ ਵੀ ਸ਼ਾਮਲ ਹੈ। ਇਨਾਂ ਤਸਵੀਰਾਂ ਦੀ ਇੱਕ ਪੁਸਤਕ ਵੀ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਿਤ ਕਰਕੇ ਸੰਗਤਾਂ ਲਈ ਉਪਲਬਧ ਕਰਵਾਈ ਗਈ ਹੈ। ਇਸ ਤੋਂ ਇਲਾਵਾ ਸਿੱਖ ਇਤਿਹਾਸ ਨਾਲ ਸਬੰਧਤ ਹੋਰ ਵੀ ਕਈ ਨਿਸ਼ਾਨੀਆਂ ਸੰਗਤਾਂ ਦੇ ਦਰਸ਼ਨਾਂ ਲਈ ਰੱਖੀਆਂ ਗਈਆਂ ਹਨ। ਇਸ ਅਜਾਇਬਘਰ ਵਿੱਚ ਦੇਸ਼ ਅਤੇ ਕੌਮ ਦਾ ਨਾਮ ਰੌਸ਼ਨ ਕਰਨ ਵਾਲੀਆਂ ਸ਼ਖ਼ਸੀਅਤਾਂ ਦੀਆਂ ਪ੍ਰਾਪਤੀਆਂ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ। ਦੇਸ਼ ਦੀ ਅਜ਼ਾਦੀ ਲਈ ਦਿੱਤੀ ਕੁਰਬਾਨੀ ਨੂੰ ਦੇਖਦਿਆਂ ਭਗਤ ਸਿੰਘ ਦੀ ਤਸਵੀਰ ਇੱਥੇ ਲਗਾਈ ਗਈ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਤਸਵੀਰ ਨੂੰ ਸੁੰਦਰ ਬਣਾਉਣ ਲਈ ਸਬ-ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਸ ਸਬ-ਕਮੇਟੀ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ, ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਰਜਿਸਟਰਾਰ, ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ, ਮੁੱਖ ਸਕੱਤਰ, ਸਕੱਤਰ ਸੈਕਸ਼ਨ-85, ਮੈਨੇਜਰ ਸ੍ਰੀ ਦਰਬਾਰ ਸਾਹਿਬ, ਵਧੀਕ ਮੈਨੇਜਰ ਅਜਾਇਬ ਘਰ ਸ਼ਾਮਲ ਹਨ। ਇਹ ਕਮੇਟੀ ਡਰਾਇੰਗਾਂ ਦੀ ਸਥਾਪਨਾ ਦੀ ਸਿਫ਼ਾਰਸ਼ ਕਰਦੀ ਹੈ, ਜੋ ਵਿਚਾਰ-ਵਟਾਂਦਰੇ ਤੋਂ ਬਾਅਦ ਅੰਦਰੂਨੀ ਕਮੇਟੀ ਦੁਆਰਾ ਤੈਅ ਕੀਤੀ ਜਾਂਦੀ ਹੈ। ਅੰਤਿਮ ਨਿਰਣੇ ਤੋਂ ਬਾਅਦ ਕੀਰਤਨ ਅਤੇ ਅਰਦਾਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਆਗਿਆ ਲਈ ਜਾਂਦੀ ਹੈ ਅਤੇ ਫਿਰ ਤਸਵੀਰ ਨੂੰ ਸਿੱਖ ਅਜਾਇਬ ਘਰ ਵਿੱਚ ਸੁਸ਼ੋਭਿਤ ਕੀਤੀ ਜਾਂਦੀ ਹੈ।

ਸਿੱਖ ਪਰਿਵਾਰ ਨਾਲ ਸਬੰਧਤ ਸਨ ਭਗਤ ਸਿੰਘ : ਪੰਜੋਲੀ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਕਰਨੈਲ ਸਿੰਘ ਪੰਜੋਲੀ ਦਾ ਕਹਿਣਾ ਹੈ ਕਿ ਕੇਂਦਰੀ ਸਿੱਖ ਅਜਾਇਬਘਰ ਵਿੱਚ ਜੋ ਵੀ ਤਸਵੀਰ ਰੱਖੀ ਜਾਂਦੀ ਹੈ, ਉਹ ਨਿਯਮਾਂ ਤਹਿਤ ਲਗਾਈ ਜਾਂਦੀ ਹੈ। ਭਗਤ ਸਿੰਘ ਸਿੱਖ ਪਰਿਵਾਰ ਨਾਲ ਸਬੰਧਤ ਸਨ। ਇਹ ਤਸਵੀਰ ਦੇਸ਼ ਦੀ ਅਜ਼ਾਦੀ ਲਈ ਭਗਤ ਸਿੰਘ ਦੀ ਕੁਰਬਾਨੀ ਦੇ ਮੱਦੇਨਜ਼ਰ ਸਜਾਈ ਗਈ ਹੈ। ਇਸ ਨੂੰ ਸਜਦਿਆਂ ਕਈ ਦਹਾਕੇ ਬੀਤ ਚੁੱਕੇ ਹਨ।

### ਨਹੀਂ ਭੁਲਾਈ ਜਾ ਸਕਦੀ ਸ਼ਹਾਦਤ : ਅਨਮੋਲ ਗਗਨ ਮਾਨ

ਸੈਰ ਸਪਾਟਾ ਤੇ ਸੱਭਿਆਚਾਰ ਮੰਤਰੀ ਅਨਮੋਲ ਗਗਨ ਮਾਨ ਨੇ ਕਿਹਾ ਕਿ ਭਗਤ ਸਿੰਘ ਦੀ ਲੜਾਈ ਦੇਸ਼ ਦੀ ਅਜ਼ਾਦੀ ਲਈ ਸੀ। ਭਗਤ ਸਿੰਘ ਦੀ ਸ਼ਹਾਦਤ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।

ਸ਼ਹੀਦ ਭਗਤ ਸਿੰਘ ਦੇ ਧਰਮ ਅਤੇ ਸ਼ਹਾਦਤ ਬਾਰੇ ਵਿਵਾਦ ਨੂੰ ਸਿੱਖ ਵਿਦਵਾਨਾਂ ਨੇ ਬੇਲੋੜਾ ਕਰਾਰ ਦਿੱਤਾ ਹੈ। ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦੀ ਸ਼ਹਾਦਤ ਅਤੇ ਤਸਵੀਰ ਨੂੰ ਹਟਾਉਣ ਸਬੰਧੀ ਇਹ ਬੇਲੋੜਾ ਵਿਵਾਦ ਹੈ। ਇਸ ਵੇਲੇ ਕੌਮ ਨੂੰ ਸਹੀ ਦਿਸ਼ਾ ਦੇਣ ਅਤੇ ਇਕਜੁੱਟ ਕਰਨ ਦੀ ਲੋੜ ਹੈ, ਅਜਿਹਾ ਵਿਵਾਦ ਸਿੱਖਾਂ ਵਿੱਚ ਹੋਰ ਵੰਡੀਆਂ ਪਾਵੇਗਾ। ਉਨਾਂ ਕਿਹਾ ਕਿ ਇਤਿਹਾਸ ਵਿੱਚ ਦਰਜ ਹੈ ਕਿ ਸ਼ਹਾਦਤ ਤੋਂ ਪਹਿਲਾਂ ਭਾਈ ਰਣਧੀਰ ਸਿੰਘ ਭਗਤ ਸਿੰਘ ਨੂੰ ਮਿਲੇ ਸਨ ਅਤੇ ਉਨਾਂ ਨੇ ਸੁਧਾਈ ਕਰਦਿਆਂ ਸਿੱਖੀ ਵਿੱਚ ਸ਼ਮੂਲੀਅਤ ਕਰ ਲਈ ਸੀ। ਉਨਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਨੇ ਦੇਸ਼ ਲਈ ਫਾਂਸੀ ਦਾ ਰੱਸਾ ਚੁੰਮ ਕੇ ਸ਼ਹਾਦਤ ਦਿੱਤੀ ਸੀ।

ਸਿੱਖ ਵਿਦਵਾਨ ਇੰਦਰਜੀਤ ਸਿੰਘ ਗੋਗੋਆਣੀ ਨੇ ਵੀ ਇਸ ਨੂੰ ਬੇਲੋੜਾ ਵਿਵਾਦ ਕਰਾਰ ਦਿੱਤਾ। ਉਨਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਬਾਰੇ ਪੰਜਾਬ ਅਤੇ ਦੇਸ਼ ਦੇ ਲੋਕਾਂ ਦੇ ਦਿਲਾਂ ਵਿਚ ਨਿਵੇਕਲਾ ਥਾਂ ਹੈ। ਉਨਾਂ ਆਖਿਆ ਕਿ ਇਹ ਵਿਵਾਦ ਸਿੱਖ ਕੌਮ ਵਿੱਚ ਵੰਡੀਆਂ ਪਾਵੇਗਾ।

# ਪੰਜਾਬੀਆਂ ਦੀ ਹਿਜਰਤ ਨੂੰ ਸਵੀਕਾਰ ਕਰੋ ਜਾਂ ਕੋਈ ਬਦਲ ਲੱਭੋ

**ਬ੍ਰਹਮ ਜਗਦੀਸ਼ ਸਿੰਘ**

ਸ੍ਰਿਸ਼ਟੀ-ਰਚਨਾ ਅਤੇ ਇਸ ਦੇ ਵਿਕਾਸ ਬਾਰੇ ਇਕ ਨਵਾਂ ਸੰਕਲਪ ਪੇਸ਼ ਕਰ ਕੇ ਚਾਰਲਸ ਡਾਰਵਿਨ ਨੇ ਮਾਨਵੀ ਸੋਚ ਵਿਚ ਇਕ ਮੂਲਭੂਤ ਪਰਿਵਰਤਨ ਲੈ ਆਂਦਾ ਸੀ। ਉਸ ਦੇ ਕੁਝ ਪ੍ਰਮੁੱਖ ਸੂਤਰ ਇਹ ਰਹੇ : (1) ਇਸ ਦੁਨੀਆ ਵਿਚ ਬਲਸ਼ਾਲੀ ਅਤੇ ਚੁਸਤ-ਦਰੁਸਤ ਜਾਤੀਆਂ ਹੀ ਜੀਵਤ ਰਹਿ ਸਕਦੀਆਂ ਹਨ, (2) ਦੁਨੀਆ ਦੇ ਜੀਵ-ਜੰਤੂ ਹਮੇਸ਼ਾ ਅੱਜ ਵਾਂਗ ਹੀ ਨਹੀਂ ਸਨ, (3) ਇਨਾਂ ਨੇ ਨਿਰੰਤਰ ਵਿਕਾਸ ਕੀਤਾ ਹੈ। ਅਜੋਕਾ ਮਨੁੱਖ ਕੁਝ ਹਜ਼ਾਰ/ਲੱਖ ਵਰੇ ਪਹਿਲਾਂ ਹੀ ਇਸ ਧਰਤੀ ਉੱਪਰ ਪ੍ਰਗਟ ਹੋਇਆ ਹੈ ਅਤੇ (4) ਵਿਕਾਸ ਦੀ ਇਹ ਪ੍ਰਕਿਰਿਆ ਅੱਜ ਵੀ ਜਾਰੀ ਹੈ। ਮਨੁੱਖ ਅਤੇ ਮਨੁੱਖਤਾ ਹਰ ਸਮੇਂ ਤਬਦੀਲੀ ਦੀ ਪ੍ਰਕਿਰਿਆ ਵਿਚ ਰਹਿੰਦੀ ਹੈ. ਡਾਰਵਿਨ ਦੇ ਇਨਾਂ ਸਿਧਾਂਤਾਂ ਨੂੰ 'ਵਿਕਾਸਵਾਦ' ਦੇ ਸੰਕਲਪ ਨਾਲ ਯਾਦ ਕੀਤਾ ਜਾਂਦਾ ਹੈ। 19ਵੀਂ ਸਦੀ ਦੇ ਮੱਧ ਵਿਚ ਡਾਰਵਿਨ ਨੇ ਜਦੋਂ ਜੀਵ-ਜਾਤੀਆਂ ਦੇ ਆਰੰਭ ਬਾਰੇ ਆਪਣੀਆਂ ਧਾਰਨਾਵਾਂ ਪ੍ਰਗਟ ਕੀਤੀਆਂ ਤਾਂ ਸਾਡੇ ਬੁੱਧੀਜੀਵੀ ਅਤੇ ਚਿੰਤਕ ਠਠੰਬਰ ਕੇ ਰਹਿ ਗਏ। ਬਾਈਬਲ ਅਤੇ ਹੋਰ ਬਹੁਤ ਸਾਰੇ ਧਰਮ-ਗ੍ਰੰਥ ਇਨਾਂ ਧਾਰਨਾਵਾਂ ਦੇ ਸਨਮੁੱਖ ਪਛੜਦੇ ਜਾਪੇ। ਅਰਥਚਾਰੇ, ਸਮਾਜ ਸ਼ਾਸਤਰ ਅਤੇ ਮਨੋਵਿਗਿਆਨ ਵਰਗੇ ਪ੍ਰਵਚਨਾਂ ਨੂੰ ਅਪਡੇਟ ਕਰਨ ਦੀ ਜ਼ਰੂਰਤ ਅਨੁਭਵ ਹੋਈ, ਕਿਉਂਕਿ ਜੇ ਕਿਸੇ ਰੱਬ ਨੇ ਮਨੁੱਖ ਨੂੰ ਸ੍ਰਿਸ਼ਟੀ ਦੇ ਆਰੰਭ ਤੋਂ ਹੀ ਅੱਜ ਵਾਂਗ ਨਹੀਂ ਸੀ ਬਣਾਇਆ, ਉਸ ਦਾ ਸਹਿਜੇ-ਸਹਿਜੇ ਵਿਕਾਸ ਹੋਇਆ ਸੀ ਤਾਂ ਉਸ ਦੇ ਇਤਿਹਾਸ ਅਤੇ ਜੀਵਨ ਨਾਲ ਜੁੜੇ ਹੋਰ ਸਰੋਕਾਰਾਂ ਨੂੰ ਨਵੇਂ ਸਿਰਿਉਂ ਵਿਕਾਸਵਾਦ ਦੀ ਰੌਸ਼ਨੀ ਵਿਚ ਲਿਖਣਾ ਪੈਣਾ ਸੀ। ਇਹ ਕੰਮ ਕਾਰਲ ਮਾਰਕਸ-ਐਂਗਲਜ਼, ਡੁਰਖੀਮ-ਮਾਰਗ੍ਰੇਟ ਮੀਡ, ਡਾ. ਸਿਗਮੰਡ ਫਰਾਇਡ-ਐਡਲਰ ਆਦਿ ਚਿੰਤਕਾਂ ਨੇ ਬੜੀ ਲਗਨ, ਵਚਨਬੱਧਤਾ ਅਤੇ ਪ੍ਰਬੀਨਤਾ ਨਾਲ ਕੀਤਾ। ਸਾਡੇ ਦੇਸ਼ ਵਿਚ ਵੀ ਇਨਾਂ ਵਿਦਵਾਨਾਂ ਦੇ ਵਿਚਾਰ ਬੜੀ ਖੁੱਲਦਿਲੀ ਨਾਲ ਪ੍ਰਵਾਨ ਕੀਤੇ ਗਏ। ਇਹ ਵੱਖਰੀ ਗੱਲ ਹੈ ਕਿ ਸੰਕੀਰਨ ਸੋਚ ਨਾਲ ਜੁੜੇ ਕੁਝ 'ਰਾਸ਼ਟਰਵਾਦੀ ਸਿਆਣੇ' ਅੱਜ ਵੀ ਉਕਤ ਵਿਚਾਰਾਂ ਨੂੰ ਚੁਣੌਤੀ ਦੇਣ ਤੋਂ ਨਹੀਂ ਝਿਜਕਦੇ। ਉਨਾਂ ਦਾ ਵਿਚਾਰ ਹੈ ਕਿ ਲੰਗੂਰ, ਲੰਗੂਰ ਹੀ ਰਹਿੰਦਾ ਹੈ, ਬੰਦਾ ਨਹੀਂ ਬਣ ਸਕਦਾ। ਅਸੀਂ ਉਨਾਂ ਦੇ ਇਸ ਵਿਚਾਰ ਦਾ ਖੰਡਨ ਨਹੀਂ ਕਰਦੇ, ਕਿਉਂਕਿ ਸਾਡਾ ਮਤ ਹੈ ਕਿ ਅਜਿਹਾ ਤਰਕ ਉਹ ਆਪਣੀ ਜਾਤ/ਸ਼ਨਾਖ਼ਤ ਬਾਰੇ ਕਰ ਰਹੇ ਹਨ ਅਰਥਾਤ ਲੰਗੂਰ ਲੰਗੂਰ ਹੀ ਰਹੇਗਾ...। ਡਾਰਵਿਨ ਅਨੁਸਾਰ ਬੰਦਾ ਮੁੱਢ ਤੋਂ ਹੀ ਅਨੁਕੂਲਣ ਦੀ ਪ੍ਰਕਿਰਿਆ ਦੁਆਰਾ ਅੱਗੇ ਵਧਦਾ ਰਿਹਾ ਹੈ। ਅਫ਼ਰੀਕਾ ਵਰਗੇ ਦੀਪ ਵਿਚ ਪੈਦਾ ਹੋ ਕੇ ਆਦਿਮਾਨਵ ਅਨੁਕੂਲ ਪ੍ਰਸਥਿਤੀਆਂ ਦੀ ਤਲਾਸ਼ ਵਿਚ ਆਸਟ੍ਰੇਲੀਆ, ਯੂਰਪ, ਏਸ਼ੀਆ ਆਦਿ ਮਹਾਂਦੀਪਾਂ ਵਿਚ ਨਿਕਲ ਗਿਆ। ਹੌਲੀ-ਹੌਲੀ ਇਹ ਆਦਿਮਾਨਵ ਭਾਰਤ ਦੇ ਤਟਵਰਤੀ ਖੇਤਰਾਂ ਅਤੇ ਸਿੰਧ ਘਾਟੀ ਵਿਚ ਵੀ ਪਹੁੰਚ ਗਿਆ ਅਤੇ ਇੰਜ ਸਾਡੇ ਦੇਸ਼ ਸਪਤ ਸਿੰਧੂ, ਸਿੰਧੂ (ਹਿੰਦੂ) ਸਤਾਨ ਦਾ ਸੁਨਹਿਰੀ ਇਤਿਹਾਸ ਸ਼ੁਰੂ ਹੋ ਗਿਆ। ਪਿਛਲੇ ਅੱਠ-ਦਸ ਹਜ਼ਾਰ ਵਰਿਆਂ ਤੋਂ ਹਿੰਦੁਸਤਾਨ ਦਾ ਬਹੁਤਾ ਇਤਿਹਾਸ ਸੁਨਹਿਰੀ ਹੀ ਰਿਹਾ ਹੈ। ਪਿਛਲੇ ਚਾਰ-ਪੰਜ ਸੌ ਵਰਿਆਂ ਤੋਂ ਹੀ ਇਸ ਇਤਿਹਾਸ ਉੱਪਰ ਕਾਲਖ ਪੋਤਣੀ ਸ਼ੁਰੂ ਹੋਈ ਹੈ ਅਤੇ ਇਹ ਕੋਝਾ ਕਾਰਜ ਬਰਤਾਨਵੀ ਬਸਤੀਵਾਦੀਆਂ ਨੇ ਸ਼ੁਰੂ ਕੀਤਾ। ਉਨਾਂ ਤੋਂ ਆਜ਼ਾਦੀ ਪ੍ਰਾਪਤ ਕਰਨ ਉਪਰੰਤ ਵੀ ਅਸੀਂ ਆਪਣੀਆਂ ਤਰਜੀਹਾਂ ਸੁਨਿਸਚਿਤ ਨਹੀਂ ਕਰ ਸਕੇ। ਇਸ ਕਾਰਨ ਨਿਰੰਤਰ ਪਤਨ ਵੱਲ ਜਾ ਰਹੇ ਹਾਂ।

ਹਿੰਦੁਸਤਾਨ ਉੱਪਰ ਵਿਦੇਸ਼ੀ ਹਕੂਮਤ ਦਸਵੀਂ-ਗਿਆਰਵੀਂ ਸਦੀ ਤੋਂ ਸ਼ੁਰੂ ਹੋ ਗਈ ਸੀ। ਅਠਾਰਵੀਂ ਸਦੀ ਤੱਕ ਇਥੇ ਤੁਰਕ, ਪਠਾਣ ਅਤੇ ਮੁਗ਼ਲ ਰਾਜ ਕਰਦੇ ਰਹੇ। ਦੋ-ਢਾਈ ਸੌ ਵਰੇ ਬਰਤਾਨਵੀ ਹਕੂਮਤ ਰਹੀ। ਬਰਤਾਨਵੀ ਸ਼ਾਸਕ ਹਮੇਸ਼ਾ ਆਪਣੇ-ਆਪ ਨੂੰ ਬਾਹਰਲੇ (ਵਿਦੇਸ਼ੀ) ਅਤੇ ਸਾਨੂੰ ਹਿੰਦੁਸਤਾਨੀਆਂ ਨੂੰ ਦੂਸਰੇ (ਗ਼ੈਰ) ਸਮਝਦੇ ਰਹੇ। ਸਿੱਟੇ ਵਜੋਂ ਉਨਾਂ ਦਾ ਮੁੱਖ ਕਾਰਜ ਇਸ ਦੇਸ਼ ਨੂੰ ਲੁੱਟਣਾ-ਪੁੱਟਣਾ ਰਿਹਾ। ਭਾਵੇਂ 15 ਅਗਸਤ, 1947 ਨੂੰ ਅਸੀਂ ਬਰਤਾਨਵੀ ਹਕੂਮਤ ਤੋਂ ਆਜ਼ਾਦ ਹੋ ਗਏ ਸਾਂ, ਸਾਡਾ ਆਪਣਾ ਸਵਰਾਜ ਹੋਂਦ ਵਿਚ ਆ ਗਿਆ ਸੀ ਪਰ ਸਾਡੇ ਰਾਜਤੰਤਰ ਦੀ ਵਿਵਸਥਾ ਲੁੱਟ-ਖਸੁੱਟ ਦੇ ਮਾਡਲ ਉੱਪਰ ਹੀ ਟਿਕੀ ਰਹੀ। ਸਾਡੇ



ਬਹੁਤੇ ਰਾਜਨੇਤਾ (ਮੰਤਰੀ, ਮੁੱਖ ਮੰਤਰੀ) ਸਰਕਾਰੀ ਅਫ਼ਸਰ ਅਤੇ ਕਰਮਚਾਰੀ ਲੁੱਟ-ਖਸੁੱਟ ਕਰਨਾ ਆਪਣਾ ਅਧਿਕਾਰ ਸਮਝਦੇ ਹਨ ਅਤੇ ਇਸੇ ਕੰਮ ਲਈ ਉਹ ਰਾਜਨੀਤੀ ਜਾਂ ਸਰਕਾਰੀ ਸੇਵਾਵਾਂ ਵਿਚ ਆਉਂਦੇ ਹਨ। ਸਾਨੂੰ ਰਾਜਤੰਤਰੀ ਵਿਵਸਥਾ ਬਦਲਣੀ ਹੋਵੇਗੀ। ਇਹ ਨਹੀਂ ਕਿ ਐਮ. ਐਲ. ਏ./ਵਜ਼ੀਰ/ਡੀ. ਸੀ., ਐਸ. ਪੀ. ਬਣ ਕੇ ਅਸੀਂ ਆਪਣੇ-ਆਪ ਨੂੰ ਬਾਡੀਗਾਰਡਾਂ ਦੇ ਘੇਰੇ ਵਿਚ ਵੱਖਰੇ ਤੇ ਵਿਸ਼ੇਸ਼ ਬਣਾ ਲਈਏ, ਆਜ਼ਾਦੀ ਮਿਲਣ ਉਪਰੰਤ ਤਿੰਨ-ਚਾਰ ਦਹਾਕੇ ਤਾਂ ਅਸੀਂ ਪੰਜਾਬੀਆਂ ਨੇ ਸਰਕਾਰ ਦੇ ਮੂੰਹ ਵੱਲ ਵੇਖਿਆ ਕਿ ਇਹ ਹੁਣ ਕੋਈ ਪ੍ਰਗਤੀਸ਼ੀਲ/ਮਾਨਵਤਾਵਾਦੀ ਕਦਮ ਪੁੱਟਦੀ ਹੈ... ਹੁਣ ਪੁੱਟਦੀ ਹੈ ਪਰ ਜਦੋਂ ਸਥਿਤੀ ਨੇ ਹੋਰ ਵੀ ਨਿਘਾਰ ਵੱਲ ਜਾਣਾ ਸ਼ੁਰੂ ਕਰ ਦਿੱਤਾ ਤਾਂ ਬਹੁਤ ਸਾਰੇ ਪੰਜਾਬੀਆਂ ਨੇ ਪੰਜਾਬ ਛੱਡ ਜਾਣ ਦਾ ਕਠੋਰ ਫ਼ੈਸਲਾ ਲੈ ਲਿਆ। ਪੰਜਾਬੀਆਂ ਦੀ ਸੁੰਘਣ ਸ਼ਕਤੀ ਬੜੀ ਤੇਜ਼ ਹੈ। ਅਜੇ ਅਬਦਾਲੀ ਵਰਗੇ ਲੁਟੇਰੇ ਭਾਰਤ ਉੱਪਰ ਹਮਲਾ ਕਰਨ ਲਈ ਰੱਸੇ-ਪੈੜੇ ਵੱਟ ਹੀ ਰਹੇ ਹੁੰਦੇ ਸਨ ਕਿ ਇਹ ਪਹਿਲਾਂ ਹੀ ਉਰੇ-ਪਰੇ ਹੋ ਜਾਂਦੇ ਸਨ, ਜਿਸ ਕਾਰਨ ਅਬਦਾਲੀ ਵਰਗਿਆਂ ਨੂੰ ਪੂਰਾ ਪੰਜਾਬ ਟੱਪ ਕੇ ਦਿੱਲੀ ਤੱਕ ਮਾਰ ਕਰਨੀ ਪੈਂਦੀ ਸੀ। ਉੱਪਰੋਂ ਸਿਤਮ ਇਹ ਕਿ ਵਾਪਸੀ 'ਤੇ ਪੰਜਾਬ ਵਿਚੋਂ ਗੁਜ਼ਰਦਿਆਂ ਲੁਟੇਰਿਆਂ ਦੀ ਹੀ ਲੁੱਟਮਾਰ ਹੋ ਜਾਣੀ ਹੁੰਦੀ ਸੀ। ਪੰਜਾਬੀਆਂ ਨੇ ਉਸ ਨੂੰ ਵੀ ਲੁੱਟ ਲੈਣਾ। ਕਈ ਵਾਰ ਮੇਰੇ ਮਨ ਵਿਚ ਖਿਆਲ ਆਉਂਦਾ ਹੈ ਕਿ ਕੀ ਸਾਡੇ ਪੰਜਾਬੀ ਲੋਕ ਬਰਤਾਨਵੀ ਲੁਟੇਰਿਆਂ ਤੋਂ ਆਪਣੇ ਹਿੱਸੇ ਦਾ ਮਾਲ ਹਾਸਲ ਕਰਨ ਲਈ ਹੀ ਤਾਂ ਅਮਰੀਕਾ, ਇੰਗਲੈਂਡ ਅਤੇ ਕੈਨੇਡਾ ਵਰਗੇ ਮੁਲਕਾਂ ਵਿਚ ਤਾਂ ਨਹੀਂ ਜਾ ਰਹੇ ? ਸਾਡੇ ਪੰਜਾਬੀ ਮੌਜ-ਮੇਲਾ ਕਰਨ ਵਾਲੇ ਅਤੇ ਹਰ ਹਾਲੇ ਖ਼ੁਸ਼ ਰਹਿਣ ਵਾਲੇ ਲੋਕ ਹਨ। ਇਹ ਕਿਸੇ ਮਜਬੂਰੀ ਜਾਂ ਮਾਯੂਸੀ ਵਿਚ ਪਲਾਇਨ ਨਹੀਂ ਕਰ ਰਹੇ। ਇਨਾਂ ਦਾ ਸੁਭਾਅ ਇਹ ਹੈ : ਤਾਏ ਦੀ ਧੀ ਚੱਲੀ, ਮੈਂ ਕਿਉਂ ਰਹਾਂ ਇਕੱਲੀ ? ਜੇ ਕੋਈ ਸ਼ਰੀਕ ਕਿਸੇ ਕਾਰਨ ਵਿਦੇਸ਼ ਜਾਣ ਦਾ ਹੂਲਾ ਫੱਕਦਾ ਹੈ ਤਾਂ ਉਨਾਂ ਨੇ ਵੀ ਜਾਣਾ ਈ ਜਾਣਾ ਹੈ, ਭਾਵੇਂ ਉਨਾਂ ਨੂੰ ਲੋੜ ਹੋਵੇ, ਭਾਵੇਂ ਨਾ ਹੋਵੇ। ਇਸ ਕਾਰਨ ਪੰਜਾਬੀਆਂ ਦੀ ਹਿਜਰਤ ਉੱਤੇ ਰੁਦਨ ਕਰਨ ਦੀ ਜ਼ਰੂਰਤ ਨਹੀਂ, ਜਸ਼ਨ ਮਨਾਉਣ ਦੀ ਜ਼ਰੂਰਤ ਹੈ। ਜਦੋਂ ਹਰ ਪਰਿਵਾਰ ਆਪਣੇ ਪੁੱਤਰ ਜਾਂ ਧੀ ਦੇ ਪਰਵਾਸ ਉੱਪਰ ਜਸ਼ਨ ਮਨਾਉਂਦਾ ਹੈ ਤਾਂ ਸਾਡੇ ਕੁਝ ਬੁੱਧੀਜੀਵੀ ਕਰੁਣਾ ਤੇ ਹੰਝੂ ਕਿਉਂ ਵਹਾਉਂਦੇ ਹਨ ? ਇਹ ਹੁੰਗਾਰਾ ਵਾਜਬ ਨਹੀਂ ਹੈ। ਹੰਝੂ ਵਗਾਉਣ ਦੀ ਲੋੜ ਤਾਂ ਪਵੇ ਜੇ ਸਾਡੇ ਬਾਲ-ਬੱਚਿਆਂ ਉੱਪਰ ਕੋਈ ਰੋਕ ਜਾਂ ਪ੍ਰਤੀਬੰਧ ਲਾ ਦਿੱਤਾ ਜਾਵੇ (ਕਾਮਾਗਾਟਾਮਾਰੂ ਵਾਂਗ)। ਉਹ ਉਧਰ ਜਾ ਹੀ ਨਾ ਸਕਣ। ਹਰ ਅਬਾਦੀ ਕੁਝ ਸਮੇਂ ਉਪਰੰਤ ਆਪਣੇ ਦੇਸ਼/ਪ੍ਰਦੇਸ਼ ਵਿਚੋਂ ਹਿਜਰਤ ਕਰਦੀ ਰਹਿੰਦੀ ਹੈ। ਨਵੇਂ ਵਸੀਲਿਆਂ ਦੀ ਤਲਾਸ਼ ਵਿਚ ਲੋਕਾਂ ਨੂੰ ਆਪਣਾ ਘਰ-ਘਾਟ ਤਿਆਗਣਾ ਹੀ ਪੈਂਦਾ ਹੈ। ਡਾਰਵਿਨ ਨੇ ਇਸ ਸੱਚ ਬਾਰੇ ਆਪਣਾ ਨਿਰਣਾ ਪਹਿਲਾਂ ਹੀ ਸੁਣਾ ਦਿੱਤਾ ਸੀ। ਇਸ ਨੂੰ ਸਵੀਕਾਰ ਕਰੋ ਜਾਂ ਕੋਈ ਬਦਲਵਾਂ ਸੱਚ (ਬਦਲ) ਲੱਭੋ। ਰੋਣ-ਧੋਣ ਨਾਲ ਕੁਝ ਨਹੀਂ ਲੱਭਣਾ।

# ਭਾਰਤ ਵਿਚ ਫੂਡ ਸਕਿਉਰਿਟੀ ਸੁਰੱਖਿਅਤ ਨਹੀਂ



**ਡਾ. ਨਰਪਿੰਦਰ ਸਿੰਘ**

**ਮੋਬਾਈਲ : ੯੪੬੪੭-੭੭੯੮੦**

ਭੋਜਨ ਸੁਰੱਖਿਆ (ਫੂਡ ਸਕਿਉਰਿਟੀ) ਦਾ ਅਰਥ ਹੈ ਸਾਰੇ ਲੋਕਾਂ ਨੂੰ ਸਿਹਤਮੰਦ ਜੀਵਨ ਜਿਊਣ ਲਈ ਲੋੜੀਂਦੀ ਮਾਤਰਾ ਵਿਚ ਭੋਜਨ ਦੀ ਪਹੁੰਚ। ਹਰ ਕਿਸੇ ਨੂੰ ਲੋੜੀਂਦੇ ਭੋਜਨ ਦਾ ਬੁਨਿਆਦੀ ਅਧਿਕਾਰ ਹੈ। ਵਰਤਮਾਨ ਵਿਚ, ਭਾਰਤ ਵਿਚ ਫੂਡ ਸਕਿਉਰਿਟੀ ਸੁਰੱਖਿਅਤ ਨਹੀਂ ਹੈ ਜੋ ਸ਼ਾਇਦ ਭਵਿੱਖ ਵਿਚ ਹੋਰ ਵੀ ਅਸੁਰੱਖਿਅਤ ਹੋ ਸਕਦੀ ਹੈ ਕਿਉਂਕਿ ਪੋਸ਼ਕ ਤੱਤਾਂ ਦੀ ਸਿਫ਼ਾਰਸ਼ ਕੀਤੀ ਮਾਤਰਾ ਵਾਲਾ ਭੋਜਨ ਅਬਾਦੀ ਦੇ ਵੱਡੇ ਹਿੱਸੇ ਨੂੰ ਉਪਲਬਧ ਨਹੀਂ ਹੈ। ਇਕ ਪਰਿਵਾਰ ਲਈ ਫੂਡ ਸਕਿਉਰਿਟੀ ਦਾ ਮਤਲਬ ਹੈ ਕਿਰਿਆਸ਼ੀਲ, ਸਿਹਤਮੰਦ ਜੀਵਨ ਲਈ ਲੋੜੀਂਦੇ ਭੋਜਨ ਦੀ ਕਿਫ਼ਾਇਤੀ ਕੀਮਤ 'ਤੇ ਪਹੁੰਚ ਮੁਹੱਈਆ ਹੋਣਾ। ਫੂਡ ਸਕਿਉਰਿਟੀ ਸਬੰਧੀ ਚਿੰਤਾਵਾਂ ਬ੍ਰਿਟਿਸ਼ ਸ਼ਾਸਨ ਕਾਲ ਤੋਂ ਹੀ ਦਿਸ ਰਹੀਆਂ ਹਨ।

ਖੇਤੀਬਾੜੀ ਖੇਤਰ ਵਿਚ 1960 ਅਤੇ 1970 ਦੇ ਦਹਾਕੇ ਦੇ ਅਖ਼ੀਰ ਵਿਚ ਹਰੀ ਕ੍ਰਾਂਤੀ, 1970 ਅਤੇ 1980 ਦੇ ਦਹਾਕੇ ਵਿਚ ਚਿੱਟੀ ਕ੍ਰਾਂਤੀ ਮਹੱਤਵਪੂਰਨ ਪ੍ਰਾਜੈਕਟ ਨੇ ਭਾਰਤ ਵਿਚ ਭੋਜਨ ਸੁਰੱਖਿਆ ਵਿਚ ਯੋਗਦਾਨ ਪਾਇਆ। ਕੁਪੋਸ਼ਿਤ ਵਿਅਕਤੀਆਂ ਦੀ ਗਿਣਤੀ ਹਰ ਸਾਲ ਵਧ ਰਹੀ ਹੈ। ਇਕ ਬਾਲਗ ਨੂੰ ਪ੍ਰਤੀ ਦਿਨ ਲਗਭਗ 2200 ਕਿੱਲੋ ਕੈਲੋਰੀ ਭੋਜਨ ਦੀ ਐਨਰਜੀ ਦੀ ਲੋੜ ਹੁੰਦੀ ਹੈ ਅਤੇ ਜੋ ਵੀ ਇਸ ਤੋਂ ਘੱਟ ਐਨਰਜੀ ਪ੍ਰਾਪਤ ਕਰ ਰਿਹਾ ਹੈ, ਉਹ ਕੁਪੋਸ਼ਿਤ ਹੈ। ਦੁਨੀਆ ਦੇ ਬਹੁਤੇ ਕੁਪੋਸ਼ਿਤ ਲੋਕ ਵਿਕਾਸਸ਼ੀਲ ਦੇਸ਼ਾਂ ਵਿਚ ਰਹਿੰਦੇ ਹਨ। ਵਿਸ਼ਵ ਵਿਚ 2007 ਵਿਚ ਲਗਪਗ 923 ਮਿਲੀਅਨ ਕੁਪੋਸ਼ਣ ਰਹਿਤ ਲੋਕ ਸਨ ਜਿਨਾਂ ਵਿੱਚੋਂ 65% ਭਾਰਤ, ਚੀਨ, ਡੈਮੋਕ੍ਰੈਟਿਕ ਰਿਪਬਲਿਕ ਆਫ ਕਾਂਗੋ, ਬੰਗਲਾਦੇਸ਼, ਇੰਡੋਨੇਸ਼ੀਆ, ਪਾਕਿਸਤਾਨ, ਇਥੋਪੀਆ ਆਦਿ ਦੇਸ਼ਾਂ ਵਿਚ ਰਹਿੰਦੇ ਹਨ। ਇਨਾਂ ਦੇਸ਼ਾਂ ਵਿਚ ਭੋਜਨ ਦੀ ਉਪਲਬਧਤਾ ਦਿਨ-ਬ-ਦਿਨ ਘਟਦੀ ਜਾ ਰਹੀ ਹੈ ਜਿਸ ਨਾਲ ਭਵਿੱਖ ਵਿਚ ਕੁਪੋਸ਼ਿਤ ਲੋਕਾਂ ਦੀ ਗਿਣਤੀ ਵਿਚ ਵਾਧੇ ਦੀ ਸੰਭਾਵਨਾ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ। ਸੰਯੁਕਤ ਰਾਸ਼ਟਰ ਦੀ ਖ਼ੁਰਾਕ ਅਤੇ ਖੇਤੀਬਾੜੀ (ਐੱਫਏਓ) ਦੀ ਰਿਪੋਰਟ ਅਨੁਸਾਰ ਭਾਰਤ ਵਿਚ ਲਗਪਗ 230 ਮਿਲੀਅਨ ਕੁਪੋਸ਼ਿਤ ਲੋਕ ਹੋਣ ਦਾ ਅਨੁਮਾਨ ਲਗਾਇਆ ਗਿਆ ਹੈ। ਭੋਜਨ ਸੁਰੱਖਿਆ ਵਿਚ ਯੋਗਦਾਨ ਪਾਉਣ ਵਾਲੇ ਕਈ ਕਾਰਕ ਹਨ ਜਿਵੇਂ ਅਬਾਦੀ, ਸ਼ਹਿਰੀਕਰਨ, ਫ਼ਸਲਾਂ ਉਗਾਉਣ ਲਈ ਉਪਲਬਧ ਜ਼ਮੀਨ, ਜਲਵਾਯੂ ਪਰਿਵਰਤਨ, ਪਾਣੀ ਦਾ ਸੰਕਟ, ਜ਼ਮੀਨ ਦਾ ਨਿਘਾਰ, ਅਨਾਜ ਦੀ ਗੈਰ-ਭੋਜਨ ਵਰਤੋਂ, ਜੈਵਿਕ ਈਂਧਨ, ਦੇਸ਼ਾਂ ਵਿਚਕਾਰ ਜੰਗ ਆਦਿ। ਵਿਕਾਸਸ਼ੀਲ ਦੇਸ਼ਾਂ ਵਿਚ ਭੁੱਖ ਨਾਲ ਪੀੜਤ ਲੋਕਾਂ ਦੀ ਅਬਾਦੀ ਵਿਚ ਵੀ ਵਾਧਾ ਹੋ ਰਿਹਾ ਹੈ।

ਐੱਫਏਓ ਦੀ ਰਿਪੋਰਟ ਅਨੁਸਾਰ ਉੱਭਰ ਰਹੀ ਜੈਵਿਕ ਈਂਧਨ ਮਾਰਕੀਟ ਕੁਝ ਖੇਤੀਬਾੜੀ ਵਸਤਾਂ ਜਿਵੇਂ ਖੰਡ, ਮੱਕੀ, ਕਸਾਵਾ, ਤੇਲ ਬੀਜ ਅਤੇ ਪਾਮ ਤੇਲ ਦੀ ਮੰਗ ਦਾ ਇਕ ਮਹੱਤਵਪੂਰਨ ਸਰੋਤ ਹਨ। ਇਨਾਂ ਵਸਤਾਂ ਦੀ ਵਧਦੀ ਮੰਗ ਵਿਸ਼ਵ ਦੇ ਬਾਜ਼ਾਰਾਂ ਵਿਚ ਇਨਾਂ ਵਸਤਾਂ ਦੀਆਂ ਕੀਮਤਾਂ ਨੂੰ ਵਧਾਏਗੀ। ਇਹ ਅਨੁਮਾਨ ਵੀ ਲਗਾਇਆ ਗਿਆ ਹੈ ਕਿ ਬਾਇਓਫਿਊਲ ਉਤਪਾਦਨ ਆਉਣ ਵਾਲੇ ਸਾਲਾਂ ਵਿਚ ਅੰਦਾਜ਼ਨ 100 ਮਿਲੀਅਨ ਟਨ ਤੋਂ ਵੱਧ ਅਨਾਜ ਦੀ ਵਰਤੋਂ ਕਰੇਗਾ ਜੋ ਇਹ ਦਰਸਾਉਂਦਾ ਹੈ ਕਿ ਭੋਜਨ ਦੀ ਘੱਟ ਮਾਤਰਾ ਉਪਲਬਧ ਹੋਣ ਕਾਰਨ ਬਹੁਤ ਸਾਰੇ ਲੋਕਾਂ ਦੀ ਖ਼ਰੀਦ ਸ਼ਕਤੀ ਘੱਟ ਹੋ ਜਾਵੇਗੀ ਅਤੇ ਇਹ ਕੁਪੋਸ਼ਿਤ ਲੋਕਾਂ ਦੀ ਅਬਾਦੀ ਨੂੰ ਵਧਾਏਗਾ। ਗਲੋਬਲ ਹੰਗਰ ਇੰਡੈਕਸ (ਜੀਐੱਚਆਈ) ਵਿਸ਼ਵ ਪੱਧਰ ਦੇ ਨਾਲ-ਨਾਲ ਖੇਤਰ ਅਤੇ ਦੇਸ਼ ਦੁਆਰਾ ਭੁੱਖ ਨੂੰ ਮਾਪਦਾ ਹੈ। ਸੰਨ 2021 ਦਾ ਗਲੋਬਲ ਹੰਗਰ ਇੰਡੈਕਸ ਭੁੱਖਮਰੀ ਦੀ ਇਕ ਗੰਭੀਰ ਸਥਿਤੀ ਨੂੰ ਦਰਸਾਉਂਦਾ ਹੈ ਜੋ ਜਲਵਾਯੂ ਸੰਕਟ, ਕੋਵਿਡ-19 ਮਹਾਂਮਾਰੀ, ਵਧਦੇ ਗੰਭੀਰ ਅਤੇ ਲੰਬੇ ਸੰਘਰਸ਼ਾਂ ਅਤੇ ਯੁੱਧਾਂ ਦੇ ਵਿਨਾਸ਼ਕਾਰੀ ਸੁਮੇਲ ਤੋਂ ਪੈਦਾ ਹੋਣਾ ਯਕੀਨੀ ਹੈ। ਸੰਯੁਕਤ ਰਾਸ਼ਟਰ ਸੰਗਠਨ ਦੁਆਰਾ ਨਿਰਧਾਰਤ '2030 ਤੱਕ ਜ਼ੀਰੋ ਹੰਗਰ' ਦੇ ਟੀਚੇ ਨੂੰ ਪ੍ਰਾਪਤ ਕਰਨ ਵੱਲ ਪ੍ਰਗਤੀ ਬਹੁਤ ਹੌਲੀ ਹੈ। ਭਾਰਤ ਦਾ ਗਲੋਬਲ ਹੰਗਰ ਇੰਡੈਕਸ 27.5 ਹੈ ਜਿਸ ਨੂੰ ਗੰਭੀਰ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ। ਭਾਰਤ ਦਾ ਜੀਐੱਚਆਈ ਇੰਡੈਕਸ ਚੀਨ (5), ਚਿੱਲੀ 5), ਬ੍ਰਾਜ਼ੀਲ (5), ਈਰਾਨ (7.7), ਬੰਗਲਾਦੇਸ਼ (19.1), ਪਾਕਿਸਤਾਨ (24.7) ਆਦਿ ਵਰਗੇ ਦੇਸ਼ਾਂ ਦੇ ਵੀ ਮੁਕਾਬਲੇ ਗੰਭੀਰ ਵਰਗੀਕ੍ਰਿਤ ਕੀਤਾ ਗਿਆ ਹੈ। ਇਸ ਵੇਲੇ ਭਾਰਤ ਦੀ ਆਬਾਦੀ ਲਗਪਗ 1407 ਮਿਲੀਅਨ ਹੈ, ਜਿਸਦਾ 2050 ਵਿੱਚ ਵੱਧ ਕੇ 1755 ਮਿਲੀਅਨ ਹੋਣ ਦਾ ਅਨੁਮਾਨ ਲਗਾਇਆ ਜਾ ਰਿਹਾ ਹੈ। ਬਜ਼ੁਰਗ ਵਿਅਕਤੀਆਂ (60 ਸਾਲ ਤੋਂ ਵੱਧ) ਦੀ ਅਬਾਦੀ ਵਿਚ ਵੀ ਵਾਧਾ ਹੋਇਆ ਹੈ।

ਸੰਨ 1991 ਦੀ ਮਰਦਮਸ਼ੁਮਾਰੀ ਅਨੁਸਾਰ ਭਾਰਤ 'ਚ 60 ਮਿਲੀਅਨ ਬਜ਼ੁਰਗ ਸਨ। ਇਹ ਵੀ ਖ਼ੁਲਾਸਾ ਹੋਇਆ ਹੈ ਕਿ ਭਾਰਤੀ ਬਜ਼ੁਰਗ ਅਬਾਦੀ ਇਸ ਵੇਲੇ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਅਬਾਦੀ ਹੈ। ਵਧਦੀ ਬਜ਼ੁਰਗ ਅਬਾਦੀ ਲਈ ਖ਼ੁਰਾਕ ਪੂਰਕ ਵਿਕਸਤ ਕਰਨ ਦੀ ਤੁਰੰਤ ਜ਼ਰੂਰਤ ਹੈ। ਭਾਰਤ, ਚੀਨ ਤੋਂ ਬਾਅਦ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਭੋਜਨ ਉਤਪਾਦਕ ਹੈ। ਐੱਫਏਓ (ਸਟੈਟ) ਦੇ ਅਨੁਸਾਰ ਭਾਰਤ ਨੇ ਸਾਲ 2020 ਵਿਚ ਲਗਭਗ 107 ਮਿਲੀਅਨ ਟਨ ਚੌਲ ਤੇ 178 ਮਿਲੀਅਨ ਟਨ ਕਣਕ ਦਾ ਉਤਪਾਦਨ ਕੀਤਾ। ਚੌਲ ਭਾਰਤ ਦੀ ਬਹੁਗਿਣਤੀ ਅਬਾਦੀ ਦਾ ਮੁੱਖ ਭੋਜਨ ਹੈ। ਵਧਦੀ ਆਬਾਦੀ ਦੀ ਮੰਗ ਨੂੰ ਪੂਰਾ ਕਰਨ ਲਈ ਸਾਲ 2050 ਤਕ ਮੌਜੂਦਾ ਉਤਪਾਦਨ ਨਾਲੋਂ ਲਗਭਗ 25-30 ਪ੍ਰਤੀਸ਼ਤ ਜ਼ਿਆਦਾ ਅਨਾਜ ਦੇ ਉਤਪਾਦਨ ਦੀ ਜ਼ਰੂਰਤ ਹੋਵੇਗੀ। ਪਿਛਲੀ ਸਦੀ ਦੌਰਾਨ ਭੋਜਨ ਦੇ ਉਤਪਾਦਨ 'ਚ ਵੀ ਵਾਧਾ ਹੋਇਆ ਸੀ ਪਰ ਇਹ ਵਾਧਾ ਅਬਾਦੀ ਦੇ ਵਾਧੇ ਦੇ ਸਮਾਨਾਂਤਰ ਨਹੀਂ ਹੈ। ਭੋਜਨ ਦੇ ਉਤਪਾਦਨ 'ਚ ਵਾਧਾ ਆਧੁਨਿਕ ਖੇਤੀ ਤਕਨੀਕਾਂ (ਜਿਵੇਂ ਕਿ ਹਾਈਬ੍ਰਿਡ ਬੀਜ, ਖਾਦਾਂ, ਰਸਾਇਣਕ ਕੀਟਨਾਸ਼ਕਾਂ, ਆਧੁਨਿਕ ਖੇਤੀ, ਮਸ਼ੀਨਾਂ ਆਦਿ) ਨਾਲ ਸੰਭਵ ਹੋਇਆ ਹੈ।

ਹਰੀ ਕ੍ਰਾਂਤੀ ਦੀ ਸ਼ੁਰੂਆਤ ਨੇ ਅਨਾਜ ਦੇ ਉਤਪਾਦਨ ਨੂੰ 1950 'ਚ 50 ਮਿਲੀਅਨ ਟਨ ਤੋਂ 2006 'ਚ 212 ਮੀਟ੍ਰਿਕ ਟਨ ਕਰ ਕੇ ਚਾਰ ਗੁਣਾ ਤਕ ਵਧਾ ਦਿੱਤਾ ਸੀ। ਅਨਾਜ ਦੀ ਪੂਰਤੀ ਲਈ ਭਾਰਤ ਨੂੰ ਕਣਕ ਤੇ ਚੌਲ ਦੇ ਉਤਪਾਦਨ 'ਚ ਬਹੁਤ ਜ਼ਿਆਦਾ ਵਾਧਾ ਕਰਨਾ ਪਵੇਗਾ ਜੋ ਬਹੁਤ ਹੀ ਮੁਸ਼ਕਲ ਕੰਮ ਜਾਪਦਾ ਹੈ ਕਿਉਂਕਿ ਗਲੋਬਲ ਵਾਰਮਿੰਗ ਕਾਰਨ ਫ਼ਸਲਾਂ ਦਾ ਉਤਪਾਦਨ ਲਗਪਗ ਸਥਿਰ ਹੋ ਗਿਆ ਹੈ ਜਾਂ ਹੇਠਾਂ ਆ ਰਿਹਾ ਹੈ। ਪਿਛਲੀ ਸਦੀ ਦੌਰਾਨ ਆਲਮੀ ਤਾਪਮਾਨ ਵਿਚ ਵੀ ਵਾਧਾ ਹੋਇਆ ਹੈ। ਜਲਵਾਯੂ ਪਰਿਵਰਤਨ ਤੇ ਅੰਤਰ-ਸਰਕਾਰੀ ਪੈਨਲ ਨੇ ਰਿਪੋਰਟ ਦਿੱਤੀ ਹੈ ਕਿ 20ਵੀਂ ਸਦੀ ਦੇ ਮੱਧ ਤੋਂ ਵੇਖਿਆ ਗਿਆ ਤਾਪਮਾਨ ਵਿਚ ਵਾਧਾ ਮੁੱਖ ਤੌਰ 'ਤੇ ਮਨੁੱਖੀ ਗਤੀਵਿਧੀਆਂ ਦੇ ਨਤੀਜੇ ਵਜੋਂ ਗ੍ਰੀਨਹਾਊਸ ਗੈਸਾਂ ਦੇ ਵਧਣ ਕਾਰਨ ਹੋਇਆ ਹੈ ਜਿਸ ਵਿਚ ਜੈਵਿਕ ਬਾਲਣ ਸਾੜਨਾ, ਜੰਗਲਾਂ ਦੀ ਕਟਾਈ ਆਦਿ ਸ਼ਾਮਲ ਹੈ। ਮਿੱਟੀ, ਬੀਜ, ਖਾਦ ਅਤੇ ਪੌਦਿਆਂ ਦੀ ਸੁਰੱਖਿਆ ਵਰਗੇ ਕਾਰਕਾਂ ਨੂੰ ਕਾਬੂ ਕੀਤਾ ਜਾ ਸਕਦਾ ਹੈ ਪਰ ਮੌਸਮ ਜੋ ਖੇਤੀ ਉਤਪਾਦਕਾਂ ਦਾ ਮੁੱਖ ਕਾਰਨ ਹੈ, ਨੂੰ ਕਾਬੂ ਨਹੀਂ ਕੀਤਾ ਜਾ ਸਕਦਾ। ਵਾਤਾਵਰਨ 'ਚ ਤਬਦੀਲੀ ਮੁੱਖ ਕਾਰਕ ਹੋਵੇਗੀ ਜਿਸ ਨਾਲ ਅਨਾਜ ਦੇ ਉਤਪਾਦਨ 'ਚ ਕਮੀ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਜਲਵਾਯੂ ਪਰਿਵਰਤਨ ਤੇ ਖੇਤੀਬਾੜੀ ਆਪਸ 'ਚ ਜੁੜੇ ਹੋਏ ਹਨ। ਪੀਣ ਅਤੇ ਸਿੰਚਾਈ ਲਈ ਪਾਣੀ ਦੀ ਉਪਲਬਧਤਾ ਵੀ ਘਟ ਰਹੀ ਹੈ। ਇਹ ਵੀ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ 2050 ਤੱਕ ਗਲੇਸ਼ੀਅਰ ਦੁਨੀਆ ਤੋਂ ਲੋਪ ਹੋ ਜਾਣਗੇ। ਆਲਮੀ ਤਪਸ਼ ਕਾਰਨ ਬਰਫ ਪਿਘਲਣ ਨਾਲ ਲਗਾਤਾਰ ਹੜ ਆਉਣ ਤੇ ਸਮੁੰਦਰ ਦੇ ਪੱਧਰ ਵਿਚ ਵਾਧੇ ਦੀ ਸੰਭਾਵਨਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਰੂਸ ਤੇ ਯੂਕਰੇਨ ਵਿਚ ਯੁੱਧ ਅਤੇ ਹੋਰ ਵੱਖ-ਵੱਖ ਦੇਸ਼ਾਂ ਵਿਚਕਾਰ ਜੰਗ ਭੋਜਨ ਸੁਰੱਖਿਆ ਨੂੰ ਵੀ ਖ਼ਤਰੇ ਵਿਚ ਪਾਵੇਗੀ ਕਿਉਂਕਿ 26 ਤੋਂ ਵੱਧ ਦੇਸ਼ ਲਗਭਗ 50% ਕਣਕ ਦੀ ਦਰਾਮਦ ਲਈ ਇਨਾਂ ਦੋਵਾਂ ਦੇਸ਼ਾਂ 'ਤੇ ਨਿਰਭਰ ਕਰਦੇ ਹਨ। ਵਿਸ਼ਵ ਪੱਧਰ 'ਤੇ ਭੁੱਖਮਰੀ ਤੋਂ ਪ੍ਰਭਾਵਿਤ ਲੋਕਾਂ ਦੀ ਗਿਣਤੀ ਸਾਲ 2021 ਵਿਚ ਵਧ ਕੇ ਲਗਭਗ 828 ਮਿਲੀਅਨ ਤੱਕ ਪਹੁੰਚ ਗਈ ਜੋ ਸੰਯੁਕਤ ਰਾਸ਼ਟਰ ਦੀ ਰਿਪੋਰਟ ਅਨੁਸਾਰ 2020 ਤੋਂ ਤਕਰੀਬਨ 46 ਮਿਲੀਅਨ ਵੱਧ ਸੀ। ਕੋਵਿਡ-19 ਮਹਾਂਮਾਰੀ ਕਾਰਨ ਭੋਜਨ ਦੀਆਂ ਕੀਮਤਾਂ ਵਿਚ ਵਾਧੇ ਕਾਰਨ ਲਗਭਗ 3.1 ਬਿਲੀਅਨ ਲੋਕ 2020 'ਚ ਸਿਹਤਮੰਦ ਖ਼ੁਰਾਕ ਖ਼ਰੀਦਣ ਦੇ ਅਸਮੱਰਥ ਰਹੇ ਹਨ। ਜ਼ਿਆਦਾਤਰ ਦੇਸ਼ਾਂ ਦੀਆਂ ਸਰਕਾਰਾਂ ਫ਼ਲਾਂ ਅਤੇ ਸਬਜ਼ੀਆਂ ਦੇ ਮੁਕਾਬਲੇ ਮੁੱਖ ਅਨਾਜ, ਖੰਡ ਅਤੇ ਮੀਟ ਆਦਿ ਨੂੰ ਵਧੇਰੇ ਉਤਸ਼ਾਹਿਤ ਕਰਦੀਆਂ ਹਨ। ਸੰਯੁਕਤ ਰਾਸ਼ਟਰ ਸੰਗਠਨ ਦੀ ਤਾਜ਼ਾ ਰਿਪੋਰਟ ਨੇ ਸੁਝਾਅ ਦਿੱਤਾ ਹੈ ਕਿ ਸਰਕਾਰਾਂ ਨੂੰ ਪੌਸ਼ਟਿਕ ਭੋਜਨਾਂ ਦੇ ਉਤਪਾਦਨ, ਸਪਲਾਈ ਅਤੇ ਖਪਤ ਨੂੰ ਉਤਸ਼ਾਹਿਤ ਕਰਨ ਲਈ ਵਰਤੇ ਜਾਣ ਵਾਲੇ ਸਰੋਤਾਂ ਨੂੰ ਇਕ ਨਵਾਂ ਉਦੇਸ਼ ਦੇਣਾ ਚਾਹੀਦਾ ਹੈ ਜੋ ਸਿਹਤਮੰਦ ਖ਼ੁਰਾਕਾਂ ਵਧੇਰੇ ਕਿਫ਼ਾਇਤੀ ਤੇ ਸਾਰਿਆਂ ਲਈ ਬਰਾਬਰ ਬਣਾਉਣ 'ਚ ਯੋਗਦਾਨ ਪਾਉਣਗੇ। ਸਰਕਾਰ ਨੂੰ ਕੀਟਨਾਸ਼ਕ ਰਹਿਤ ਫ਼ਲਾਂ, ਸਬਜ਼ੀਆਂ ਅਤੇ ਦਾਲਾਂ ਆਦਿ ਵਰਗੇ ਪੌਸ਼ਟਿਕ ਭੋਜਨ ਦੇ ਉਤਪਾਦਨ ਅਤੇ ਵਪਾਰਕ ਰੁਕਾਵਟਾਂ ਨੂੰ ਘਟਾਉਣ ਲਈ ਲੋੜੀਂਦੇ ਕਦਮ ਚੁੱਕਣ ਦੀ ਲੋੜ ਹੈ।

ਅੰਮ੍ਰਿਤਸਰ ਟਾਈਮਜ਼
AMRITSAR TIMES

27 ਜੁਲਾਈ 2022 ਤੋਂ 02 ਅਗਸਤ 2022

# ਬਿਜਲ ਸੱਥ : ਇੱਕ ਹੋਰ ਜਹਾਨ

ਪਹਿਲਾਂ ਆਮ ਤੌਰ ’ਤੇ ਦੋ ਜਹਾਨਾਂ ਦੀ ਗੱਲ ਹੀ ਕੀਤੀ ਅਤੇ ਸੁਣੀ ਜਾਂਦੀ ਸੀ। ਨਿੱਕੇ ਹੁੰਦਿਆਂ ਤੋਂ ਹੁਣ ਤੱਕ ਇਹਨਾਂ ਦੋ ਜਹਾਨਾਂ ਦਾ ਹੀ ਜਿਕਰ ਸੁਣਨ ਨੂੰ ਮਿਲਦਾ ਰਿਹਾ ਹੈ, ਇੱਕ ਜਹਾਨ ਉਹ ਜਿੱਥੇ ਅਸੀਂ ਸਾਰੇ ਰਹਿ ਰਹੇ ਹਾਂ ਅਤੇ ਇੱਕ ਇਸ ਜਹਾਨ ਤੋਂ ਪਾਰ ਦਾ ਜਹਾਨ ਹੈ। ਇਨਾਂ ਦੋਵਾਂ ਜਹਾਨਾਂ ਬਾਰੇ ਹੀ ਬੰਦਾ ਗੱਲ ਕਰਦਾ, ਸੋਚਦਾ, ਮਹਿਸੂਸ ਕਰਦਾ ਅਤੇ ਇਸੇ ਸਮਝ ’ਚੋਂ ਆਪਣੇ ਅਮਲ ਤੈਅ ਕਰਦਾ ਸੀ। ਪਰ ਹੁਣ ਇੱਕ ਹੋਰ ਜਹਾਨ ਨੇ ਸਾਡੇ ਇਸ ਜਹਾਨ ’ਚ ਦਖਲ ਦੇ ਦਿੱਤਾ ਹੈ। ਇਸ ਜਹਾਨ ਦਾ ਮੁੱਖ ਅੰਗ ਹੈ ‘ਬਿਜਲ ਸੱਥ’ ਜਾਣੀ ਕਿ ਸੋਸ਼ਲ ਮੀਡੀਆ। ਇਸ ਨਵੇਂ ਜਹਾਨ ਨੇ ਆਪਣਾ ਘੇਰਾ ਬਹੁਤ ਰਫਤਾਰ ਨਾਲ ਬਗਲ ਲਿਆ ਹੈ, ਇਹ ਰਫਤਾਰ ਇੰਨੀ ਤੇਜ਼ ਹੈ ਕਿ ਭਵਿੱਖ ਵਿੱਚ ਇਹ ਜਹਾਨ ਹੋਰ ਵੀ ਘਾਤਕ ਅਤੇ ਨੰਗੇ ਚਿੱਟੇ ਰੂਪ ਵਿੱਚ ਆਪਣੀ ਥਾਂ ਬਣਾਉਣ ਜਾ ਰਿਹਾ ਹੈ।

ਬਿਜਲ ਸੱਥ ਦਾ ਆਪਣਾ ਇੱਕ ਸਭਿਆਚਾਰ ਹੈ, ਆਪਣੇ ਨੇਮ ਹਨ, ਆਪਣੇ ਤੌਰ-ਤਰੀਕੇ ਹਨ, ਆਪਣੀ ਚਾਲ ਹੈ, ਆਪਣੇ ਮੌਸਮ ਹਨ, ਮੌਸਮਾਂ ਦੀ ਆਪਣੀ ਉਮਰ ਹੈ ਜੋ ਕੋਈ ਪੱਕੀ ਨਹੀਂ ਹੈ, ਇਹਦੀ ਆਪਣੀ ਸੱਤਾ ਹੈ, ਸੱਤਾ ’ਤੇ ਕਾਬਜ ਹੋਣ ਦਾ ਵੀ ਆਪਣਾ ਤਰੀਕਾ ਹੈ, ਇਹਦੇ ਵੀ ਆਪਣੇ ਗੈਂਗਸਟਰ ਹਨ, ਕੁੱਲ ਮਿਲਾ ਕੇ ਇਹਦੇ ‘ਚ ਵੀ ਹਰ ਤਰਾਂ ਦੀ ਵੰਨਗੀ/ਮਹਿਕਮਾ ਹੈ ਜਿਸ ਦੀ ਕੋਈ ਭਰਤੀ ਨਹੀਂ, ਕੋਈ ਤਨਖ਼ਾਹ ਨਹੀਂ। ਕਿਸੇ ਖਾਸ ਨਿਸ਼ਾਨੇ ਲਈ ਇਸ ਥਾਂ ਨੂੰ ਵਰਤਣ ਵਾਲੇ ਭਰਤੀ ਵੀ ਕਰਦੇ ਹਨ ਅਤੇ ਤਨਖਾਹ ਵੀ ਦਿੰਦੇ ਹਨ ਪਰ ਆਮ ਹਲਾਤ ਵਿੱਚ ਇੱਥੇ ਬੰਦੇ ਦਾ ਸੁਭਾਅ ਬਿਨੇ ਕਿਸੇ ਭਰਤੀ ਤੋਂ ਆਪਣੇ ਸਬੰਧਿਤ ਮਹਿਕਮੇ ਵਿੱਚ ਉਸ ਨੂੰ ਭਰਤੀ ਕਰਵਾ ਲੈਂਦਾ ਹੈ, ਤਨਖ਼ਾਹ ਬੰਦੇ ਦੀ ਮਾਨਸਿਕਤਾ ਆਪਣੇ ਆਪ ਤੈਅ ਕਰ ਲੈਂਦੀ ਹੈ। ਉਸ ਤਨਖ਼ਾਹ ਲਈ ਫਿਰ ਉਹ ਬਿਨਾ ਕਿਸੇ ਦੇ ਕਹੇ ਆਪਣਾ ਕੰਮ ਕਰਨ ਲੱਗ ਪੈਂਦਾ ਹੈ। ਇਸ ਸਾਰੇ ਕਾਸੇ ਲਈ ਸਭ ਤੋਂ ਮਹਿੰਗਾ ਸਮਾਂ ਖਰਚਿਆ ਜਾਂਦਾ ਹੈ, ਸਭ ਤੋਂ ਕੀਮਤੀ ਆਪਣੀ ਊਰਜਾ ਖਰਚੀ ਜਾਂਦੀ ਹੈ, ਫਿਰ ਥੋੜੀ-ਬਹੁਤ ਮਾਇਆ, ਫਿਰ ਉਹ ਸੰਦ ਜਿਸ ਰਾਹੀਂ ਇਸ ਜਹਾਨ ’ਚ ਆਪਣੀ ਹਾਜ਼ਰੀ ਰੱਖਣੀ ਹੈ।

ਜਦੋਂ ਬਿਜਲ ਸੱਥ ਆਪਣੇ ਸ਼ੁਰੂਆਤੀ ਦੌਰ ’ਚ ਸੀ ਤਾਂ ਬਾਹਰ ਦੇ ਜਹਾਨ ’ਚ ਹੋਣ ਵਾਲੀ ਘਟਨਾ ਜਾਂ ਚੱਲ ਰਹੇ ਕਿਸੇ ਮਸਲੇ ਆਦਿ ਦੀ ਗੱਲ ਬਿਜਲ ਸੱਥ ’ਤੇ ਕੀਤੀ ਜਾਂਦੀ ਸੀ, ਹੁਣ ਹਲਾਤ ਇਹ ਬਣ ਗਏ ਹਨ ਕਿ ਬਿਜਲ ਸੱਥ ’ਤੇ ਜੋ ਵਾਪਰ ਰਿਹਾ ਹੈ ਉਸੇ ਦੀ ਹੀ ਗੱਲ ਬਾਹਰਲੇ ਜਹਾਨ ਵਿਚ ਵੱਧ ਚੱਲਦੀ ਰਹਿੰਦੀ ਹੈ। ਇੱਥੇ ਅੱਜ ਕੱਲ ਹਰ ਮੁੱਦਾ ਹੀ ਵਿਚਾਰਿਆ ਜਾਂਦਾ ਹੈ, ਉਹ ਗੱਲ ਵੱਖਰੀ ਹੈ ਕਿ ਇੱਥੇ ਵਿਚਾਰਨ ਦੇ ਆਪਣੇ ਨੇਮ ਹਨ। ਜੇਕਰ ਮੁੱਦਾ ਨਾ ਵੀ ਹੋਵੇ ਤਾਂ ਕਿਸੇ ਵੀ ਗੱਲ ਨੂੰ ਮੁੱਦਾ ਬਣਾ ਲਿਆ ਜਾਂਦਾ ਹੈ, ਇੱਥੇ ਮੁੱਦਿਆਂ ਦੀ ਉੱਮਰ ਬਹੁਤ ਛੋਟੀ ਹੁੰਦੀ ਹੈ, ਬਸ ਹਨੇਰੀ ਵਾਂਙ ਕੋਈ ਗੱਲ ਆਉਂਦੀ ਹੈ ਜਿਸ ’ਤੇ ਤੁਰੰਤ ਆਪਣੀਆਂ ਥਾਵਾਂ ਲੈਣੀਆਂ ਹੁੰਦੀਆਂ ਹਨ, ਬੰਦਾ ਜੇਕਰ ਆਪਣੀ ਥਾਂ ਲੈਣ ਬਾਬਤ ਜਾਂ ਆਈ ਹਨੇਰੀ ਬਾਬਤ ਸਹਿਜ ਨਾਲ ਵਿਚਾਰਨ ਲੱਗੇ ਤਾਂ ਉਸ ਤੋਂ ਬਾਅਦ ਬੰਦੇ ਦੀ ਸਾਰੀ ਊਰਜਾ ਉਸ ਗੱਲ ਨਾਲ ਰਲਣ ਵਿੱਚ ਹੀ ਲੱਗ ਜਾਂਦੀ ਹੈ। ਇੱਥੇ ਬੰਦੇ ਦੀ ਹਾਜ਼ਰੀ ਹੀ ਉਸ ਦਾ ਵਜ਼ੂਦ ਬਣੀ ਹੋਈ ਹੈ ਇਸੇ ਲਈ ਇੱਥੇ ਬੰਦੇ ਝੱਟ-ਪੱਟ ਆਪਣੀਆਂ ਥਾਵਾਂ ਲੈ ਲੈਂਦੇ ਹਨ। ਹੁਣ ਤਾਂ ਗੱਲ ਇੱਥੇ ਵੀ ਅੱਪੜ ਗਈ ਹੈ ਕਿ ਇਸ ਜਹਾਨ ’ਚ ਬੰਦੇ ਨੇ ਇੱਕ ਦਫ਼ਾ ਜਿਹੜੀਆਂ ਥਾਵਾਂ ਮੱਲ ਲਈਆਂ ਓਹਦੇ ਤੋਂ ਬਾਅਦ ਜੇਕਰ ਇਹ ਪਤਾ ਵੀ ਲੱਗ ਜਾਵੇ ਕਿ ਫੈਸਲਾ ਗਲਤ ਲੈ ਹੋ ਗਿਆ ਤਾਂ ਬੰਦੇ ਨੂੰ ਵਾਪਸ ਮੁੜਨਾ ਵੀ ਮਿੱਟੀ ਹੋਣ ਬਰਾਬਰ ਲੱਗਣ ਲੱਗ ਪੈਂਦਾ ਹੈ। ਜੇ ਇਹ ਨਾ ਵੀ ਲੱਗੇ ਤਾਂ ਇਸ ਪਾਸੇ ਖੜੇ ਵੱਡੇ ਹਿੱਸੇ ਤੋਂ ਭੈਅ ਆਉਣ ਲੱਗ ਪੈਂਦਾ ਹੈ, ਇਸ ਗੇੜ ਨੇ ਬੰਦੇ ਇੰਨੇ ਉਲਝਾ ਲਏ ਹਨ ਕਿ ਉਹ ਨਿੱਜੀ ਤੌਰ ’ਤੇ ਜਿਸ ਗੱਲ ਨਾਲ ਪੂਰੀ ਤਰਾਂ ਸਹਿਮਤ ਨਹੀਂ ਹੁੰਦੇ ਜਾਂ ਵੱਖਰੀ ਰਾਇ ਰੱਖਦੇ ਹਨ ਉਸ ਗੱਲ ਨਾਲ ਵੀ ਉਹਨਾਂ ਨੂੰ ਬਿਜਲ ਸੱਥ ’ਤੇ ਸਹਿਮਤ ਹੋਣਾ ਪੈ ਜਾਂਦਾ ਹੈ। ਇਸੇ ਚੱਕਰ ਵਿਚ ਦਲੀਲਾਂ ਦਾ ਪੱਧਰ ਦਿਨ ਪਰ ਦਿਨ ਹੇਠਾਂ ਨੂੰ ਆ ਰਿਹਾ ਹੈ। ਇਸ ਸਭ ਕਾਸੇ ਨੇ ਬਹੁਤ ਪਵਿੱਤਰ ਚੀਜ਼ਾਂ ਦੇ ਅਦਬ ਅਤੇ ਸਮਝ ਨੂੰ ਰੋਲਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ।

ਇੱਥੇ ਇੰਨਾ ਕੁਝ ਕੀਮਤੀ ਖਰਚਿਆ ਜਾ ਰਿਹਾ ਹੈ, ਇਸ ਲਈ ਇਹ ਵੀ ਸਪੱਸ਼ਟ ਹੈ ਕਿ ਇਹ ਅਜਾਈਂ ਤਾਂ ਨਹੀਂ ਖਰਚਿਆ ਜਾਂਦਾ ਹੋਵੇਗਾ। ਬਿਲਕੁਲ, ਅਜਾਈਂ ਕੁਝ ਨਹੀਂ ਖਰਚਿਆ ਜਾਂਦਾ। ਜਿਹੜੀ ਗੱਲ ਉੱਪਰ ਕੀਤੀ ਹੈ ਕਿ ਇੱਥੇ ਤਨਖ਼ਾਹ ਬੰਦੇ ਦੀ ਮਾਨਸਿਕਤਾ ਆਪਣੇ ਆਪ ਤੈਅ ਕਰ ਲੈਂਦੀ ਹੈ, ਉਹ ਇਹੀ ਹੈ ਕਿ ਇਸ ਵਿੱਚੋ ਲਾਹਾ ਕੀ ਲੈਣਾ ਹੈ ਉਹ ਬੰਦੇ ਦਾ ਸੁਭਾਅ, ਓਹਦੀ ਮਾਨਸਿਕਤਾ, ਓਹਦੀ ਗੰਭੀਰਤਾ ਅਤੇ ਓਹਦੀ ਦੂਰ-ਅੰਦੇਸ਼ੀ ’ਤੇ ਨਿਰਭਰ ਕਰਦਾ ਹੈ। ਜਿਹਨਾਂ ਨੂੰ ਮੁੱਦਿਆਂ ਦਾ ਸਵਾਦ ਪੈ ਜਾਵੇ, ਇੱਕ ਦੂਜੇ ਨੂੰ ਜਿੱਤਣ ਹਰਾਉਣ ਦਾ ਸਵਾਦ ਪੈ ਜਾਵੇ, ਉਹਦੇ ਲਈ ਭਾਵੇਂ ਉਹ ਆਪਣੀਆਂ ਸਭ ਤੋਂ ਪਵਿੱਤਰ ਕਦਰਾਂ ਕੀਮਤਾਂ ਦਾਅ ’ਤੇ ਲਾ ਦੇਣ ਤੇ ਸਭ ਤੋਂ ਖਤਰਨਾਕ ਇਹ ਕਿ ਦਾਅ ’ਤੇ ਲੱਗੀਆਂ ਕਦਰਾਂ ਕੀਮਤਾਂ ਦਾ ਅਹਿਸਾਸ ਵੀ ਖ਼ਤਮ ਹੋ ਜਾਵੇ, ਫਿਰ ਉਹ ਜਿਹੋ ਜਿਹਾ ਬੀਜਦੇ ਹਨ ਉਹੋ ਜਿਹਾ ਹੀ ਵੱਢਣਗੇ, ਤੇ ਵੱਢ ਵੀ ਰਹੇ ਨੇ। ਕੱਢਣ ਵਾਲਿਆਂ ਨੇ ਇੱਥੋਂ ਬਹੁਤ ਕੁਝ ਕੱਢਿਆ ਹੈ, ਪ੍ਰਤੱਖ ਉਦਾਹਰਣਾਂ ਪਈਆਂ ਸਾਡੇ ਸਾਹਮਣੇ। ਗੱਲ ਇਸ ਥਾਂ ਨੂੰ ਵਰਤਣ ਦੀ ਵਿਧੀ ਦੀ ਹੈ, ਇਸੇ ਨੇ ਹੀ ਅਗਲੀ ਸਾਰੀ ਖੇਡ ਕਾਬੂ ਕਰਨੀ ਹੁੰਦੀ ਹੈ।

ਹੁਣ ਅਗਲੀ ਗੱਲ ‘ਮੈਟਾਵਰਸ’ ਦੀ ਹੋ ਰਹੀ ਹੈ, ਜੋ ਇਸ ਨਵੇਂ ਜਹਾਨ ਦੇ ਹੋਰ ਖਤਰਨਾਕ ਹੋਣ ਦਾ ਸੰਕੇਤ ਦੇ ਰਹੀ ਹੈ। ਪਰ ਅਸਲ ਗੱਲ ਸਮਝਣ ਵਾਲੀ ਤਾਂ ਇਹ ਹੈ ਕਿ ਹੁਣ ਵੀ ਤਾਂ ਬੰਦੇ ਉਸੇ ਬਨਾਉਟੀ ਦੁਨੀਆਂ ’ਚ ਜਿਉਣ ਲੱਗ ਪਏ ਹਨ ਜਿਸ ਦਾ ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ। ਬਿਜਲ ਸੱਥ ਦਾ ਮਜੂਦਾ ਚਲਣ ਮੈਟਾਵਰਸ ਤੋਂ ਕਿੰਨਾ ਕੁ ਉਰੇ ਹੈ ? ਸਾਡੇ ਕਿੰਨੇ ਹਿੱਸੇ ਲਈ ਉਰੇ ਹੈ ? ਇਹ ਗੱਲ ਕਿਸੇ ਇੱਕ ਲਿਖਤ, ਇੱਕ ਭਾਸ਼ਣ ਜਾਂ ਇੱਕ ਗੱਲਬਾਤ ’ਚ ਕਰਨ ਵਾਲੀ ਤਾਂ ਨਹੀਂ ਹੈ, ਇੱਥੇ ਵੀ ਬਸ ਕੁਝ ਗੱਲਾਂ ਵੱਲ ਇਸ਼ਾਰੇ ਹੀ ਕੀਤੇ ਹਨ ਪਰ ਸਾਨੂੰ ਜਰੂਰ ਗੰਭੀਰਤਾ ਨਾਲ ਇਸ ਨੁਕਤੇ ਨੂੰ ਵਿਚਾਰਨ ਦੇ ਰਾਹ ਪੈਣਾ ਚਾਹੀਦਾ ਹੈ।

# ਕਮਰ ਤੋੜੀ ਪੰਜਾਬ ਦੀ ਕੋਝੀਆਂ ਸਿਆਸੀ ਚਾਲਾਂ ਨੇ



ਗੁਰਮੀਤ ਸਿੰਘ ਪਲਾਹੀ
9815802070

ਆਰ.ਬੀ.ਆਈ. (ਰਿਜ਼ਰਵ ਬੈਂਕ ਆਫ ਇੰਡੀਆ) ਨੇ ਇੱਕ ਰਿਪੋਰਟ ਛਾਇਆ ਕੀਤੀ ਹੈ। ਇਸ ਵਿੱਚ ਦੱਸਿਆ ਗਿਆ ਹੈ ਕਿ ਦੇਸ਼ ਦੇ ਦਸ ਰਾਜਾਂ ਦੀ ਆਰਥਿਕ ਸਥਿਤੀ ਡਾਵਾਂਡੋਲ ਹੈ, ਕਿਉਂਕਿ ਉਨਾਂ ਦਾ ਵਿੱਤੀ ਕਰਜ਼ਾ ਅਤੇ ਰਾਜ ਦੇ ਜੀ.ਡੀ.ਪੀ. ਦਾ ਅਨੁਪਾਤ ਬਹੁਤ ਜ਼ਿਆਦਾ ਵੱਧ ਗਿਆ ਹੈ। ਇਹ ਰਾਜ ਹਨ ਰਾਜਸਥਾਨ, ਬਿਹਾਰ, ਝਾਰਖੰਡ, ਪੱਛਮੀ ਬੰਗਾਲ, ਕੇਰਲ, ਉੱਤਰ ਪ੍ਰਦੇਸ਼, ਹਰਿਆਣਾ, ਮੱਧ ਪ੍ਰਦੇਸ਼, ਆਂਧਰਾ ਪ੍ਰਦੇਸ਼ ਅਤੇ ਪੰਜਾਬ। ਇਸ ਸਰਵੇ ਅਨੁਸਾਰ ਪੰਜਾਬ ਦੀ ਵਿੱਤੀ ਸਥਿਤੀ ਬਹੁਤ ਹੀ ਖਰਾਬ ਹੈ। ਪਹਿਲਾ ਨੰਬਰ ਹੈ ਪੰਜਾਬ ਦਾ ਮਾੜੀ ਆਰਥਿਕ ਸਥਿਤੀ ਦੇ ਮਾਮਲੇ ’ਤੇ।

ਪੰਜਾਬ ਸਿਰ ਇਸ ਵੇਲੇ ਤਿੰਨ ਲੱਖ ਕਰੋੜ ਤੋਂ ਵੱਧ ਦਾ ਕਰਜ਼ਾ ਹੈ। ਜੋ ਲਗਾਤਾਰ ਵੱਧ ਰਿਹਾ ਹੈ। ਇਸ ਕਰਜ਼ੇ ਦੇ ਵਿਆਜ਼ ਦਾ ਭੁਗਤਾਨ ਪੰਜਾਬ ਨੂੰ ਹਰ ਵਰੇ ਕਰੋੜਾਂ ਰੁਪਏ ’ਚ ਕਰਨਾ ਪੈਂਦਾ ਹੈ ਜੋ ਸੂਬੇ ਪੰਜਾਬ ਦੀ ਕੁਲ ਕਮਾਈ ਵਿਚੋਂ 10 ਫ਼ੀਸਦੀ ਤੋਂ ਵੱਧ ਦਾ ਹੈ । ਪੰਜਾਬ ਦੀ ਇਸ ਭੈੜੀ ਸਥਿਤੀ ਦਾ ਕਾਰਨ ਅੰਕੜਿਆਂ ਅਨੁਸਾਰ ਮੁਫ਼ਤ ਵਿੱਚ ਦਿੱਤੀਆਂ ਜਾਣ ਵਾਲੀਆਂ ਵੱਖੋ-ਵੱਖਰੀਆਂ ਸੁਵਿਧਾਵਾਂ (ਬਿਜਲੀ, ਪਾਣੀ ਆਦਿ) ਜੋ ਰਾਜ ਦੇ ਜੀ.ਡੀ.ਪੀ. ਦਾ 25.6 ਪ੍ਰਤੀਸ਼ਤ ਅਤੇ ਵਿੱਤੀ ਆਮਦਨ ਦਾ 17.8 ਪ੍ਰਤੀਸ਼ਤ ਹੈ, ਨੂੰ ਮੰਨਿਆ ਜਾ ਰਿਹਾ ਹੈ। ਇਹ ਅੰਕੜਾ ਆਰਥਿਕ ਵਿਕਾਸ ਦੇ ਮੋਰਚੇ ਉਤੇ ਚਿੰਤਾ ਅਤੇ ਘਬਰਾਹਟ ਦਾ ਇੱਕ ਸੂਚਕ ਹੈ, ਮੰਨਿਆ ਜਾ ਰਿਹਾ ਹੈ ਕਿ ਪੰਜਾਬ ਇਨਾਂ ਦਿਨਾਂ ’ਚ ਮੁਫ਼ਤ ਵਿੱਚ ਦਿੱਤੀਆਂ ਜਾਣ ਵਾਲੀਆਂ ਸੁਵਿਧਾਵਾਂ(ਬਿਜਲੀ, ਪਾਣੀ ਆਦਿ) ਦੇ ਕਾਰਨ ਬਹੁਤ ਚਰਚਾ ਵਿੱਚ ਹੈ।

ਆਰਥਿਕ ਵਿਕਾਸ ਦੀਆਂ ਨੀਤੀਆਂ ਉਸ ਵੇਲੇ ਆਪਣੇ ਰਸਤੇ ਤੋਂ ਭਟਕ ਜਾਂਦੀਆਂ ਹਨ ਜਦ ਉਨਾਂ ਵਿੱਚ ਸਿਆਸੀ ਸੋਚ ਅਤੇ ਉਸ ਦੇ ਫ਼ਾਇਦੇ ਵਾਲੀ ਸਿਆਸਤ ਭਾਰੂ ਹੋ ਜਾਂਦੀ ਹੈ। ਇਸ ਵੇਲੇ ਪੰਜਾਬ ਦੀ ਹਾਕਮ ਧਿਰ ਕਰਜ਼ਾ ਚੁੱਕਕੇ ਜੋ ਰਿਆਇਤਾਂ ਦੀ ਰਾਜਨੀਤੀ ਕਰ ਰਹੀ ਹੈ, ਇਸਦਾ ਫਾਇਦਾ ਦੂਜੇ ਰਾਜ ਵਿੱਚ ਹੋਣ ਵਾਲੀਆਂ ਚੋਣਾਂ (ਖ਼ਾਸ ਕਰਕੇ ਗੁਜਰਾਤ, ਹਿਮਾਚਲ) ਲਈ ਪੰਜਾਬ ਦੇ ਖ਼ਰਚੇ ’ਤੇ ਵੱਡੇ-ਵੱਡੇ ਇਸ਼ਤਿਹਾਰ ਜਾਰੀ ਕਰਕੇ ਲਿਆ ਜਾ ਰਿਹਾ ਹੈ। ਭਾਵੇਂ ਕਿ ਪਹਿਲੇ ਹਾਕਮਾਂ ਨੇ ਵੀ ਸਰਕਾਰੀ ਖਜ਼ਾਨੇ ਦੀਆਂ ਫੱਕੀਆਂ ਉਡਾਉਣ ’ਚ ਕੋਈ ਕਸਰ ਨਹੀਂ ਸੀ ਛੱਡੀ।

ਜਦੋਂ ਆਰਥਿਕ ਵਿਕਾਸ ਦੀਆਂ ਨੀਤੀਆਂ ਮੁੱਖ ਧਾਰਾ ਤੋਂ ਥਿੜਕ ਜਾਂਦੀਆਂ ਹਨ, ਉਸਦਾ ਅਸਰ ਗਰੀਬ ਵਿਅਕਤੀ ਦੀ ਰੋਟੀ, ਰੋਜ਼ੀ ਉਤੇ ਪੈਂਦਾ ਹੈ। ਰੁਜ਼ਗਾਰ ਖੁਸ ਜਾਂਦਾ ਹੈ, ਰੋਟੀ ਦੇ ਲਾਲੇ ਪੈ ਜਾਂਦੇ ਹਨ। ਇਸ ਨਾਲ ਆਰਥਿਕ ਸਥਿਤੀਆਂ ’ਚ ਉਲਟ ਫੇਰ ਹੋਣ ਲਗਦਾ ਹੈ। ਪਿਛਲੇ ਸਮੇਂ ’ਚ ਸਿਆਸੀ ਮੋਰਚੇ ਉਤੇ ਜੋ ਸਿਆਸੀ ਸੋਚ ਪੈਦਾ ਹੋਈ ਹੈ, ਉਸ ਅਨੁਸਾਰ ਸੱਤਾ ਧਿਰ ਦੇ ਹਾਕਮ ਕਲਿਆਣਕਾਰੀ, ਲੋਕ ਲੁਭਾਊ ਯੋਜਨਾਵਾਂ ਨਾਲ ਆਪਣੀ ਕੁਰਸੀ ਪੱਕੀ ਕਰਨ ਦੇ ਆਹਰ ਵਿੱਚ ਹਨ। ਜਿਸਦਾ ਮੁੱਖ ਅਧਾਰ ਕੁਝ ਚੀਜ਼ਾਂ ਅਤੇ ਸੇਵਾਵਾਂ ਨੂੰ ਮੁਫ਼ਤ ਵਿੱਚ ਗਰੀਬਾਂ ਨੂੰ ਵੰਡਣਾ ਹੈ। ਬਹੁਤੀ ਵੇਰ ਮੁਫ਼ਤ ਵੰਡਣ ਅਤੇ ਰਿਆਇਤਾਂ ਦੀ ਰਾਜਨੀਤੀ ਆਰਥਿਕ ਬਦਹਾਲੀ ਦਾ ਕਾਰਨ ਵੀ ਬਣਦੀ ਹੈ। ਮਨੁੱਖੀ ਸੋਚ ਨੂੰ ਖੁੰਢਾ ਵੀ ਕਰਦੀ ਹੈ।

ਭਾਵੇਂ ਕਿ ਇਸ ਤੱਥ ਤੋਂ ਮੂੰਹ ਨਹੀਂ ਫੇਰਿਆ ਜਾ ਸਕਦਾ ਕਿ ਸਾਡੇ ਲੋਕਤੰਤਰ ਵਿੱਚ ਜਨ ਕਲਿਆਣ ਪ੍ਰਮੁੱਖ ਹੈ। ਇਸਦਾ ਉਦੇਸ਼ ਸਮਾਜ ਦਾ ਆਰਥਿਕ ਵਿਕਾਸ ਕਰਨਾ ਹੈ, ਪਰ ਉਸਦੇ ਨਾਲ-ਨਾਲ ਇਸਦਾ ਉਦੇਸ਼ ਵੱਧ ਤੋਂ ਵੱਧ ਸਹੂਲਤਾਂ ਗਰੀਬ ਤਬਕੇ ਨੂੰ ਦੇਣਾ ਹੈ। ਇਸ ਲਈ ਮੁਫ਼ਤ ਵੰਡਣ ਦੀ ਸੋਚ ਇਸ ਸੰਦਰਭ ਵਿੱਚ ਜਾਇਜ਼ ਵੀ ਦਿਖਦੀ ਹੈ। ਵਸਤੂਆਂ ਅਤੇ ਸੇਵਾਵਾਂ ਨੂੰ ਸਬਸਿਡੀ ਦੇਣਾ ਜ਼ਰੂਰੀ ਵੀ ਹੈ। ਇਸ ਵਿੱਚ ਖੇਤੀ ਖੇਤਰ ਪ੍ਰਮੁੱਖ ਹੈ। ਇਸੇ ਤਰਾਂ ਦਲਿਤ ਵਰਗ ਦਾ ਵਿਕਾਸ ਵੀ ਪ੍ਰਮੁੱਖ ਹੈ। ਪਰ ਇਸ ਸਭ ਕੁਝ ਉਤੇ ਜਦੋਂ ਸਿਆਸੀ ਸੋਚ ਭਾਰੂ ਹੋ ਜਾਂਦੀ ਹੈ, ਲੋੜੋਂ ਵੱਧ ਰਿਆਇਤਾਂ ਦੇ ਕੇ, ਕੰਮ ਤੇ ਰੁਜ਼ਗਾਰ ਨਾ ਦੇ ਕੇ, ਸਿਰਫ਼ ਲੋਕ ਲੁਭਾਉਣੀਆਂ ਰਿਆਇਤਾਂ ਦੇਣ ਦਾ ਕਰਮ ਪ੍ਰਮੁੱਖ ਬਣ ਜਾਂਦਾ ਹੈ, ਉਸ ਵੇਲੇ ਸੂਬਾ, ਦੇਸ਼ ਕਰਜ਼ਾਈ ਹੁੰਦਾ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਸਿਹਤ, ਸਿੱਖਿਆ, ਬੁਨਿਆਦੀ ਢਾਂਚੇ ਉਤੇ ਕੀਤੇ ਜਾਣ ਵਾਲੇ ਖ਼ਰਚ ’ਚ ਕਮੀ ਕਰਕੇ ਮੁਫ਼ਤ ਯੋਜਨਾਵਾਂ ਲਾਗੂ ਕੀਤੀਆਂ ਜਾ ਰਹੀਆਂ ਹਨ। ਇਸ ਹਾਲਤ ਵਿੱਚ ਨਜਾਇਜ਼ ਰਿਆਇਤਾਂ ਕਿਸੇ ਤਰਾਂ ਵੀ ਵਾਜਿਬ ਨਹੀਂ ਠਹਿਰਾਈਆਂ ਜਾ ਸਕਦੀਆਂ। ਪੰਜਾਬ ਪ੍ਰਮੁੱਖ ਤੌਰ ’ਤੇ ਵੋਟ ਰਾਜਨੀਤੀ ਲਈ ਰਿਆਇਤਾਂ ਦੇਣ ਵਿਚ ਮੋਹਰੀ ਬਣਿਆ ਦਿਸਦਾ ਹੈ।

ਇੱਕ ਹੋਰ ਪੱਖ ਵੀ ਪੰਜਾਬ ਲਈ ਸੁਖਾਵਾਂ ਨਹੀਂ ਹੈ, ਉਹ ਇਹ ਕਿ ਰਾਜ ਦਾ ਵਿੱਤੀ ਘਾਟਾ ਲਗਾਤਾਰ ਵੱਧ ਰਿਹਾ ਹੈ, ਹਰ ਨਵਾਂ ਬਜ਼ਟ ਕਰ ਰਹਿਤ ਬਣਾਇਆ ਜਾ ਰਿਹਾ ਹੈ। ਮਤਲਬ ਸਪੱਸ਼ਟ ਹੈ ਕਿ ਕਮਾਈ ਅਤੇ ਖ਼ਰਚ ਦੇ ਵਿਚਕਾਰ ਫਰਕ ਵੱਡਾ ਹੋ ਰਿਹਾ ਹੈ। ਇਹ ਫ਼ਰਕ ਪੰਜਾਬ ਵਿੱਚ 2020-21 ਦੇ ਪੰਦਰਵੇਂ ਵਿੱਤ ਆਯੋਗ ਵਲੋਂ ਨਿਸ਼ਚਿਤ ਕੀਤੇ ਗਏ ਘਾਟਾ ਸਤਰ ਤੋਂ ਉਪਰ ਹੋ ਗਿਆ। ਦੂਜੇ ਪਾਸੇ ਪੰਜਾਬ ’ਚ ਟੈਕਸਾਂ ਦੀ ਉਗਰਾਹੀ ਸਹੀ ਢੰਗ ਨਾਲ ਨਹੀਂ ਹੋ ਰਹੀ, ਸਗੋਂ ਟੈਕਸ ਇਕੱਠਾ ਕਰਨ ਵਿਚ ਕਮੀ ਹੋ ਰਹੀ ਹੈ, ਜੋ ਕਿ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ। ਕਿਉਂਕਿ ਪੰਜਾਬ ਦਾ ਖੁਦ ਦਾ ਕਰ ਸੰਗ੍ਰਹਿ ਪਿਛਲੇ ਪੰਜ ਸਾਲਾਂ ਤੋਂ ਕੁਲ ਕਰ ਸੰਗ੍ਰਹਿ ਦਾ ਸਿਰਫ 23.5 ਪ੍ਰਤੀਸ਼ਤ ਹੈ, ਜਦਕਿ ਕੇਂਦਰ ਉਤੇ ਇਸਦੀ ਨਿਰਭਰਤਾ 75 ਫੀਸਦੀ ਹੈ, ਜੋ ਨਿਰੰਤਰ ਵਧਦੀ ਜਾ ਰਹੀ ਹੈ ਤੇ ਕੇਂਦਰ ਪੰਜਾਬ ਉਤੇ ਕਬਜ਼ਾ ਤਾਂ ਕਰਨਾ ਚਾਹੁੰਦਾ ਹੈ ਪਰ ਇਸ ਵੇਲੇ ਇਸਦੇ ਪੱਲੇ ਕੁਝ ਨਹੀਂ ਪਾ ਰਿਹਾ। ਅਤੇ ਨਾ ਹੀ ਡਿਗਦੇ ਢਹਿੰਦੇ ਪੰਜਾਬ ਨੂੰ ਠੁੰਮਣਾ ਦੇ ਰਿਹਾ ਹੈ।

ਪੰਜਾਬ ਵਿੱਚ ਤਨਖਾਹਾਂ, ਪੈਨਸ਼ਨਾਂ ਅਤੇ ਵਿਆਜ਼ ਦਾ ਵੱਡਾ ਬੋਝ ਹੈ ਇਸ ਨਾਲ ਵਿਕਾਸ ਦੀਆ ਯੋਜਨਾਵਾਂ ਲਈ ਪੈਸਾ ਬਹੁਤ ਘੱਟ ਰਹਿੰਦਾ ਹੈ। ਕਰੋਨਾ ਦੀ ਮਾਰ ਨਾਲ ਵੀ ਪੰਜਾਬ ਦਾ ਵੱਡਾ ਨੁਕਸਾਨ ਹੋਇਆ ਹੈ। ਸਿਆਸੀ ਲੋਕ ਆਰਥਿਕ ਸਥਿਤੀ ਸੁਧਾਰਨ ਲਈ ਇਕੋ ਇੱਕ ਤੋੜ ਸ਼ਰਾਬ ਦੀ ਵਿਕਰੀ ’ਚ ਵਾਧੇ ਨਾਲ ਕਮਾਏ ਧਨ ਨੂੰ ਸਮਝਦੇ ਹਨ। ਪੰਜਾਬ ਵਿਚ ਵੀ ਇਹੋ ਹੋ ਰਿਹਾ ਹੈ। ਪੰਜਾਬ ਉਂਜ ਹੀ ਨਸ਼ਿਆਂ ਦੀ ਮਾਰ ਹੇਠ ਹੈ, ਉਪਰੋਂ ਸਸਤੀ ਮਿਲ ਰਹੀ ਸ਼ਰਾਬ ਇਸਦੇ ਸਮਾਜਿਕ ਪੱਖਾਂ ਉਤੇ ਬਹੁਤ ਮਾਰੂ ਅਸਰ ਪਾ ਰਹੀ ਹੈ।

ਪੰਜਾਬ ਕਦੇ ਹਰਿਆ-ਭਰਿਆ, ਵਿਕਸਤ ਅਤੇ ਦੇਸ਼ ਦਾ ਮੋਹਰੀ ਸੂਬਾ ਗਿਣਿਆ ਜਾਂਦਾ ਸੀ। ਅੱਜ ਅਜ਼ਾਦੀ ਦੇ 75ਵੇਂ ਵਰੇ ਵਿਚ ਇਸਦੇ ਵਿਕਾਸ ਨੂੰ ਹੀ ਖੋਰਾ ਨਹੀਂ ਲੱਗਾ ਇਸਦਾ ਅਕਸ ਵੀ ਕਈ ਕਾਰਨਾਂ ਕਾਰਨ ਧੁੰਦਲਾ ਹੋਇਆ ਹੈ। ਰਾਜ ਦੀ ਵਿਗੜਦੀ ਆਰਥਿਕ ਸਥਿਤੀ ਦੇ ਮੱਦੇਨਜ਼ਰ ਕੋਈ ਵੀ ਵਿਦੇਸ਼ੀ ਨਿਵੇਸ਼ਕ ਪੰਜਾਬ ’ਚ ਨਿਵੇਸ਼ ਕਰਨ ਲਈ ਤਿਆਰ ਨਹੀਂ । ਕੁਝ ਸਮਾਂ ਪਹਿਲਾਂ ਪੰਜਾਬ ’ਚ ਪ੍ਰਵਾਸੀ ਪੰਜਾਬੀਆਂ ਨੇ ਆਪਣੇ ਕਾਰੋਬਾਰ ਖੋਲਣ ਲਈ ਪਹਿਲਕਦਮੀ ਕੀਤੀ ਪਰ ਸਿਆਸੀ ਕੰਗਾਲਪੁਣੇ ਅਤੇ ਰਿਸ਼ਵਤਖੋਰੀ ਨੇ ਉਹਨਾ ਦੇ ਪੈਰ ਨਹੀਂ ਲੱਗਣ ਦਿੱਤੇ ਅਤੇ ਉਹ ਆਪਣੇ ਕਾਰੋਬਾਰ ਸਮੇਟਣ ਲਈ ਮਜ਼ਬੂਰ ਹੋ ਗਏ ਜਾਂ ਕਰ ਦਿੱਤੇ ਗਏ। ਪੰਜਾਬ ’ਚ ਬੇਰੁਜ਼ਗਾਰੀ ਵਧਣ ਨਾਲ ਪੰਜਾਬ ਦੀ ਨੌਜਵਾਨੀ ਪ੍ਰਵਾਸ ਦੇ ਰਾਹ ਤੁਰ ਪਈ ਹੈ। ਮਾਫੀਏ ਅਤੇ ਗੈਂਗਸਟਰਾਂ ਦਾ ਡਰ ਲੋਕਾਂ ਨੂੰ ਸਤਾਉਂਦਾ ਹੈ, ਅਮਨ ਕਾਨੂੰਨ ਦੀ ਸਥਿਤੀ ਲਗਾਤਾਰ ਵਿਗੜਦੀ ਦਿਸਦੀ ਹੈ, ਰੰਗਲਾ ਪੰਜਾਬ ਗੰਧਲਾ ਪੰਜਾਬ ਬਣਦਾ ਜਾ ਰਿਹਾ ਹੈ। ਸੂਬੇ ਲਈ ਸਿਆਸੀ ਅਸਥਿਰਤਾ ਪੈਦਾ ਕਰਨ ਲਈ ‘ਵੱਡੇ ਹਾਕਮਾਂ’ ਉਤੇ ‘ਵੱਡੇ ਦੋਸ਼’ ਲੱਗ ਰਹੇ ਹਨ, ਪੰਜਾਬ ਆਰਥਿਕ ਪੱਖੋਂ ਵੀ, ਸਮਾਜਿਕ ਪੱਖੋਂ ਵੀ ਅਤੇ ਸਿਆਸੀ ਤੌਰ ’ਤੇ ਵੀ ਨਿਵਾਣਾਂ ਵੱਲ ਜਾ ਰਿਹਾ ਹੈ।

ਪਿਛਲੇ 75 ਵਰਿਆਂ ’ਚ ਪੰਜਾਬ ਦੀ ਕਮਰ ਸਮੇਂ-ਸਮੇਂ ’ਤੇ ਭੰਨਣ ਦਾ ਯਤਨ ਹੋਇਆ, ਇਸਦੀ ਆਰਥਿਕਤਾ ਤਬਾਹ ਕਰਨ ਦਾ ਅਮਲ ਲਗਾਤਾਰ ਜਾਰੀ ਰਿਹਾ। 18 ਜੁਲਾਈ 1947 ਨੂੰ ਪੰਜਾਬ ਦੀ ਵੰਡ ਦੇ ਅੰਗਰੇਜ਼ ਹਾਕਮਾਂ ਹੁਕਮ ਜਾਰੀ ਕੀਤੇ, ਜਿਸਦੇ ਸਿੱਟੇ ਵਜੋਂ ਫਿਰਕੂ ਫਸਾਦ ਹੋਏ, ਪੰਜਾਬੀ ਬੋਲਦੇ ਲੱਖਾਂ ਨਿਮਾਣੇ, ਨਿਤਾਣੇ, ਮਾਸੂਮ 10 ਮਿਲੀਅਨ ਤੋਂ ਵੀ ਵੱਧ ਲੋਕ, ਨਵੀਆਂ ਸਰਹੱਦਾਂ ਬਨਣ ਕਾਰਨ ਉਜਾੜੇ ਦਾ ਸ਼ਿਕਾਰ ਹੋਏ। ਲੱਖਾਂ ਲੋਕ ਕਤਲ ਕਰ ਦਿੱਤੇ ਗਏ। ਕਈ ਬਿਲੀਅਨ ਡਾਲਰਾਂ ਦਾ ਨੁਕਸਾਨ ਇਸ ਪੰਜਾਬ ਦੀ ਧਰਤੀ ਨੂੰ ਆਪਣੇ ਲੋਕਾਂ ਦੀਆਂ ਜਾਇਦਾਦਾਂ ਗੁਆਕੇ ਝੱਲਣਾ ਪਿਆ। ਇਹ ਪੰਜਾਬੀਆਂ ਦੇ ਉਜਾੜੇ ਦਾ, ਅਜ਼ਾਦੀ ਦਾ ਇੱਕ ਤੋਹਫਾ, ਪੰਜਾਬੀਆਂ ਦੇ ਪੱਲੇ ਪਿਆ। ਇਹ ਪੰਜਾਬ ਦੀ ਆਰਥਿਕਤਾ ਉਤੇ ਇਕ ਵੱਡੀ ਸੱਟ ਸੀ।

ਪੰਜਾਬੀ ਸੂਬੇ ਦੀ ਸਥਾਪਨਾ ਨੇ ਪੰਜਾਬ ਟੋਟੇ-ਟੋਟੇ ਕੀਤਾ। ਚੰਡੀਗੜ ਪੰਜਾਬ ਤੋਂ ਖੋਹਿਆ। ਪੰਜਾਬ ਦੇ ਦਰਿਆਈ ਪਾਣੀਆਂ ਉੱਤੇ ਡਾਕਾ ਮਾਰਿਆ ਗਿਆ। ਅੰਤਰਰਾਸ਼ਟਰੀ ਰਿਪੇਰੀਅਨ ਕਾਨੂੰਨ ਨੂੰ ਅੱਖੋਂ-ਪਰੋਖੇ ਕਰਕੇ ਦਰਿਆਈ ਪਾਣੀਆਂ ਦੀ ਵੰਡ ਕਰ ਦਿੱਤੀ ਗਈ। ਪੰਜਾਬ ਦੇ ਇਸ ਕੁਦਰਤੀ ਖਜ਼ਾਨੇ ਦੀ ਲੁੱਟ ਨੇ ਪੰਜਾਬ ਦੇ ਆਰਥਿਕ ਢਾਂਚੇ ਨੂੰ ਤਹਿਸ਼-ਨਹਿਸ਼ ਕੀਤਾ। ਪੰਜਾਬ ’ਚ ਗਰਮ-ਠੰਡੀਆਂ ਲਹਿਰਾਂ, ਬੇਰੁਜ਼ਗਾਰੀ ਦੇ ਕਾਰਨ ਮੁੱਖ ਤੌਰ ’ਤੇ ਚੱਲੀਆਂ। ਬੇਰੁਜ਼ਗਾਰੀ ਹੀ ਨੌਜਵਾਨਾਂ ਦੇ ਪ੍ਰਵਾਸ ਦਾ ਕਾਰਨ ਬਣੀ। ਨਸ਼ੇ ਨੇ ਸੂਬੇ ‘ਚ ਬਦਹਾਲੀ ਲਿਆਂਦੀ। ਪੰਜਾਬ ਦੇ ਲੱਖਾਂ ਵਿਦਿਆਰਥੀ ਆਇਲਿਟਸ ਕਰਕੇ ਕੈਨੇਡਾ, ਇੰਗਲੈਂਡ, ਅਮਰੀਕਾ ਤੇ ਹੋਰ ਮੁਲਕਾਂ ਦੀਆਂ ਯੂਨੀਵਰਸਿਟੀਆਂ ’ਚ ਦਾਖਲੇ ਲਈ ਅਰਬਾਂ-ਖਰਬਾਂ ਰੁਪਏ ਹਰ ਵਰੇ ਪੰਜਾਬ ਤੋਂ ਬਾਹਰ ਵੱਡੀਆਂ ਫ਼ੀਸਾਂ ਦੇ ਨਾਮ ਉਤੇ ਭੇਜਣ ਲਈ ਮਜਬੂਰ ਕਰ ਦਿੱਤੇ ਗਏ ਹਨ ਅਤੇ ਇੰਜ ਪੰਜਾਬ ਦੀ ਆਰਥਿਕਤਾ ਨੂੰ ਖੋਰਾ ਲੱਗ ਰਿਹਾ ਹੈ। ਉਹ ਪ੍ਰਵਾਸੀ ਜਿਹੜੇ ਕਦੇ ਡਾਲਰ, ਪੌਂਡ ਪੰਜਾਬ ਭੇਜਕੇ ਇਥੇ ਆਪਣੀ ਜ਼ਮੀਨ-ਜਾਇਦਾਦ ਬਣਾਉਂਦੇ ਸਨ,ਉਹ ਪੰਜਾਬ ਮਾਹੌਲ ਦੇ ਡਰੋਂ ਵੇਚ ਵੱਟ ਕੇ ‘ਪੰਜਾਬ’ ਤੋਂ ਖਹਿੜਾ ਛੁਡਾਉਣ ਦੇ ਰਾਹ ਤੇ ਹਨ,ਉਸੇ ਪੰਜਾਬ ਤੋਂ ਜਿਹੜਾ ਉਨਾਂ ਲਈ ਸਭ ਤੋਂ ਪਿਆਰਾ ਹੈ।

ਇਸ ਨਾਜ਼ੁਕ ਸਥਿਤੀ ਦੀ ਜ਼ਿੰਮੇਵਾਰੀ ਸਿੱਧੇ ਜਾਂ ਅਸਿੱਧੇ ਤੌਰ ‘ਤੇ ਪੰਜਾਬ ਦੇ ਸਿਆਸਤਦਾਨਾਂ ਦੀ ਕੰਗਾਲ ਸੋਚ ਉਤੇ ਪੈਂਦੀ ਹੈ, ਜਿਹੜੇ ਸਮੇਂ-ਸਮੇਂ ’ਤੇ ਕੇਂਦਰ ਵਲੋਂ ਪੰਜਾਬ ਵਿਰੋਧੀ ਫ਼ੈਸਲਿਆਂ ਪ੍ਰਤੀ ਸਹਿਮਤੀ ਪ੍ਰਗਟ ਕਰਦਿਆਂ ਚੁੱਪ ਧਾਰਦੇ ਰਹੇ ਅਤੇ ਇਥੋਂ ਦੇ ਲੋਕਾਂ ਦੇ ਰੋਸ, ਰੋਹ ਦੇ ਡਰੋਂ ਲੋਕਾਂ ਨੂੰ ਮੁਫ਼ਤ ਰਾਸ਼ਨ ਦੇਣ, ਬਿਜਲੀ ਮੁਫ਼ਤ ਦੇਣ, ਪਾਣੀ ਮੁਫ਼ਤ ਦੇਣ ਜਾਂ ਹੋਰ ਰਿਆਇਤਾਂ ਦਾ ਗੱਫਾ ਦੇ ਕੇ, **ਬਾਕੀ ਸਫ਼ਾ 31 ’ਤੇ**

# ਭਾਜਪਾ ਅੰਦਰ ਵੀ ਬਰਕਰਾਰ ਹਨ ਦਲਿਤਾਂ ਦੀਆਂ ਸਮੱਸਿਆਵਾਂ

**ਅਭੈ ਕੁਮਾਰ**

ਅੱਜ ਕੱਲ ਉੱਤਰ ਪ੍ਰਦੇਸ਼ ਦੀ ਅਦਿੱਤਿਆਨਾਥ ਸਰਕਾਰ ਦੇ ਅੰਦਰ ਜੋ ਵਾਪਰ ਰਿਹਾ ਹੈ, ਉਸ ਦਾ ਅਰਥ ਦੋ ਤਰਾਂ ਨਾਲ ਸਮਝਿਆ ਜਾ ਸਕਦਾ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਇਸ ਸਰਕਾਰ ਨੂੰ ਅਜੇ ਸਿਰਫ਼ ਸੱਤਾ 'ਚ ਰਹਿੰਦਿਆਂ ਹੋਇਆਂ ਸੌ ਦਿਨ ਹੀ ਹੋਏ ਹਨ, ਪਰ ਉਸ ਦੇ ਅੰਤਰ ਵਿਰੋਧਾਂ ਅਤੇ ਮਤਭੇਦਾਂ ਨਾਲ ਹਿੰਦੂ ਰਾਜਨੀਤਕ ਏਕਤਾ ਦੀਆਂ ਅੰਦਰੂਨੀ ਸਮੱਸਿਆਵਾਂ ਅਤੇ ਸੀਮਾਵਾਂ ਉਜਾਗਰ ਹੋਣ ਲੱਗੀਆਂ ਹਨ। ਦੂਜਾ, ਇਸ ਸਰਕਾਰ ਦੇ ਮੰਤਰੀਆਂ ਅਤੇ ਅਫ਼ਸਰਸ਼ਾਹੀ ਵਿਚਾਲੇ ਖਿੱਚੋਤਾਣ ਨਾਲ ਭਾਰਤੀ ਲੋਕਤੰਤਰ ਦੀ ਇਹ ਸਮੱਸਿਆ ਉੱਭਰ ਕੇ ਸਾਹਮਣੇ ਆ ਗਈ ਹੈ, ਜਿਸ ਨੂੰ ਬਿਨਾਂ ਕਿਸੇ ਰੋਕ-ਟੋਕ ਦੇ ਕੇਂਦਰ ਸਮੇਤ ਹਰ ਸੂਬੇ 'ਚ ਅਤੇ ਹਰ ਪਾਰਟੀ ਦੀ ਸਰਕਾਰ ਨੇ ਵਧਾਇਆ ਹੈ। ਇਹ ਸਮੱਸਿਆ ਜਨਤਾ ਨੂੰ ਕੁਸ਼ਲ ਸ਼ਾਸਨ ਦੇਣ 'ਚ ਅਸਫਲਤਾ ਅਤੇ ਰਾਜਨੀਤਕ ਭ੍ਰਿਸ਼ਟਾਚਾਰ ਲਈ ਨੌਕਰਸ਼ਾਹੀ ਦੇ ਨਾਲ ਜੁੜੀ ਹੋਈ ਹੈ।

ਪਹਿਲਾ ਚਿੱਤਰ ਪਿਛਲੇ ਹਫ਼ਤੇ ਅਦਿੱਤਿਆਨਾਥ ਸਰਕਾਰ ਵਿਚ ਰਾਜ ਮੰਤਰੀ ਦਿਨੇਸ਼ ਖਟੀਕ ਨੇ ਅਚਾਨਕ ਆਪਣਾ ਅਸਤੀਫ਼ਾ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਭੇਜ ਦਿੱਤਾ। ਜ਼ਾਹਰ ਹੈ ਕਿ ਉਹ ਮੰਤਰੀ ਅਹੁਦਾ ਨਹੀਂ ਛੱਡਣਾ ਚਾਹੁੰਦੇ ਸਨ, ਨਹੀਂ ਤਾਂ ਉਹ ਇਹੀ ਅਸਤੀਫ਼ਾ ਰਾਜਪਾਲ ਅਤੇ ਮੁੱਖ ਮੰਤਰੀ ਨੂੰ ਭੇਜਦੇ। ਉਨਾਂ ਦਾ ਮਕਸਦ ਸ਼ਿਕਾਇਤ ਕਰਨਾ ਸੀ, ਕਿਉਂਕਿ ਉੱਤਰ ਪ੍ਰਦੇਸ਼ 'ਚ ਸਰਕਾਰ ਅਤੇ ਪਾਰਟੀ ਦੇ ਸੰਚਾਲਕ ਉਨਾਂ ਦੀ ਗੱਲ ਸੁਣਨ ਲਈ ਤਿਆਰ ਨਹੀਂ ਸਨ। ਦਿਨੇਸ਼ ਖਟੀਕ ਦੇ ਕਈ ਦੋਸ਼ ਸਨ। ਉਨਾਂ ਦਾ ਕਹਿਣਾ ਸੀ ਕਿ ਜਲ ਸ਼ਕਤੀ ਮੰਤਰਾਲੇ ਦੇ ਅਫ਼ਸਰ ਉਨਾਂ ਦੀ ਗੱਲ ਨਹੀਂ ਸੁਣਦੇ। ਉਨਾਂ ਦੇ ਕੈਬਨਿਟ ਮੰਤਰੀ ਸੁਤੰਤਰ ਦੇਵ ਸਿੰਘ ਉਨਾਂ ਨੂੰ ਕੋਈ ਕੰਮ ਨਹੀਂ ਦਿੰਦੇ। ਕਿਉਂਕਿ ਉਹ ਦਲਿਤ ਪਰਿਵਾਰ ਤੋਂ ਆਉਂਦੇ ਹਨ, ਇਸ ਲਈ ਉਨਾਂ ਨੂੰ ਅਣਗੌਲਿਆ ਜਾਂਦਾ ਹੈ। ਉਨਾਂ ਨੇ ਇਹ ਵੀ ਕਿਹਾ ਕਿ ਅਦਿੱਤਿਆਨਾਥ ਸਰਕਾਰ 'ਚ ਦਲਿਤਾਂ ਦਾ ਸਨਮਾਨ ਨਹੀਂ ਹੈ। ਖ਼ਾਸ ਗੱਲ ਇਹ ਹੈ ਕਿ ਦਿਨੇਸ਼ ਖਟੀਕ ਨੇ ਨਾ ਸਿਰਫ਼ ਆਪਣਾ ਅਸਤੀਫ਼ਾ ਅਮਿਤ ਸ਼ਾਹ ਨੂੰ ਭੇਜਿਆ, ਸਗੋਂ ਉਸ ਨੂੰ ਸੋਸ਼ਲ ਮੀਡੀਆ 'ਤੇ ਵਾਇਰਲ ਵੀ ਕਰਵਾ ਦਿੱਤਾ ਤਾਂ ਕਿ ਸਾਰੇ ਲੋਕ ਉਨਾਂ ਦੀਆਂ ਸ਼ਿਕਾਇਤਾਂ ਬਾਰੇ ਜਾਣ ਸਕਣ। ਦਿਨੇਸ਼ ਖਟੀਕ ਦੀ ਇਹ ਰਣਨੀਤੀ ਕੰਮ ਵੀ ਆਈ। ਕੇਂਦਰੀ ਲੀਡਰਸ਼ਿਪ ਨੇ ਤੁਰੰਤ ਦਖ਼ਲ ਦਿੱਤਾ ਅਤੇ ਮੁੱਖ ਮੰਤਰੀ ਨੇ ਉਨਾਂ ਦੀ ਅਤੇ ਸੁਤੰਤਰ ਦੇਵ ਸਿੰਘ ਦੀ ਬੈਠਕ ਕਰਵਾਈ ਤਾਂ ਕਿ ਵਿਵਾਦ ਸ਼ਾਂਤੀ ਨਾਲ ਖ਼ਤਮ ਹੋ ਸਕੇ।

ਪੁੱਛਿਆ ਜਾ ਸਕਦਾ ਹੈ ਕਿ ਇਹ ਦਿਨੇਸ਼ ਖਟੀਕ ਕੌਣ ਹਨ? ਇਹ ਕਿਸੇ ਗ਼ੈਰ-ਸੰਘੀ ਪਿਛੋਕੜ ਦੇ ਜਾਂ ਕਿਸੇ ਦੂਜੀ ਪਾਰਟੀ ਤੋਂ ਦਲਬਦਲੀ ਕਰਕੇ ਆਉਣ ਵਾਲੇ ਦਲਿਤ ਨੇਤਾ ਨਹੀਂ ਹਨ। ਇਨਾਂ ਦੇ ਪਿਤਾ ਵੀ ਰਾਸ਼ਟਰੀ ਸੋਇਮ ਸੇਵਕ ਸੰਘ ਦੇ ਕਾਰਕੁੰਨ ਸਨ। ਦੂਜੀ ਪੀੜੀ ਦੇ ਸੰਘ ਕਾਰਕੁੰਨ ਦੇ ਰੂਪ 'ਚ ਦਿਨੇਸ਼ ਖਟੀਕ ਨੇ ਆਪਣੇ ਚੋਣ ਹਲਕੇ ਦੀ ਜਨਤਾ ਵਿਚ ਆਪਣੀਆਂ ਲੋਕ ਸੰਪਰਕ ਸਰਗਰਮੀਆਂ ਤੇ ਮੁਹਿੰਮਾਂ ਨਾਲ ਨਾਂ ਕਮਾਇਆ ਸੀ। ਇਸੇ ਕਰਕੇ ਉਨਾਂ ਨੂੰ ਵਿਧਾਨ ਸਭਾ ਚੋਣਾਂ ਤੋਂ ਕੁਝ ਸਮਾਂ ਪਹਿਲਾਂ ਹੀ ਅਦਿੱਤਿਆਨਾਥ ਸਰਕਾਰ 'ਚ ਮੰਤਰੀ ਬਣਨ ਦਾ ਮੌਕਾ ਮਿਲਿਆ ਸੀ। ਦੂਜਾ ਉਹ ਜਿਸ ਖਟੀਕ ਬਿਰਾਦਰੀ ਦੇ ਪੁੱਤਰ ਹਨ, ਉਹ ਦਲਿਤਾਂ 'ਚ ਸੰਭਾਵਿਤ ਪਹਿਲੀ ਬਿਰਾਦਰੀ ਹੈ, ਜਿਸ ਨੇ ਅੰਬੇਡਕਰਵਾਦ ਦਾ ਪੱਲਾ ਨਾ ਫੜ ਕੇ ਹਿੰਦੂਤਵਵਾਦੀ ਵਿਚਾਰਧਾਰਾ ਦਾ ਪੱਲਾ ਸ਼ੁਰੂ ਤੋਂ ਹੀ ਫੜੀ ਰੱਖਿਆ ਹੈ। ਤੁਲਨਾਤਮਿਕ ਤੌਰ 'ਤੇ ਖੁਸ਼ਹਾਲ ਦਲਿਤ ਭਾਈਚਾਰੇ ਦੇ ਰੂਪ ਵਿਚ ਖਟੀਕ ਜਾਂ ਸੋਨਕਰ ਲੋਕ ਉੱਤਰ ਪ੍ਰਦੇਸ਼ 'ਚ ਭਾਰਤੀ ਜਨਤਾ ਪਾਰਟੀ ਦੇ ਪੱਕੇ ਵੋਟਰ ਰਹੇ ਹਨ। ਮਾਇਆਵਤੀ ਦੀ ਜਾਟਵ-ਪ੍ਰਧਾਨ ਰਾਜਨੀਤੀ 'ਚ ਸੋਨਕਰਾਂ ਨੇ ਕਦੇ ਦਿਲਚਸਪੀ ਨਹੀਂ ਦਿਖਾਈ। ਸੋਚਣ ਵਾਲੀ ਗੱਲ ਹੈ ਕਿ ਅਜਿਹੇ ਭਾਈਚਾਰੇ ਦਾ ਇਕ ਹਰਮਨ ਪਿਆਰਾ ਦਲਿਤ ਨੇਤਾ ਭਾਜਪਾ ਸਰਕਾਰ 'ਚ ਦਲਿਤ ਹੋਣ ਦੇ ਨਾਤੇ ਨਾ ਸਿਰਫ਼ ਸਾਥੀ ਮੰਤਰੀਆਂ (ਸੁਤੰਤਰ ਦੇਵ ਸਿੰਘ ਜੋ ਓ.ਬੀ.ਸੀ. ਬਿਰਾਦਰੀ ਤੋਂ ਆਉਂਦੇ ਹਨ) ਵਲੋਂ ਅਣਗੌਲਿਆ ਮਹਿਸੂਸ ਕਰ ਰਿਹਾ ਹੈ, ਸਗੋਂ ਅਫ਼ਸਰ ਵੀ ਉਸ ਨੂੰ ਨਜ਼ਰਅੰਦਾਜ਼ ਕਰਦੇ ਹਨ। ਹੋਰ ਤਾਂ ਹੋਰ ਜਦੋਂ ਉਨਾਂ ਦੇ ਆਪਣੇ ਚੋਣ ਹਲਕੇ ਵਿਚ ਉਨਾਂ ਦੇ ਵਰਕਰਾਂ 'ਤੇ ਕੋਈ ਅੱਤਿਆਚਾਰ ਹੁੰਦਾ ਹੈ ਤਾਂ ਪੁਲਿਸ ਉਨਾਂ ਦੇ ਕਹਿਣ 'ਤੇ ਵੀ ਰਿਪੋਰਟ ਨਹੀਂ ਲਿਖਦੀ। ਇਸ ਹਾਲਾਤ 'ਚ ਦਿਨੇਸ਼ ਖਟੀਕ ਨੂੰ ਰਾਤੋ-ਰਾਤ ਆਪਣੀ ਸੁਰੱਖਿਆ ਅਤੇ ਅਮਲੇ ਨੂੰ ਛੱਡ ਕੇ ਲਖਨਊ ਤੋਂ ਹਸਤਿਨਾਪੁਰ ਜਾਣਾ ਪੈਂਦਾ ਹੈ ਅਤੇ ਥਾਣੇ 'ਚ ਜਾ ਕੇ ਰਿਪੋਰਟ ਨਾ ਲਿਖੇ ਜਾਣ ਦੀ ਸੂਰਤ ਵਿਚ ਧਰਨਾ ਦੇਣ ਦੀ ਧਮਕੀ ਦੇਣੀ ਪੈਂਦੀ ਹੈ। ਇਹ ਪੂਰਾ ਘਟਨਾਕ੍ਰਮ ਦੱਸਦਾ ਹੈ ਕਿ ਸੰਘ ਅਤੇ ਭਾਜਪਾ ਨੇ ਹਿੰਦੂ ਰਾਜਨੀਤਕ ਏਕਤਾ ਦੀ ਸੰਰਚਨਾ 'ਚ ਸਮਾਜ ਦੀਆਂ ਸਭ ਤੋਂ ਵੱਧ ਕਮਜ਼ੋਰ ਬਿਰਾਦਰੀਆਂ ਨੂੰ ਸ਼ਾਮਿਲ ਤਾਂ ਕਰ ਲਿਆ ਹੈ, ਪਰ ਅਜੇ ਤੱਕ ਇਨਾਂ ਭਾਈਚਾਰਿਆਂ ਨੂੰ ਹਿੰਦੂਤਵ ਦੀ ਰਾਜਨੀਤੀ 'ਚ ਵਿਵਹਾਰਕ ਤੌਰ 'ਤੇ ਸਮਾਨਤਾ ਦਾ ਪੱਧਰ ਨਸੀਬ ਨਹੀਂ ਹੋਇਆ। ਚਾਹੇ ਕਰਮਕਾਂਡੀ ਨਜ਼ਰੀਏ ਨਾਲ ਉੱਚੀਆਂ ਸਮਝੀਆਂ ਜਾਣ ਵਾਲੀਆਂ ਜਾਤੀਆਂ (ਬ੍ਰਾਹਮਣ, ਬਣੀਆ ਅਤੇ ਠਾਕੁਰ) ਹੋਣ, ਜਾਂ ਧਨ ਅਤੇ ਤਾਕਤ ਦੀਆਂ ਧਨੀ ਪਛੜੀਆਂ ਪ੍ਰਭੂਤਵਸ਼ਾਲੀ ਜਾਤੀਆਂ ਹੋਣ, ਉਨਾਂ ਦੇ ਸਾਹਮਣੇ ਦਲਿਤਾਂ ਦੀ ਨਹੀਂ ਚਲਦੀ, ਭਾਵੇਂ ਹੀ ਉਹ ਪੱਕੇ ਹਿੰਦੂਤਵਵਾਦੀ ਹੀ ਕਿਉਂ ਨਾ ਹੋਣ।

ਦੂਜਾ ਚਿੱਤਰ ਅਦਿੱਤਿਆਨਾਥ ਸਰਕਾਰ ਦੇ ਅੰਦਰ ਚੱਲ ਰਹੇ ਹੰਗਾਮੇ ਦਾ ਦੂਜਾ ਪਹਿਲੂ 'ਮੰਤਰੀਆਂ ਅਤੇ ਨੌਕਰਸ਼ਾਹੀ ਦਾ ਸੰਬੰਧ' ਹੈ। ਇਸ ਸਰਕਾਰ ਦੇ ਉਪ ਮੁੱਖ ਮੰਤਰੀ ਅਤੇ ਸਿਹਤ ਵਿਭਾਗ ਦੇ ਇੰਚਾਰਜ ਬ੍ਰਿਜੇਸ਼ ਪਾਠਕ ਨੇ ਆਪਣੇ ਹੀ ਵਿਭਾਗ ਦੇ ਵਧੀਕ ਮੁੱਖ ਸਕੱਤਰ ਨੂੰ ਪੱਤਰ ਲਿਖ ਕੇ



ਅਧਿਕਾਰੀਆਂ ਦੇ ਤਬਾਦਲਿਆਂ 'ਚ ਹੋਈਆਂ ਗੜਬੜੀਆਂ ਦਾ ਸਵਾਲ ਚੁੱਕਿਆ ਹੈ। ਇਸੇ ਤਰਾਂ ਸੈਕੰਡਰੀ ਸਿੱਖਿਆ ਮੰਤਰੀ ਗੁਲਾਬੋ ਦੇਵੀ ਦਾ ਟਕਰਾਅ ਵਧੀਕ ਮੁੱਖ ਸਕੱਤਰ ਅਰਾਧਨਾ ਸ਼ੁਕਲਾ ਨਾਲ ਚੱਲ ਰਿਹਾ ਹੈ। ਇਨਾਂ ਦੋਵਾਂ ਮੰਤਰੀਆਂ ਦੀ ਸ਼ਿਕਾਇਤ ਦੂਰ ਕਰਨ ਲਈ ਮੁੱਖ ਮੰਤਰੀ ਨੇ ਦੋ ਬੈਠਕਾਂ ਕਰਵਾਈਆਂ ਅਤੇ ਤਬਾਦਲਿਆਂ ਦੀ ਸਮੱਸਿਆ ਹੱਲ ਕਰਨ ਲਈ ਇਕ ਤਿੰਨ ਮੈਂਬਰੀ ਕਮੇਟੀ ਵੀ ਬਣਾ ਦਿੱਤੀ ਸੀ। ਪੀ.ਡਬਲਿਊ.ਡੀ. ਮੰਤਰੀ ਜਿਤਿਨ ਪ੍ਰਸਾਦ ਵਲੋਂ ਨਿਯੁਕਤ ਕੀਤੇ ਗਏ ਓ.ਐਸ.ਡੀ. (ਜੋ ਲੰਬੇ ਅਰਸੇ ਤੋਂ ਉਨਾਂ ਦੇ ਨਾਲ ਜੁੜੇ ਰਹੇ ਹਨ) ਨੂੰ ਤਾਂ ਤਬਾਦਲਿਆਂ 'ਚ ਗੜਬੜੀ ਕਰਕੇ ਮੁਅੱਤਲ ਹੀ ਕਰ ਦਿੱਤਾ ਗਿਆ, ਉਨਾਂ ਦੇ ਨਾਲ ਛੇ ਹੋਰ ਅਫ਼ਸਰ ਵੀ ਮੁਅੱਤਲ ਕੀਤੇ ਗਏ ਹਨ। ਇਕ ਹੋਰ ਮੰਤਰੀ ਨੰਦਗੋਪਾਲ ਨੰਦੀ ਨੇ ਵੀ ਨੋਇਡਾ ਵਿਚ ਹੋਏ ਤਬਾਦਲਿਆਂ 'ਤੇ ਇਤਰਾਜ਼ ਜਤਾਇਆ ਹੈ। ਇੱਥੇ ਵਰਣਨਯੋਗ ਹੈ ਕਿ ਦਿਨੇਸ਼ ਖਟੀਕ ਸਮੇਤ ਇਹ ਸਾਰੇ ਮੰਤਰੀ ਅਮਿਤ ਸ਼ਾਹ ਦੇ ਕਹਿਣ 'ਤੇ ਕੈਬਨਿਟ ਵਿਚ ਲਏ ਗਏ ਹਨ ਅਤੇ ਜਿਤਿਨ ਪ੍ਰਸਾਦ ਨੂੰ ਛੱਡ ਕੇ ਸਾਰਿਆਂ ਨੇ ਆਪਣੇ ਇਤਰਾਜ਼ ਵਾਇਰਲ ਕਰ ਦਿੱਤੇ ਹਨ।

ਪਹਿਲੀ ਨਜ਼ਰ 'ਚ ਇਹ ਨਹੀਂ ਕਿਹਾ ਜਾ ਸਕਦਾ ਕਿ ਇਨਾਂ ਮੰਤਰੀਆਂ ਦੀ ਅਸੰਤੁਸ਼ਟੀ ਦਾ ਕਾਰਨ ਕੀ ਹੈ? ਕੀ ਇਹ ਆਪਣੇ ਮਨ ਨਾਲ ਤਬਾਦਲੇ ਨਹੀਂ ਕਰ ਪਾ ਰਹੇ? ਜਿਤਿਨ ਪ੍ਰਸਾਦ ਦਾ ਮਾਮਲਾ ਤਾਂ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਸ਼ਾਇਦ ਤਬਾਦਲੇ ਉਨਾਂ ਦੇ ਕਹਿਣ 'ਤੇ ਹੀ ਹੋ ਰਹੇ ਸਨ ਅਤੇ ਉਸ ਪ੍ਰਕਿਰਿਆ ਵਿਚ ਚੱਲ ਰਹੇ ਭ੍ਰਿਸ਼ਟਾਚਾਰ ਦੇ ਕਰਕੇ ਉਨਾਂ ਦੇ ਚਹੇਤੇ ਅਫ਼ਸਰਾਂ ਦੀ ਮੁਅੱਤਲੀ ਹੋਈ ਹੈ। ਚਾਹੇ ਮੀਡੀਆ ਹੋਵੇ, ਜਾਂ ਫਿਰ ਰਾਜਨੀਤੀ ਦੇ ਹੋਰ ਜਾਣਕਾਰ, ਸਾਰੇ ਜਾਣਦੇ ਹਨ ਕਿ ਤਬਾਦਲਿਆਂ ਅਤੇ ਤਾਇਨਾਤੀਆਂ 'ਚ ਬਹੁਤ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਹੁੰਦਾ ਹੈ। ਉਸ ਦੇ ਜ਼ਰੀਏ ਸੈਂਕੜੇ ਕਰੋੜਾਂ ਰੁਪਏ ਜਮਾਂ ਕੀਤੇ ਜਾਂਦੇ ਹਨ। ਇਸ ਦਾ ਇਕ ਹਿੱਸਾ ਅਯਾਸ਼ੀਆਂ ਵਿਚ ਖ਼ਰਚ ਹੁੰਦਾ ਹੈ ਅਤੇ ਜ਼ਿਆਦਾ ਵੱਡਾ ਹਿੱਸਾ ਚੋਣਾਂ ਲੜਨ 'ਚ ਜਾਂਦਾ ਹੈ। ਹੈਰਾਨੀ ਵਾਲੀ ਗੱਲ ਹੈ ਕਿ ਇਸ ਭ੍ਰਿਸ਼ਟਾਚਾਰ ਨੂੰ ਸਾਰੇ ਪੱਖਾਂ ਨੇ ਕਾਲਾ ਧਨ ਜਮਾਂ ਕਰਨ ਦੀ ਸਥਾਪਤ ਤਰਕੀਬ ਦੇ ਰੂਪ 'ਚ ਸਵੀਕਾਰ ਕਰ ਲਿਆ ਹੈ। ਜੋ ਅਫ਼ਸਰ ਤਕੜਾ ਪੈਸਾ ਦੇ ਕੇ ਮਲਾਈ ਵਾਲੇ ਵਿਭਾਗਾਂ ਦੀ ਤਾਇਨਾਤੀ ਪਾਉਂਦੇ ਹਨ, ਉਹ ਵੀ ਉਸ ਦੀ ਕਈ ਗੁਣਾ ਭਰਪਾਈ ਲਈ ਜੰਮ ਕੇ ਭ੍ਰਿਸ਼ਟਾਚਾਰ ਕਰਦੇ ਹਨ। ਅਫ਼ਸਰਾਂ ਨੂੰ ਆਪਣੇ ਵਿਭਾਗ ਵਿਚ ਉੱਪਰ ਤੋਂ ਹੇਠਾਂ ਤੱਕ ਹਿੱਸਾ ਵੰਡਣਾ ਪੈਂਦਾ ਹੈ। ਮੰਤਰੀਆਂ ਨੂੰ ਪਤਾ ਹੁੰਦਾ ਹੈ ਕਿ ਕਿਸ ਅਹੁਦੇ 'ਤੇ ਅਤੇ ਕਿਸ ਜ਼ਿਲੇ 'ਚ ਜ਼ਿਆਦਾ ਰਿਸ਼ਵਤ ਦੀਆਂ ਸੰਭਾਵਨਾਵਾਂ ਹਨ। ਇਸ ਲਈ ਉਹ ਵੀ ਅਫ਼ਸਰਾਂ ਨੂੰ ਉਸੇ ਹਿਸਾਬ ਨਾਲ ਨਿਚੋੜਦੇ ਹਨ।

ਵਿਰੋਧੀ ਧਿਰ ਵੀ ਇਸ ਸਵਾਲ 'ਤੇ ਆਮ ਤੌਰ 'ਤੇ ਚੁੱਪ ਹੀ ਰਹਿੰਦੀ ਹੈ। ਕਾਰਨ ਇਹ ਹੈ ਕਿ ਜਦੋਂ ਉਸ ਦੀ ਸਰਕਾਰ ਬਣਦੀ ਹੈ, ਤਾਂ ਉਹ ਵੀ ਇਹੀ ਕਰਦੀ ਹੈ। ਇਸ ਸਰਕਾਰ ਵਿਚ ਜੋ ਕੀਤਾ ਜਾ ਰਿਹਾ ਹੈ, ਉਹ ਪਿਛਲੀ ਸਰਕਾਰ 'ਚ ਵੀ ਕੀਤਾ ਜਾਂਦਾ ਰਿਹਾ ਹੈ। ਮਿਸਾਲ ਦੇ ਤੌਰ 'ਤੇ ਉੱਤਰ ਪ੍ਰਦੇਸ਼ ਵਿਚ ਅਖਿਲੇਸ਼ ਯਾਦਵ ਅਤੇ ਮਾਇਆਵਤੀ ਨੇ ਕਦੇ ਤਬਾਦਲਿਆਂ ਅਤੇ ਤਾਇਨਾਤੀਆਂ 'ਚ ਹੋਣ ਵਾਲੇ ਭ੍ਰਿਸ਼ਟਾਚਾਰ ਦਾ ਮਾਮਲਾ ਨਹੀਂ ਚੁੱਕਿਆ, ਕਿਉਂਕਿ ਉਨਾਂ ਦੀਆਂ ਸਰਕਾਰਾਂ 'ਚ ਵੀ ਇਹੀ ਹੁੰਦਾ ਸੀ। ਜੇਕਰ ਕੋਈ ਚਮਤਕਾਰ ਨਾ ਹੋਇਆ ਤਾਂ ਅਗਲੀਆਂ ਸਰਕਾਰਾਂ ਵਿਚ ਵੀ ਇਹੀ ਹੁੰਦਾ ਰਹੇਗਾ। ਮੁੱਖ ਮੰਤਰੀ ਭਾਵੇਂ ਹੀ ਇਮਾਨਦਾਰ ਬਣੇ ਰਹਿਣ, ਫਿਰ ਵੀ ਇਹ ਸਿਲਸਿਲਾ ਕਦੇ ਨਹੀਂ ਰੁਕਦਾ। ਅਦਿੱਤਿਆਨਾਥ ਬਾਰੇ 'ਚ ਕਿਹਾ ਜਾਂਦਾ ਹੈ ਕਿ ਉਹ ਇਮਾਨਦਾਰ ਹਨ ਅਤੇ ਨਿੱਜੀ ਤੌਰ 'ਤੇ ਨਹੀਂ ਖਾਂਦੇ। ਜਦੋਂ ਉਨਾਂ ਨੂੰ ਭ੍ਰਿਸ਼ਟਾਚਾਰ ਬਾਰੇ ਪਤਾ ਲਗਦਾ ਹੈ ਤਾਂ ਉਹ ਸਜ਼ਾ ਵੀ ਦਿੰਦੇ ਹਨ। ਪਰ ਇਹ ਕੋਈ ਨਹੀਂ ਕਹਿ ਸਕਦਾ ਕਿ ਉਹ ਭ੍ਰਿਸ਼ਟਾਚਾਰ ਰੋਕਣ 'ਚ ਕਾਮਯਾਬ ਰਹੇ ਹਨ। ਉਨਾਂ ਦੇ ਕੁਝ ਮੰਤਰੀਆਂ ਨੂੰ ਲਗਦਾ ਹੈ ਕਿ ਤਬਾਦਲੇ ਉਨਾਂ ਦੀ ਮਰਜ਼ੀ ਨਾਲ ਹੀ ਹੋਣੇ ਚਾਹੀਦੇ ਹਨ। ਜਦੋਂ ਅਜਿਹਾ ਨਹੀਂ ਹੁੰਦਾ ਤਾਂ ਉਹ ਅਸੰਤੁਸ਼ਟੀ ਦਿਖਾਉਂਦੇ ਹਨ। ਜੋ ਮੰਤਰੀ ਆਪਣੇ ਮਨਮਰਜ਼ੀ ਨਾਲ ਤਬਾਦਲੇ ਕਰ ਰਹੇ ਸਨ, ਉਨਾਂ ਨੂੰ ਰੋਕਿਆ ਤਾਂ ਉਹ ਵੀ ਅਸੰਤੁਸ਼ਟੀ ਦਿਖਾਉਣ ਲੱਗੇ।

ਲੋਕਤੰਤਰਿਕ ਸ਼ਾਸਨ-ਪ੍ਰਸ਼ਾਸਨ ਦੀ ਇਸ ਬਿਮਾਰੀ 'ਚ ਉੱਤਰ ਪ੍ਰਦੇਸ਼ ਇਕੱਲਾ ਨਹੀਂ ਹੈ, ਹਰ ਸੂਬੇ ਵਿਚ ਇਹੀ ਹੁੰਦਾ ਹੈ। ਜੇਕਰ ਰੱਬ ਕਿਤੇ ਹੈ ਤਾਂ ਉਹੀ ਦੱਸ ਸਕਦਾ ਹੈ ਕਿ ਇਸ ਸਮੱਸਿਆ ਤੋਂ ਕਿਵੇਂ ਨਿਜਾਤ ਮਿਲ ਸਕਦੀ ਹੈ।

# ਬਾਰ ਤੇ ਲੀਗਲ ਵਾਰ

## ਬਾਰ ਦੇ ਫਰਜ਼ੀ ਲਾਇਸੰਸ ਵਾਲੇ ਬਿਆਨ ਤੇ ਸਮ੍ਰਿਤੀ ਇਰਾਨੀ ਦਾ ਕਾਂਗਰਸੀ ਆਗੂਆਂ ਨੂੰ ਕਾਨੂੰਨੀ ਨੋਟਿਸ

ਨਵੀਂ ਦਿੱਲੀ/ਏ.ਟੀ.ਨਿਊਜ਼ : ਪਿਛਲੇ ਦਿਨੀ ਅਖ਼ਬਾਰਾਂ ਦੀ ਸੁਰਖੀਆਂ ਬਣੀ ਸਮ੍ਰਿਤੀ ਇਰਾਨੀ ਦੀ ਬੇਟੀ ਦੇ ਬਾਰ ਖ਼ਬਰ ਤੋਂ ਬਾਅਦ ਸਮ੍ਰਿਤੀ ਇਰਾਨੀ ਨੇ ਕਾਂਗਰਸ ਨੂੰ ਕਾਨੂੰਨੀ ਨੋਟਿਸ ਭੇਜਿਆ ਹੈ। ਦੱਸ ਦੇਈਏ ਕਿ ਕਾਂਗਰਸ ਦੇ ਆਗੂਆਂ ਜੈਰਾਮ ਰਮੇਸ਼ ਅਤੇ ਪਵਨ ਖੇੜਾ ਨੇ ਇਲਜਾਮ ਲਗਾਇਆ ਸੀ ਕਿ ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਦਾ ਪਰਿਵਾਰ ਗੋਆ ਵਿਚ ਬਾਰ ਚਲਾਉਂਦਾ ਹੈ ਅਤੇ ਬਾਰ ਦਾ ਲਾਇਸੰਸ ਲੈਣ ਲਈ ਫਰਜੀਵਾੜਾ ਕੀਤਾ ਗਿਆ ਹੈ। ਦਰਅਸਲ ਇਹ ਪੂਰਾ ਮਾਮਲਾ ਉਦੋਂ ਸਾਹਮਣੇ ਆਇਆ ਜਦੋਂ ਗੋਆ ਦੇ ਆਬਕਾਰੀ ਕਮਿਸ਼ਨਰ ਨੇ ਸਿੱਲੀ ਸੋਲਜ਼ ਕੈਫੇ ਐਂਡ ਬਾਰ ਨੂੰ ਨਿਯਮਾਂ ਦੀ ਪ੍ਰਕਿਰਿਆ ਦੱਸ ਕੇ ਸ਼ਰਾਬ ਦਾ ਲਾਇਸੰਸ ਲੈਣ ਲਈ ਕੋਈ ਇਕ ਕਾਰਨ ਦੱਸਣ ਲਈ ਕਿਹਾ। ਇਸ ਕਰਕੇ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ। ਸ਼ਿਕਾਇਤਕਰਤਾ ਨੇ ਕਿਹਾ ਕਿ ਬਾਰ ਨੂੰ ਸ਼ਰਾਬ ਦਾ ਲਾਇਸੰਸ ਉਦੋਂ ਜਾਰੀ ਕੀਤਾ ਸੀ ਜਦੋਂ ਰੈਸਟੋਰੈਂਟ ਦਾ ਲਾਇਸੰਸ ਵੀ ਜਾਰੀ




ਨਹੀਂ ਸੀ ਹੋਇਆ ਅਤੇ ਸ਼ਰਾਬ ਦਾ ਲਾਇਸੰਸ ਜੂਨ ਵਿਚ ਉਸ ਬੰਦੇ ਦੇ ਨਾਂ 'ਤੇ ਜਾਰੀ ਕੀਤਾ ਜਿਸ ਦੀ ਮੌਤ ਮਈ ਵਿਚ ਹੋ ਚੁੱਕੀ ਹੈ। ਇਸ ਸਬੰਧੀ ਸਮ੍ਰਿਤੀ ਇਰਾਨੀ ਦੀ ਬੇਟੀ ਦੇ ਵਕੀਲ ਕੀਰਤ ਨਾਗਰਾ ਨੇ ਸਫ਼ਾਈ ਦਿੰਦੇ ਹੋਏ ਕਿਹਾ ਕਿ ਇਹ ਦੋਸ਼ ਨਿਰਆਧਾਰ ਹਨ। ਉਸ ਨੇ ਕਿਹਾ ਕਿ ਜੋਇਸ਼ ਇਕ ਵਿਦਿਆਰਥੀ ਹੈ ਅਤੇ ਫੈਡ ਪੜ੍ਹਾਈ ਕਰ ਰਹੀ ਹੈ। ਇਸੇ ਲਈ ਉਹ ਵੱਖ ਵੱਖ ਰੈਸਟੋਰੈਂਟਾਂ ਵਿਚ ਜਾ ਕੇ ਇਸ ਦੀ ਸਿਖਲਾਈ ਪ੍ਰਾਪਤ ਕਰ ਰਹੀ ਹੈ। ਇਸ ਸਬੰਧੀ ਕੇਂਦਰੀ ਮੰਤਰੀ ਨੇ ਕਿਹਾ ਕਿ ਇਹ ਸਾਰੀ ਰਾਜਨੀਤਕ ਵਿਰੋਧੀਆਂ ਦੀ ਉਨ੍ਹਾਂ ਡਰਾਉਣ ਅਤੇ ਬਦਨਾਮ ਕਰਨ ਦੀ ਚਾਲ ਹੈ। ਇਸ ਬਾਰੇ ਕਾਂਗਰਸੀ ਆਗੂਆਂ ਨੂੰ ਕਾਨੂੰਨੀ ਨੋਟਿਸ ਭੇਜਿਆ ਹੈ।



# ਵਰਤਮਾਨ ਲੋਕਤੰਤਰ ਨੂੰ ਕਿੰਝ ਚਲਾਇਆ ਜਾਵੇ



**ਰਾਮਚੰਦਰ ਗੁਹਾ**

ਸਾਲ 2018 ਵਿਚ ਹਾਰਵਰਡ ਦੇ ਦੋ ਪ੍ਰੋਫੈਸਰਾਂ ਨੇ ਇਕ ਕਿਤਾਬ ਲਿਖੀ ਸੀ ਜਿਸ ਦਾ ਨਾਂ ਹੈ 'ਹਾਓ ਡੈਮੋਕਰੇਸੀਜ਼ ਡਾਇ' (ਲੋਕਤੰਤਰ ਕਿਵੇਂ ਮਰਦੇ ਹਨ)। ਡੋਨਲਡ ਟਰੰਪ ਦੇ ਰੂਪ ਵਿਚ ਅਮਰੀਕੀ ਸਦਰੀਅਤ ਦੀ ਹੈਰਾਨੀਜਨਕ ਚੜ੍ਹਤ ਨੂੰ ਵੇਖਦਿਆਂ ਇਸ ਕਿਤਾਬ ਵਿਚ ਦਲੀਲ ਦਿੱਤੀ ਗਈ ਸੀ ਕਿ ਪੁਰਾਣੇ ਤੇ ਸਥਾਪਤ ਲੋਕਤੰਤਰਾਂ ਨੂੰ ਵੀ ਆਪਣੀਆਂ ਰਾਜਸੀ ਪ੍ਰਣਾਲੀਆਂ ਦੇ ਚਲਦੇ ਰਹਿਣ ਨੂੰ ਬਖ਼ਸ਼ੀਸ਼ ਨਹੀਂ ਸਮਝਣਾ ਚਾਹੀਦਾ। ਵੋਟਰਾਂ ਦੀਆਂ ਸਿਰੇ ਦੀਆਂ ਪਾਸ਼ਵਿਕ ਰੁਚੀਆਂ ਨੂੰ ਪੱਠੇ ਪਾਉਣ ਵਾਲਾ ਤੇ ਸੰਸਥਾਵਾਂ ਦੀ ਖ਼ੁਦਮੁਖ਼ਤਾਰੀ ਨੂੰ ਘਿਰਣਾ ਦੀ ਨਜ਼ਰ ਨਾਲ ਦੇਖਣ ਵਾਲਾ ਕੋਈ ਉਸ਼ਟੰਡਬਾਜ਼ ਲੋਕਰਾਜੀ ਕਾਰਵਿਹਾਰ ਨੂੰ ਬੜੀ ਤੇਜ਼ੀ ਨਾਲ ਕੁਚਲ ਸਕਦਾ ਹੈ।

ਹਾਲ ਹੀ ਵਿਚ ਬਰਤਾਨੀਆ ਵਿਚ ਜੋ ਘਟਨਾਵਾਂ ਵਾਪਰੀਆਂ ਹਨ ਉਨਾਂ ਤੋਂ ਇਹ ਖਿਆਲ ਪੈਦਾ ਹੁੰਦਾ ਹੈ ਕਿ ਇਸ ਕਿਤਾਬ ਦੀ ਇਕ ਹੋਰ ਲੜੀ ਆਉਣੀ ਚਾਹੀਦੀ ਹੈ ਜਿਸ ਦਾ ਸਿਰਲੇਖ ਇਹ ਹੋ ਸਕਦਾ ਹੈ 'ਹਾਓ ਡੈਮੋਕਰੇਸੀਜ਼ ਸਰਵਾਈਵ' (ਲੋਕਤੰਤਰ ਜ਼ਿੰਦਾ ਕਿਵੇਂ ਰਹਿੰਦੇ ਹਨ)। ਇਸ ਕਿਤਾਬ ਵਿਚ ਮੁੱਖ ਤੌਰ 'ਤੇ ਬਰਤਾਨੀਆ ਦੀਆਂ ਕੁਝ ਹਾਲੀਆ ਘਟਨਾਵਾਂ ਦਾ ਅਧਿਐਨ ਕੀਤਾ ਜਾ ਸਕਦਾ ਹੈ ਜਿੱਥੇ ਮਸਾਂ ਢਾਈ ਕੁ ਸਾਲ ਪਹਿਲਾਂ ਕੰਜ਼ਰਵੇਟਿਵ ਪਾਰਟੀ ਨੂੰ ਜ਼ਬਰਦਸਤ ਜਿੱਤ ਦਿਵਾਉਣ ਵਾਲੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੂੰ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣਾ ਪਿਆ ਹੈ।

ਬਰਤਾਨਵੀ ਆਮ ਚੋਣਾਂ ਵਿਚ ਦੋ (ਜਾਂ ਕੁਝ ਕੁ ਹੋਰ) ਪਾਰਟੀਆਂ ਆਹਮੋ ਸਾਹਮਣੇ ਹੁੰਦੀਆਂ ਹਨ। ਸ਼ਾਇਦ ਹੀ ਕਦੇ ਇਨਾਂ ਚੋਣਾਂ ਨੂੰ ਸਦਰੀਅਤ ਦਾ ਰੰਗ ਚੜ੍ਹਿਆ ਹੈ ਪਰ ਫਿਰ ਵੀ ਕੰਜ਼ਰਵੇਟਿਵ ਪਾਰਟੀ ਨੇ ਮੁੱਖ ਤੌਰ 'ਤੇ ਬੋਰਿਸ ਜੌਹਨਸਨ ਦੇ ਕ੍ਰਿਸ਼ਮੇ ਤੇ ਲੋਕਪ੍ਰਿਅਤਾ ਸਦਕਾ ਦਸੰਬਰ 2019 ਦੀਆਂ ਚੋਣਾਂ ਜਿੱਤ ਲਈਆਂ ਸਨ ਜੋ ਤਨਜ਼ੀਆ ਲਹਿਜੇ ਵਿਚ ਭਾਸ਼ਣ ਕਰਦੇ ਹਨ, ਸਿਰ ਦੇ ਵਾਲ ਖਿਲਾਰ ਕੇ ਰੱਖਦੇ ਹਨ ਤੇ ਬੇਥਵੇ ਢੰਗ ਦੇ ਕੱਪੜੇ ਪਹਿਨਦੇ ਹਨ ਜਿਨਾਂ ਦੇ ਅਜਿਹੇ ਅੰਦਾਜ਼ 'ਤੇ ਅੰਗਰੇਜ਼ ਵੋਟਰ ਫਿਦਾ ਹੋ ਗਏ ਸਨ। 1987 ਤੋਂ ਬਾਅਦ ਉਨਾਂ ਦੀ ਪਾਰਟੀ ਨੂੰ ਸਭ ਤੋਂ ਵੱਡੀ ਗਿਣਤੀ ਵਿਚ ਸੀਟਾਂ ਮਿਲੀਆਂ ਸਨ ਅਤੇ ਵੋਟਾਂ ਦੀ ਫ਼ੀਸਦ ਦੇ ਮਾਮਲੇ ਵਿਚ 1979 ਤੋਂ ਬਾਅਦ ਇਹ ਹੁਣ ਤੱਕ ਦੀ ਬਿਹਤਰੀਨ ਕਾਰਗੁਜ਼ਾਰੀ ਸੀ। ਮੁੱਖ ਵਿਰੋਧੀ ਲੇਬਰ ਪਾਰਟੀ ਨੂੰ ਮਹਿਜ਼ 202 ਸੀਟਾਂ ਮਿਲ ਸਕੀਆਂ ਜੋ 1935 ਤੋਂ ਬਾਅਦ ਉਸ ਦੀਆਂ ਸਭ ਤੋਂ ਘੱਟ ਸੀਟਾਂ ਸਨ। ਹਮੇਸ਼ਾ ਲੇਬਰ ਨੂੰ ਜਿਤਾਉਂਦੇ ਰਹੇ ਉੱਤਰੀ ਖਿੱਤੇ ਦੇ ਮਿਹਨਤਕਸ਼ ਤਬਕਿਆਂ ਵਾਲੇ ਜ਼ਿਲੇ ਵੀ ਵੱਡੇ ਪੱਧਰ 'ਤੇ ਕੰਜ਼ਰਵੇਟਿਵਾਂ ਦੇ ਹੱਕ ਵਿਚ ਭੁਗਤੇ।

ਚੋਣਾਂ ਵਿਚ ਬੋਰਿਸ ਜੌਹਨਸਨ ਦੀ ਕਾਮਯਾਬੀ ਨੇ ਪਾਰਟੀ ਅੰਦਰ ਉਸ ਦਾ ਦਬਦਬਾ ਕਾਇਮ ਕਰ ਦਿੱਤਾ ਸੀ। ਖ਼ਾਸ ਤੌਰ 'ਤੇ ਪਹਿਲੀ ਵਾਰ ਚੁਣੇ ਗਏ ਟੋਰੀ ਸੰਸਦ ਮੈਂਬਰ ਤਾਂ ਉਸ ਨੂੰ ਮਸੀਹੇ ਵਾਲੀ ਹੈਸੀਅਤ ਵਿਚ ਰੱਖ ਕੇ 'ਬੋਜੋ' ਕਹਿ ਕੇ ਪੁਕਾਰਨ ਲੱਗ ਪਏ ਤੇ ਹਰ ਕੋਈ ਉਸ ਦੀ ਆਲੋਚਨਾ ਕਰਨ ਤੋਂ ਤ੍ਰਹਿੰਦਾ ਸੀ। ਜ਼ਾਹਰਾ ਤੌਰ 'ਤੇ ਜੌਹਨਸਨ ਟਰੰਪ ਦੀ ਸਫ਼ਲਤਾ ਤੋਂ ਪ੍ਰਭਾਵਿਤ ਸੀ ਅਤੇ ਇਸ ਅਮਰੀਕੀ ਉਸ਼ਟੰਡਬਾਜ਼ ਨੂੰ ਪ੍ਰੇਰਤ ਕਰਨ ਵਿਚ ਉਸ ਦੀ ਸਿਆਸਤ ਨੇ ਵੀ ਭੂਮਿਕਾ ਨਿਭਾਈ ਸੀ। ਉਸ ਨੇ ਪਾਰਟੀ ਮਸ਼ੀਨਰੀ ਨੂੰ ਲਾਂਭੇ ਕਰ ਕੇ ਸਿੱਧਾ ਜਨਤਾ ਨਾਲ ਜੁੜਨਾ ਚਾਹਿਆ ਸੀ। ਉਸ ਨੂੰ ਮਸ਼ਵਰੇ ਦੇਣ ਵਾਲਿਆਂ 'ਚ ਉਸ ਦੇ ਮੰਤਰੀਆਂ ਨਾਲੋਂ ਬਾਹਰਲੇ ਸਲਾਹਕਾਰ ਜ਼ਿਆਦਾ ਸਨ। ਉਹ ਵੀ ਬਰਤਾਨੀਆ ਨੂੰ ਮੁੜ ਤੋਂ ਮਹਾਨ ਬਣਾਉਣ ਦੀਆਂ ਫੜਾਂ ਮਾਰਦਾ ਰਹਿੰਦਾ ਸੀ।

ਸਾਲ 2019 ਦੀਆਂ ਚੋਣਾਂ ਵਿਚ ਜਦੋਂ ਉਸ ਦੀ ਪਾਰਟੀ ਜੇਤੂ ਰਹੀ ਤਾਂ ਬੋਰਿਸ ਜੌਹਨਸਨ ਦੀ ਉਮਰ ਮਹਿਜ਼ 55 ਸਾਲ ਸੀ। ਇਸ ਹਿਸਾਬ ਨਾਲ ਜਦੋਂ ਨਰਿੰਦਰ ਮੋਦੀ ਭਾਰਤ ਦਾ ਪ੍ਰਧਾਨ ਬਣਿਆ ਸੀ ਤਾਂ ਉਹ (ਜੌਹਨਸਨ) ਉਸ ਤੋਂ ਅੱਠ ਸਾਲ ਅਤੇ ਅਮਰੀਕੀ ਰਾਸ਼ਟਰਪਤੀ ਬਣਨ ਵਾਲੇ ਡੋਨਲਡ ਟਰੰਪ ਤੋਂ ਪੂਰੇ ਪੰਦਰਾਂ ਸਾਲ ਛੋਟਾ ਸੀ। ਦਸੰਬਰ 2019 ਵਿਚ ਜੌਹਨਸਨ ਦੋ ਜਾਂ ਤਿੰਨ ਟਰਮਾਂ ਦੀ ਸੱਤਾ ਮਾਣਨ ਦੇ ਸੁਫ਼ਨੇ ਦੇਖ ਰਿਹਾ ਸੀ। ਉਹ ਅਜੇ ਅਧਖੜ ਸੀ ਤੇ ਪਾਰਟੀ ਤੇ ਵੋਟਰਾਂ 'ਤੇ ਪਕੜ ਬਣੀ ਹੋਈ ਸੀ ਤੇ ਮੁੱਖ ਵਿਰੋਧੀ ਪਾਰਟੀ ਲੇਬਰ ਡਾਵਾਂਡੋਲ ਹਾਲਤ ਵਿਚ ਸੀ।

ਅੱਧਾ ਕੁ ਕਾਰਜਕਾਲ ਹੋਣ 'ਤੇ ਹੀ ਬੋਰਿਸ ਜੌਹਨਸਨ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇਣਾ ਪੈ ਗਿਆ-ਤੇ ਉਹ ਵੀ ਆਪਣੀ ਮਰਜ਼ੀ ਨਾਲ ਨਹੀਂ ਸਗੋਂ ਪੂਰੀ ਤਰਾਂ ਬੇਇੱਜ਼ਤ ਹੋਣ ਤੋਂ ਬਾਅਦ। ਇਹ ਸਭ ਕੁਝ ਕਿਵੇਂ ਵਾਪਰਿਆ ? ਇਹ ਇਸ ਕਰਕੇ ਹੋਇਆ ਕਿਉਂਕਿ ਬਰਤਾਨਵੀ ਲੋਕਤੰਤਰ ਦੀਆਂ ਅਜੇ ਤਾਈਂ ਕਾਇਮ ਦਾਇਮ ਸੰਸਥਾਵਾਂ ਵੱਲੋਂ ਉਸ ਨੂੰ ਉਸ ਦੀਆਂ ਕਾਰਵਾਈਆਂ ਲਈ ਜਵਾਬਦੇਹ ਠਹਿਰਾਇਆ ਜਾ ਸਕਿਆ ਹੈ। ਮਿਸਾਲ ਦੇ ਤੌਰ 'ਤੇ ਪ੍ਰੈਸ ਦੀ ਗੱਲ ਕਰ ਲਓ। ਸਿਆਸਤ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਟਰੰਪ ਦੇ ਉਲਟ ਜੌਹਨਸਨ ਆਪਣੀ ਹਕੀਕਤਪਸੰਦੀ ਕਰਕੇ ਜਾਣੇ ਜਾਂਦੇ ਸਨ। ਲੰਡਨ ਦੇ ਮੇਅਰ ਜਾਂ ਵਿਦੇਸ਼ ਮੰਤਰੀ ਹੁੰਦਿਆਂ ਵੀ ਉਨਾਂ ਦੀ ਆਪਣਾ ਖਾਸਾ ਛੁਪਾਉਣ ਦੀ ਕਲਾ ਕੋਈ ਵੱਡੀ ਖ਼ਬਰ ਨਹੀਂ ਬਣੀ ਪਰ ਜਦੋਂ ਉਹ ਪ੍ਰਧਾਨ ਮੰਤਰੀ ਬਣ ਗਏ ਤਾਂ ਸੁਤੰਤਰ ਮੀਡੀਆ ਨੇ ਉਨਾਂ ਦੀ ਅਸਲੀਅਤ ਦੀ ਹੋਰ ਜ਼ਿਆਦਾ ਪੁਣਛਾਣ ਕਰਨੀ ਸ਼ੁਰੂ ਕਰ ਦਿੱਤੀ। ਇੰਝ, ਜਦੋਂ ਇਹ ਗੱਲ ਸਾਹਮਣੇ ਆਈ ਕਿ ਕੋਵਿਡ ਲੌਕਡਾਊਨ ਦੌਰਾਨ ਉਹ ਆਪਣੇ ਸਟਾਫ ਨਾਲ ਦਾਅਵਤਾਂ ਉਡਾਉਂਦੇ ਰਹੇ ਸਨ ਤਾਂ ਉਨਾਂ ਦੀਆਂ ਕੁਚੱਜੀਆਂ ਹਰਕਤਾਂ ਅਖ਼ਬਾਰਾਂ ਦੀਆਂ ਸੁਰਖੀਆਂ ਬਣ ਗਈਆਂ ਤੇ ਟੈਲੀਵਿਜ਼ਨ ਚੈਨਲਾਂ 'ਤੇ ਇਨਾਂ ਦੀ ਖ਼ੂਬ ਚਰਚਾ ਹੋਈ।

ਡਿੱਗਦੇ ਢਹਿੰਦੇ ਲੋਕਤੰਤਰਾਂ ਵਿਚ ਅਖ਼ਬਾਰਾਂ, ਰੇਡੀਓ ਅਤੇ ਟੈਲੀਵਿਜ਼ਨਾਂ 'ਤੇ ਪ੍ਰਧਾਨ ਮੰਤਰੀ ਦੇ ਝੂਠ ਫਰੇਬ ਦੀ ਬਹੁਤੀ ਛਾਣਬੀਣ ਨਹੀਂ ਕੀਤੀ ਜਾਂਦੀ। ਬਰਤਾਨੀਆ ਵਿਚ ਕੁਝ ਅਜਿਹੇ ਅਖ਼ਬਾਰ ਹਨ ਜੋ ਲੇਬਰ ਜਾਂ ਟੋਰੀ ਪਾਰਟੀ ਵੱਲ ਝੁਕਾਅ ਰੱਖਦੇ ਹਨ ਪਰ ਉਸ ਮੁਲਕ ਵਿਚ ਅਜਿਹਾ 'ਗੋਦੀ ਮੀਡੀਆ' ਬਿਲਕੁਲ ਨਹੀਂ ਹੈ ਜੋ ਸੱਤਾ 'ਚ ਬੈਠੇ ਸਿਆਸਤਦਾਨਾਂ ਤੋਂ ਸੇਧਾਂ ਲੈ ਕੇ ਚਲਦਾ ਹੋਵੇ।

ਇਕੇਰਾਂ ਜਦੋਂ ਪ੍ਰੈਸ ਨੇ ਬਰਤਾਨਵੀ ਪ੍ਰਧਾਨ ਮੰਤਰੀ ਵੱਲੋਂ ਕਾਨੂੰਨ ਤੇ ਮਰਿਆਦਾ ਦੀ ਖਿਲਾਫ਼ਵਰਜ਼ੀ ਦੀਆਂ ਰਿਪੋਰਟਾਂ ਛਾਪ ਦਿੱਤੀਆਂ ਤਾਂ ਇਹ ਮਾਮਲਾ ਦੇਸ਼ ਦੀ ਪਾਰਲੀਮੈਂਟ ਵਿਚ ਪੁਰਜ਼ੋਰ ਢੰਗ ਨਾਲ ਉੱਠਿਆ। ਮਾਮਲਾ ਛੋਟਾ ਹੋਵੇ ਭਾਵੇਂ ਵੱਡਾ, ਬਰਤਾਨਵੀ ਪਾਰਲੀਮੈਂਟ ਵਿਚ ਅਸਲੀਅਤ 'ਚ ਬਹਿਸ ਕੀਤੀ ਜਾਂਦੀ ਹੈ, ਨਾ ਕਿ ਸਾਡੇ ਦੇਸ਼ ਵਾਂਗ ਜਿੱਥੇ ਪ੍ਰਧਾਨ ਮੰਤਰੀ ਨੂੰ ਕਦੇ ਵੀ ਵਿਰੋਧੀ ਧਿਰ ਵੱਲੋਂ ਉਠਾਏ ਗਏ ਕਿਸੇ ਸਵਾਲ ਦਾ ਜਵਾਬ ਦੇਣ ਲਈ ਨਹੀਂ ਕਿਹਾ ਗਿਆ। ਦੂਜੇ ਪਾਸੇ, ਬਰਤਾਨੀਆ ਵਿਚ ਪ੍ਰਧਾਨ ਮੰਤਰੀ ਦੇ ਪ੍ਰਸ਼ਨਾਂ ਦੀ ਰਵਾਇਤ ਤਹਿਤ ਲੇਬਰ ਪਾਰਟੀ ਦੇ ਨਵੇਂ ਆਗੂ ਕੀਰ ਸਟਾਰਮਰ ਨੇ ਬੋਰਿਸ ਜੌਹਨਸਨ ਨੂੰ ਬੁਰੀ ਤਰਾਂ ਘੇਰਿਆ। ਪ੍ਰਧਾਨ ਮੰਤਰੀ ਨੂੰ ਆਪਣਾ ਬਚਾਓ ਕਰਨ ਦਾ ਪੂਰਾ ਮੌਕਾ ਮਿਲਿਆ ਭਾਵੇਂ ਉਹ ਪੂਰੀ ਤਰਾਂ ਆਪਣਾ ਬਚਾਓ ਕਰ ਨਹੀਂ ਸਕੇ।

ਹਾਲਾਂਕਿ ਸਟਾਰਮਰ ਵਿਚ ਉਸ ਕਿਸਮ ਦਾ ਕ੍ਰਿਸ਼ਮਾ ਨਹੀਂ ਹੈ ਪਰ ਉਹ ਆਪਣੇ ਪੂਰਬਲੇ ਆਗੂ ਜੈਰੇਮੀ ਕੌਰਬਿਨ ਨਾਲੋਂ ਜ਼ਿਆਦਾ ਇਕਾਗਰਤਾ ਤੇ ਮਿਹਨਤ ਨਾਲ ਕੰਮ ਕਰ ਰਹੇ ਹਨ ਤੇ ਨੀਤੀ ਵਿਚ ਗਹਿਰੀ ਦਿਲਚਸਪੀ ਲੈਂਦੇ ਹਨ। ਲਗਾਤਾਰ ਦੋ ਚੋਣਾਂ ਵਿਚ ਹਾਰ ਹੋਣ ਤੋਂ ਬਾਅਦ ਲੇਬਰ ਵੱਲੋਂ ਕੌਰਬਿਨ ਨੂੰ ਲਾਂਭੇ ਕਰਨਾ ਅਤੇ ਆਪਣੇ ਆਪ ਨੂੰ ਇਕ ਵਾਰ ਫਿਰ ਮੁਕਾਬਲੇ ਲਈ ਤਿਆਰ ਕਰਨਾ ਭਾਰਤ ਦੀ ਮੁੱਖ ਵਿਰੋਧੀ ਪਾਰਟੀ ਵੱਲੋਂ ਵਿਸ਼ੇਸ਼ਾਧਿਕਾਰ ਯਾਫ਼ਤਾ ਤੇ ਨਾਅਹਿਲ ਪ੍ਰਥਮ ਪਰਿਵਾਰ ਤੋਂ ਖਹਿੜਾ ਛੁਡਵਾ ਸਕਣ ਦੀ ਲਾਚਾਰੀ ਤੋਂ ਐਨ ਉਲਟ ਗੱਲ ਜਾਪਦੀ ਹੈ। ਰਾਹੁਲ ਗਾਂਧੀ ਬਾਰੇ ਸਿੱਧ ਹੋ ਚੁੱਕਿਆ ਹੈ ਕਿ ਵੋਟਾਂ ਹਾਸਲ ਕਰਨੀਆਂ ਉਸ ਦੇ ਵੱਸ ਦੀ ਗੱਲ ਨਹੀਂ ਹੈ (ਜੋ ਆਪਣੇ ਪਰਿਵਾਰ ਦੇ ਜੇਬੀ ਹਲਕੇ ਵਿਚ ਵੀ ਦੂਜੀ ਵਾਰ ਚੋਣ ਨਹੀਂ ਜਿੱਤ ਸਕੇ)। ਇਸ ਦੇ ਬਾਵਜੂਦ ਇਉਂ ਜਾਪ ਰਿਹਾ ਹੈ ਕਿ ਜਦੋਂ ਇਕ ਵਾਰ ਉਨਾਂ ਦੀ ਮਾਤਾ ਜੋ ਪਿਛਲੇ ਤਿੰਨ ਸਾਲਾਂ ਤੋਂ ਪਾਰਟੀ ਦੀ ਅੰਤਰਿਮ ਪ੍ਰਧਾਨ ਚਲੇ ਆ ਰਹੇ ਹਨ, ਇਸ ਸੰਬੰਧੀ ਹਰੀ ਝੰਡੀ ਦਿਖਾ ਦੇਣ ਤਾਂ ਉਹ (ਰਾਹੁਲ ਗਾਂਧੀ) ਸ਼ਾਇਦ ਇਕ ਵਾਰ ਫਿਰ ਪਾਰਟੀ ਦੀ ਪ੍ਰਧਾਨਗੀ ਸੰਭਾਲਣ। ਸ਼ਾਇਦ ਲੇਬਰ ਪਾਰਟੀ ਨੇ ਸਮਾਂ ਪਾ ਕੇ ਇਹ ਪ੍ਰਵਾਨ ਕਰ ਲਿਆ ਕਿ ਜੈਰੇਮੀ ਕੌਰਬਿਨ ਨੂੰ ਆਪਣਾ ਆਗੂ ਰੱਖਣ ਨਾਲ ਕੰਜ਼ਰਵੇਟਿਵ ਪਾਰਟੀ ਨੂੰ ਹੀ ਲਾਹਾ ਮਿਲੇਗਾ ਪਰ ਕਾਂਗਰਸ ਜ਼ਾਹਰਾ ਤੌਰ 'ਤੇ ਇਹ ਕਦੇ ਵੀ ਪ੍ਰਵਾਨ ਨਹੀਂ ਕਰੇਗੀ ਕਿ ਰਾਹੁਲ ਗਾਂਧੀ ਨਰਿੰਦਰ ਮੋਦੀ ਅਤੇ ਭਾਰਤੀ ਜਨਤਾ ਪਾਰਟੀ ਲਈ ਸਭ ਤੋਂ ਵੱਡਾ ਤੋਹਫ਼ਾ ਸਾਬਿਤ ਹੁੰਦੇ ਆ ਰਹੇ ਹਨ। (ਇਹ ਕਾਲਮ ਜਦੋਂ ਲਿਖਿਆ ਜਾ ਰਿਹਾ ਹੈ ਤਾਂ ਖ਼ਬਰ ਆ ਰਹੀ ਸੀ ਕਿ ਰਾਹੁਲ ਗਾਂਧੀ ਮੁੜ ਯੂਰਪ ਦੇ ਦੌਰੇ 'ਤੇ ਜਾ ਰਹੇ ਹਨ, ਜੋ ਕਿ ਇਸ ਗੱਲ ਦਾ ਇਕ ਹੋਰ ਸਬੂਤ ਹੈ ਕਿ ਉਹ ਅਜੇ ਤੱਕ ਭਾਜਪਾ ਦੇ ਸਭ ਤੋਂ ਭਰੋਸੇਮੰਦ ਸਿਆਸੀ ਸਹਿਯੋਗੀ ਬਣੇ ਹੋਏ ਹਨ)।

ਬਰਤਾਨੀਆ ਵਿਚ ਪ੍ਰਧਾਨ ਮੰਤਰੀ ਦੇ ਦੁਰਵਿਹਾਰ ਬਾਰੇ ਅਖ਼ਬਾਰਾਂ ਵਿਚ ਇੰਕਸ਼ਾਫ ਹੋਣ ਤੋਂ ਬਾਅਦ ਪਾਰਲੀਮੈਂਟ ਵਿਚ ਇਸ 'ਤੇ ਖੁੱਲ ਕੇ ਬਹਿਸ ਹੋਈ ਤੇ ਬੋਰਿਸ ਜੌਹਨਸਨ ਨੂੰ ਮਾਮਲੇ ਦੀ ਅਧਿਕਾਰਤ ਜਾਂਚ ਕਰਵਾਉਣੀ ਪਈ। ਬਰਤਾਨਵੀ ਪੁਲੀਸ ਤੇ ਸਿਵਲ ਸੇਵਾ ਨੂੰ ਇਹ ਜ਼ਿੰਮਾ ਸੌਂਪੇ ਜਾਣ ਤੋਂ ਬਾਅਦ ਉਨਾਂ ਲਾਮਿਸਾਲ ਕੁਸ਼ਲਤਾ ਨਾਲ ਜਾਂਚ ਕੀਤੀ ਅਤੇ ਸੱਤਾਧਾਰੀ ਹਾਕਮਾਂ ਦੇ ਦੁਰਾਚਾਰਾਂ ਨੂੰ ਦਸਤਾਵੇਜ਼ੀ ਰੂਪ ਦੇਣ ਦੇ ਕਾਰਜ ਤੋਂ ਜ਼ਰਾ ਵੀ ਨਾ ਥਿੜਕੇ। ਇਸ ਦੀ ਤੁਲਨਾ ਭਾਰਤ ਨਾਲ ਕਰ ਕੇ ਦੇਖੋ। ਸ਼ਾਸਨ ਦੇ ਨੁਕਸਾਂ ਦੀ ਅਧਿਕਾਰਤ ਜਾਂਚ ਕਰਾਉਣੀ ਦੂਰ ਦੀ ਗੱਲ ਹੈ, ਸਰਕਾਰ ਤਾਂ ਮਹੱਤਵਪੂਰਨ ਬਿਲਾਂ ਨੂੰ ਸੰਸਦੀ ਕਮੇਟੀਆਂ ਕੋਲ ਵੀ ਨਹੀਂ ਭੇਜਦੀ। ਤੇ ਜੇ ਕਦੇ ਕਦਾਈਂ ਕੋਈ ਜਾਂਚ ਬਿਠਾਈ ਵੀ ਜਾਂਦੀ ਹੈ ਤਾਂ ਭਾਰਤੀ ਸਿਵਲ ਸੇਵਾ ਇੰਨੀ ਜ਼ਿਆਦਾ ਨਾਕਾਬਲ ਤੇ ਡਰਪੋਕ ਬਣ ਚੁੱਕੀ ਹੈ ਕਿ ਅਜਿਹਾ ਕੋਈ ਸਬੂਤ ਰਿਕਾਰਡ 'ਤੇ ਲਿਆਉਣ ਤੋਂ ਗੁਰੇਜ਼ ਕਰਦੀ ਹੈ ਜਿਸ ਨਾਲ ਸੱਤਾਧਾਰੀਆਂ 'ਤੇ ਕੋਈ ਉਂਗਲ ਉੱਠ ਸਕੇ। ਜਿਸ ਵੇਲੇ ਇਹ ਜਾਂਚਾਂ ਕੀਤੀਆਂ ਜਾ ਰਹੀਆਂ ਸਨ ਅਤੇ ਪ੍ਰੈਸ ਤੇ ਪਾਰਲੀਮੈਂਟ ਵਿਚ ਬਹਿਸ ਮੁਬਾਹਿਸਾ ਭਖਿਆ ਹੋਇਆ ਸੀ ਤਾਂ ਬੋਰਿਸ ਜੌਹਨਸਨ ਨੇ ਇਸ ਜਮਹੂਰੀ ਪ੍ਰਕਿਰਿਆ ਤੋਂ ਬਚਣ ਲਈ ਇਹ ਆਖਣਾ ਸ਼ੁਰੂ ਕਰ ਦਿੱਤਾ ਸੀ ਕਿ ਉਹ ਦੁਨੀਆ ਭਰ ਵਿਚ ਬਰਤਾਨੀਆ ਦਾ ਮਾਣ ਵਧਾਉਣ ਵਾਲੇ ਕੌਮਾਂਤਰੀ ਰਾਜਨੀਤੀਵਾਨ ਹਨ। ਉਨਾਂ ਕੀਵ ਦੇ ਦੌਰੇ ਕਰ ਕੇ ਯੂਕਰੇਨ 'ਤੇ ਰੂਸੀ ਹਮਲੇ ਨੂੰ ਵਰਤ ਕੇ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਪੀੜਤਾਂ ਦੇ ਨਾਲ ਖੜੇ ਹਨ। ਉਨਾਂ ਭਾਰਤ ਦਾ ਦੌਰਾ ਵੀ ਕੀਤਾ ਤੇ ਉਸ ਸ਼ਖ਼ਸ ਨਾਲ ਵਪਾਰਕ ਸੰਧੀ ਸਹੀਬੰਦ ਕਰਨ ਦੀ ਸ਼ੇਖੀ ਵੀ ਮਾਰੀ ਜੋ ਜੌਹਨਸਨ ਨੂੰ ਆਪਣਾ 'ਖ਼ਾਸ ਦੋਸਤ' ਕਹਿੰਦਾ ਹੈ। ਜੌਹਨਸਨ ਦੇ ਵਾਹ-ਵਾਹ ਖੱਟਣ ਦੇ ਇਨਾਂ ਸਾਰੇ ਹੀਲੇ ਵਸੀਲਿਆਂ ਦਾ ਇਕੋ ਇਕ ਮਕਸਦ ਆਪਣੀ ਪਾਰਟੀ ਅੰਦਰ ਹਮਾਇਤ ਜੁਟਾਉਣਾ ਸੀ ਪਰ ਇਹ ਸੰਭਵ ਨਾ ਹੋ ਸਕਿਆ। ਜਦੋਂ ਆਪਣੇ ਆਗੂ ਦੇ ਫਰੇਬੀ ਆਚਰਣ ਬਾਰੇ ਪੁਖ਼ਤਾ ਸਬੂਤ ਸਾਹਮਣੇ ਆ ਗਏ ਜਿਨਾਂ ਨੂੰ ਪ੍ਰੈਸ ਨੇ ਬੇਬਾਕ ਢੰਗ ਨਾਲ ਛਾਪਿਆ, ਜਿਨਾਂ 'ਤੇ ਪਾਰਲੀਮੈਂਟ ਵਿਚ ਨਿੱਠ ਕੇ ਚਰਚਾ ਕੀਤੀ ਗਈ ਅਤੇ ਬੇਲਾਗ ਪੁਲੀਸ ਤੇ ਸਿਵਲ ਸੇਵਾ ਵਲੋਂ ਤਸਦੀਕ ਕੀਤੀ ਗਈ ਤਾਂ ਕੰਜ਼ਰਵੇਟਿਵ ਪਾਰਟੀ ਦੇ ਸੰਸਦ ਮੈਂਬਰ ਉਸੇ ਪ੍ਰਧਾਨ ਮੰਤਰੀ ਜੌਹਨਸਨ ਨਾਲੋਂ ਨਾਤਾ ਤੋੜਨ ਲੱਗ ਪਏ ਜਿਸ ਦੀ ਅਗਵਾਈ ਹੇਠ ਦਸੰਬਰ 2019 ਦੀਆਂ ਆਮ ਚੋਣਾਂ ਵਿਚ ਉਨਾਂ ਜਿੱਤ ਹਾਸਲ ਕੀਤੀ ਸੀ। ਪਾਰਟੀ ਦੇ ਸੰਸਦ ਮੈਂਬਰਾਂ ਦਾ ਵਿਸ਼ਵਾਸ ਮਤ ਕਰਵਾਇਆ ਗਿਆ ਜੋ ਜੌਹਨਸਨ ਦੇ ਹੱਕ ਵਿਚ ਰਿਹਾ ਪਰ ਉਨਾਂ ਦੀ ਅਗਵਾਈ 'ਤੇ ਸਵਾਲ ਬਣਿਆ ਰਿਹਾ। ਸੰਕੇਤ ਪੜ ਕੇ ਉਨਾਂ ਦੇ ਮੰਤਰੀਆਂ ਨੇ ਅਸਤੀਫ਼ੇ ਦੇਣੇ ਸ਼ੁਰੂ ਕਰ ਦਿੱਤੇ ਅਤੇ ਆਖ਼ਰਕਾਰ ਨਾ ਚਾਹੁੰਦਿਆਂ ਵੀ ਪ੍ਰਧਾਨ ਮੰਤਰੀ ਨੂੰ ਅਸਤੀਫ਼ਾ ਦੇਣਾ ਪਿਆ।

ਜਿਵੇਂ ਟਰੰਪ ਨੇ ਰਿਪਬਲਿਕਨ ਪਾਰਟੀ ਅੰਦਰ ਅਤੇ ਮੋਦੀ ਨੇ ਭਾਰਤੀ ਜਨਤਾ ਪਾਰਟੀ ਅੰਦਰ ਆਪਣਾ ਸ਼ਖ਼ਸੀ ਕਲਟ ਕਾਇਮ ਕੀਤਾ ਸੀ, ਉਸੇ ਤਰਾਂ ਬੋਰਿਸ ਜੌਹਨਸਨ ਨੇ ਕੰਜ਼ਰਵੇਟਿਵ ਪਾਰਟੀ ਅੰਦਰ ਆਪਣਾ ਸ਼ਖ਼ਸੀ ਕਲਟ ਕਾਇਮ ਕਰਨਾ ਚਾਹਿਆ ਸੀ। ਟਰੰਪ ਤੇ ਮੋਦੀ ਦੇ ਉਲਟ ਉਹ ਕਾਮਯਾਬ ਨਹੀਂ ਹੋ ਸਕਿਆ। ਇਸ ਦਾ ਇਕ ਛੋਟਾ ਕਾਰਨ ਇਹ ਰਿਹਾ ਹੈ ਕਿ ਨਘੋਚੀ ਬਰਤਾਨਵੀ ਲੋਕ ਬਹੁਤੀ ਨਾਇਕ ਪੂਜਾ ਵਿਚ ਯਕੀਨ ਨਹੀਂ ਰੱਖਦੇ- ਉਨਾਂ ਤਾਂ ਦੂਜੀ ਆਲਮੀ ਜੰਗ ਜਿੱਤਣ ਤੋਂ ਬਾਅਦ ਵਿੰਸਟਨ ਚਰਚਿਲ ਨੂੰ ਗੱਦੀਓਂ ਲਾਹ ਮਾਰਿਆ ਸੀ। ਇਸ ਵੱਡਾ ਕਾਰਨ ਇਹ ਸੀ ਕਿ ਕੰਜ਼ਰਵੇਟਿਵ ਸੰਸਦ ਮੈਂਬਰ ਹੁਣ ਇਹ ਗੱਲ ਸ਼ਰੇਆਮ ਕਹਿਣ ਲਈ ਤਿਆਰ ਹੋ ਗਏ ਸਨ ਕਿ ਜੌਹਨਸਨ ਉਨਾਂ ਦੀ ਪਾਰਟੀ ਦੇ ਆਗੂ ਜਾਂ ਪ੍ਰਧਾਨ ਮੰਤਰੀ ਬਣਨ ਦੇ ਲਾਇਕ ਨਹੀਂ ਰਹੇ। ਜੇ ਇਕ ਵਾਰ ਫਿਰ ਭਾਰਤ ਨਾਲ ਤੁਲਨਾ ਕੀਤੀ ਜਾਵੇ ਤਾਂ ਨਿਰਾਸ਼ਾ ਪੱਲੇ ਪੈਂਦੀ ਹੈ। ਭਾਜਪਾ ਦੇ 300 ਤੋਂ ਵੱਧ ਸੰਸਦ ਮੈਂਬਰਾਂ 'ਚੋਂ ਇਕ ਸੰਸਦ ਮੈਂਬਰ ਨਹੀਂ ਹੈ ਜੋ ਪਾਰਟੀ ਦੀ ਕਿਸੇ ਮੀਟਿੰਗ ਵਿਚ ਨੋਟਬੰਦੀ ਤੋਂ ਲੈ ਕੇ ਪਹਿਲੇ ਕੋਵਿਡ ਲੌਕਡਾਊਨ ਤੱਕ ਤਬਾਹਕਾਰੀ ਨੀਤੀਆਂ ਦੇ ਸੰਬੰਧ ਵਿਚ ਪ੍ਰਧਾਨ ਮੰਤਰੀ ਦੇ ਕਾਰਵਿਹਾਰ ਦੀ ਆਲੋਚਨਾ ਕਰਨ ਦੀ ਜੁਰੱਅਤ ਤੇ ਦਲੇਰੀ ਰੱਖਦਾ ਹੋਵੇ। ਇਸ ਦੇ ਉਲਟ ਉਹ ਇਕ ਦੂਜੇ ਤੋਂ ਵਧ ਚੜ ਕੇ ਜਨਤਕ ਤੌਰ 'ਤੇ ਆਪਣੇ ਮਹਾਨ ਆਗੂ ਦੀ ਖ਼ੁਸ਼ਾਮਦ ਕਰਨ ਵਿਚ ਗ਼ਲਤਾਨ ਰਹਿੰਦੇ ਹਨ।

ਬੋਰਿਸ ਜੌਹਨਸਨ ਦੀ ਹਾਰ ਬਰਤਾਨਵੀ ਲੋਕਤੰਤਰ ਦੀਆਂ ਸੰਸਥਾਵਾਂ ਲਈ ਵਡਿੱਤਣ ਹੈ। ਇਸ ਦੇ ਮੀਡੀਆ, ਪਾਰਲੀਮੈਂਟ, ਸਿਵਲ ਸੇਵਾ, ਵਿਰੋਧੀ ਧਿਰ ਤੇ ਸੱਤਾਧਾਰੀ ਪਾਰਟੀ ਨੂੰ ਜਿਵੇਂ ਕੰਮ ਕਰਨਾ ਚਾਹੀਦਾ ਸੀ, ਉਵੇਂ ਹੀ ਕੀਤਾ ਹੈ ਤੇ ਇਸ ਤਰਾਂ ਇਨਾਂ ਸਭਨਾਂ ਨੇ ਬਰਤਾਨਵੀ ਰਾਜ ਪ੍ਰਣਾਲੀ ਨੂੰ ਡਿੱਗਣ ਤੋਂ ਬਚਾਉਣ ਤੇ ਆਪਣੀ ਕਾਇਆਕਲਪ ਕਰਨ ਵਿਚ ਮਦਦ ਦਿੱਤੀ ਹੈ। ਦੂਜੇ ਬੰਨੇ, ਸਾਡੇ ਮੁਲਕ ਵਿਚ ਇਨਾਂ ਪੰਜੇ ਸੰਸਥਾਵਾਂ ਕਾਰਗਰ ਨਹੀਂ ਰਹੀਆਂ ਜਾਂ ਫਿਰ ਇਹ ਲਿਫ਼ ਗਈਆਂ ਹਨ। ਲਿਹਾਜ਼ਾ, ਅਸੀਂ ਭਾਰਤੀ ਲੋਕ ਬਰਤਾਨੀਆ ਦੇ ਸਾਮਰਾਜੀ ਅਤੀਤ ਨੂੰ ਲੈ ਕੇ ਉੱਥੋਂ ਦੇ ਆਵਾਮ ਦਾ ਭਾਵੇਂ ਕਿੰਨਾ ਮਰਜ਼ੀ ਤ੍ਰਿਸਕਾਰ ਕਰੀਏ ਪਰ ਆਪਣੇ ਵਰਤਮਾਨ ਲੋਕਤੰਤਰ ਨੂੰ ਕਿੰਝ ਚਲਾਇਆ ਜਾਂਦਾ ਹੈ, ਇਹ ਸਬਕ ਉਨਾਂ ਤੋਂ ਜ਼ਰੂਰ ਸਿੱਖਣਾ ਚਾਹੀਦਾ ਹੈ।

ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:

510-240-5949

Email:asrtimes@gmail.com

# ਜਸ਼ਨ-ਏ-ਆਜ਼ਾਦੀ



**ਡਾ. ਹਰਸ਼ਿੰਦਰ ਕੌਰ, ਐਮ. ਡੀ.**

**1** ਆਜ਼ਾਦੀ ਦੌਰਾਨ ਸ਼ਹੀਦ ਹੋਏ ਫੌਜੀਆਂ ਦਾ ਸਨਮਾਨ ਕਰਨਾ ਸਾਡਾ ਫਰਜ਼ ਹੈ। ਉਨਾਂ ਸਦਕਾ ਹੀ ਇਹ ਦਿਨ ਵੇਖਣਾ ਨਸੀਬ ਹੋਇਆ ਹੈ। ਉਨਾਂ ਸ਼ਹੀਦਾਂ ਦੇ ਟੱਬਰਾਂ ਦਾ ਦੇਣਾ ਵੀ ਨਹੀਂ ਦਿੱਤਾ ਜਾ ਸਕਦਾ, ਜਿਨਾਂ ਨੇ ਆਪਣਾ ਵਿਹੜਾ ਸੱਖਣਾ ਕਰ ਕੇ ਸਾਡਾ ਵਿਹੜਾ ਆਬਾਦ ਕੀਤਾ ਹੈ। ਇਨਾਂ ਦੇ ਨਾਲ ਕੁੱਝ ਹੋਰ ਅਣਕਹੀਆਂ ਅਤੇ ਅਣਸੁਣੀਆਂ ਮੌਤਾਂ ਜੋ ਆਜ਼ਾਦੀ ਲਈ ਪਰਵਾਨ ਹੋਈਆਂ, ਉਨਾਂ ਦਾ ਜ਼ਿਕਰ ਕਦੇ ਨਹੀਂ ਹੁੰਦਾ। ਹੁਣ ਤਕ ਦੇ ਮਨਾਏ ਆਜ਼ਾਦੀ ਦੇ ਜਸ਼ਨਾਂ ਵਿਚ ਉਨਾਂ ਦਾ ਕਦੇ ਵੀ ਜ਼ਿਕਰ ਨਹੀਂ ਕੀਤਾ ਗਿਆ। ਮੈਂ ਉਨਾਂ ਦੀ ਯਾਦ ਦਵਾਉਣ ਦਾ ਹੀਆ ਕੀਤਾ ਹੈ। ਜਿਸ ਨੇ ਬੀ.ਬੀ.ਸੀ ਉੱਤੇ ਇਸ ਪ੍ਰੋਗਰਾਮ ਵਿਚਲੇ ਤੱਥ ਅਤੇ ਅੰਕੜੇ ਨਾ ਵੇਖੇ ਹੋਣ, ਉਨਾਂ ਨੂੰ ਮੈਂ ਦਸਦਿਆਂ ਕਿ :- 1. ਸੰਨ 1947 ਦੀ ਭਾਰਤ ਪਾਕ ਵਿਚਲੀ ਵੰਡ ਦੌਰਾਨ ਦੁਨੀਆਂ ਭਰ ਵਿਚਲੀਆਂ ਸਾਰੀਆਂ ਆਜ਼ਾਦੀ ਦੀਆਂ ਜੰਗਾਂ ਤੋਂ ਵੱਧ ਲੋਕ ਘਰੋਂ ਬੇਘਰ ਹੋਏ।

2. ਇਹ ਗਿਣਤੀ ਸਾਢੇ 14 ਮਿਲੀਅਨ ਲੋਕਾਂ ਤੋਂ ਵੀ ਵੱਧ ਸਾਬਤ ਹੋਈ ਹੈ ਜਿਸ ਵਿਚ ਹਿੰਦੂ, ਸਿੱਖ ਅਤੇ ਮੁਸਲਮਾਨ ਸ਼ਾਮਲ ਹਨ।

3. ਇਸ ਦੌਰਾਨ ਗਿਣੀਆਂ ਜਾ ਚੁੱਕੀਆਂ ਅਤੇ ਰਿਪੋਰਟ ਹੋਈਆਂ 93,000 ਔਰਤਾਂ ਨੂੰ ਮਧੋਲਿਆ ਅਤੇ ਅਗਵਾ ਕੀਤਾ ਗਿਆ। ਜਿਨਾਂ ਦਾ ਕੋਈ ਅਤਾ ਪਤਾ ਨਹੀਂ ਲੱਗਿਆ ਤੇ ਸਿਰਫ਼ ਟੋਟੇ ਹੀ ਲੱਭੇ ਜਾਂ ਪੂਰੇ ਦੇ ਪੂਰੇ ਟੱਬਰ ਫ਼ਨਾਹ ਹੋ ਗਏ, ਉਹ ਇਸ ਗਿਣਤੀ ਵਿਚ ਸ਼ਾਮਲ ਨਹੀਂ ਹਨ।

4. ਇਨਾਂ ਔਰਤਾਂ ਦਾ ਸਿਰਫ਼ ਜ਼ਬਰਜਿਨਾਹ ਅਤੇ ਕਤਲ ਹੀ ਨਹੀਂ ਕੀਤਾ ਗਿਆ, ਬਲਕਿ ਇਨਾਂ ਵਿਚੋਂ ਲਗਭਗ 15 ਹਜ਼ਾਰ ਨੂੰ ਨੌਕਰਾਣੀ, ਬੰਧੂਆ ਮਜੂਰ ਜਾਂ ਰਖ਼ੈਲ ਬਣਨ ਲਈ ਮਜ਼ਬੂਰ ਕੀਤਾ ਗਿਆ ਅਤੇ ਕੁੱਝ ਨੂੰ ਕੋਠੇ ਉੱਤੇ ਬਿਠਾ ਦਿੱਤਾ ਗਿਆ।

5. ਜਿਹੜੀਆਂ ਔਰਤਾਂ ਦਾ ਜਬਰਜ਼ਨਾਹ ਕਰਨ ਬਾਅਦ ਜ਼ਿੰਦਾ ਰੱਖਿਆ ਗਿਆ, ਉਸ ਦਾ ਵੀ ਕਾਰਣ ਸੀ। ਇਨਾਂ ਵਿੱਚੋਂ ਕਈਆਂ ਦੇ ਸਰੀਰ ਉੱਤੇ ਗਰਮ ਲੋਹੇ ਨਾਲ 'ਪਾਕਿਸਤਾਨ ਜ਼ਿੰਦਾਬਾਦ' ਅਤੇ ਕਈਆਂ ਉੱਤੇ 'ਹਿੰਦੁਸਤਾਨ ਜ਼ਿੰਦਾਬਾਦ' ਦੇ ਪੱਕੇ ਠੱਪੇ ਲਾ ਕੇ ਦੂਜੇ ਮੁਲਕ ਨੂੰ ਸ਼ਰਮਸਾਰ ਕਰਨ ਲਈ ਇਨਾਂ ਨੂੰ ਵਰਤਿਆ ਗਿਆ ਕਿ ਜਦੋਂ ਵੀ ਇਹ ਆਪਣੇ ਮੁਲਕ ਵਾਪਸ ਜਾਣ ਤਾਂ ਉਹ ਲੋਕ ਦੂਜੇ ਮੁਲਕ ਦੀ ਪੱਕੀ ਮੋਹਰ ਵੇਖਣ।

6. ਦੁਸ਼ਮਨੀ ਦਾ ਆਲਮ ਇਹ ਸੀ ਕਿ ਜਿਹੜੀਆਂ ਔਰਤਾਂ ਮਰਨ ਨੂੰ ਤਰਜੀਹ ਦੇਣ, ਉਨਾਂ ਦੇ ਮੁਰਦਾ ਸਰੀਰ ਵੀ ਆਪਣੇ ਮੁਲਕ ਇਹੋ ਸੁਨੇਹਾ ਪਹੁੰਚਾਉਣ। ਇਸੇ ਲਈ ਕੋਈ ਔਰਤ ਛੱਡੀ ਹੀ ਨਹੀਂ ਗਈ।

7. ਯਾਸਮੀਨ ਖ਼ਾਨ ਨੇ ਵੰਡ ਬਾਰੇ ਲਿਖੀ ਕਿਤਾਬ ਵਿਚ ਸਪਸ਼ਟ ਕੀਤਾ ਹੈ ਕਿ ਔਰਤਾਂ ਉੱਤੇ ਅਤਿ ਦੇ ਜ਼ੁਲਮ ਇਸ ਲਈ ਢਾਹੇ ਗਏ ਕਿ ਭਾਰਤੀਆਂ ਨੂੰ ਜ਼ਲੀਲ ਕੀਤਾ ਜਾ ਸਕੇ। ਔਰਤਾਂ ਨੂੰ ਜਬਰੀ ਮੁਸਲਮਾਨ ਧਰਮ ਵਿਚ ਸ਼ਾਮਲ ਕਰ ਕੇ ਹਿੰਦੂ ਧਰਮ ਦਾ ਨਾਮੋ ਨਿਸ਼ਾਨ ਮਿਟਾਉਣ ਦੀ ਕੋਸ਼ਿਸ਼ ਕੀਤੀ ਗਈ।

8. ਇੰਗਲੈਂਡ ਵਿਖੇ ਡੀਮੋਂਟ ਫੋਰਟ ਯੂਨੀਵਰਸਿਟੀ ਦੀ ਪ੍ਰੋਫੈਸਰ ਪੀਪਾ ਵਿਰਦੀ ਨੇ ਪੁਰਾਣੇ ਰਿਕਾਰਡ ਅਤੇ ਤਸਵੀਰਾਂ ਇਕੱਠੀਆਂ ਕਰਕੇ ਅਤੇ ਘੁੰਮ ਫਿਰ ਕੇ ਲੋਕਾਂ ਦੀਆਂ ਇੰਟਰਵਿਊ ਕਰ ਕੇ ਜੋ ਤੱਥ ਪੇਸ਼ ਕੀਤੇ ਹਨ, ਉਹ ਦਿਲ ਕੰਬਾਊ ਹਨ। ਜਿਵੇਂ ਹਰ ਜਿੱਤ ਦੀ ਟਰਾਫ਼ੀ ਸਾਂਭੀ ਜਾਂਦੀ ਹੈ, ਇਸੇ ਤਰਾਂ ਭਾਰਤੀਆਂ ਅਤੇ ਪਾਕਿਸਤਾਨੀਆਂ ਨੇ, ਦੂਜੇ ਮੁਲਕ ਦੀਆਂ ਔਰਤਾਂ ਦੇ ਸਰੀਰਾਂ ਨੂੰ ਟਰਾਫ਼ੀਆਂ ਬਣਾ ਕੇ ਸਾਂਭਿਆ।

**2** ਪਹਿਲਾਂ ਔਰਤਾਂ ਨੂੰ ਰੱਜ ਕੇ ਜ਼ਲੀਲ ਕਰ ਕੇ, ਜਿੰਨਿਆਂ ਵੱਲੋਂ ਹੋ ਸਕਦਾ, ਜਬਰਜ਼ਨਾਹ ਕਰ ਕੇ, ਫੇਰ ਉਨਾਂ ਦੀ ਛਾਤੀ ਕਟ ਦਿੱਤੀ ਜਾਂਦੀ। ਉਸਤੋਂ ਬਾਅਦ ਸਾਰੇ ਸਰੀਰ ਦੇ ਮਾਸ ਨੂੰ ਦੰਦਾਂ ਨਾਲ ਵੱਢ ਟੁੱਕ ਕੇ ਲਾਹਿਆ ਜਾਂਦਾ (ਜੋ ਕਿ ਮੁਰਦਾ ਸਰੀਰਾਂ ਉੱਤੇ ਦੰਦਾਂ ਦੇ ਨਿਸ਼ਾਨਾਂ ਤੋਂ ਸਪਸ਼ਟ ਹੋ ਚੁੱਕਿਆ ਹੈ)। ਫੇਰ ਗਰਮ ਲੋਹੇ ਨਾਲ 'ਪਾਕਿਸਤਾਨ ਜ਼ਿੰਦਾਬਾਦ' ਜਾਂ 'ਹਿੰਦੁਸਤਾਨ ਜ਼ਿੰਦਾਬਾਦ' ਦੀ ਮੋਹਰ ਲਾਈ ਜਾਂਦੀ। ਕਈਆਂ ਦੇ ਸਰੀਰਾਂ ਉੱਤੇ ਇਕ ਦੂਜੇ ਪ੍ਰਤੀ ਕੱਢੀਆਂ ਗਾਲਾਂ ਛਾਪ ਦਿੱਤੀਆਂ ਜਾਂਦੀਆਂ। ਫੇਰ ਬਾਹਵਾਂ ਕੱਟੀਆਂ ਜਾਂਦੀਆਂ ਤੇ ਉਸ ਤੋਂ ਬਾਅਦ ਖਿਚ ਕੇ ਲੱਤਾਂ ਜੋੜ ਵਿੱਚੋਂ ਕੱਢ ਕੇ ਵੱਢੀਆਂ ਜਾਂਦੀਆਂ। ਅਖ਼ੀਰ ਵਿਚ ਸਿਰ ਧੜ ਤੋਂ ਅਲੱਗ ਕੀਤਾ ਜਾਂਦਾ। ਅਜਿਹੇ ਬਾਕੀ ਬਚੇ ਧੜ ਨੂੰ ਜਿੱਤ ਦੀ ਟਰਾਫ਼ੀ ਵਜੋਂ ਸਾਂਭਿਆ ਜਾਂਦਾ ਕਿ ਅਸੀਂ ਦੂਜੇ ਮੁਲਕ ਦੇ ਲੋਕਾਂ ਉੱਤੇ ਜਿੱਤ ਹਾਸਲ ਕਰਕੇ ਆਪਣਾ ਬਦਲਾ ਲਾਹ ਲਿਆ ਹੈ।

9. ਆਪਣੇ ਆਪ ਨੂੰ ਇਸ ਜ਼ਲਾਲਤ ਤੋਂ ਬਚਾਉਣ ਲਈ ਸੈਂਕੜੇ ਔਰਤਾਂ ਨੇ ਖੂਹ ਵਿਚ ਛਾਲ ਮਾਰ ਕੇ ਆਪਣੀ ਜਾਨ ਦੇ ਦਿੱਤੀ।

10. ਰਿਤੂ ਮੈਨਨ ਤੇ ਕਮਲਾ ਭਸੀਨ ਨੇ ਅੱਖੀਂ ਵੇਖੀਆਂ ਗੱਲਾਂ ਬਿਆਨ ਕਰਦਿਆਂ ਕਿਹਾ ਕਿ ਜਿਨਾਂ ਔਰਤਾਂ ਦੇ ਸਰੀਰਾਂ ਉੱਤੇ 'ਪਾਕਿਸਤਾਨ ਜ਼ਿੰਦਾਬਾਦ' ਜਾਂ 'ਜੈ ਹਿੰਦ' ਗਰਮ ਲੋਹੇ ਨਾਲ ਛਾਪਿਆ ਗਿਆ ਸੀ, ਉਨਾਂ ਦੇ ਸਰੀਰਾਂ ਦੀ ਬਚੀ ਖੁਚੀ ਚਮੜੀ ਉੱਤੇ ਏਨੇ ਭਿਆਨਕ ਦੰਦਾਂ ਦੇ ਨਿਸ਼ਾਨ ਸਨ ਕਿ ਜਾਨਵਰ ਵੀ ਸ਼ਾਇਦ ਇੰਜ ਨਾ ਚੱਬਦੇ ਜਿਵੇਂ ਇਨਸਾਨ ਰੂਪੀ ਹੈਵਾਨਾਂ ਨੇ ਚੂੰਡਿਆ ਹੋਇਆ ਸੀ।

11. ਸ਼ੇਖ਼ੂਪੁਰਾ ਦੇ ਇਕ ਡਾਕਟਰ ਨੇ ਮੈਨਨ ਅਤੇ ਭਸੀਨ ਨੂੰ ਦੱਸਿਆ ਕਿ ਜਿੰਨੇ ਕੇਸ ਰਿਫਿਊਜੀ ਕੈਂਪਾਂ ਵਿਚੋਂ ਚੁੱਕੀਆਂ ਔਰਤਾਂ ਦੀ ਛਾਤੀ ਵੱਢਣ ਤੋਂ ਬਾਅਦ ਉਸ ਕੋਲ ਲਿਆਏ ਗਏ, ਉਨਾਂ ਵਿਚੋਂ ਇਕ ਵੀ ਔਰਤ ਬਚਾਈ ਨਹੀਂ ਜਾ ਸਕੀ, ਕਿਉਂਕਿ ਉਸ ਵਿੱਚ ਕੁੱਝ ਬਚਾਉਣ ਜੋਗਾ ਛੱਡਿਆ ਹੀ ਨਹੀਂ ਸੀ ਗਿਆ।

12. ਸੰਨ 1950 ਵਿਚ ਮੈਨਨ ਤੇ ਭਸੀਨ ਨੇ ਸਰਕਾਰੀ ਅੰਕੜਿਆਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ 50,000 ਔਰਤਾਂ ਦਾ ਭਾਰਤ ਵਿਚ ਅਤੇ 33,000 ਔਰਤਾਂ ਨੂੰ ਪਾਕਿਸਤਾਨ ਵਿਚ ਜਬਰਜ਼ਨਾਹ ਕਰ ਕੇ ਤਸੀਹੇ ਦੇ ਕੇ ਮਾਰ ਘੱਤਿਆ ਗਿਆ। ਪਰ ਔਰਤਾਂ ਵਾਸਤੇ ਕੰਮ ਕਰ ਰਹੇ ਰੀਹੈਬਿਲੀਟੇਸ਼ਨ ਸੈਂਟਰ ਵਿਚ ਲੱਗੇ ਲੋਕਾਂ ਨੇ ਸਪਸ਼ਟ ਕੀਤਾ ਕਿ ਪਾਕਿਸਤਾਨ ਵਿਚ ਇਹ ਗਿਣਤੀ ਕਿਤੇ ਵੱਧ ਹੈ ਤੇ ਲਗਭਗ ਇਕ ਲੱਖ 25,000 ਔਰਤਾਂ ਨਿਰਵਸਤਰ ਕਰ ਕੇ ਕਤਲ ਕੀਤੀਆਂ ਗਈਆਂ ਤੇ ਕਾਫ਼ਲਿਆਂ ਉੱਤੇ ਹਮਲੇ ਕਰਕੇ ਚੁੱਕੀਆਂ ਔਰਤਾਂ ਦਾ ਤਾਂ ਨਾਮੋ ਨਿਸ਼ਾਨ ਹੀ ਨਹੀਂ ਲੱਭਿਆ। ਕਿਸੇ ਦੀ ਇਕ ਬਾਂਹ ਤੇ ਕਿਸੇ ਦੀ ਇਕ ਲੱਤ ਹੀ ਮਿਲੀ ਜੋ ਐਵੇਂ ਹੀ ਦਫ਼ਨ ਕਰ ਦਿੱਤੀਆਂ ਗਈਆਂ।

13. ਕਮਲਾਬੇਨ ਪਟੇਲ ਨੇ ਦੱਸਿਆ ਕਿ ਉਸ ਨੇ ਵੰਡ ਤੋਂ 8 ਸਾਲ ਬਾਅਦ ਤੱਕ 20,728 ਚੁੱਕੀਆਂ ਗਈਆਂ ਔਰਤਾਂ ਨਾਲ ਕੰਮ ਕੀਤਾ, ਜਿਨਾਂ ਵਿੱਚੋਂ 600 ਵਾਪਸ ਭੇਜੀਆਂ ਗਈਆਂ। ਉਸ ਦੱਸਿਆ ਕਿ ਬਥੇਰੀਆਂ ਔਰਤਾਂ ਜੋ ਵਾਪਸ ਪਹੁੰਚੀਆਂ, ਉਨਾਂ ਦੱਸਿਆ ਕਿ ਪਾਕਿਸਤਾਨੀ ਫੌਜੀਆਂ ਨੇ ਉਨਾਂ ਨੂੰ ਕਈ ਕਈ ਦਿਨ ਭੁੱਖੇ ਰੱਖ ਕੇ ਰੋਜ਼ ਸਾਰਿਆਂ ਵੱਲੋਂ ਜਬਰਜ਼ਨਾਹ ਕਰਨ ਬਾਅਦ ਹੀ ਵਾਪਸ ਭਾਰਤ ਭੇਜਿਆ ਹੈ।

14. ਇਹ ਵੀ ਉਦੋਂ ਪਤਾ ਲੱਗਿਆ ਕਿ ਕਈ ਪਿਓਆਂ ਨੇ ਆਪਣੀਆਂ ਧੀਆਂ, ਮਾਵਾਂ, ਭੈਣਾਂ ਨੂੰ ਅਜਿਹੇ ਹਾਲਾਤ ਵਿੱਚੋਂ ਲੰਘਣ ਨਾਲੋਂ ਆਪ ਹੀ ਸਿਰ ਵੱਢ ਕੇ ਜਾਂ ਅੱਗ ਵਿਚ ਸਾੜ ਕੇ ਮਾਰ ਮੁਕਾ ਦਿੱਤਾ।

15. ਇਨਾਂ ਤੋਂ ਇਲਾਵਾ ਵੀ ਕਈਆਂ ਨੇ ਖ਼ੁਲਾਸਾ ਕੀਤਾ ਕਿ ਕਿਵੇਂ ਨਿਰਵਸਤਰ ਕਰਕੇ ਪੁੱਠੇ ਟੰਗ ਕੇ ਉਨਾਂ ਉੱਤੇ ਤਸ਼ੱਦਦ ਢਾਹੇ ਗਏ। ਕਈਆਂ ਨੇ ਤਾਂ ਇਸ ਤੋਂ ਵੀ ਬਦਤਰ ਹਾਲਾਤ ਵੇਖੇ ਅਤੇ ਮੂੰਹ ਖੋਲਣ ਦੀ ਹਾਲਤ ਵਿਚ ਹੀ ਨਹੀਂ ਸਨ, ਕਿਉਂਕਿ ਉਨਾਂ ਦਾ ਮਾਨਸਿਕ ਸੰਤੁਲਨ ਵਿਗੜ ਚੁੱਕਿਆ ਸੀ।

16. ਜਿੰਨਾ ਵੱਧ ਤਸ਼ੱਦਦ ਢਾਹ ਕੇ ਔਰਤ ਵੱਢੀ ਜਾਂਦੀ, ਓਨੀ ਭਾਰੀ ਜਿੱਤ ਤੇ ਓਨੀ ਹੀ ਵੱਡੀ ਟਰਾਫ਼ੀ ਮੰਨ ਕੇ ਉਸ ਦੇ ਬਚੇ ਖੁਚੇ ਟੋਟੇ ਸਾਂਭੇ ਜਾਂਦੇ।

**3** ਇਸ ਤੋਂ ਇਲਾਵਾ ਵੀ ਏਨਾ ਕੁੱਝ ਹੈ, ਜਿਸ ਨੂੰ ਪੜ ਸੁਣ ਕੇ ਹੀ ਮੇਰਾ ਦਿਮਾਗ ਸੁੰਨ ਹੋ ਚੁੱਕਿਆ ਹੈ ਤੇ ਮੇਰੀ ਕਲਮ ਵਿਚ ਉਸ ਨੂੰ ਬਿਆਨ ਕਰਨ ਦੀ ਤਾਕਤ ਹੀ ਨਹੀਂ। ਮੇਰਾ ਮਕਸਦ ਸਿਰਫ਼ ਸਭ ਨੂੰ ਇਹ ਯਾਦ ਕਰਵਾਉਣਾ ਹੈ ਕਿ ਆਜ਼ਾਦੀ ਦੀ ਜੰਗ ਵਿਚਲਾ ਇਹ ਹਿੱਸਾ ਅਣਗੌਲਿਆ ਕਿਉਂ ਰੱਖਿਆ ਜਾਂਦਾ ਹੈ? ਕੀ ਔਰਤਾਂ ਵੱਲੋਂ ਹੋਇਆ ਇਹ ਯੋਗਦਾਨ ਕਿਸੇ ਪਾਸਿਓਂ ਘੱਟ ਰਹਿ ਗਿਆ ਹੈ? ਇਸ ਤਸ਼ੱਦਦ ਨੂੰ ਯਾਦ ਕਿਉਂ ਨਹੀਂ ਕੀਤਾ ਜਾਂਦਾ? ਜੇ ਆਜ਼ਾਦੀ ਵੇਲੇ ਸ਼ਹੀਦਾਂ ਨੂੰ ਸਲਾਮੀ ਦਿੱਤੀ ਜਾ ਸਕਦੀ ਹੈ ਤਾਂ ਇਨਾਂ ਬੇਕਸੂਰਾਂ ਦੇ ਡੁੱਲੇ ਲਹੂ ਅਤੇ ਅਤਿ ਦੇ ਸਹੇ ਤਸ਼ੱਦਦ ਨੂੰ ਅੱਖੋਂ ਪਰੋਖੇ ਕਿਉਂ ਕੀਤਾ ਗਿਆ ਹੈ? ਆਪਣੀਆਂ ਕੁਰਬਾਨ ਹੋਈਆਂ ਮਾਵਾਂ ਭੈਣਾਂ ਤੇ ਧੀਆਂ ਦੀ ਯਾਦ ਵਿੱਚ ਇਕ ਦੀਵਾ ਵੀ ਨਹੀਂ ਬਾਲਿਆ ਜਾਂਦਾ।

ਮੈਂ ਕਿਸੇ ਛਾਤੀ ਉੱਤੇ ਗੋਲੀ ਖਾ ਕੇ ਸ਼ਹੀਦ ਹੋਏ ਵੀਰ ਨੂੰ ਨੀਵਾਂ ਨਹੀਂ ਵਿਖਾ ਰਹੀ। ਮੈਂ ਤਾਂ ਯਾਦ ਕਰਵਾ ਰਹੀ ਹਾਂ ਕਿ ਗੋਲੀ ਤੋਂ ਵੱਧ ਪੀੜ ਸਹਿ ਕੇ ਹਲਾਕ ਹੋਈਆਂ ਬੇਕਸੂਰ ਵੀਰਾਂਗਣਾਂ ਨੂੰ ਯਾਦ ਰਖ ਕੇ ਉਨਾਂ ਦੀਆਂ ਰੂਹਾਂ ਨੂੰ ਤਾਂ ਠੰਡਕ ਪਹੁੰਚਾ ਦੇਈਏ। ਜੇ ਏਨੀ ਕੁ ਕੁਰਬਾਨੀ ਹੀ ਯਾਦ ਰਖ ਲਈ ਜਾਏ ਤਾਂ ਔਰਤ ਦਾ ਨਿਰਾਦਰ ਸ਼ਾਇਦ ਕੁੱਝ ਘੱਟ ਜਾਏ ਅਤੇ ਉਸ ਨੂੰ ਬਣਦੀ ਇੱਜ਼ਤ ਮਿਲ ਜਾਏ।

ਚੇਤੇ ਰਹੇ ਕਿ ਵੰਡ ਦੀ ਸਭ ਤੋਂ ਵੱਧ ਮਾਰ ਅਤੇ ਸੰਤਾਪ ਚੜਦੇ ਅਤੇ ਲਹਿੰਦੇ ਪੰਜਾਬ ਦੀਆਂ ਔਰਤਾਂ ਨੇ ਹੀ ਝੱਲਿਆ ਹੈ। ਇਨਾਂ ਮਾਵਾਂ ਦੇ ਡੁੱਲੇ ਲਹੂ ਨੂੰ ਅਜਾਈਂ ਨਾ ਗੁਆਓ। ਅੱਗੇ ਤੋਂ ਹਰ ਆਜ਼ਾਦੀ ਦਿਵਸ ਉੱਤੇ ਇਕ ਦੀਵਾ 'ਮਾਂ ਦੇ ਨਾਂ ਦਾ', 'ਭੈਣ ਦੇ ਨਾਂ ਦਾ' ਤੇ 'ਧੀ ਦੇ ਨਾਂ' ਦਾ ਵੀ ਜ਼ਰੂਰ ਬਾਲਿਓ।






# ਬਲਿਹਾਰੀ ਕੁਦਰਤ ਵਸਿਆ ਤੇਰਾ ਅੰਤੁ ਨ ਜਾਈ ਲਖਿਆ ॥



**ਦਿਲਵਰ ਸਿੰਘ**

ਅਜੋਕੇ ਸਮੇਂ ਵਿਚ ਵਾਤਾਵਰਨ ਦੀ ਸਾਂਭ-ਸੰਭਾਲ ਬੜਾ ਅਹਿਮ ਮੁੱਦਾ ਹੈ। ਸਾਰਾ ਸੰਸਾਰ ਹੀ ਵਾਤਾਵਰਨ ਵਿਚਲੇ ਵਿਗਾੜਾਂ ਨੂੰ ਲੈ ਕੇ ਚਿੰਤਤ ਹੈ। ਵਾਤਾਵਰਨ ਵਿਚਲੇ ਵਿਗਾੜ ਵੀ ਮਨੁਖ ਦੀ ਹੀ ਦੇਣ ਹਨ। ਮਨੁੱਖ ਨੇ ਆਪਣੀਆਂ ਲੋੜਾਂ ਦੀ ਪੂਰਤੀ ਹਿਤ ਵਾਤਾਵਰਨ ਨਾਲ ਛੇੜ-ਛਾੜ ਕੀਤੀ ਹੈ ਜਿਸ ਦੇ ਨਤੀਜੇ ਉਹ ਭੁਗਤ ਰਿਹਾ ਹੈ। ਇਸ ਭਿਆਨਕ ਸਮੇਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੀ ਸਾਨੂੰ ਆਪਣੇ ਚੌਗਿਰਦੇ ਦੀ ਸਾਂਭ-ਸੰਭਾਲ ਲਈ ਪ੍ਰੇਰਿਤ ਕਰਦੇ ਹਨ ਕਿਉਂਕਿ ਉਹ ਅਕਾਲ ਪੁਰਖ ਆਪ ਇਸ ਦੇ ਕਣ-ਕਣ ਵਿਚ ਵਸਿਆ ਹੋਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਅਕਾਲ ਪੁਰਖ ਨੂੰ ਇਸ ਵਿਚੋਂ ਨਿਹਾਰਿਆ ਹੈ ਅਰਥਾਤ ਉਸ ਅਕਾਲ ਪੁਰਖ ਦੇ ਦਰਸ਼ਨ ਇਸ ਕੁਦਰਤ ਵਿਚੋਂ ਕੀਤੇ ਹਨ ਅਤੇ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਰਾਹੀਂ ਸਾਨੂੰ ਉਸ ਨਿਰਗੁਣ ਬ੍ਰਹਮ ਦੇ ਦਰਸ਼ਨ ਕਰਵਾਏ ਹਨ। ਗੁਰੂ ਜੀ ਦਾ ਫੁਰਮਾਨ ਹੈ :

**ਬਲਿਹਾਰੀ ਕੁਦਰਤ ਵਸਿਆ ਤੇਰਾ ਅੰਤ ਨਾ ਜਾਈ ਲਖਿਆ॥**

**(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੬੯)**

ਅਸਲ ਵਿਚ ਮਨੁੱਖ ਨੇ ਆਪਣੇ ਚੌਗਿਰਦੇ ਵਿਚਲੀ ਹਵਾ, ਪਾਣੀ ਅਤੇ ਮਿੱਟੀ ਨੂੰ ਦੂਸ਼ਿਤ ਕਰ ਦਿੱਤਾ ਹੈ ਪਰ ਗੁਰੂ ਸਾਹਿਬ ਨੇ ਤਾਂ ਇਨਾਂ ਤੱਤਾਂ ਵਿਚ ਉਸ ਬ੍ਰਹਮ ਦੇ ਦਰਸ਼ਨ ਕੀਤੇ ਹਨ। ਗੁਰੂ ਸਾਹਿਬ ਤਾਂ ਦਸਦੇ ਹਨ ਕਿ ਇਹ ਹਵਾ ਉਸ ਪ੍ਰਮਾਤਮਾ ਤੋਂ ਬਣੀ ਹੈ, ਹਵਾ ਤੋਂ ਜਲ ਹੋਂਦ ਵਿਚ ਆਇਆ ਹੈ ਤੇ ਜਲ ਤੋਂ ਸਾਰਾ ਜਗਤ ਰਚਿਆ ਗਿਆ ਹੈ ਤੇ ਇਸ ਰਚੇ ਸੰਸਾਰ ਦੇ ਹਰੇਕ ਘਟ ਵਿਚ ਪ੍ਰਮਾਤਮਾ ਦੀ ਜੋਤਿ ਸਮਾ ਗਈ ਹੈ। ਪਰ ਅਸੀਂ ਇਨਾਂ ਕੁਦਰਤੀ ਸੌਗਾਤਾਂ ਨੂੰ ਦੂਸ਼ਿਤ ਕਰਕੇ ਪ੍ਰਭੂ ਦੀ ਨਾਰਾਜਗੀ ਸਹੇੜ ਲਈ ਹੈ। ਗੁਰ ਫੁਰਮਾਨ ਹੈ : ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥ ਉਹੀ, ਪੰਨਾ ੧੯

ਸੱਚੇ ਤੋਂ ਪੈਦਾ ਹੋਏ ਇਨਾਂ ਤੱਤਾਂ ਨੂੰ ਗੁਰੂ ਜੀ ਨੇ ਵਡਿਆਇਆ ਅਤੇ ਫੁਰਮਾਇਆ :

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥**

**ਉਹੀ, ਪੰਨਾ ੮**

ਭਾਵੇਂ ਇਨਾਂ ਪਾਵਨ ਪੰਕਤੀਆਂ ਦੇ ਅਰਥ ਅਧਿਆਤਮਕ ਜਗਤ ਵਿਚ ਬਹੁਤ ਸੂਖ਼ਮ ਤੇ ਗਹਿਰੇ ਹਨ ਪਰ ਅਜੋਕੇ ਸਮੇਂ ਵਿਚ ਵਾਤਾਵਰਨ ਨੂੰ ਬਚਾਉਣ ਲਈ ਇਨਾਂ ਪਾਵਨ ਪੰਕਤੀਆਂ ਨੂੰ ਜਨ-ਸਾਧਾਰਨ ਦੀ ਮਾਨਸਿਕਤਾ ਦਾ ਹਿਸਾ ਬਣਾਉਣਾ ਜਰੂਰੀ ਹੋ ਗਿਆ ਹੈ। ਗੁਰੂ ਜੀ ਨੇ ਤਾਂ ਇਨਾਂ ਕੁਦਰਤੀ ਵਸਤਾਂ ਵਲੋਂ ਜੋ ਅਕਾਲ ਪੁਰਖ ਦੀ ਬ੍ਰਹਿਮੰਡੀ ਆਰਤੀ ਕੀਤੀ ਜਾ ਰਹੀ ਹੈ ਉਸ ਦਾ ਜਿਕਰ ਵੀ ਆਪਣੀ ਬਾਣੀ ਵਿਚ ਕੀਤਾ ਹੈ :

**ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥ ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥**

**ਉਹੀ, ਪੰਨਾ ੧੩**

ਗੁਰੂ ਸਾਹਿਬ ਨੇ ਤਾਂ ਆਪਣੀ ਬਾਣੀ ਵਿਚ ਉਸ ਅਕਾਲ ਪੁਰਖ ਨੂੰ ਇਕ ਰੁਖ ਦੀ ਨਿਆਈ ਦਸਦਿਆਂ **ਬਾਕੀ ਸਫ਼ਾ 30 'ਤੇ**

# ਫ਼ਸਲਾਂ ਦੀ ਰਹਿੰਦ-ਖੂਹੰਦ ਦੀ ਸਾਂਭ-ਸੰਭਾਲ



**ਹਰਵਿੰਦਰ ਸਿੰਘ ਭੱਟੋਂ**

ਪਿਛਲੇ ਦਿਨੀਂ ਇੱਕ ਸਕੂਲ ਵੈਨ ਦੇ ਕਣਕ ਦੇ ਨਾੜ ਨੂੰ ਲਗਾਈ ਅੱਗ ਦੀ ਲਪੇਟ ਵਿੱਚ ਆਉਣ ਕਾਰਨ ਅੱਜ ਕੱਲ ਇੱਕ ਭਖਦੇ ਮੁੱਦੇ 'ਤੇ ਚਰਚਾ ਚੱਲ ਰਹੀ ਹੈ ਕਿ ਕਿਸਾਨਾਂ ਵੱਲੋਂ ਫ਼ਸਲਾਂ ਦੀ ਰਹਿੰਦ-ਖੂਹੰਦ ਦਾ ਸਹੀ ਤਰੀਕੇ ਨਾਲ ਨਿਪਟਾਰਾ ਨਹੀ ਕੀਤਾ ਜਾ ਰਿਹਾ। ਬਹੁਤ ਸਾਰੇ ਲੋਕਾਂ ਨੂੰ ਇਸ ਬਹਾਨੇ ਕਿਸਾਨਾਂ ਦੀ ਅਲੋਚਨਾ ਕਰਨ ਦਾ ਬਹਾਨਾ ਮਿਲ ਜਾਂਦਾ ਹੈ। ਕੋਈ ਬਿਜਲੀ ਦੀ ਸਬਸਿਡੀ ਕਿਉਂ ਮਿਲਦੀ ਹੈ ਉਸ ਤੇ ਔਖਾ ਹੁੰਦਾ, ਕੋਈ ਕਿਸੇ ਹੋਰ ਗੱਲ ਤੋਂ ਕਿਸਾਨਾਂ ਦੀ ਆਲੋਚਨਾ ਕਰਦਾ ਹੈ। ਪਰ ਇੱਕ ਕਿਸਾਨ ਹੋਣ ਦੇ ਨਾਤੇ ਮੈਂ ਕਣਕ ਦੇ ਨਾੜ ਨੂੰ ਅੱਗ ਲਾਉਣ ਦੇ ਹੱਕ ਵਿੱਚ ਨਹੀ ਹਾਂ।

ਪਹਿਲਾਂ ਤਾਂ ਇਹ ਗੱਲ ਸਮਝਣੀ ਜ਼ਰੂਰੀ ਹੈ ਕਿ ਕਣਕ ਦੇ ਨਾੜ ਨੂੰ ਵਾਹ ਕੇ ਮਿੱਟੀ ਵਿੱਚ ਰਲਾਉਣਾ ਤੇ ਝੋਨੇ ਦੀ ਪਰਾਲ਼ੀ ਨੂੰ ਵਾਹ ਕੇ ਮਿੱਟੀ ਵਿੱਚ ਰਲਾਉਣਾ ਦੋਵਾਂ ਤੇ ਅਲੱਗ-ਅਲੱਗ ਖਰਚ ਆਉਂਦਾ ਹੈ।

ਅਸੀਂ ਹਰ ਸਾਲ ਕਣਕ ਵੱਢਣ ਤੋਂ ਬਾਦ ਤੂੜੀ ਬਣਾਉਂਦੇ ਹਾਂ ਤੇ ਤੂੜੀ ਬਣਾਉਣ ਤੋਂ ਬਾਅਦ ਜੋ ਬਿਲਕੁਲ ਥੋੜੇ ਜਿਹਾ ਨਾੜ ਬਚਦਾ ਹੈ। ਉਹਨੂੰ ਅੱਗ ਲਗਾਉਣ ਦੀ ਥਾਂ ਤਵੀਆਂ ਨਾਲ ਵਾਹ ਕੇ ਖੇਤ ਵਿੱਚ ਰਲਾ ਸਕਦੇ ਹਾਂ। ਕਣਕ ਵੱਢਣ ਤੇ ਝੋਨੇ ਲਾਉਣ ਵਿੱਚ 45 ਕੁ ਦਿਨਾਂ ਦਾ ਫਰਕ ਹੁੰਦਾ। ਇਨਾਂ ਦਿਨਾਂ ਵਿੱਚ ਇੱਕ ਅੱਧ ਮੀਂਹ ਵੀ ਜ਼ਰੂਰ ਪੈ ਜਾਂਦਾ ਹੁੰਦਾ। ਮੀਂਹ ਨਾਲ ਇਹ ਮਿੱਟੀ ਵਿੱਚ ਹੀ ਗਲ ਜਾਂਦੇ ਹਨ। ਕੁਝ ਕਿਸਾਨ ਕਹਿੰਦੇ ਹਨ ਕਿ ਜੇਕਰ ਅੱਗ ਨਾ ਲਾਵੋ ਤਾਂ ਇਨਾਂ ਨਾਲ ਨਵਾਂ ਲੱਗਿਆ ਝੋਨਾ ਮਰ ਜਾਂਦਾ ਹੈ। ਇਹ ਬਹਾਨੇ ਹਨ ਇਹੋ ਜਿਹਾ ਕੁਝ ਨਹੀ ਹੁੰਦਾ। ਅੱਜ ਕੱਲ ਹਰ ਕਿਸਾਨ ਨੇ ਜ਼ਮੀਨ ਲੇਜ਼ਰ ਕਰਾਹ ਫੇਰਿਆ। ਝੋਨਾ ਲਾਉਣ ਤੋਂ ਬਾਅਦ ਪਹਿਲੇ ਪੰਜ-ਸੱਤ ਦਿਨ ਪਾਣੀ ਸਹੀ ਰੱਖਣ ਨਾਲ ਕਦੇ ਵੀ ਝੋਨੇ ਦੇ ਬੂਟੇ ਨਹੀ ਮਰਦੇ ਯਾਰ ਆਲੂ-ਸੂਰਜਮੁਖੀ-ਝੋਨਾ ਲਾਉਣ ਵਾਲੇ ਜਾਣਦੇ ਹਨ। ਸੂਰਜਮੁਖੀ ਦੇ ਡੰਡੇ 6-7 ਫੁੱਟ ਦੇ ਹੁੰਦੇ ਹਨ। ਉਨਾਂ ਨੂੰ ਵਿੱਚ ਰਲਾ ਦਿੰਦੇ ਹਾਂ, ਆਪਾਂ ਕਦੇ ਉਨਾਂ ਨੇ ਝੋਨਾ ਨਹੀਂ ਮਾਰਿਆ। ਇਨਾਂ ਕਣਕ ਦੇ ਇੱਕ-ਇੱਕ ਇੰਚ ਦੇ ਕਰਚਿਆਂ ਕੀ ਮਾਰਨਾ।

ਕਣਕ ਦੇ ਨਾੜ ਨੂੰ ਅੱਗ ਲਾਉਣ ਨਾਲ ਬਹੁਤ ਨੁਕਸਾਨ ਹੁੰਦੇ ਹਨ ਜੋ ਨਾੜ ਦਾ ਜੈਵਿਕ ਮਾਦਾ ਹੁੰਦਾ ਜਿਸ ਨੇ ਜ਼ਮੀਨ ਵਿੱਚ ਰਲ ਕੇ ਖਾਦ ਦਾ ਕੰਮ ਕਰਨਾ ਹੈ ਉਹ ਤਾਂ ਸੜਦਾ ਹੀ ਹੈ, ਨਾਲ ਨਾਲ ਸਾਰੀ ਧਰਤੀ ਦੀ ਉਪਜਾਊ ਤਹਿ ਜੋ ਫਸਲਾਂ ਨੂੰ ਪੈਦਾ ਕਰਦੀ ਹੈ ਜਿਸ ਵਿੱਚ ਕਰੋੜਾਂ ਅਰਬਾਂ ਮਿੱਤਰ ਕੀੜੇ ਹੁੰਦੇ ਹਨ ਉਹ ਵੀ ਸੜ ਜਾਂਦੇ ਹਨ। ਮੁੱਖ ਉਪਜਾਊ ਤੱਤਾਂ ਤੋਂ ਇਲਾਵਾ ਬਹੁਤ ਸਾਰੇ ਲਘੂ ਤੱਤ ਵੀ ਸੜ ਜਾਂਦੇ ਹਨ। ਫੇਰ ਜਦੋਂ ਝੋਨੇ ਦੀ ਫਸਲ ਵਿੱਚ ਇਨਾਂ ਦੀ ਘਾਟ ਪੈਦਾ ਹੁੰਦੀ ਹੈ ਤਾਂ ਅਸੀਂ ਝੋਨੇ ਦੀ ਫਸਲ ਵਿੱਚ ਮੁੱਲ ਖਰੀਦ ਖਰੀਦ ਰਸਾਇਣਕ ਤੱਤ ਪਾਉਂਦੇ ਹਾਂ। ਆਪਣੀ ਜੇਬ 'ਤੇ ਵੀ ਬੋਝ ਪਾਉਂਦੇ ਹਾਂ ਅਤੇ ਧਰਤੀ ਵੀ ਪਲੀਤ ਕਰਦੇ ਹਾਂ।

ਇਸ ਤੋਂ ਇਲਾਵਾ ਜੋ ਖੇਤਾਂ ਦੇ ਆਲੇ ਦੁਆਲੇ ਖੜੇ ਰੁੱਖਾਂ ਦਾ ਨੁਕਸਾਨ ਕਰਦੇ ਹਾਂ। ਪੰਜਾਬੀ ਦੀ ਕਹਾਵਤ ਹੈ 'ਸਵਾਹ ਉਡਾਉਣੀ ਜਾਂ ਖੇਹ ਉਡਾਉਣੀ' ਸਾਡੀ ਕਮਾਈ



ਵਿੱਚ ਕੀ ਬਰਕਤ ਪੈਣੀ ਹੈ। ਯਾਰ ਅਸੀਂ ਤਾਂ ਆਪ ਹੀ ਆਪਣੀ ਧਰਤੀ ਜੋ ਸਾਨੂੰ ਰਿਜ਼ਕ ਦਿੰਦੀ ਹੈ ਉਸਨੂੰ ਅੱਗ ਲਾ ਲਾ ਸਵਾਹ ਉਡਾਈ ਜਾਨੇ ਹਾਂ।

ਹਾਂ ਪਰਾਲ਼ੀ ਨੂੰ ਖੇਤ ਵਿੱਚ ਵਹਾਉਣ ਤੇ ਖਰਚ ਜਿਆਦਾ ਆਉਂਦਾ। ਉਦੋਂ ਅਗਲੀ ਫਸਲ ਬੀਜਣ ਲਈ ਸਮਾਂ ਵੀ ਘੱਟ ਹੁੰਦਾ। ਉਦੋਂ ਪਰਾਲ਼ੀ ਨੂੰ ਖੇਤ ਵਿੱਚ ਰਲਾਉਣ ਲਈ ਮਹਿੰਗੀ ਮਸ਼ੀਨਰੀ ਦੀ ਲੋੜ ਪੈਂਦੀ ਹੈ। ਪਰਾਲ਼ੀ ਖੇਤ ਵਿੱਚ ਰਲਾਉਣ ਲਈ 2000-2500 ਖਰਚ ਆਉਂਦਾ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਝੋਨੇ ਦੇ ਰੇਟ ਵਿੱਚ 100 ਰੁਪਏ ਪ੍ਰਤੀ ਕੁਇੰਟਲ ਬੋਨਸ ਦੇ ਕੇ ਕਿਸਾਨਾਂ ਨੂੰ ਪ੍ਰੇਰਿਤ ਕਰਨ ਜਿਸ ਖੇਤ ਵਿੱਚ ਪਰਾਲ਼ੀ ਰਲਾ ਦਿੰਨੇ ਹਾਂ ਉਸ ਖੇਤ ਵਿੱਚ ਏਨਾ ਜੈਵਿਕ ਮਾਦਾ ਰਲ ਜਾਂਦਾ ਹੈ ਕਿ ਉਸ ਖੇਤ ਦੀ ਫਸਲ ਦਾ ਝਾੜ ਵੱਧ ਜਾਂਦਾ ਹੈ ਤੇ ਉਸ ਜ਼ਮੀਨ ਵਿੱਚ ਬਹੁਤ ਪੁਲਾਈ ਆ ਜਾਂਦੀ ਹੈ ਜਿਸ ਖੇਤ ਵਿੱਚ ਪਰਾਲ਼ੀ ਵਾਹੀ ਹੋਵੇ।

ਪਰ ਕਣਕ ਦੇ ਨਾੜ ਲਈ ਤਾਂ ਕੁਝ ਵੀ ਨਹੀਂ ਕਰਨਾ ਪੈਂਦਾ। ਕਣਕ ਦੇ ਨਾੜ ਨੂੰ ਵੀ ਤਵੀਆਂ ਨਾਲ ਵਾਹਉਣਾ ਤੇ ਅੱਗ ਨਾਲ ਫੂਕ ਕੇ ਵੀ ਵਹਾਉਣਾ ਹੀ ਹੈ। ਫੇਰ ਬੱਚਤ ਕਿਸ ਗੱਲ ਦੀ ਹੋਈ। ਮੈਨੂੰ ਤਾਂ ਸਮਝ ਨਹੀਂ ਆਉਂਦੀ ਕਿ ਅੱਗ ਕਿਉਂ ਲਾਉਂਦੇ ਹਾਂ ?

ਅੱਜ ਦੇ ਸਮੇਂ ਵਿੱਚ ਖੇਤੀ ਦੇ ਖਰਚੇ ਬਹੁਤ ਵੱਧ ਗਏ ਹਨ। ਰੋਜ਼ ਮਹਿੰਗਾ ਹੁੰਦਾ ਡੀਜ਼ਲ, ਡੀਏਪੀ, ਪੋਟਾਸ਼ ਤੇ ਯੂਰੀਏ ਤੇ ਕੀਟਨਾਸ਼ਕਾਂ ਦੇ ਵੱਧਦੇ ਰੇਟਾਂ ਨੇ ਕਿਸਾਨੀ ਦਾ ਲੱਕ ਤੋੜ ਦਿੱਤਾ ਹੈ। ਖੇਤੀ ਇੱਕ ਲਾਹੇਵੰਦ ਧੰਦਾ ਨਹੀਂ ਰਹੀ। ਹਰ ਇੱਕ ਕਿਸਾਨ ਨੂੰ ਹੁੰਦਾ ਹੈ ਕਿ ਜੋ ਬਚਦਾ ਉਹੀ ਬਚਾ ਲਿਆ ਜਾਵੇ। ਪਰ ਕਣਕ ਦਾ ਨਾੜ ਸਾੜਨਾ ਝੂਠੀ ਬੱਚਤ ਹੈ, ਜਿਸ ਕਾਰਨ ਅਗਲੀ ਫਸਲ ਤੇ ਦੁੱਗਣਾ ਖਰਚ ਕਰਨਾ ਪੈਂਦਾ ਹੈ।

**ਬਾਕੀ ਸਫ਼ਾ 31 'ਤੇ**

# ਆਧੁਨਿਕਤਾ ਲਈ ਵਾਤਾਵਰਨ ਦਾ ਉਜਾੜਾ ਨਾ ਕਰੋ

**ਪਰਵਿੰਦਰ ਸਿੰਘ ਢੀਂਡਸਾ**

ਵਾਤਾਵਰਨ ਮਨੁੱਖ ਜਾਤੀ ਨੂੰ ਕੁਦਰਤ ਦੀ ਬਖ਼ਸ਼ੀ ਹੋਈ ਉਹ ਨਿਆਮਤ ਹੈ, ਜਿਸ ਸਦਕਾ ਇਸ ਧਰਤੀ 'ਤੇ ਜੀਵ ਮੰਡਲ ਦੀ ਹੋਂਦ ਸੰਭਵ ਹੋਈ ਹੈ। ਵਿਗਿਆਨਕ ਸ਼ਬਦਾਂ ਵਿਚ ਕਹੀਏ ਤਾਂ ਵਾਤਾਵਰਨ ਧਰਤੀ ਦੁਆਲੇ ਫੈਲਿਆ ਹੋਇਆ ਹਵਾ ਦਾ ਗਿਲਾਫ਼ ਹੈ, ਜਿਸ ਵਿਚ ਵੱਖ-ਵੱਖ ਗੈਸਾਂ ਇਕ ਨਿਸਚਿਤ ਅਨੁਪਾਤ ਵਿਚ ਮਿਲਦੀਆਂ ਹਨ। ਪਰ ਆਧੁਨਿਕੀਕਰਨ ਦੀ ਦੌੜ ਵਿਚ ਮਨੁੱਖ ਸ਼ਾਇਦ ਇਹ ਵਿਸਾਰ ਚੁੱਕਾ ਹੈ ਕਿ ਜੇ ਇਹ ਅਨੁਪਾਤ ਥੋੜਾ ਵੀ ਗੜਬੜਾ ਜਾਵੇ ਤਾਂ ਨਤੀਜੇ ਕਿੰਨੇ ਖ਼ੌਫ਼ਨਾਕ ਹੋ ਸਕਦੇ ਹਨ। ਆਧੁਨਿਕੀਕਰਨ ਦੀ ਕੀਮਤ ਸ਼ਾਇਦ ਹੀ ਦੁਨੀਆ ਦੇ ਕਿਸੇ ਹੋਰ ਸਮਾਜ ਨੇ ਏਨੇ ਭਿਆਨਕ ਤਰੀਕੇ ਨਾਲ ਚੁਕਾਈ ਹੋਵੇ, ਜਿਸ ਤਰੀਕੇ ਨਾਲ ਪੰਜਾਬ ਜਾਂ ਪੰਜਾਬੀਆਂ ਨੂੰ ਇਹ ਚੁਕਾਉਣੀ ਪੈ ਰਹੀ ਹੈ। ਜਿਸ ਧਰਤੀ 'ਤੇ ਪਵਨ ਨੂੰ ਗੁਰੂ, ਪਾਣੀ ਨੂੰ ਪਿਤਾ ਤੇ ਧਰਤੀ ਨੂੰ ਮਾਤਾ ਦਾ ਦਰਜਾ ਮਿਲਿਆ ਹੋਵੇ, ਉੱਥੇ ਇਨਾਂ ਤਿੰਨਾਂ ਦੀ ਹੀ ਬੇਕਿਰਕੀ ਨਾਲ ਕੀਤੀ ਜਾ ਰਹੀ ਬੇਕਦਰੀ ਗੰਭੀਰ ਚਿੰਤਾ ਦਾ ਕਾਰਨ ਬਣਦੀ ਹੈ।

ਜਿਸ ਸੂਬੇ ਦਾ ਮੁੱਢ ਕਦੀਮ ਤੋਂ ਲੈ ਕੇ ਨਾਮਕਰਨ ਹੀ ਪਾਣੀਆਂ ਦੇ ਆਧਾਰ 'ਤੇ ਹੋਇਆ ਹੋਵੇ, ਉੱਥੇ ਪੀਣ ਲਈ ਪਾਣੀ ਵੀ ਮੁੱਲ ਵਿਕਣਾ ਹੈਰਾਨੀਜਨਕ ਦੇ ਨਾਲ-ਨਾਲ ਚਿੰਤਾਜਨਕ ਵੀ ਹੈ। ਪਾਣੀ ਪ੍ਰਦੂਸ਼ਣ ਤੇ ਹਵਾ ਪ੍ਰਦੂਸ਼ਣ ਆਧੁਨਿਕਤਾ ਨੂੰ ਪੇਸ਼ ਅਜਿਹੇ ਮਸਲੇ ਹਨ, ਜਿਨਾਂ 'ਤੇ ਵਿਸ਼ਵ ਵਿਆਪੀ ਸੰਸਥਾਵਾਂ ਵੀ ਚਿੰਤਾ ਪ੍ਰਗਟ ਕਰ ਰਹੀਆਂ ਹਨ। ਜਦੋਂ ਕਦੇ ਕਿਸੇ ਅੰਤਰਰਾਸ਼ਟਰੀ ਪ੍ਰਸਿੱਧੀ ਵਾਲੀ ਸੰਸਥਾ ਦੀ ਅਜਿਹੀ ਰਿਪੋਰਟ 'ਤੇ ਨਿਗਾ ਪੈਂਦੀ ਹੈ, ਜੋ ਕਹਿੰਦੀ ਹੈ ਕਿ ਜੇ ਇਹੀ ਹਾਲਾਤ ਰਹੇ ਤਾਂ ਬਹੁਤ ਜਲਦ ਪੰਜ ਦਰਿਆਵਾਂ ਦੀ ਧਰਤੀ ਮਾਰੂਥਲ ਵਿਚ ਤਬਦੀਲ ਹੋ ਜਾਵੇਗੀ ਤਾਂ ਰੀੜ ਸਰਦ ਹੋਣ ਲਗਦੀ ਹੈ। ਕਾਫੀ ਹਿੱਸਿਆਂ ਵਿਚ ਹਾਲਾਤ ਅੱਜ ਵੀ ਸਾਜ਼ਗਾਰ ਨਹੀਂ ਹਨ। ਅਸੀਂ ਆਪਣੀ ਆਉਣ ਵਾਲੀ ਪੀੜੀ ਲਈ ਬਹੁਤ ਭਿਆਨਕ ਤੋਹਫ਼ਾ ਤਿਆਰ ਕਰਨ ਵਿਚ ਯੋਗਦਾਨ ਪਾ ਰਹੇ ਹਾਂ। ਬਹੁਤ ਸੰਭਵ ਲਗਦਾ ਹੈ ਕਿ ਅਸੀਂ ਅਜਿਹੀ ਪੀੜੀ ਦੇ ਲੋਕ ਹੋਵਾਂਗੇ ਜੋ ਖੁਸ਼ਨਸੀਬ ਹਾਲਾਤ ਵਿਚ ਤਾਂ ਜਨਮੇ ਪਰ ਆਉਣ ਵਾਲੀਆਂ ਨਸਲਾਂ ਨੂੰ ਉਹ ਕੁਦਰਤੀ ਸੌਗਾਤਾਂ ਦੇਣ ਵਿਚ ਅਸਫਲ ਰਹੇ, ਜੋ ਸਾਨੂੰ ਵਿਰਾਸਤ ਵਿਚ ਮਿਲੀਆਂ ਸਨ। ਹਰੇਕ ਤਰਾਂ ਦਾ ਪ੍ਰਦੂਸ਼ਣ ਗ਼ੈਰ-ਜ਼ਰੂਰੀ ਨਹੀਂ ਹੁੰਦਾ। ਜੀਵਨ ਨੂੰ ਗਤੀਸ਼ੀਲ ਰੱਖਣ ਲਈ ਕੁਝ ਸਰਗਰਮੀਆਂ ਜ਼ਰੂਰੀ ਹੁੰਦੀਆਂ ਹਨ। ਪਰ ਕੁਦਰਤ ਦੀ ਗੋਦ ਵਿਚ ਹਰ ਚੀਜ਼ ਦਾ ਏਨਾ ਵਧੀਆ ਬੰਦੋਬਸਤ ਹੈ ਕਿ ਜੇਕਰ ਮਨੁੱਖ ਮੁਨਾਫ਼ੇ ਦੀ ਦੌੜ ਵਿਚ ਲੱਗ ਕੇ ਕੁਦਰਤ ਦੇ ਕੰਮ ਵਿਚ ਦਖ਼ਲਅੰਦਾਜ਼ੀ ਨਾ ਕਰੇ ਤਾਂ ਲੋੜੀਂਦੇ ਕੰਮਾਂ ਕਰਕੇ ਹੋਣ ਵਾਲੇ ਪ੍ਰਦੂਸ਼ਣ ਨੂੰ ਜਜ਼ਬ ਕਰਨ ਦੀ ਵਾਤਾਵਰਨ ਸ਼ਕਤੀ ਰੱਖਦਾ ਹੈ।

ਆਧੁਨਿਕੀਕਰਨ ਆਪਣੇ ਨਾਲ ਬਹੁਤ ਗ਼ੈਰ-ਲੋੜੀਂਦੇ ਕਾਰਕ ਵੀ ਲੈ ਕੇ ਆਇਆ ਹੈ, ਜਿਨਾਂ ਵਿਚ ਮੁਨਾਫ਼ੇ ਦੀ ਦਿਸ਼ਾਹੀਣ ਦੌੜ ਅਤੇ ਨੈਤਿਕਤਾ ਦਾ ਪਤਨ ਮੁੱਖ ਤੌਰ 'ਤੇ ਸ਼ਾਮਿਲ ਹੈ। ਪਾਣੀ ਅਤੇ ਹਵਾ ਪ੍ਰਦੂਸ਼ਣ ਮੁਨਾਫ਼ੇ ਦੀ ਅੰਧਾਧੁੰਦ ਦੌੜ ਦਾ ਹੀ ਨਤੀਜਾ ਹੈ। ਮਿੱਟੀ ਦਾ ਪ੍ਰਦੂਸ਼ਣ ਮੁਨਾਫ਼ਾਖੋਰੀ ਦੀ ਬੁਰਾਈ ਵਿਚੋਂ ਹੀ ਨਿਕਲਿਆ ਹੈ। ਸੱਭਿਅਤਾ ਦੇ ਵਿਕਾਸ ਨਾਲ ਪ੍ਰਦੂਸ਼ਣ ਦੀਆਂ ਕੁਝ ਨਵੀਆਂ ਕਿਸਮਾਂ ਵੀ ਸਾਹਮਣੇ ਆਈਆਂ ਹਨ, ਜਿਨਾਂ ਵਿਚ ਸ਼ੋਰ ਪ੍ਰਦੂਸ਼ਣ ਪ੍ਰਮੁੱਖ ਹੈ। ਕਈ ਵਾਰ ਸ਼ੋਰ ਪ੍ਰਦੂਸ਼ਣ ਦਾ ਸਾਨੂੰ ਅੰਦਾਜ਼ਾ ਵੀ ਨਹੀਂ ਹੁੰਦਾ, ਕਿਉਂਕਿ ਮਨੁੱਖ ਦੇ ਸੁਣਨ ਦੀ ਸੀਮਾ ਤੋਂ ਪਰੇ ਭਾਵ ਅਲਟਰਾਸਾਊਂਡ ਜਾਂ ਇਨਫਰਾਸਾਊਂਡ ਕੁਦਰਤੀ ਵਿਵਸਥਾ ਵਿਚ ਅਜਿਹੀ ਖਲਬਲੀ ਮਚਾਉਂਦੇ ਹਨ, ਜੋ ਸਾਡੀ ਸੋਚਣ ਸ਼ਕਤੀ ਤੋਂ ਵੀ ਦੂਰ ਦੀ ਗੱਲ ਹੋ ਨਿੱਬੜਦੀ ਹੈ। ਧਰਤੀ ਦੀ ਵਧ ਰਹੀ ਤਪਸ਼ ਅਤੇ ਮੌਸਮ ਦੀ ਤਬਦੀਲੀ ਵਿਕਰਾਲ ਰੂਪ ਧਾਰੀ ਸਾਡੇ ਸਾਹਮਣੇ ਖੜੇ ਹਨ। ਆਧੁਨਿਕ ਯੁੱਗ ਤਕਨੀਕ ਦਾ ਯੁੱਗ ਹੈ। ਮੋਬਾਈਲ, ਕੰਪਿਊਟਰ, ਟੀ.ਵੀ., ਬਿਜਲੀ ਆਦਿ ਤੋਂ ਬਿਨਾਂ ਜ਼ਿੰਦਗੀ ਦੀ ਕਲਪਨਾ ਕਰਨੀ ਮੁਸ਼ਕਿਲ ਹੈ। ਪਰ ਸ਼ਾਇਦ ਅੱਜ ਸਾਡੇ ਵਿਚੋਂ ਬਹੁਤ ਘੱਟ ਲੋਕ ਇਸ ਤੱਥ ਵੱਲ ਧਿਆਨ ਦਿੰਦੇ ਹੋਣਗੇ ਕਿ ਆਉਣ ਵਾਲੇ ਸਮੇਂ ਵਿਚ **ਬਾਕੀ ਸਫ਼ਾ 31 'ਤੇ**

# 83, ਸਮਰਾਟ ਪ੍ਰਿਥਵੀਰਾਜ ਵਰਗੀਆਂ ਬਾਲੀਵੁੱਡ ਦੀਆਂ ਵੱਡੀਆਂ ਫਿਲਮਾਂ ਕਿਉਂ ਫੇਲ ਹੋਈਆਂ

ਬਾਲੀਵੁੱਡ ਇੰਡਸਟਰੀ ਕੋਰੋਨਾ ਮਹਾਂਮਾਰੀ ਦੇ ਦੋ ਸਾਲਾਂ ਬਾਅਦ ਵੀ ਮੁਸ਼ਕਲ ਦੇ ਦੌਰ ਵਿਚੋਂ ਲੰਘ ਰਹੀ ਹੈ। ਫਿਲਮ ਇੰਡਸਟਰੀ ਨੂੰ ਹੁਣ ਤੱਕ ਕਰੋੜਾਂ ਰੁਪਏ ਦੀ ਕਮਾਈ ਦਾ ਨੁਕਸਾਨ ਝੱਲਣਾ ਪਿਆ ਹੈ। ਬਾਕਸ ਆਫਿਸ ਦੇ ਅੰਕੜੇ ਦੱਸਦੇ ਹਨ ਕਿ ਇਸ ਸਾਲ ਦੇ ਪਹਿਲੇ ਛੇ ਮਹੀਨਿਆਂ ਵਿਚ ਰਿਲੀਜ਼ ਹੋਈਆਂ 20 ਮਸ਼ਹੂਰ ਹਿੰਦੀ ਫਿਲਮਾਂ ਵਿਚੋਂ 15 ਫਿਲਮਾਂ ਨੇ ਤਾਂ ਬਾਕਸ ਆਫਿਸ 'ਤੇ ਮੂੰਹ ਦੀ ਖਾਧੀ ਹੈ। ਇਸ ਸਾਰੀਆਂ ਫਿਲਮਾਂ ਪੂਰੀ ਤਰਾਂ ਨਾਲ ਅਸਫ਼ਲ ਰਹੀਆਂ ਹਨ। ਇਨਾਂ ਵਿਚ ਦੇਸ਼ ਦੇ ਵੱਡੇ-ਵੱਡੇ ਸੁਪਰਸਟਾਰਾਂ ਦੀਆਂ ਫਿਲਮਾਂ ਵੀ ਸ਼ਾਮਲ ਹਨ। ਜਿਵੇਂ- ਰਣਵੀਰ ਸਿੰਘ ਦੀ '83' ਅਤੇ 'ਜਏਸ਼ਭਾਈ ਜ਼ੋਰਦਾਰ', ਅਕਸ਼ੇ ਕੁਮਾਰ ਦੀ 'ਸਮਰਾਟ ਪ੍ਰਿਥਵੀਰਾਜ' ਅਤੇ 'ਬਚਨ ਪਾਂਡੇ' ਅਤੇ ਕੰਗਨਾ ਰਣੌਤ ਦੀ 'ਧਾਕੜ'।

ਇਨਾਂ ਫਿਲਮਾਂ ਨੂੰ ਤਕਰੀਬਨ 700-900 ਕਰੋੜ ਦਾ ਨੁਕਸਾਨ ਹੋਇਆ ਹੈ। ਜੇਕਰ ਫਿਲਮਾਂ ਦੇ ਸੈਟੇਲਾਈਟ ਅਤੇ ਡਿਜੀਟਲ ਰਾਈਟਸ ਨਾ ਵੇਚੇ ਜਾਂਦੇ ਤਾਂ ਪੈਸੇ ਵਸੂਲਣਾ ਹੋਰ ਵੀ ਮੁਸ਼ਕਲ ਹੋ ਜਾਣਾ ਸੀ। ਜੇਕਰ ਹਾਲਾਤ ਇਹੋ ਜਿਹੇ ਹੀ ਰਹੇ ਤਾਂ ਇਸ ਸਾਲ ਸਿਨੇਮਾ ਹਾਲ ਦੀ ਕੁੱਲ ਕਮਾਈ 45 ਕਰੋੜ ਡਾਲਰ ਤੋਂ ਵੱਧ ਦੀ ਨਹੀਂ ਹੋਵੇਗੀ। 2019 ਵਿਚ ਬਾਕਸ ਆਫਿਸ 'ਤੇ ਬਣੀਆਂ ਲਗਭਗ 55 ਕਰੋੜ ਡਾਲਰ ਦੀਆਂ ਹਿੰਦੀ ਫਿਲਮਾਂ ਤੋਂ ਇਹ 100 ਮਿਲੀਅਨ ਡਾਲਰ ਘੱਟ ਹੈ।'

ਫਿਲਮਾਂ ਦੇ ਮਾੜੇ ਪ੍ਰਦਰਸ਼ਨ ਪਿੱਛੇ ਕਈ ਕਾਰਨ ਹਨ ਅਤੇ ਉਨਾਂ 'ਚੋਂ ਇੱਕ ਹੈ 'ਕਮਜ਼ੋਰ ਵਿਸ਼ੇ' ਦਾ ਹੋਣਾ।

ਐਮ ਕੇ ਗਲੋਬਲ ਫਾਈਨੈਂਸ਼ੀਅਲ ਸਰਵਿਸਿਜ਼ ਦੀ ਇੱਕ ਰਿਪੋਰਟ ਮੁਤਾਬਕ, 'ਇੱਕ ਉਹ ਵੀ ਸਮਾਂ ਸੀ ਜਦੋਂ ਕਮਜ਼ੋਰ ਕੰਟੈਂਟ ਹੋਣ ਦੇ ਬਾਵਜੂਦ ਵੀ ਵੱਡੇ-ਵੱਡੇ ਸਿਤਾਰੇ ਆਪਣੀ ਫੈਨ ਫਾਲੋਇੰਗ ਦੇ ਸਿਰ 'ਤੇ ਦਰਸ਼ਕਾਂ ਨੂੰ ਸਿਨੇਮਾਘਰਾਂ ਤੱਕ ਖਿੱਚ ਲਿਆਉਂਦੇ ਸਨ ਅਤੇ ਫਿਲਮਾਂ ਠੀਕ-ਠਾਕ ਕਮਾਈ ਕਰ ਹੀ ਲੈਂਦੀਆਂ ਸਨ। ਪਰ ਸਮੇਂ ਦੇ ਬੀਤਣ ਨਾਲ ਦਰਸ਼ਕਾਂ ਦੀਆਂ ਤਰਜੀਹਾਂ ਵੀ ਬਦਲੀਆਂ ਹਨ ਅਤੇ ਉਹ ਫਿਲਮਾਂ ਦੇ ਕੰਟੈਂਟ 'ਤੇ ਵਧੇਰੇ ਧਿਆਨ ਦੇ ਰਹੇ ਹਨ।ਪਰ ਫਿਲਮ ਨਿਰਮਾਤਾ ਇਹ ਨਹੀਂ ਸਮਝ ਪਾ ਰਹੇ ਹਨ ਕਿ ਕੋਵਿਡ ਤੋਂ ਪਹਿਲਾਂ ਬਾਕਸ ਆਫਿਸ 'ਤੇ ਚੱਲਣ ਵਾਲੀਆਂ ਮੱਧ-ਬਜਟ ਅਤੇ ਗੰਭੀਰ ਵਿਸ਼ੇ ਵਾਲੀਆਂ ਫਿਲਮਾਂ ਵੀ ਕੋਵਿਡ ਤੋਂ ਬਾਅਦ ਚੰਗਾ ਕਾਰੋਬਾਰ ਕਿਉਂ ਨਹੀਂ ਕਰ ਪਾ ਰਹੀਆਂ ਹਨ। ਦੇਸ਼ ਦੇ ਸਭ ਤੋਂ ਵੱਡੇ ਫਿਲਮ ਸਟੂਡੀਓਜ਼ ਵਿਚੋਂ ਇੱਕ ਟੀ-ਸੀਰੀਜ਼ ਦੇ ਮਾਲਕ ਭੂਸ਼ਣ ਕੁਮਾਰ ਦਾ ਕਹਿਣਾ ਹੈ ਕਿ ਦਰਸ਼ਕ ਹੁਣ ਫਿਲਮ ਵਿਚ ਵਧੀਆ ਕੰਟੈਂਟ ਅਤੇ ਵੱਡੇ ਕਲਾਕਾਰ ਦੋਵਾਂ ਨੂੰ ਇਕੱਠੇ ਵੇਖਣਾ ਚਾਹੁੰਦਾ ਹੈ।

ਨਿਰਮਾਤਾਵਾਂ ਵਿਚ ਮੁਸ਼ਕਲ ਵਾਲੀ ਸਥਿਤੀ

ਭੂਸ਼ਣ ਕੁਮਾਰ ਵੱਲੋਂ ਨਿਰਮਿਤ ਹਾਰਰ ਕਾਮੇਡੀ ਫਿਲਮ 'ਭੂਲ ਭੁਲਈਆ-2', ਇਸ ਸਾਲ ਦੀ ਸਭ ਤੋਂ ਵੱਧ ਕਮਾਈ ਕਰਨ ਵਾਲੀਆਂ ਫਿਲਮਾਂ ਵਿਚੋਂ ਇੱਕ ਰਹੀ ਹੈ। ਫਿਰ ਵੀ ਉਨਾਂ ਦਾ ਮੰਨਣਾ ਹੈ ਕਿ ਫਿਲਮ ਨਿਰਮਾਤਾ ਗੁੰਝਲਦਾਰ ਸਥਿਤੀ ਵਿਚ ਫਸੇ ਹੋਏ ਹਨ। ਬਾਕਸ ਆਫਿਸ 'ਤੇ ਲਗਾਤਾਰ ਅਸਫ਼ਲ ਰਹਿ ਰਹੀਆਂ ਫਿਲਮਾਂ ਦੇ ਕਾਰਨ ਉਹ ਇਹ ਨਹੀਂ ਸਮਝ ਪਾ ਰਹੇ ਹਨ ਕਿ ਦਰਸ਼ਕਾਂ ਨੂੰ ਕਿਸ ਤਰਾਂ ਦੀਆਂ ਫਿਲਮਾਂ ਪਸੰਦ ਆਉਣਗੀਆਂ।

ਸਟ੍ਰੀਮਿੰਗ ਪਲੇਟਫਾਰਮਾਂ ਦੀ ਪਹੁੰਚ ਅਤੇ ਸਿਨੇਮਾਘਰਾਂ ਤੋਂ ਲੋਕਾਂ ਦੀ ਵਧਦੀ ਦੂਰੀ ਦੇ ਮੱਦੇਨਜ਼ਰ ਬਾਕਸ ਆਫਿਸ 'ਤੇ ਇੱਕ ਫਿਲਮ ਨੂੰ ਸਫ਼ਲ ਬਣਾਉਣਾ ਪਹਿਲਾਂ ਨਾਲੋਂ ਵੀ ਕਿਤੇ ਵੱਧ ਮੁਸ਼ਕਲ ਹੋ ਗਿਆ ਹੈ। ਦੂਜਾ ਕੋਵਿਡ ਮਹਾਂਮਾਰੀ ਨੇ ਸਥਿਤੀ ਨੂੰ ਖਰਾਬ ਕਰਨ ਵਿਚ ਕੋਈ ਕਸਰ ਨਾ ਛੱਡੀ। ਭੂਸ਼ਣ ਕੁਮਾਰ ਦਾ ਮੰਨਣਾ ਹੈ ਕਿ ਵਧਦੀ ਰਿਲੀਜ਼ ਡੇਟ, ਕੈਨਸਲੇਸ਼ਨ ਅਤੇ ਕੋਵਿਡ ਪ੍ਰੋਟੋਕੋਲ ਦੇ ਕਾਰਨ ਫਿਲਮ ਦਾ ਔਸਤਨ ਬਜਟ 10 ਤੋਂ 15% ਤੱਕ ਵੱਧ ਗਿਆ ਹੈ। ਇਸ ਦੇ ਨਾਲ ਹੀ ਟਿਕਟਾਂ ਵੀ ਵਧੇਰੇ ਮਹਿੰਗੀਆਂ ਹੋ ਗਈਆਂ ਹਨ, ਥੀਏਟਰ ਦੀ ਸਮਰੱਥਾ ਘੱਟ ਗਈ ਹੈ ਅਤੇ ਕੋਵਿਡ ਕਾਲ ਦੌਰਾਨ ਬਹੁਤ ਸਾਰੇ ਸਿਨੇਮਾਘਰ ਸਥਾਈ ਤੌਰ 'ਤੇ ਬੰਦ ਵੀ ਹੋ ਗਏ ਹਨ।

ਐਮਕੇ ਗਲੋਬਲ ਦੇ ਅਨੁਸਾਰ ਭਾਈ-ਭਤੀਜਾਵਾਦ (ਨੇਪੋਟੀਜ਼ਮ) ਤੋਂ ਲੈ ਕੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਇਲਜ਼ਾਮਾਂ ਹੇਠ ਬਾਲੀਵੁੱਡ ਵਿਰੋਧੀ ਸੋਸ਼ਲ ਮੀਡੀਆ ਮੁਹਿੰਮ ਨੇ ਵੀ ਫਿਲਮ ਉਦਯੋਗ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੈ। ਹਾਲਾਂਕਿ ਇਹ ਨੁਕਸਾਨ ਕਿੰਨਾ ਹੋਇਆ ਹੈ, ਇਸ ਦਾ ਅੰਦਾਜ਼ਾ ਲਗਾਉਣਾ ਮੁਸ਼ਕਲ ਹੈ।

ਰਵਾਇਤੀ ਤੌਰ 'ਤੇ ਦੱਖਣੀ ਭਾਰਤ ਵਿਚ ਬਣੀਆਂ ਫਿਲਮਾਂ ਆਪਣੇ ਖੇਤਰ ਵਿਚ ਵਧੀਆ ਪ੍ਰਦਰਸ਼ਨ ਕਰਦੀਆਂ ਹਨ। ਪਰ ਪਿਛਲੇ ਕੁਝ ਸਮੇਂ ਤੋਂ ਹਿੰਦੀ ਪੱਟੀ ਵਿਚ ਇੰਨਾਂ ਫਿਲਮਾਂ ਦੇ ਹਿੰਦੀ ਡੱਬ ਕੀਤੇ ਸੰਸਕਰਣਾਂ ਦੀ ਪ੍ਰਸਿੱਧੀ ਵਿਚ ਵਾਧਾ ਹੋਇਆ ਹੈ। ਇਨਾਂ ਫਿਲਮਾਂ ਨੇ ਇੱਥੇ ਬਹੁਤ ਵਧੀਆ ਪ੍ਰਦਰਸ਼ਨ ਕੀਤਾ ਹੈ ਅਤੇ ਇਹ ਬਾਕਸ ਆਫਿਸ ਕਲੈਕਸ਼ਨ ਦੇ ਮਾਮਲੇ ਵਿਚ ਬਾਲੀਵੁੱਡ ਫਿਲਮਾਂ ਦੇ ਬਰਾਬਰ ਖੜੀਆਂ ਨਜ਼ਰ ਆਉਂਦੀਆਂ ਹਨ।ਮਿਸਾਲਨ ਦੱਖਣ ਦੀਆਂ 'ਆਰਆਰਆਰ', 'ਕੇਜੀਐਫ ਚੈਪਟਰ 2' ਅਤੇ 'ਪੁਸ਼ਪਾ' ਵਰਗੀਆਂ ਐਕਸ਼ਨ ਭਰਪੂਰ ਫਿਲਮਾਂ। ਮਾਹਿਰਾਂ ਦਾ ਮੰਨਣਾ ਹੈ ਕਿ ਮੁੰਬਈ ਦੇ ਸਟੂਡੀਓਜ਼ ਵਿਚ ਬਣੀਆਂ ਹਿੰਦੀ ਫਿਲਮਾਂ ਵਿਚ ਦੱਖਣ ਦੀਆਂ ਬਲਾਕਬਸਟਰ ਫਿਲਮਾਂ ਵਾਂਙਰ ਸ਼ਾਨਦਾਰ ਸੈੱਟ, ਆਕਰਸ਼ਕ ਗੀਤਾਂ ਅਤੇ ਸਲੋਅ ਮੋਸ਼ਨ ਸੀਨ ਦੀ ਘਾਟ ਹੁੰਦੀ ਹੈ।







ਐਮ ਕੇ ਗਲੋਬਲ ਦੀ ਰਿਪੋਰਟ ਅਨੁਸਾਰ, 'ਖੇਤਰੀ ਫਿਲਮਾਂ (ਦੱਖਣੀ ਅਤੇ ਗੈਰ-ਦੱਖਣੀ) ਦਾ ਪ੍ਰਦਰਸ਼ਨ ਆਮ ਤੌਰ 'ਤੇ ਉਨਾਂ ਦੇ ਰਵਾਇਤੀ ਬਾਜ਼ਾਰ ਤੋਂ ਬਾਹਰ ਘੱਟ ਹੀ ਪ੍ਰਭਾਵੀ ਰਿਹਾ ਹੈ।' ਇਸ ਸਾਲ ਦੀ ਦੂਜੀ ਛਮਾਹੀ ਵਿਚ ਕੋਈ ਵੀ ਵੱਡੀ ਖੇਤਰੀ ਫਿਲਮ ਰਿਲੀਜ਼ ਨਹੀਂ ਹੋਣ ਵਾਲੀ ਹੈ ਅਤੇ ਅਜਿਹੇ ਵਿਚ ਹਿੰਦੀ ਫਿਲਮਾਂ ਦੇ ਉੱਪਰ ਹੀ ਬਾਕਸ ਆਫਿਸ ਦੀ ਸਿਹਤ ਨੂੰ ਠੀਕ ਰੱਖਣ ਦੀ ਜ਼ਿੰਮੇਵਾਰੀ ਹੋਵੇਗੀ।'

ਹੁਣ ਅੱਗੇ ਕੀ ਹੋਵੇਗਾ ?

ਬਾਲੀਵੁੱਡ ਹੁਣ 'ਫੋਰੈਸਟ ਗੰਪ' ਦੇ ਹਿੰਦੀ ਰੀਮੇਕ 'ਲਾਲ ਸਿੰਘ ਚੱਡਾ' ਅਤੇ ਰਣਬੀਰ ਕਪੂਰ ਦੀ ਐਕਸ਼ਨ ਡਰਾਮਾ ਫਿਲਮ 'ਸ਼ਮਸ਼ੇਰਾ' ਵਰਗੀਆਂ ਫਿਲਮਾਂ, ਜਿਨਾਂ ਦੀ ਬਹੁਤ ਲੰਮੇ ਸਮੇਂ ਤੋਂ ਉਡੀਕ ਹੈ, 'ਤੇ ਸੱਟਾ ਲਗਾ ਰਿਹਾ ਹੈ ਤਾਂ ਜੋ ਪਹਿਲੀ ਛਮਾਹੀ ਵਿਚ ਹੋਏ ਨੁਕਸਾਨ ਦੀ ਭਰਪਾਈ ਦੂਜੀ ਛਿਮਾਹੀ ਵਿਚ ਕੀਤੀ ਜਾ ਸਕੇ। ਸਾਲ ਦੇ ਪਹਿਲੇ ਅੱਧ ਦੇ ਮੁਕਾਬਲੇ ਵਿਚ ਦੂਜੇ ਅੱਧ ਵਿਚ ਵਧੇਰੇ ਫਿਲਮਾਂ ਰਿਲੀਜ਼ ਹੋਣ ਜਾ ਰਹੀਆਂ ਹਨ। ਅਜਿਹੇ ਵਿਚ ਬਾਕਸ ਆਫਿਸ ਕੁਲੈਕਸ਼ਨ ਕੋਵਿਡ ਤੋਂ ਪਹਿਲਾਂ ਦੇ ਪੱਧਰ ਤੱਕ ਵਧਣ ਦੀ ਉਮੀਦ ਪ੍ਰਗਟ ਕੀਤੀ ਜਾ ਰਹੀ ਹੈ।ਕੋਈ ਵੀ ਇਹ ਨਹੀਂ ਲਿਖਣਾ ਚਾਹੁੰਦਾ ਹੈ ਕਿ ਵੱਡੇ ਪਰਦੇ 'ਤੇ ਫਿਲਮਾਂ ਵੇਖਣ ਦਾ ਸਮਾਂ ਲੰਘ ਗਿਆ ਹੈ, ਪਰ ਵਿਸ਼ਲੇਸ਼ਕ ਇਸ ਗੱਲ ਨਾਲ ਵੀ ਸਹਿਮਤ ਹਨ ਕਿ ਲੋਕਾਂ ਵਿਚ ਸਟ੍ਰੀਮਿੰਗ ਪਲੇਟਫਾਰਮਾਂ ਦੀ ਵੱਧ ਰਹੀ ਪ੍ਰਸਿੱਧੀ ਅਤੇ ਦਰਸ਼ਕਾਂ ਦੇ ਬਦਲੇ ਸੁਭਾਅ ਨੇ ਬਿਨਾਂ ਸ਼ੱਕ ਕਾਰੋਬਾਰ ਨੂੰ ਪ੍ਰਭਾਵਿਤ ਕੀਤਾ ਹੈ।

ਐਮਕੇ ਗਲੋਬਲ ਦੀ ਰਿਪੋਰਟ ਮੁਤਾਬਕ, ਅਜਿਹੇ ਕਈ ਮਾਮਲੇ ਹੋਣਗੇ ਜਿੱਥੇ ਦਰਸ਼ਕ ਫਿਲਮ ਵੇਖਣ ਲਈ ਸਿਨੇਮਾਘਰ ਜਾਣ ਦੀ ਬਜਾਏ ਓਟੀਟੀ ਪਲੇਟਫਾਰਮ 'ਤੇ ਉਸ ਫਿਲਮ ਦੇ ਰਿਲੀਜ਼ ਹੋਣ ਦਾ ਇੰਤਜ਼ਾਰ ਕਰਨਗੇ, ਖਾਸ ਕਰਕੇ ਉਸ ਸਮੇਂ ਜਦੋਂ ਫਿਲਮਾਂ ਔਸਤਨ ਹੋਣਗੀਆਂ। ਫਿਲਮਾਂ ਦੀ 'ਡਾਇਰੈਕਟ ਟੂ ਸਟ੍ਰੀਮਿੰਗ' ਰਿਲੀਜ਼ ਦੀ ਗਿਣਤੀ ਵਧਣ ਦੀ ਵੀ ਉਮੀਦ ਹੈ।

ਐਮਕੇ ਗਲੋਬਲ ਦੇ ਅਨੁਸਾਰ, ਭਾਰਤ ਵਿਚ ਓਟੀਟੀ ਪਲੇਟਫਾਰਮਾਂ ਨੇ ਮੂਲ ਸਮੱਗਰੀ ਦੇ ਲਈ 500 ਮਿਲੀਅਨ ਡਾਲਰ ਦਾ ਨਿਵੇਸ਼ ਕੀਤਾ ਹੈ, ਜੋ ਕਿ ਵੱਧ ਰਹੇ ਗਾਹਕਾਂ ਦੇ ਮੁਕਾਬਲੇ ਕਿਤੇ ਵੱਧ ਹੈ।

ਪਰ ਬਦਲਾਵ ਦਾ ਇਹ ਰੁਝਾਨ ਇਸੇ ਤਰਾਂ ਹੀ ਰਹੇਗਾ, ਕਿਉਂਕਿ ਸਬਸਕ੍ਰਾਈਬਰਾਂ ਦੀ ਗਿਣਤੀ ਸਮੱਗਰੀ/ਕੰਟੈਂਟ ਦੀ ਬਜਾਏ ਫੀਸ 'ਤੇ ਨਿਰਭਰ ਕਰਦੀ ਹੈ।

ਹਾਲਾਂਕਿ ਇਸ ਇੰਡਸਟਰੀ ਦੇ ਲਈ ਚੰਗੀ ਖ਼ਬਰ ਹੈ, ਕਿਉਂਕਿ ਜਿਸ ਤੁਲਨਾ ਵਿਚ ਸਟ੍ਰੀਮਿੰਗ ਤੋਂ ਹੋਣ ਵਾਲਾ ਮੁਨਾਫਾ ਵਧੇਗਾ, ਉਸੇ ਤੁਲਨਾ ਵਿਚ ਹੀ ਫਿਲਮ ਨਿਰਮਾਤਾਵਾਂ ਵਿਚ ਦਰਸ਼ਕਾਂ ਨੂੰ ਸਿਨੇਮਾਘਰਾਂ ਤੱਕ ਮੁੜ ਲੈ ਕੇ ਆਉਣ ਦਾ ਦਬਾਅ ਵੀ ਵਧੇਗਾ।

ਤਿਆਗੀ ਦਾ ਕਹਿਣਾ ਹੈ, 'ਜਦੋਂ ਤੁਸੀਂ ਪ੍ਰਤੀ ਫਿਲਮ 1600-2400 ਰੁਪਏ ਖਰਚ ਕਰ ਰਹੇ ਹੁੰਦੇ ਹੋ ਤਾਂ ਤੁਹਾਡੀਆਂ ਉਮੀਦਾਂ ਵੀ ਵੱਧ ਜਾਂਦੀਆਂ ਹਨ, ਕਿਉਂਕਿ ਇੰਨੀ ਰਕਮ ਕਰਚ ਕਰਕੇ ਤੁਸੀਂ ਇੱਕ ਸਾਲ ਲਈ ਕਿਸੇ ਵੀ ਸਟ੍ਰੀਮਿੰਗ ਸੇਵਾ ਦਾ ਸਬਸਕ੍ਰਿਪਸ਼ਨ ਲੈ ਸਕਦੇ ਹੋ। ਫਿਰ ਲੋਕ ਇਸ ਦਾ ਬਦਲ ਕਿਉਂ ਨਹੀਂ ਲੱਭਣਗੇ ?'

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਉਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment

ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ



28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375

# ਸ਼ਹੀਦ ਊਧਮ ਸਿੰਘ ਨੂੰ ਯਾਦ ਕਰਦਿਆਂ

**ਮਾਸਟਰ ਪ੍ਰੇਮ ਸਰੂਪ ਛਾਜਲੀ**

ਭਾਰਤ ਦੀ ਧਰਤੀ ਨੇ ਇਕ ਲੰਮਾ ਅਰਸਾ ਗੁਲਾਮੀ ਦਾ ਹੰਢਾਇਆ ਹੈ, ਜਿਸਦੀਆਂ ਜੰਜ਼ੀਰਾਂ ਨੂੰ ਤੋੜਨ ਲਈ ਲੱਖਾਂ ਭਾਰਤੀ ਸੂਰਵੀਰ ਯੋਧਿਆਂ ਨੇ ਆਪਣੇ ਪ੍ਰਾਣ ਨਿਛਾਵਰ ਕੀਤੇ ਹਨ।ਬਹੁਤ ਸਾਰੇ ਸ਼ਹੀਦ ਅਜਿਹੇ ਵੀ ਹਨ ਜਿਨਾਂ ਦਾ ਨਾਮ ਇਤਿਹਾਸ ਦੇ ਪੰਨਿਆਂ 'ਤੇ ਦਰਜ ਹੀ ਨਹੀਂ ਹੋ ਸਕਿਆ। ਅਜ਼ਾਦੀ ਦੇ ਇਸ ਘੋਲ ਵਿਚ ਪੰਜਾਬੀਆਂ ਦਾ ਵੀ ਉਚੇਚਾ ਯੋਗਦਾਨ ਰਿਹਾ ਹੈ।

ਇਨਾਂ ਹੀ ਸਿਰਲੱਥ ਸੂਰਮਿਆਂ ਵਿਚੋਂ ਹੀ ਇਕ ਨਾਮ ਸ਼ਹੀਦ ਊਧਮ ਸਿੰਘ ਜੀ ਦਾ ਹੈ। ਅੱਜ 31 ਜੁਲਾਈ ਦੇ ਦਿਨ ਭਾਰਤ ਦੇਸ਼ ਦੇ ਇੱਕ ਮਹਾਂਨ ਵੀਰ ਸਪੂਤ ਤੇ ਜਿੱਦੀ ਕ੍ਰਾਂਤੀਕਾਰੀ ਰਾਮ ਮੁਹੰਮਦ ਸਿੰਘ ਅਜ਼ਾਦ (ਊਧਮ ਸਿੰਘ) ਜੀ ਦੀ ਸ਼ਹੀਦੀ ਦੇ ਵਜੋਂ ਦੇਸ਼ਵਾਸੀਆਂ ਵੱਲੋਂ ਉਨਾਂ ਨੂੰ ਸ਼ਰਧਾਂਜਲੀ ਦਿੱਤੀ ਜਾਂਦੀ ਹੈ।ਜਦੋਂ ਕਦੀ ਜਲਿਆਂਵਾਲੇ ਖ਼ੂਨੀ ਸਾਕੇ ਦਾ ਜ਼ਿਕਰ ਹੁੰਦਾ ਹੈ ਤਾਂ ਸਹਿਜੇ ਹੀ ਊਧਮ ਸਿੰਘ ਦਾ ਨਾਮ ਯਾਦ ਆ ਜਾਂਦਾ ਹੈ ਜਿਸਨੇ 21 ਸਾਲਾਂ ਬਾਅਦ 1919 ਦੀ ਵਿਸਾਖੀ ਨੂੰ ਅੰਮ੍ਰਿਤਸਰ ਦੇ ਜਲਿਆਂਵਾਲੇ ਬਾਗ ਵਿਚ ਹੋਏ ਖ਼ੂਨੀ ਸਾਕੇ ਦਾ ਬਦਲਾ ਓਡਵਾਇਰ ਨੂੰ ਮਾਰ ਕੇ ਲਿਆ।ਊਧਮ ਸਿੰਘ ਦਾ ਸਾਰਾ ਜੀਵਨ ਕੁਰਬਾਨੀਆਂ ਤੇ ਸੰਘਰਸ਼ ਨਾਲ ਭਰਿਆ ਹੋਇਆ ਹੈ। ਇਨਾਂ ਦੀ ਜੀਵਨੀ ਨੂੰ ਪੜ ਕੇ ਆਪਣੇ ਟੀਚੇ ਨੂੰ ਪ੍ਰਾਪਤ ਕਰਨ ਦੀ ਪ੍ਰੇਰਨਾ ਮਿਲਦੀ ਹੈ।

ਸ਼ਹੀਦ ਊਧਮ ਸਿੰਘ ਇੱਕ ਐਸਾ ਨਾਮ, ਜੋ ਸੁਣਦੇ ਸਾਰ ਹੀ ਇੱਕ ਐਸਾ ਵਿਅਕਤੀ ਅੱਖਾਂ ਅੱਗੇ ਆਉਣ ਲੱਗ ਜਾਂਦਾ ਹੈ, ਜੋ ਇੱਕ ਆਮ ਇਨਸਾਨ ਹੁੰਦੇ ਹੋਏ ਵੀ ਐਸੇ ਖ਼ਾਸ ਕੰਮਾਂ ਨੂੰ ਅੰਜਾਮ ਦੇ ਗਿਆ, ਜਿਸ ਨੂੰ ਰਹਿੰਦੀ ਦੁਨੀਆਂ ਤੱਕ ਨਹੀਂ ਭੁਲਾਇਆ ਜਾ ਸਕਦਾ। ਸ਼ਹੀਦ ਊਧਮ ਸਿੰਘ ਦੇ ਜੀਵਨ, ਸੰਘਰਸ਼ ਅਤੇ ਕੰਮਾਂ ਦੇ ਨਾਲ-ਨਾਲ ਉਨਾਂ ਦੇ ਜੀਵਨ ਬਾਰੇ ਇੱਕ ਵੱਖਰੇ ਨਜ਼ਰੀਏ ਨਾਲ ਇਤਿਹਾਸ ਅਤੇ ਹਲਾਤਾਂ ਨੂੰ ਧਿਆਨ ਵਿੱਚ ਰੱਖ ਕੇ ਉਹਨਾਂ ਪਹਿਲੂਆਂ ਨੂੰ ਸਾਂਝਾ ਕਰਨਾ ਹੈ, ਜਿਨਾਂ ਨੂੰ ਅਸੀਂ ਜਦ ਕਿਸੇ ਮਹਾਨ ਇਨਸਾਨ ਦਾ ਨਾਂ ਲੈਂਦੇ ਹਾਂ ਤਾਂ ਅਕਸਰ ਵਿਚਾਰਦੇ ਹੀ ਨਹੀਂ, ਇਹੀ ਕਾਰਨ ਹੈ ਕਿ ਗਿਆਨ, ਕੁਰਬਾਨੀ, ਸਾਹਸ, ਉੱਚਾ ਕਿਰਦਾਰ, ਉੱਚੀ ਸੋਚ ਅਤੇ ਜਜ਼ਬਾ ਅਕਸਰ ਤਸਵੀਰਾਂ ਦੇ ਰੂਪ ਵਿੱਚ ਟੰਗਿਆ ਰਹਿ ਜਾਂਦਾ ਹੈ ਅਤੇ ਵਰੀ-ਛਿਮਾਹੀ ਝਾੜ-ਪੂੰਝ ਕਰ ਕੇ ਫੁੱਲਾਂ ਦੇ ਹਾਰ ਬਦਲ ਦਿੱਤੇ ਜਾਂਦੇ ਹਨ ਪਰ ਉਹਨਾਂ ਦੇ ਜੀਵਨ ਅਤੇ ਉਨਾਂ ਦੇ ਫ਼ਲਸਫ਼ੇ ਜ਼ਿਆਦਾਤਰ ਇਤਿਹਾਸ ਦੇ ਪੰਨਿਆਂ ਵਿੱਚ ਪਏ ਰਹਿ ਜਾਂਦੇ ਹਨ।ਬੇਸ਼ੱਕ ਅੱਜ ਸ਼ਹੀਦ ਊਧਮ ਸਿੰਘ ਦੀ ਕੁਰਬਾਨੀ ਉੱਤੇ ਜਿੱਥੇ ਸਾਰੇ ਦੇਸ਼ ਵਾਸੀ ਫਖ਼ਰ ਮਹਿਸੂਸ ਕਰਦੇ ਹਨ, ਉਥੇ ਸ਼ਹੀਦ ਊਧਮ ਸਿੰਘ ਦੀ ਕੁਰਬਾਨੀ ਸਦੀਆਂ ਤਕ ਭਾਰਤੀ ਲੋਕਾਂ ਨੂੰ ਦੇਸ਼ ਪਿਆਰ ਅਤੇ ਦੇਸ਼ ਲਈ ਕੁਰਬਾਨ ਹੋਣ ਦੀ ਪ੍ਰੇਰਨਾ ਦਿੰਦੀ ਰਹੇਗੀ।

ਊਧਮ ਸਿੰਘ ਦਾ ਅਸਲ ਨਾਂ ਸ਼ੇਰ ਸਿੰਘ ਸੀ। ਆਪ ਦਾ ਜਨਮ 26 ਦਸੰਬਰ 1899 ਨੂੰ ਸੁਨਾਮ ਜ਼ਿਲਾ ਸੰਗਰੂਰ ਵਿਖੇ ਹੋਇਆ। ਸੁਨਾਮ ਉਸ ਸਮੇਂ ਪਟਿਆਲਾ ਰਿਆਸਤ ਦਾ ਇਕ ਹਿੱਸਾ ਸੀ। ਆਪ ਦੇ ਪਿਤਾ ਟਹਿਲ ਸਿੰਘ ਉਸ ਸਮੇਂ ਨੇੜਲੇ ਪਿੰਡ ਉਪਲੀ ਵਿਖੇ ਰੇਲਵੇ ਫ਼ਾਟਕ ਤੇ ਚੌਂਕੀਦਾਰ ਵਜੋਂ ਨੌਂਕਰੀ ਕਰਦੇ ਸਨ। ਸ਼ੇਰ ਸਿੰਘ ਅਜੇ ਮਹਿਜ਼ ਸੱਤ ਸਾਲਾਂ ਦਾ ਵੀ ਨਹੀਂ ਸੀ ਹੋਇਆ ਕਿ ਉਸਦੇ ਸਿਰ ਉੱਤੋਂ ਮਾਂ-ਬਾਪ ਦੋਵਾਂ ਦਾ ਹੀ ਸਾਇਆ ਉੱਠ ਗਿਆ। ਮਾਪਿਆਂ ਦਾ ਸਾਇਆ ਉੱਠ ਜਾਣ ਉਪਰੰਤ ਊਧਮ ਸਿੰਘ ਨੂੰ ਖਾਲਸਾ ਯਤੀਮਖ਼ਾਨਾ ਅੰਮ੍ਰਿਤਸਰ ਵਿਖੇ ਦਾਖ਼ਲ ਕਰਵਾ ਦਿੱਤਾ ਗਿਆ।

ਸੰਨ 1919 ਵਿਚ ਜਲਿਆਂਵਾਲਾ ਬਾਗ਼ ਦੇ ਹੱਤਿਆ ਕਾਂਡ ਦੇ ਫਟੜਾਂ ਦੀ ਸੇਵਾ ਉਤੇ ਲੱਗੇ ਹੋਣ ਕਾਰਨ ਸਾਰੀ ਦੁਰਘਟਨਾ ਦੀ ਦਰਦਨਾਕ ਝਾਕੀ ਉਸ ਦੀਆਂ ਅੱਖਾਂ ਅੱਗੋਂ ਦੀ ਲੰਘੀ, ਜਿਸ ਦਾ ਉਸ ਦੇ ਨਿਰਛਲ ਅਤੇ ਕੋਮਲ ਦਿਲ ਉਤੇ ਇਸ ਕਦਰ ਡੂੰਘਾ ਅਸਰ ਪਿਆ ਕਿ ਉਸ ਨੇ ਉਕਤ ਜ਼ੁਲਮ ਦਾ ਬਦਲਾ ਲੈਣ ਦੀ ਪੱਕੀ ਠਾਣ ਲਈ। ਇਹ ਵੀ ਕਿਹਾ ਜਾਂਦਾ ਹੈ ਕਿ ਲਾਸ਼ਾਂ ਦੇ ਢੇਰ ਵਿਚ ਖੜੋਕੇ ਉਸ ਨੇ ਪ੍ਰਣ ਕੀਤਾ ਕਿ ਮੈਂ ਪੰਜਾਬ ਦੇ ਗਵਰਨਰ ਓਡਵਾਇਰ ਨੂੰ ਮਾਰ ਕੇ ਇਸ ਜ਼ੁਲਮ ਦਾ ਬਦਲਾ ਲਵਾਂਗਾ।

ਜਲਿਆਂਵਾਲੇ ਬਾਗ਼ ਦੀ ਦੁਖਾਂਤਕ ਘਟਨਾ ਤੋਂ ਛੇਤੀ ਬਾਅਦ ਉਹ ਇਨਕਲਾਬੀਆਂ ਦੀ ਪਾਰਟੀ ਵਿਚ ਸ਼ਾਮਲ ਹੋ ਗਏ। ਇਸ ਦੌਰਾਨ ਨੌਜਵਾਨ ਭਾਰਤ ਸਭਾ ਦਾ ਮੈਂਬਰ ਬਣ ਕੇ ਕੁਝ ਕੰਮ ਕੀਤੇ। ਇਸੇ ਵਿਚਕਾਰ ਇਕ ਠੇਕੇਦਾਰ ਦੀ ਸਹਾਇਤਾ ਨਾਲ ਊਧਮ ਮੈਕਸੀਕੋ ਰਾਹੀਂ ਅਮਰੀਕਾ ਜਾ ਪੁੱਜਾ। ਚੰਗਾ ਮਕੈਨਿਕ ਹੋਣ ਕਰਕੇ ਹਵਾਈ ਜਹਾਜ਼ਾਂ ਦੀ ਇਕ ਕੰਪਨੀ ਵਿਚ ਨੌਕਰ ਹੋ ਗਿਆ ਤੇ ਉਥੇ ਹੀ ਸ਼ਾਦੀ ਕੀਤੀ। ਛੇਤੀ ਹੀ ਉਥੇ ਗਦਰ ਪਾਰਟੀ ਦੇ ਇਨਕਲਾਬੀਆਂ ਨਾਲ ਉਸ ਦਾ ਮੇਲ ਹੋ ਗਿਆ। ਦੇਸ਼ ਵਾਪਸੀ 'ਤੇ ਉਸ ਕੋਲੋਂ ਹਥਿਆਰ ਅਤੇ ਬੰਬ ਫੜੇ ਗਏ, ਜਿਸ ਕਾਰਨ ਅੰਮ੍ਰਿਤਸਰ ਸਟੇਸ਼ਨ 'ਤੇ ਹੀ ਗ੍ਰਿਫਤਾਰ ਕਰ ਲਿਆ ਗਿਆ। ਇਸ ਜੁਰਮ




ਵਿਚ ਉਨਾਂ ਨੂੰ ਚਾਰ ਸਾਲ ਕੈਦ ਹੋਈ ਤੇ ਘਰ ਬਾਰ ਸਭ ਕੁਝ ਜ਼ਬਤ ਹੋ ਗਿਆ।

1931 ਵਿਚ ਰਿਹਾਅ ਹੋਣ 'ਤੇ ਉਹ ਇਕ ਵਾਰ ਫਿਰ ਆਪਣੀ ਜੱਦੀ ਰਿਹਾਇਸ਼ ਸੁਨਾਮ ਵਾਪਸ ਆ ਗਏ। ਪਰ ਸਥਾਨਿਕ ਪੁਲਿਸ ਦੁਆਰਾ ਪ੍ਰੇਸ਼ਾਨ ਕੀਤੇ ਜਾਣ 'ਤੇ ਉਹ ਫਿਰ ਅੰਮ੍ਰਿਤਸਰ ਵਾਪਸ ਚਲੇ ਗਏ, ਜਾ ਕੇ ਸਾਈਨਬੋਰਡ ਪੇਂਟਰ ਦੀ ਦੁਕਾਨ ਖੋਲ ਲਈ ਅਤੇ ਆਪਣਾ ਨਾਂ ਰਾਮ ਮੁਹੰਮਦ ਸਿੰਘ ਆਜ਼ਾਦ ਰੱਖ ਲਿਆ। ਇਹ ਉਹ ਨਾਂ ਸੀ ਜਿਸਦੀ ਵਰਤੋਂ ਇਸਨੇ ਬਾਅਦ ਵਿਚ ਇੰਗਲੈਂਡ ਵਿਚ ਕੀਤੀ ਸੀ। ਇਸ ਨਾਂ ਨੂੰ ਅਪਨਾਉਣ ਦਾ ਭਾਵ ਭਾਰਤ ਦੇ ਸਾਰੇ ਧਰਮਾਂ ਦੀ ਏਕਤਾ ਉੱਪਰ ਬਲ ਦੇਣਾ ਸੀ, ਜੋ ਕਿ ਭਾਰਤੀ ਰਾਜਨੀਤਿਕ ਸੁਤੰਤਰਤਾ ਅੰਦੋਲਨ ਦਾ ਆਧਾਰ ਸੀ। ਇਸੇ ਦੌਰਾਨ ਆਪਣਾ ਨਾਂ ਤਬਦੀਲ ਕਰ ਮਹਾਂਦੀਪਾਂ 'ਚ ਘੁੰਮਦਾ ਘੁਮਾਉਂਦਾ ਇੰਗਲੈਂਡ ਜਾ ਪੁੱਜਾ। ਫਿਰ 1933 ਤੋਂ 1940 ਤੱਕ ਉਥੇ ਹੀ ਰਿਹਾ।

ਆਖਿਰ ਲੰਮੀ ਉਡੀਕ ਤੋਂ ਬਾਅਦ 13 ਮਾਰਚ 1940 ਨੂੰ ਉਹ ਘੜੀ ਵੀ ਆ ਗਈ, ਜਿਸ ਦਾ ਉਸਨੂੰ ਸਾਲਾਂ ਤੋਂ ਇੰਤਜ਼ਾਰ ਸੀ, ਉਸ ਦਿਨ 4.30 ਵਜੇ ਕੈਕਸਟਨ ਹਾਲ, ਲੰਡਨ ਵਿਚ ਜਿੱਥੇ ਈਸਟ ਇੰਡੀਆ ਐਸੋਸੀਏਸ਼ਨ ਅਤੇ ਰਾਇਲ ਸੈਂਟਰਲ ਏਸ਼ੀਅਨ ਸੁਸਾਇਟੀ ਵਲੋਂ ਸਾਂਝੇ ਤੌਰ 'ਤੇ ਆਯੋਜਿਤ ਮੀਟਿੰਗ ਹੋ ਰਹੀ ਸੀ। ਊਧਮ ਸਿੰਘ ਨੇ ਆਪਣੀ ਪਿਸਤੌਲ ਤੋਂ ਮਾਈਕਲ ਓਡਵਾਇਰ ਉੱਤੇ ਜੋ ਅੰਮ੍ਰਿਤਸਰ ਦੇ ਖ਼ੂਨੀ ਸਾਕੇ ਸਮੇਂ ਪੰਜਾਬ ਦਾ ਗਵਰਨਰ ਸੀ ਪੰਜ-ਛੇ ਗੋਲੀਆਂ ਚਲਾਈਆਂ। ਓਡਵਾਇਰ ਦੇ ਦੋ ਗੋਲੀਆਂ ਲੱਗੀਆਂ ਤੇ ਜ਼ਮੀਨ 'ਤੇ ਡਿੱਗਦੇ ਸਾਰ ਹੀ ਮੌਤ ਦਾ ਸ਼ਿਕਾਰ ਹੋ ਗਿਆ। ਇਸ ਮੌਕੇ ਮੀਟਿੰਗ ਦੀ ਪ੍ਰਧਾਨਗੀ ਕਰ ਰਿਹਾ ਭਾਰਤ ਲਈ ਵਿਦੇਸ਼ ਵਿਭਾਗ ਦਾ ਮੁਖੀ ਲਾਰਡ ਜੈਟਲੈਂਡ ਵੀ ਜ਼ਖ਼ਮੀ ਹੋਇਆ। ਊਧਮ ਸਿੰਘ ਨੂੰ ਤੁਰੰਤ ਉਸਦੀ ਧੂੰਆਂ ਛੱਡਦੀ ਪਿਸਤੌਲ ਸਮੇਤ ਫੜ ਲਿਆ ਗਿਆ। ਦਰਅਸਲ ਊਧਮ ਸਿੰਘ ਨੇ ਉਥੋਂ ਫ਼ਰਾਰ ਹੋਣ ਦਾ ਕੋਈ ਯਤਨ ਨਹੀਂ ਕੀਤਾ ਸਗੋਂ ਉਹ ਲਗਾਤਾਰ ਇਹੋ ਕਹਿੰਦਾ ਰਿਹਾ ਕਿ ਉਸਨੇ ਆਪਣੇ ਦੇਸ਼ ਵੱਲੋਂ ਲਗਾਈ ਗਈ ਸੇਵਾ ਪੂਰੀ ਕਰ ਦਿੱਤੀ ਹੈ। ਊਧਮ ਸਿੰਘ ਵੱਲੋਂ ਮਾਈਕਲ ਓਡਵਾਇਰ ਦੇ ਕਤਲ ਨੂੰ ਵਿਸ਼ਵ ਪੱਧਰ ਦੀਆਂ ਅਖ਼ਬਾਰਾਂ ਨੇ ਵੱਖ-ਵੱਖ ਅੰਦਾਜ਼ ਵਿੱਚ ਪ੍ਰਕਾਸ਼ਿਤ ਕੀਤਾ।

ਲੰਡਨ ਤੋਂ ਪ੍ਰਕਾਸ਼ਿਤ ਹੁੰਦੇ ਅਖ਼ਬਾਰ 'ਦੀ ਟਾਈਮਜ਼ ਆਫ ਲੰਡਨ' ਨੇ ਊਧਮ ਸਿੰਘ ਨੂੰ ਬਾਕੀ ਸਫ਼ਾ 30 'ਤੇ

# ਸ਼ਹੀਦ-ਏ-ਆਜ਼ਮ ਸ. ਊਧਮ ਸਿੰਘ



**ਪ੍ਰਮਿੰਦਰ ਸਿੰਘ ਪ੍ਰਵਾਨਾ**
510-415-9377

ਸ. ਊਧਮ ਸਿੰਘ ਗ਼ਦਰ ਲਹਿਰ ਦਾ ਰਾਸ਼ਟਰੀ ਕ੍ਰਾਂਤੀਕਾਰੀ ਹੋਇਆ ਹੈ। ਗ਼ਦਰ ਲਹਿਰ ਹਿੰਦੁਸਤਾਨ ਦੀ ਅਜ਼ਾਦੀ ਲਈ ਅਮਰੀਕਾ ਵਿਚ ਸਰਗਰਮ ਹੋਈ। ਸਭ ਤੋਂ ਵਧ ਫਾਂਸੀਆਂ ਅਤੇ ਉਮਰ ਕੈਦ ਦੀਆਂ ਸਜ਼ਾਵਾਂ ਇਸ ਲਹਿਰ ਹੇਠ ਹੋਈਆਂ। ਸ਼ਹਾਦਤ ਦੇ ਇਸ ਅਮੀਰ ਵਿਰਸੇ ਵਿਚ ਸਿੰਘ ਦਾ ਇਕ ਉੱਘਾ ਨਾਉਂ ਹੈ। ਉਸ ਨੂੰ ਲੈਫ਼ਟੀਨੈਂਟ ਗਵਰਨਰ ਪੰਜਾਬ ਮਾਇਕਲ ਫਰਾਂਸਿਸ ਓਡਵਾਇਰ ਨੂੰ ਮਾਰਨ ਤੇ ਸੰਸਾਰ ਵਿਚ ਪ੍ਰਸਿੱਧੀ ਮਿਲੀ ਜੋ ਜਲਿਆਂਵਾਲੇ ਬਾਗ ਅੰਮ੍ਰਿਤਸਰ ਦੇ ਸਾਕੇ ਦਾ ਦੋਸ਼ੀ ਸੀ। ਸਿੰਘ ਨੂੰ ਸ਼ਹੀਦ-ਏ-ਆਜ਼ਮ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਸਿੰਘ ਦਾ ਜਨਮ 26 ਦਸੰਬਰ 1899 ਨੂੰ ਸੁਨਾਮ (ਸੰਗਰੂਰ) ਪੰਜਾਬ ਵਿਚ ਪਿਤਾ ਟਹਿਲ ਸਿੰਘ ਜੰਮੂ ਅਤੇ ਮਾਤਾ ਨਰੈਣ ਕੌਰ ਦੇ ਘਰ ਹੋਇਆ। ਬਚਪਨ ਦਾ ਨਾਂ ਸ਼ੇਰ ਸਿੰਘ ਸੀ। ਪਿਤਾ ਇਕ ਕਿਸਾਨ ਪਰਿਵਾਰ ਤੋਂ ਸਨ ਜੋ ਰੇਲਵੇ ਸੇਨਾ ਵਿਚ ਪਿੰਡ ਉਪਾਲੀ ਵਿਖੇ ਤਾਇਨਾਤ ਸਨ। ਵੱਡੇ ਭਰਾ ਦਾ ਨਾਂ ਮੁਕਤਾ ਸਿੰਘ ਸੀ। ਸੰਨ 1901 ਵਿਚ ਉਨਾਂ ਦੇ ਮਾਤਾ ਜੀ ਦੀ ਮੌਤ ਹੋ ਗਈ। ਉਨਾਂ ਦੇ ਪਿਤਾ ਜੀ ਵੀ 1907 ਵਿਚ ਅਕਾਲ ਚਲਾਣਾ ਕਰ ਗਏ। ਉਹ ਦੋਵੇਂ ਭਰਾ 24 ਅਕਤੂਬਰ, 1907 ਨੂੰ ਕੇਂਦਰੀ ਖ਼ਾਲਸਾ ਯਤੀਮਖਾਨਾ ਪੁਤਲੀਘਰ ਅੰਮ੍ਰਿਤਸਰ ਵਿਖੇ ਦਾਖ਼ਲ ਹੋ ਗਏ। ਉਨਾਂ ਨੂੰ ਸਿੱਖ ਧਰਮ ਦੀ ਸਿੱਖਿਆ ਮਿਲੀ। ਜਿੱਥੇ ਸ਼ੇਰ ਸਿੰਘ ਨੂੰ ਊਧਮ ਸਿੰਘ ਨਾਂ ਮਿਲਿਆ। ਭਰਾ ਮੁਕਤਾ ਸਿੰਘ ਨੂੰ ਸਾਧੂ ਸਿੰਘ ਨਾਂ ਮਿਲਿਆ। ਪਰ 1907 ਵਿਚ ਵੱਡੇ ਭਰਾ ਦੀ ਮੌਤ ਹੋ ਗਈ। ਸਿੰਘ ਦੀ ਉਮਰ 17 ਸਾਲ ਦੀ ਸੀ ਜਦ ਉਹ ਇਕੱਲਾ ਰਹਿ ਗਿਆ। ਸੰਨ 1918 ਵਿਚ ਸਿੰਘ ਨੇ ਦਸਵੀਂ ਪਾਸ ਕਰ ਲਈ। ਤਦ ਉਸ ਨੇ ਯਤੀਮਖਾਨਾ ਛੱਡ ਦਿੱਤਾ। ਉਸ ਨੂੰ ਆਲੇ ਦੁਆਲੇ ਅੰਗਰੇਜ਼ੀ ਸਾਮਰਾਜ ਦੀਆਂ ਕੋਝੀਆਂ ਚਾਲਾਂ ਦੀ ਸਮਝ ਆਉਣ ਲੱਗੀ। ਉਹ ਇਕ ਗੰਭੀਰ ਵਿਚਾਰਾਂ ਦਾ ਬਣ ਗਿਆ।

ਅਪ੍ਰੈਲ 10, 1919 ਵਿਚ ਰੋਲਟ ਐਕਟ ਦੇ ਵਿਰੋਧ ਵਿਚ ਇੰਡੀਅਨ ਨੈਸ਼ਨਲ ਕਾਂਗਰਸ ਦੇ ਆਗੂ ਗ੍ਰਿਫ਼ਤਾਰ ਹੋਏ। ਕਰਨਲ ਹੈਗੀਨਾਲਡ ਡਾਇਰ ਨੇ ਸਮੂਹ ਇਕੱਠਾਂ ਤੇ ਪਾਬੰਦੀ ਲਗਾ ਦਿੱਤੀ। ਲੋਕ ਰੋਸ ਪ੍ਰਦਰਸ਼ਨ ਲਈ ਜਲਿਆਂਵਾਲਾ ਬਾਗ ਵਿਚ ਸ਼ਾਂਤੀਪੂਰਵਕ ਇਕੱਠੇ ਹੋਏ। ਕਰਨਲ ਡਾਇਰ ਦੀਆਂ ਫੌਜਾਂ ਨੇ ਬਾਗ ਦਾ ਇਕੋ ਇਕ ਰਸਤਾ ਬੰਦ ਕਰਕੇ ਬਿਨਾਂ ਕਿਸੇ ਚਿਤਾਵਨੀ ਦੇ ਨਿੱਹੱਥੇ ਲੋਕਾਂ ਤੇ ਉਦੋਂ ਤੱਕ ਗੋਲੀ ਚਲਾਈ ਜਦ ਤੱਕ ਅਸਲਾ ਮੁੱਕ ਨਹੀਂ ਗਿਆ। ਕਾਂਗਰਸ ਨੇ ਦੱਸਿਆ ਕਿ 1000 ਦੀ ਮੌਤ ਹੋਈ ਸੀ ਅਤੇ 1500 ਜ਼ਖ਼ਮੀ ਹੋਏ।

ਸਿੰਘ ਉਸ ਦਿਨ ਇਕੱਠ ਨੂੰ ਪਾਣੀ ਪਿਲਾਉਣ ਦੀ ਸੇਵਾ ਨਿਭਾਅ ਰਿਹਾ ਸੀ। ਉਸ ਦੇ ਮਨ ਤੇ ਇਸ ਖ਼ੂਨੀ ਸਾਕੇ ਦਾ ਡੂੰਘਾ ਅਸਰ ਹੋਇਆ। ਉਸ ਨੇ ਪ੍ਰਣ ਕੀਤਾ ਕਿ ਉਹ ਇਸ ਖ਼ੂਨੀ ਸਾਕੇ ਦਾ ਬਦਲਾ ਜ਼ਰੂਰ ਲਵੇਗਾ। ਗੁੱਸੇ ਅਤੇ ਬਦਲੇ ਦੀ ਭਾਵਨਾ ਨਾਲ ਉਹ ਹਿੰਦੁਸਤਾਨ ਦੀ ਅਜਾਦੀ ਦੀ ਲਹਿਰ ਵਿਚ ਕੁੱਦ ਪਿਆ। ਉਹ ਸਭ ਤੋਂ ਪਹਿਲਾਂ ਪੂਰਬੀ ਅਮਰੀਕਾ ਗਿਆ। ਉਸ ਨੇ ਓਡਵਾਇਰ ਨੂੰ ਮਾਰਨ ਦਾ ਸੰਘਰਸ਼ ਸ਼ੁਰੂ ਕਰ ਲਿਆ। ਅਮਰੀਕਾ ਪਹੁੰਚਦਿਆਂ ਤਾਂ ਉਸ ਦੀ ਮੁਲਾਕਾਤ ਗ਼ਦਰੀ ਬਾਬਿਆਂ ਨਾਲ ਹੋ ਗਈ। ਸੰਨ 1924 ਵਿਚ ਉਹ ਗ਼ਦਰ ਲਹਿਰ ਵਿਚ ਸ਼ਾਮਲ ਹੋ ਗਿਆ। ਗ਼ਦਰ ਲਹਿਰ ਦੀਆਂ ਸਰਗਰਮੀਆਂ ਵਿਚ ਉਹ ਅਮਰੀਕਾ ਦੂਰ ਦੂਰ ਤੱਕ ਘੁੰਮਿਆ। ਗੁਪਤ ਵਿਚਰਦਿਆਂ ਉਸ ਦੇ ਨਾਂ ਸਨ, ਉਦੈ ਸਿੰਘ, ਸ਼ੇਰ ਸਿੰਘ ਅਤੇ ਫਰੈਂਕ ਬਰਾਜ਼ੀਲ ਆਦਿ।

**ਸ਼ਹੀਦੀ ਦਿਨ 31 ਜੁਲਾਈ 'ਤੇ ਵਿਸ਼ੇਸ਼**

ਸ. ਭਗਤ ਸਿੰਘ ਦੇ ਕਹਿਣ ਤੇ ਉਹ 1927 ਵਿਚ ਅਸਲੇ ਸਮੇਤ ਆਪਣੇ 25 ਸਾਥੀਆਂ ਨਾਲ ਭਾਰਤ ਪਰਤ ਆਇਆ। ਪਰ ਉਸੇ ਸਾਲ ਨਜਾਇਜ਼ ਹਥਿਆਰ ਰੱਖਣ ਦੇ ਜੁਰਮ ਵਿਚ ਕੈਦ ਰਿਹਾ। ਅਕਤੂਬਰ 1931 ਨੂੰ ਰਿਹਾਅ ਹੋਇਆ। ਉਸ ਨੂੰ ਪਤਾ ਲੱਗਾ ਕਿ ਬ੍ਰਿਗੇਡੀਅਰ ਜਨਰਲ ਡਾਇਰ ਦੀ 1927 ਵਿਚ ਬ੍ਰਿਟੇਨ ਵਿਚ ਮੌਤ ਹੋ ਗਈ। ਉਸ ਦੇ ਸਾਥੀ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਵੀ 23 ਮਾਰਚ 1931 ਨੂੰ ਫਾਂਸੀ ਹੋ ਗਈ ਹੈ।

ਉਹ ਸੁਨਾਮ ਰਹਿਣ ਲੱਗਾ। ਉਹ ਪੁਲਿਸ ਦੀ ਨਿਗਰਾਨੀ ਹੇਠ ਸੀ। ਕਿਉਂਕਿ ਉਸ ਦੇ ਸਬੰਧ ਭਗਤ ਸਿੰਘ ਦੀ ਕ੍ਰਾਂਤੀਕਾਰੀ ਪਾਰਟੀ ਹਿੰਦੁਸਤਾਨ ਸੋਸ਼ਲਿਸਟ ਰੀਪਬਲੀਕਨ ਐਸੋਸੀਏਸ਼ਨ ਨਾਲ ਜੋ ਸਨ। ਉਸ ਨੇ ਮੁਹੰਮਦ ਸਿੰਘ ਅਜਾਦ ਦੇ ਨਾਂ ਤੇ ਅੰਮ੍ਰਿਤਸਰ ਫੱਟਾ ਲਿਖਣ ਦੀ ਦੁਕਾਨ ਕਰ ਲਈ। ਉਸ ਦਾ ਨਾਂ ਉਸ ਦੀ ਬਾਂਹ ਤੇ ਖੁਣਿਆ ਹੋਇਆ ਸੀ। ਅੰਦਰਖਾਤੇ ਉਹ ਕ੍ਰਾਂਤੀਕਾਰੀ ਗਤੀਵਿਧੀਆਂ ਨਾਲ ਜੁੜਿਆ ਹੋਇਆ ਸੀ। ਉਹ ਲੰਡਨ ਜਾਣ ਦੀ ਯੋਜਨਾ ਬਣਾ ਰਿਹਾ ਸੀ ਕਿ ਜਲਿਆਂਵਾਲਾ ਬਾਗ ਦੇ ਖ਼ੂਨੀ ਸਾਕੇ ਦਾ ਬਦਲਾ ਲੈ ਸਕੇ।

ਉਹ ਪੁਲਿਸ ਤੋਂ ਬਚਦਾ ਕਸ਼ਮੀਰ ਰਾਹੀਂ ਜਰਮਨੀ ਦਾਖ਼ਲ ਹੋ ਗਿਆ। ਉਥੋਂ ਉਹ ਇਟਲੀ, ਫਰਾਂਸ, ਸਵਿਟਜ਼ਰਲੈਂਡ, ਆਸਟ੍ਰੀਆ ਰਾਹੀਂ ਸੰਨ 1934 ਵਿਚ ਇੰਗਲੈਂਡ ਪਹੁੰਚਿਆ। ਜਿੱਥੇ ਉਹ **9-Alder Street, White Chapel, East Landon** ਵਿਖੇ ਰਿਹਾ। ਉਸ ਨੇ ਲੱਕੜੀ ਦੇ ਕਾਰੀਗਰ, ਮੋਟਰ ਮਕੈਨਿਕ ਦਾ ਕੰਮ ਕੀਤਾ। ਉਸ ਨੇ ਕਾਰ ਵੀ ਰੱਖ ਲਈ। ਉਹ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਨਾਲ ਜੁੜਿਆ ਰਿਹਾ। ਉਸ ਨੇ **Alexander korda Films** ਵਿਚ ਜਿਵੇਂ **Elephant Bay-1937** ਅਤੇ **Four Feathers** ਵਿਚ ਪਿਛਾਕੜ ਕਲਾਕਾਰ ਦੀ ਭੂਮਿਕਾ ਨਿਭਾਈ। ਮੂਲ ਰੂਪ ਵਿਚ ਉਸ ਦਾ ਅਸਲ ਨਿਸ਼ਾਨਾ ਓਡਵਾਇਰ ਨੂੰ ਮਾਰਨ ਦਾ ਰਿਹਾ। ਉਸ ਨੇ ਛੇ ਗੋਲੀਆਂ ਵਾਲਾ ਪਿਸਤੌਲ ਵੀ ਖਰੀਦ ਲਿਆ। ਉਹ ਇਕ ਅਜਿਹੇ ਮੌਕੇ ਦੀ ਤਲਾਸ਼ ਵਿਚ ਸੀ ਕਿ ਉਸ ਨੂੰ ਭੀੜ ਵਾਲੀ ਜਗਾ ਤੇ ਮਾਰਿਆ ਜਾਵੇ, ਜਿੱਥੇ ਆਮ ਜਨਤਾ ਦਾ ਧਿਆਨ ਖਿੱਚਿਆ ਜਾਵੇ ਕਿ ਹਿੰਦੁਸਤਾਨੀਆਂ ਦਾ ਖ਼ੂਨ ਵਹਾਉਣ ਵਾਲੇ ਨੂੰ ਮੌਤ ਦੀ ਸਜ਼ਾ ਮਿਲੀ ਹੈ। ਘਟਨਾ ਦੀ ਖ਼ਬਰ ਸੰਸਾਰ ਭਰ ਦੀਆਂ ਅਖ਼ਬਾਰਾਂ ਵਿਚ ਛਪੇ।

ਸਿੰਘ ਨੂੰ ਪਤਾ ਲੱਗਾ ਕਿ ਈਸਟ ਇੰਡੀਆ ਐਸੋਸੀਏਸ਼ਨ ਅਤੇ ਰਾਇਲ ਸੈਂਟਰਲ ਏਸ਼ੀਅਨ ਸੋਸਾਇਟੀ ਦੀ ਇਕ ਸਾਂਝੀ ਇਕੱਤਰਤਾ 13 ਮਾਚ, 1940 ਨੂੰ 10-ਕੈਕਸਟਨ ਹਾਲ ਲੰਡਨ ਵਿਖੇ ਹੋ ਰਹੀ ਹੈ। ਓਡਵਾਹਿਰ ਦਾ ਭਾਸ਼ਣ ਹੈ। ਇਕੱਤਰਤਾ ਦੇ ਦਿਨ ਸਿੰਘ ਰਿਵਾਲਵਰ ਲੈ ਕੇ ਪਹੁੰਚ ਗਿਆ। ਜਦੋਂ ਕਾਰਵਾਈ ਖਤਮ ਹੋਣ ਤੇ ਆਈ, ਸਿੰਘ ਮੰਚ ਵੱਲ ਵਧਿਆ, ਉਸ ਨੇ ਦੋ ਗਲੀਆਂ ਓਡਵਾਇਰ ਤੇ ਦਾਗ਼ ਦਿੱਤੀਆਂ। ਉਸ ਦੀ ਮੌਕੇ ਤੇ ਹੀ ਮੌਤ ਹੋ ਗਈ। ਤਦ ਹੀ ਉਸ ਨੇ ਲਾਰਡ ਜੈਟਲੈਂਡ ਸਕੱਤਰ ਸਟੇਟ ਆਫ਼ ਇੰਡੀਆ, ਲਾਰਡ ਲਿਮਿੰਗਟਨ ਅਤੇ ਸਰ ਲੂਈਸ ਡੇਨ ਅਧਿਕਾਰੀਆਂ ਨੂੰ ਵੀ ਜ਼ਖ਼ਮੀ ਕਰ ਦਿੱਤਾ। ਸਿੰਘ ਸ਼ਾਂਤ ਚਿੱਥ ਖੜਾ ਰਿਹਾ। ਉਸ ਦਾ ਭੱਜਣ ਦਾ ਇਰਾਦਾ ਨਹੀਂ ਸੀ। ਪੁਲਿਸ ਹਿਰਾਸਤ ਵਿਚ ਸਿੰਘ ਨੇ ਪੁੱਛਿਆ 'ਕੀ ਜੈਟਲੈਂਡ ਮਰ ਗਿਆ ? ਉਹ ਵੀ ਮਰਨਾ ਚਾਹੀਦਾ ਸੀ। ਮੇਰੇ ਹਿੱਸੇ ਇਕ ਦਾ ਹੀ ਮਾਰਨਾ ਸੀ। ਮੈਂ ਸੁਸਤ ਹੋ ਗਿਆ ਹੋਵਾਂਗਾ। ਉਸ ਦੇ ਦੁਆਲੇ ਕਈ ਔਰਤਾਂ ਵੀ ਸਨ।

1 ਅਪ੍ਰੈਲ 1940 ਨੂੰ ਸਿੰਘ ਤੇ ਰਸਮੀ ਤੌਰ 'ਤੇ ਓਡਵਾਇਰ ਦੇ ਕਤਲ ਦਾ ਦੋਸ਼ ਲੱਗਾ। ਸਿੰਘ ਨੂੰ ਬਕਿਸਟਨ ਜੇਲ ਭੇਜ ਦਿੱਤਾ ਗਿਆ। ਜੇਲ ਵਿਚ ਉਹ 42 ਦਿਨ ਭੁੱਖ ਹੜਤਾਲ ਤੇ ਰਿਹਾ। ਜੂਨ 4, 1940 ਨੂੰ ਸੈਂਟਰਲ ਕ੍ਰਿਮੀਨਲ ਕੋਰਟ ਓਲਡਬੈਲੀ ਵਿਚ ਮੁਕੱਦਮੇ ਦੀ ਕਾਰਵਾਈ ਹੋਈ। ਜੱਜ ਨੇ ਪੁੱਛਿਆ, ਕਿ ਤੂੰ ਸ਼ਰੇਆਮ ਇਹ ਕਤਲ ਕਿਉਂ ਕੀਤਾ ? ਸਿੰਘ ਨੇ ਬੜੀ ਦ੍ਰਿੜਤਾ ਨਾਲ ਕਿਹਾ ਕਿ ਇਹ ਸਾਡਾ ਪੁਰਾਣਾ ਦੁਸ਼ਮਣ ਹੈ। ਇਹ ਇਸੇ ਮੌਤ ਦਾ ਹੱਕਦਾਰ ਸੀ। ਇਹ ਮੇਰੇ ਦੇਸ਼ ਵਾਸੀਆਂ ਦੀਆਂ ਅਜ਼ਾਦੀ ਪ੍ਰਤੀ ਭਾਵਨਾਵਾਂ ਨੂੰ ਕੁਚਲਣ ਵਾਲਾ ਸੀ। ਮੈਂ ਇਸਨੂੰ ਕੁਚਲ ਦਿੱਤਾ। ਇਸ ਬਦਲੇ ਲਈ ਮੈਂ 21 ਸਾਲ ਸੰਘਰਸ਼ ਕੀਤਾ। ਮੈਂ ਆਪਣੇ ਦੇਸ਼ ਵਾਸੀਆਂ ਤੇ ਅੰਗਰੇਜ਼ੀ ਸਰਕਾਰ ਦੇ ਜ਼ੁਲਮ ਵੇਖੇ ਹਨ। ਅੰਗਰੇਜ਼ੀ ਸਾਮਰਾਜ ਦਾ ਵਿਰੋਧ ਕਰਨਾ ਸਾਡਾ ਫਰਜ਼ ਸੀ। ਮੇਰੇ ਲਈ ਇਸ ਤੋਂ ਵੱਧ ਕਿਹੜੀ ਮਾਣ ਵਾਲੀ ਗੱਲ ਹੋ ਸਕਦੀ ਹੈ ਕਿ ਮੈਂ ਆਪਣੀ ਮਾਤਭੂਮੀ ਲਈ ਕੁਰਬਾਨ ਹੋ ਰਿਹਾ ਹਾਂ। ਬਾਕੀ ਸਫ਼ਾ 30 'ਤੇ

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਬੇਰੁਜ਼ਗਾਰਾਂ ਦੇ ਲਈ ਚਾਨਣ ਮੁਨਾਰਾ ਬਣੀ ਕਿਤਾਬ-'ਇਤਿਹਾਸ ਬੋਧ' ਪ੍ਰਾਚੀਨ ਭਾਰਤ ਦਾ ਇਤਿਹਾਸ



**ਸੰਪਾਦਕ -ਗਗਨਦੀਪ ਕੌਰ ਧਾਲੀਵਾਲ**

*ਕਿਤਾਬ ਦੇ ਪੰਨੇ -੩੦੪*

*ਕੀਮਤ -੩੫੦*

ਪੰਜਾਬੀ ਸਾਹਿਤ ਦੀ ਝੋਲੀ ਵਿੱਚ ਹੁਣ ਤੱਕ ਲਗਭਗ 15 ਕਿਤਾਬਾਂ ਪਾ ਚੁੱਕੀ 'ਗਗਨਦੀਪ ਕੌਰ ਧਾਲੀਵਾਲ' ਕਿਸੇ ਜਾਣ-ਪਛਾਣ ਦੀ ਮੁਥਾਜ ਨਹੀਂ ਹੈ। ਆਮ ਤੌਰ 'ਤੇ ਆਖਿਆ ਜਾਂਦਾ ਹੈ ਕਿ ਜਿਸ ਤਰਾਂ ਦਾ ਤੁਹਾਡਾ ਪਿਛੋਕੜ ਹੁੰਦਾ ਹੈ, ਉਸ ਤਰਾਂ ਦੇ ਤੁਹਾਡੇ ਸੰਸਕਾਰ ਹੁੰਦੇ ਹਨ। ਚੰਗੇ ਸੰਸਕਾਰਾਂ ਨਾਲ ਲਬਰੇਜ਼ ਇਸ ਲੇਖਿਕਾ ਨੇ ਆਪਣੀ ਮਾਂ ਦੀ ਗੋਦੀ ਦਾ ਨਿੱਘ ਮਾਣਦੇ ਹੋਏ ਪੰਜਾਬੀ ਸਾਹਿਤ ਦੀ ਬੁੱਕਲ ਵੀ ਹਮੇਸ਼ਾ ਮਾਰ ਕੇ ਰੱਖੀ। ਮਾਂ ਅਤੇ ਅਧਿਆਪਕਾਂ ਦੀ ਇਸ ਲਾਡਲੀ ਦੇ ਹੁਣ ਤੱਕ ਤਿੰਨ ਗੀਤ ਵੀ ਰਿਕਾਰਡ ਹੋ ਚੁੱਕੇ ਹਨ। ਅਸੀਂ ਅਕਸਰ ਸੁਣਦੇ ਆਏ ਹਾਂ ਕਿ ਇੱਕ ਸਫ਼ਲ ਮਰਦ ਪਿੱਛੇ ਇੱਕ ਔਰਤ ਦਾ ਹੱਥ ਜ਼ਰੂਰ ਹੁੰਦਾ ਹੈ ਪਰ ਵੱਖ-ਵੱਖ ਸਾਹਿਤ ਸਭਾਵਾਂ ਵਲੋਂ ਅਨੇਕਾਂ ਹੀ ਮਾਣ-ਸਨਮਾਨ ਹਾਸਲ ਕਰ ਚੁੱਕੀ ਇਸ ਲੇਖਿਕਾ ਦੀ ਸਫ਼ਲਤਾ ਦੇ ਰਾਜਗਾਰ ਉਸਦੇ ਪਤੀ ਬਣੇ, ਜਿਨਾਂ ਨੇ ਸਾਹਿਤਕ ਖੇਤਰ ਵਿਚ ਹਮੇਸ਼ਾ ਇਸਦਾ ਸਾਥ ਦਿੱਤਾ।

ਜਿੱਥੋਂ ਤੱਕ ਹਥਲੀ ਪੁਸਤਕ 'ਇਤਿਹਾਸ ਬੋਧ (ਭਾਗ-1) : ਪ੍ਰਾਚੀਨ ਭਾਰਤ ਦਾ ਇਤਿਹਾਸ' ਦਾ ਸਵਾਲ ਹੈ ਤਾਂ ਲੇਖਿਕਾ ਦੇ ਮਨ ਵਿਚ ਇਸ ਕਿਤਾਬ ਨੂੰ ਸੰਪਾਦਿਤ ਕਰਨ ਦੀ ਇੱਛਾ ਮੌਜੂਦਾ ਸਮੇਂ ਦੌਰਾਨ ਬੇਰੁਜ਼ਗਾਰੀ ਦਾ ਸੰਤਾਪ ਹੰਢਾ ਰਹੇ ਸਾਡੇ ਭੈਣ-ਭਰਾਵਾਂ ਕਾਰਨ ਉਜਾਗਰ ਹੋਈ। ਇਸ ਕਿਤਾਬ ਦੇ ਖਰੜੇ ਨੂੰ ਜਦੋਂ ਮੈਂ ਵਾਚਿਆ ਤਾਂ ਸੰਪਾਦਕਾ ਦੇ ਦਿਲ ਵਿਚ ਬੇਰੁਜ਼ਗਾਰਾਂ ਦੇ ਲਈ ਜੋ ਟੀਸ ਪਨਪ ਰਹੀ ਸੀ, ਉਸਦੀ ਝਲਕ ਮੈਨੂੰ ਸਾਫ਼ ਪ੍ਰਤੀਤ ਹੋਈ। ਖਰੜੇ ਨੂੰ ਵਾਚਣ ਤੋਂ ਬਾਅਦ ਮੈਂ ਯਕੀਨਨ ਤੌਰ ਉੱਤੇ ਆਖ ਸਕਦਾ ਹਾਂ ਕਿ ਪ੍ਰਤੀਯੋਗੀ ਪ੍ਰੀਖਿਆ ਨਾਲ ਸੰਬੰਧਿਤ ਇਹ ਕਿਤਾਬ ਹੁਣ ਤੱਕ ਦੀਆਂ ਸਾਰੀਆਂ ਕਿਤਾਬਾਂ ਨਾਲੋਂ ਬਿਹਤਰੀਨ ਹੈ। ਪ੍ਰਾਚੀਨ ਭਾਰਤ ਦੇ ਇਤਿਹਾਸ ਨੂੰ ਲਗਭਗ 304 ਪੰਨਿਆਂ ਵਿੱਚ ਸਮੇਟਣਾ ਕੋਈ ਆਮ ਗੱਲ ਨਹੀਂ। ਪ੍ਰਾਚੀਨ ਭਾਰਤ ਦੇ ਇਤਿਹਾਸ ਦੇ ਹਰ ਪਹਿਲੂ ਦਾ ਜ਼ਿਕਰ ਇਸ ਕਿਤਾਬ ਵਿੱਚੋਂ ਮਿਲਦਾ ਹੈ। ਇਸ ਸੰਦਰਭ ਵਿੱਚ ਇਹੋ ਇਸ ਕਿਤਾਬ ਦੀ ਵਿਲੱਖਣਤਾ ਹੈ। ਮੈਂ ਪੂਰੇ ਵਿਸ਼ਵਾਸ ਨਾਲ ਆਖ ਸਕਦਾਂ ਹਾਂ ਕਿ ਇਸ ਕਿਤਾਬ ਨੂੰ ਪੜਕੇ ਕਈ ਬੇਰੁਜ਼ਗਾਰਾਂ ਦੇ ਘਰ ਰੁਜ਼ਗਾਰ ਰੂਪੀ ਚਾਨਣ ਪਸਰੇਗਾ। ਮੈਂ 'ਗਗਨਦੀਪ ਕੌਰ ਧਾਲੀਵਾਲ' ਨੂੰ ਦਿਲ ਦੀਆਂ ਗਹਿਰਾਈਆਂ ਤੋਂ ਆਸ਼ੀਰਵਾਦ ਦਿੰਦਾ ਹੋਇਆ ਇਸ ਕਿਤਾਬ ਨੂੰ ਪੜਨ ਦੀ ਸਿਫ਼ਾਰਸ਼ ਕਰਦਾ ਹਾਂ :-

ਸਤਨਾਮ ਸਿੰਘ ਕੈਂਥ




ਲੈਕ. ਪੰਜਾਬੀ

ਕਿਸੇ ਵੀ ਸੰਸਥਾ ਲਈ ਅਜਿਹੇ ਪਲ ਬਹੁਤ ਮਾਣਮੱਤੇ ਅਤੇ ਅਣਮੁੱਲੇ ਹੁੰਦੇ ਹਨ, ਜਦੋਂ ਉਸ ਸੰਸਥਾ ਦਾ ਵਿਦਿਆਰਥੀ ਨਵੀਆਂ ਪੁਲਾਂਘਾਂ ਪੁੱਟ ਕੇ ਨਵੀਨ ਰਾਹਾਂ ਦਾ ਧਾਰਨੀ ਬਣਦਾ ਹੈ। ਸਾਡੀ ਹੋਣਹਾਰ ਵਿਦਿਆਰਥਣ ਗਗਨਦੀਪ ਕੌਰ ਧਾਲੀਵਾਲ ਕਾਵਿਕ ਰੁਚੀਆਂ ਦੀ ਮਾਲਕ ਹੋਣ ਦੇ ਨਾਲ-ਨਾਲ ਐਮ.ਏ. ਹਿਸਟਰੀ ਵਿੱਚੋਂ ਅਵੱਲ ਰਹੀ ਹੈ। ਇਸਦੀਆਂ ਪ੍ਰਾਪਤੀਆਂ ਦੀ ਸੂਚੀ ਵਿੱਚ 13 ਸੰਪਾਦਿਤ ਪੁਸਤਕਾਂ, 2 ਮੌਲਿਕ ਪੁਸਤਕਾਂ, 300 ਦੇ ਕਰੀਬ ਪ੍ਰਕਾਸ਼ਿਤ ਆਰਟੀਕਲ, 3 ਰਿਕਾਰਡ ਹੋਏ ਗੀਤ ਅਤੇ ਕਈ ਸੰਸਥਾਵਾਂ ਤੋਂ ਹਾਸਲ ਮਾਣ-ਸਨਮਾਨ ਸ਼ਾਮਲ ਹਨ। 'ਗਗਨਦੀਪ ਕੌਰ ਧਾਲੀਵਾਲ' ਅੰਤਰ-ਰਾਸ਼ਟਰੀ ਮਹਿਲਾ ਕਾਵਿ-ਮੰਚ ਪੰਜਾਬ ਇਕਾਈ ਦੀ ਜਨਰਲ ਸਕੱਤਰ ਦੇ ਅਹੁਦੇ ਦੀ ਸ਼ੋਭਾ ਵੀ ਵਧਾ ਰਹੀ ਹੈ। ਮੈਂ ਗਗਨਦੀਪ ਕੌਰ ਧਾਲੀਵਾਲ ਨੂੰ ਉਸਦੀ ਪੁਸਤਕ 'ਇਤਿਹਾਸ ਬੋਧ (ਭਾਗ-1) : ਪ੍ਰਾਚੀਨ ਭਾਰਤ ਦਾ ਇਤਿਹਾਸ' ਦੇ ਪ੍ਰਕਾਸ਼ਿਤ ਹੋਣ ਤੇ ਵਧਾਈ ਦਿੰਦਿਆਂ ਆਉਣ ਵਾਲੇ ਜੀਵਨ ਵਿੱਚ ਹਰ ਕਦਮ ਤੇ ਸਫ਼ਲਤਾ ਹਾਸਲ ਕਰਨ ਲਈ ਸ਼ੁਭਕਾਮਨਾਵਾਂ ਦਿੰਦੀ ਹਾਂ। ਸਾਨੂੰ ਪੂਰਨ ਆਸ ਹੈ ਕਿ ਸਾਡੀ ਧੀ ਭਵਿੱਖ ਵਿੱਚ ਹੋਰ ਬੁਲੰਦੀਆਂ ਨੂੰ ਸਰ ਕਰੇਗੀ। ਚੰਗੇਰੇ ਤੇ ਰੋਸ਼ਨ ਭਵਿੱਖ ਦੀ ਅਸੀਸ ਨਾਲ....

ਡਾ. ਨੀਲਮ ਸ਼ਰਮਾ

ਪ੍ਰਿੰਸੀਪਲ

ਸ੍ਰੀ ਲਾਲ ਬਹਾਦਰ ਸ਼ਾਸਤਰੀ

ਆਰੀਆ ਮਹਿਲਾ ਕਾਲਜ, ਬਰਨਾਲਾ

'ਗਗਨਦੀਪ ਕੌਰ ਧਾਲੀਵਾਲ' ਮੇਰੀ ਬਹੁਤ ਹੀ ਸਿਆਣੀ ਧੀ ਉੱਤੇ ਮੈਨੂੰ ਬਹੁਤ ਮਾਣ ਹੈ। ਜਿਸਨੇ ਮੇਰੇ ਕੋਲੋਂ ਬੀ.ਏ ਅਤੇ ਐਮ.ਏ ਇਤਿਹਾਸ ਦੀ ਪੜਾਈ ਪਹਿਲੇ ਦਰਜੇ ਵਿੱਚ ਕੀਤੀ ਹੈ। ਰੱਬ ਅੱਗੇ ਅਰਦਾਸ ਹੈ ਕਿ ਮੇਰੀ ਧੀ ਵਿੱਦਿਅਕ ਅਤੇ ਅਧਿਆਪਨ ਖੇਤਰ ਵਿੱਚ ਕਾਮਯਾਬੀ ਦੇ ਝੰਡੇ ਗੱਡ ਕੇ ਲੰਮੀਆਂ ਉਡਾਰੀਆਂ ਲਾਉਂਦੀ ਰਹੇ। ਉਹ ਬਹੁਤ ਹੀ ਛੋਟੀ ਉਮਰ ਵਿੱਚ ਦਰਜਨ ਪੁਸਤਕਾਂ ਦੀ ਸੰਪਾਦਨਾਂ ਕਰ ਚੁੱਕੀ ਹੈ। ਮੈਨੂੰ ਲਗਦਾ ਹੈ ਕਿ ਸਮਾਜ ਦੇ ਹਰ ਖੇਤਰ ਵਿੱਚ ਇੰਨੀ ਡੂੰਘੀ ਸੋਚ ਕਿਸੇ ਵਿਰਲੇ ਦੀ ਹੀ ਹੋਵੇਗੀ। 'ਗਗਨਦੀਪ ਕੌਰ ਧਾਲੀਵਾਲ' ਨੇ ਆਪਣੀ ਪੁਸਤਕ 'ਇਤਿਹਾਸ ਬੋਧ' ਦੇ ਪਹਿਲੇ ਭਾਗ ਵਿੱਚ ਪ੍ਰਾਚੀਨ ਭਾਰਤ ਦੇ ਇਤਿਹਾਸ ਦੀ ਬਹੁਤ ਡੂੰਘਾਈ ਤੋਂ ਜਾਣਕਾਰੀ ਸ਼ਾਮਿਲ ਕੀਤੀ ਹੈ, ਜੋ ਕਿ ਹਰ ਮੁਕਾਬਲੇ ਦੀ ਪ੍ਰੀਖਿਆ ਤੇ ਲੋੜਵੰਦ ਵਿਦਿਆਰਥੀਆਂ ਲਈ ਲਾਹੇਵੰਦ ਸਿੱਧ ਹੋਵੇਗੀ। 'ਗਗਨਦੀਪ ਕੌਰ ਧਾਲੀਵਾਲ' ਦਾ ਇਹ ਬਹੁਤ ਹੀ ਸ਼ਲਾਘਾਯੋਗ ਕਦਮ ਹੈ, ਜੋ ਖਾਸ ਤੌਰ 'ਤੇ ਬੇਰੁਜ਼ਗਾਰਾਂ ਦੇ ਘਰ ਦਾ ਚਾਨਣ ਮੁਨਾਰਾ ਬਣੇਗਾ। ਮੈਂ ਭਵਿੱਖ ਵਿੱਚ ਉਸ ਨੂੰ ਅਜਿਹੇ ਹੋਰ ਕਾਰਜ ਉਲੀਕਣ ਲਈ ਆਪਣਾ ਆਸ਼ੀਰਵਾਦ ਦਿੰਦੀ ਹੈ।

ਪ੍ਰੋ. ਅਰਚਨਾ

ਮੁਖੀ ਇਤਿਹਾਸ ਵਿਭਾਗ ਸ੍ਰੀ ਲਾਲ ਬਹਾਦਰ ਸ਼ਾਸਤਰੀ ਆਰੀਆ ਮਹਿਲਾ ਕਾਲਜ ਬਰਨਾਲਾ।

ਮੇਰੀ ਬਹੁਤ ਹੀ ਪਿਆਰੀ ਭੈਣ ਗਗਨਦੀਪ ਕੌਰ ਧਾਲੀਵਾਲ ਜੋ ਕਿ ਕਿਸੇ ਜਾਣ-ਪਛਾਣ ਦੀ ਮੁਥਾਜ ਨਹੀਂ ਹੈ।ਬਹੁਤ ਹੀ ਛੋਟੀ ਉਮਰ ਵਿੱਚ ਉੱਚੀਆਂ ਉਡਾਰੀਆਂ ਲਾਉਣ ਦੀ ਸੋਚ ਰੱਖਣ ਵਾਲੀ ਗਗਨਦੀਪ ਕੌਰ ਧਾਲੀਵਾਲ ਆਪਣੇ ਪੱਕੇ ਇਰਾਦੇ ਨਾਲ ਮੰਜਿਲ ਵੱਲ ਵਧ ਰਹੀ ਹੈ।ਮੈਂ ਹਮੇਸ਼ਾ ਹੀ ਮੇਰੀ ਭੈਣ ਨੂੰ ਕਿਤਾਬਾਂ ਵਿੱਚ ਗਵਾਚਿਆ ਦੇਖਿਆ ਹੈ। ਜਦੋਂ ਅਸੀਂ ਦੋਨਾਂ ਨੇ ਇਕੱਠਿਆਂ ਸੈਕਰਟ ਹਾਰਟ (ਡੀ. ਐਸ. ਡਾਨੀ ਕਾਲਜ ਵਿੱਚ) ਬਤੌਰ ਲੈਕਚਰਾਰ ਨੌਕਰੀ ਕੀਤੀ ਸੀ ਤਾਂ ਉਸ ਸਮੇਂ ਵੀ ਗਗਨਦੀਪ ਕੌਰ ਧਾਲੀਵਾਲ ਨੂੰ ਮੈਂ ਵਿਹਲੇ ਪੀਰੀਅਡ ਵਿੱਚ ਲਾਇਬ੍ਰੇਰੀ ਵਿੱਚ ਬੈਠਿਆ ਹੀ ਦੇਖਿਆ ਸੀ। ਕੁੱਝ ਨਾ ਕੁੱਝ ਜਾਣਕਾਰੀ ਇਕੱਠੀ ਕਰਨਾ ਇਨਾਂ ਦਾ ਹਰ ਰੋਜ਼ ਦਾ ਕੰਮ ਹੁੰਦਾ ਸੀ ।ਮੇਰੇ ਮਨ ਵਿੱਚ ਜ਼ਰੂਰ ਖਿਆਲ ਆਉਂਦਾ ਸੀ ਕਿ ਇਹ ਆਉਣ ਵਾਲੇ ਸਮੇਂ ਵਿੱਚ ਕੁੱਝ ਨਾ ਕੁੱਝ ਨਵਾਂ ਕਰਨਗੇ ਕਿਉਂਕਿ ਇਨਸਾਨ ਦੀ ਮਿਹਨਤ ਦੱਸ ਦਿੰਦੀ ਹੈ। ਜੋ ਕਿ ਸਾਫ਼ ਗਗਨਦੀਪ ਕੌਰ ਧਾਲੀਵਾਲ ਦੀਆਂ ਅੱਖਾਂ ਵਿੱਚ ਕੁੱਝ ਕਰਨ ਦਾ ਜਨੂੰਨ ਦਿੱਸਦਾ ਸੀ। ਸਭ ਤੋਂ ਖ਼ਾਸ ਗਲ਼ ਜੋ ਮੈਂ ਦੱਸਣਾ ਚਾਹਾਂਗੀ ਕਿ ਗਗਗਨਦੀਪ ਕੌਰ ਧਾਲੀਵਾਲ ਜੋ ਕੰਮ ਸ਼ੁਰੂ ਕਰ ਲਵੇ ਜਾਂ ਜਿਸ ਕੰਮ ਨੂੰ ਕਰਨ ਦੀ ਠਾਣ ਲਵੇ ਤਾਂ ਉਹ ਕਰਕੇ ਹੀ ਹੱਟਦੀ ਹੈ। ਸਮੇਂ ਦੀ ਕਦਰ ਕਰਨਾ ਗਗਨਦੀਪ ਕੌਰ ਦੀ ਖ਼ਾਸੀਅਤ ਹੈ।ਲਗਭਗ ਡੇਢ ਸਾਲ ਵਿੱਚ 14 ਕਿਤਾਬਾਂ ਸਾਹਿਤ ਦੀ ਝੋਲੀ ਪਾਉਣ ਵਾਲੀ, ਅੰਤਰਰਾਸ਼ਟਰੀ ਅਖ਼ਬਾਰਾਂ ਵਿੱਚ ਛਪਣ ਵਾਲੀ, ਭੈਣ ਗਗਨਦੀਪ ਕੌਰ ਧਾਲੀਵਾਲ ਜੋ ਕਿ ਹੁਣ ਸਿੱਖਿਆ ਖੇਤਰ ਵਿੱਚ ਆਪਣਾ ਯੋਗਦਾਨ ਪਾ ਕੇ ਵੀ ਝੰਡੇ ਗੱਡ ਰਹੀ ਹੈ।ਬੇਰੁਜ਼ਗਾਰਾਂ ਲੋੜਵੰਦਾਂ ਲਈ ਦਿਨ ਰਾਤ ਮਿਹਨਤ ਕਰਕੇ ਇਤਿਹਾਸ ਬੋਧ ਕਿਤਾਬ ਲੈ ਕੇ ਆਈ ਹੈ। ਇਤਿਹਾਸ ਬੋਧ ਦੇ ਪੰਜ ਭਾਗ ਤਿਆਰ ਕਰਨ ਦੀ ਸੋਚ ਰੱਖਣ ਵਾਲੀ ਗਗਨਦੀਪ ਕੌਰ ਧਾਲੀਵਾਲ ਦੀ ਇਹ ਸਭ ਤੋਂ ਵੱਖਰੀ ਕੋਸ਼ਿਸ ਹੈ। ਜੋ ਕਿ ਹਰ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਬਹੁਤ ਲਾਹੇਵੰਦ ਕਿਤਾਬ ਹੈ।ਮੈਂ ਉਮੀਦ ਕਰਦੀ ਹਾਂ ਕਿ ਗਗਨਦੀਪ ਕੌਰ ਧਾਲੀਵਾਲ ਹਮੇਸ਼ਾ ਹੀ ਸਿੱਖਿਆ ਅਤੇ ਸਾਹਿਤਕ ਖੇਤਰ ਵਿੱਚ ਆਪਣੀ ਕਲਮ ਨਾਲ ਯੋਗਦਾਨ ਪਾਉਂਦੀ ਰਹੇ।ਇੰਝ ਹੀ ਸਮਾਜ ਦੀ ਸੇਵਾ ਕਰਦੀ ਰਹੇ। ਮੈਂ ਕਿਤਾਬ ਇਤਿਹਾਸ ਬੋਧ 'ਪ੍ਰਾਚੀਨ ਭਾਰਤ ਦਾ ਇਤਿਹਾਸ' ਭਾਗ ਪਹਿਲਾ ਦਾ ਦਿਲੋਂ ਸੁਆਗਤ ਕਰਦੀ ਹਾਂ।

**ਪੰਜਾਬੀ ਅਧਿਆਪਕਾ**

**ਰਣਜੀਤ ਕੌਰ**

---

# ਸਿੱਖਾਂ ਦੀ ਧਰਮ ਬਦਲੀ ਕਿਉਂ ?

**ਰਜਿੰਦਰ ਸਿੰਘ ਪੁਰੇਵਾਲ**

ਪੰਜਾਬ ਵਿਚ ਸਿੱਖਾਂ ਦੇ ਧਰਮ ਬਦਲੀ ਮੁੱਦੇ ਉਪਰ ਖਾਲਸਾ ਪੰਥ ਬਹੁਤ ਚਿੰਤਤ ਹੈ। ਦੋਸ਼ੀ ਗਰੀਬ ਸਿੱਖਾਂ ਨੂੰ ਬਣਾਇਆ ਜਾ ਰਿਹਾ ਹੈ ਕਿ ਲਾਲਚਵਸ ਧਰਮ ਬਦਲ ਰਹੇ ਹਨ।ਜਦ ਕਿ ਵੱਡੀ ਸਮਸਿਆ ਸ਼੍ਰੋਮਣੀ ਕਮੇਟੀ ਵਲੋਂ ਪ੍ਰਚਾਰ ਦੀ ਘਾਟ ਹੈ। ਈਸਾਈਅਤ ਦੇ ਵੱਡੇ ਪੱਧਰ 'ਤੇ ਫੈਲਣ ਦਾ ਸਭ ਤੋਂ ਵੱਡਾ ਤਰੀਕਾ ਪ੍ਰਾਰਥਨਾ ਸਭਾਵਾਂ ਹਨ ਜਿਹਾਂ ਨੂੰ ਚੰਗਿਆਈ ਸਭਾਵਾਂ ਵੀ ਕਿਹਾ ਜਾਂਦਾ ਹੈ। ਇਨਾਂ ਪ੍ਰਾਰਥਨਾ ਸਭਾਵਾਂ ਦੀ ਸਭ ਤੋਂ ਵੱਡੀ ਖ਼ਾਸ ਗੱਲ ਇਹ ਹੈ ਕਿ ਜਾਅਲ਼ੀ ਕਰਾਮਾਤ ਨਾਲ ਇਲਾਜ ਕਰਨਾ ਹੈ। ਹਜ਼ਾਰਾਂ ਲੋਕਾਂ ਨੂੰ ਇਲਾਜ ਦੇ ਝੂਠੇ ਵਾਅਦੇ ਕਰਕੇ ਅਜਿਹੀਆਂ ਮੀਟਿੰਗਾਂ ਵਿੱਚ ਲਿਆਇਆ ਜਾਂਦਾ ਹੈ। ਹਰ ਗੰਭੀਰ ਬਿਮਾਰੀ ਜਿਵੇਂ ਕਿ ਕੈਂਸਰ, ਬਾਂਝਪਨ ਤੇ ਏਡਜ ਵਰਗੀਆਂ ਬਿਮਾਰੀਆਂ ਦਾ ਯਿਸੂ ਦੇ ਨਾਮ ਉੱਤੇ 'ਇਲਾਜ' ਕੀਤਾ ਜਾਂਦਾ ਹੈ।ਇਨਾਂ ਦੀ ਮੰਨੀਏਂ ਤਾਂ ਸਪੱਸ਼ਟ ਤੌਰ 'ਤੇ, ਪੰਜਾਬ ਸਰਕਾਰ ਨੂੰ ਸਾਰੇ ਹਸਪਤਾਲ ਬੰਦ ਕਰਨੇ ਚਾਹੀਦੇ ਹਨ ਅਤੇ ਉਨਾਂ ਨੂੰ ਪ੍ਰਾਰਥਨਾ ਕਰਕੇ ਸਾਰੇ ਮਰੀਜਾਂ ਦਾ ਇਲਾਜ ਕਰਨ ਦੇਣਾ ਚਾਹੀਦਾ ਹੈ।

ਪੰਜਾਬ ਵਿੱਚ ਸਿੱਖਾਂ ਦੇ ਧਰਮ ਪਰਿਵਰਤਨ ਦੇ ਮੁੱਖ ਕਾਰਣ ਇਹ ਹੈ ਕਿ ਪੰਜਾਬ ਵਿੱਚ ਸਿੱਖਾਂ ਦੇ ਧਰਮ ਪਰਿਵਰਤਨ ਦੀ ਚਿੰਤਾਜਨਕ ਦਰ ਦੋ ਮੁੱਖ ਕਾਰਨਾਂ ਕਰਕੇ ਹੈ। ਸਭ ਤੋਂ ਪਹਿਲਾ ਕਾਰਨ ਸਿੱਖ ਧਾਰਮਿਕ ਸੰਸਥਾਵਾਂ ਦੇ ਮਿਆਰ ਅਤੇ ਸਥਿਤੀ ਵਿਚ ਇਕ ਵੱਡੀ ਗਿਰਾਵਟ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਸ਼੍ਰੋਮਣੀ ਕਮੇਟੀ) ਜੋ ਆਪਣੇ ਆਪ ਨੂੰ ਸਿੱਖ ਧਰਮ ਦੀ ਸਭ ਤੋਂ ਉੱਚੀ ਸੰਸਥਾ ਮੰਨਦੀ ਹੈ, ਨੇ ਰਾਜਨੀਤਿਕ ਪਾਰਟੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਅਧੀਨ ਹੋਣ ਕਰਕੇ ਇਕ ਰਾਜਨੀਤਿਕ ਰੰਗ ਲੈ ਲਿਆ ਹੈ।ਪੰਜਾਬ ਵਿੱਚ ਈਸਾਈ ਪ੍ਰਚਾਰ ਕਰਦੇ ਹੋਏ

ਦੂਜਾ ਕਾਰਨ ਦਲਿਤਾਂ, ਗਰੀਬਾਂ ਅਤੇ ਦਰਮਿਆਨੇ ਵਰਗਾਂ ਪ੍ਰਤੀ ਸਮਾਜਿਕ ਅਤੇ ਰਾਜਸੀ ਉਦਾਸੀਨਤਾ ਹੈ। ਸਿੱਖ ਉੱਚ ਜਾਤੀ ਭਾਈਚਾਰੇ ਵੱਲੋਂ ਸਿੱਖ ਦਲਿਤਾਂ ਨੂੰ ਲਾਂਭੇ ਰੱਖਿਆ ਜਾਂਦਾ ਹੈ ਤੇ ਸਿੱਖ ਗੁਰੂਆਂ ਦੁਆਰਾ ਦਰਸਾਏ ਗਏ ਬਰਾਬਰਤਾ ਅਤੇ ਨਿਆਂ ਦੇ ਅਧਾਰ ਨੂੰ ਤਿਆਗ ਦਿਤਾ ਗਿਆ ਹੈ। ਸਿੱਖ ਗੁਰੂਆਂ ਨੇ ਬਿਨਾਂ ਜਾਤ-ਗੋਤ ਵਾਲੇ ਸਮਾਜ ਦੀ ਸਿਖਿਆ ਦਿੱਤੀ ਜਿੱਥੇ ਸਾਰਿਆਂ ਨਾਲ ਇਕੋ ਜਿਹਾ ਵਰਤਾਉ ਕੀਤਾ ਜਾਂਦਾ ਹੋਵੇ ਪਰ ਅਜੋਕੇ ਸਿੱਖ ਸਮਾਜ ਦੇ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਨੇਤਾ ਅਜਿਹੇ ਸਮਾਜ ਦੀ ਪਾਲਣਾ ਕਰਨ ਵਿਚ ਅਸਫਲ ਰਹੇ ਹਨ ਸਗੋਂ ਜਾਤੀ ਦੇ ਆਧਾਰ 'ਤੇ ਵਿਤਕਰਾ ਜਾਰੀ ਰਖਦੇ ਹਨ ਤੇ ਸਿੱਖ ਆਗੂ ਆਪਣੀਆਂ ਰਾਜਨੀਤਿਕ ਅਤੇ ਪਦਾਰਥਕ ਇੱਛਾਵਾਂ ਨੂੰ ਪੂਰਾ ਕਰਨ ਵਿਚ ਰੁੱਝੇ ਹੋਏ ਹਨ।

ਇਸ ਹਾਲਤ ਦਾ ਫਾਇਦਾ ਲੈ ਕੇ ਈਸਾਈ ਮਿਸ਼ਨਰੀਆਂ ਨੇ ਗਰੀਬਾਂ ਅਤੇ ਪਛੜੇ ਲੋਕਾਂ ਨੂੰ ਸਤਿਕਾਰ ਅਤੇ ਉਤਸ਼ਾਹ ਦੇ ਕੇ ਇਸ ਅਵਸਰ ਦਾ ਪੂਰਾ ਲਾਭ ਉਠਾਇਆ ਹੈ। ਇਸ ਸਮੇਂ ਸ਼੍ਰੋਮਣੀ ਕਮੇਟੀ, ਪ੍ਰਚਾਰਕਾਂ ਅਤੇ ਹੋਰ ਸਿੱਖ ਨੇਤਾਵਾਂ ਦੀ ਅਸਫਲਤਾ ਦੇ ਨਤੀਜੇ ਵਜੋਂ ਸਮੂਹ ਲੋਕ ਧਰਮ ਪਰਿਵਰਤਨ ਕਰਦੇ ਵੇਖੇ ਜਾ ਸਕਦੇ ਹਨ।

ਸਾਨੂੰ ਇਤਿਹਾਸ ਵਲ ਝਾਤੀ ਮਾਰਨੀ ਚਾਹੀਦੀ ਹੈ ਕਿ ਜਦ ਸਿਰਫ ਚਾਰ ਸਿੱਖ ਲੜਕੇ ਇਸਾਈ ਬਣਨ ਲੱਗੇ ਸਨ ਤਾਂ ਸਿੱਖਾਂ ਵਿਚ ਵੱਡੀ ਹਲਚਲ ਹੋਈ ਤਾਂ ਸਿੰਘ ਸਭਾ ਸਿੱਖਾਂ ਵਿਚ ਸੁਧਾਰ ਲਈ ਬਣੀ। ਪਰ ਹੁਣ ਸਿੱਖ ਲੱਖਾਂ ਵਿਚ ਇਸਾਈ ਧਰਮ ਅਪਣਾ ਰਹੇ ਹਨ ਪਰ ਸਿੱਖਾਂ ਵਿਚ ਕੋਈ ਹੱਲਚਲ ਨਹੀਂ। ਇਹ ਵਾਕਿਆਈ ਹੀ ਚਿੰਤਾ ਦਾ ਮੁੱਦਾ ਹੈ। ਕੀ ਸਿੱਖਾਂ ਵਿਚ ਸਿਖੀ ਪ੍ਰਤੀ ਵਿਸ਼ਵਾਸ਼ ਘਟ ਰਿਹਾ ਹੈ ? ਕੀ ਸਿੱਖ ਆਗੂ ਅਜਿਹੇ ਹਨ ਜਿਨਾਂ ਦਾ ਸਿੱਖੀ ਨਾਲ ਕੋਈ ਸਰੋਕਾਰ ਹੀ ਨਹੀਂ ? ਕੀ ਸਾਡੇ ਪ੍ਰਚਾਰਕ ਸਿਰਫ ਤਨਖਾਹਾਂ ਲੈਣ ਵਾਲੇ ਪ੍ਰਚਾਰਕ ਹਨ ਜੋ ਸਿੱਖਾਂ ਨੂੰ ਇਸਾਈ ਬਣਨੋਂ ਰੋਕਣ ਲਈ ਕੋਈ ਸਮਰੱਥ ਨਹੀਂ ਜਾਂ ਸਰੋਕਾਰ ਨਹੀਂ ਰੱਖਦੇ ? ਕੀ ਸਿੱਖ ਕੌਮ ਇਤਨੀ ਲਾਚਾਰ ਹੋ ਗਈ ਹੈ ਕਿ ਆਪਣੇ ਆਪ ਨੂੰ ਵੀ ਬਚਾ ਨਹੀਂ ਸਕਦੀ ? ਕੀ ਅਸੀਂ ਗਿਆਨੀ ਦਿੱਤ ਸਿੰਘ ਵਾਂਗ ਸਿੰਘ ਸਭਾ ਲਹਿਰ ਚਲਾਕੇ ਸਿਖਿਆ ਧਰਮ ਮੈਡੀਕਲ ਖੇਤਰ ਵਿਚ ਸੁਧਾਰ ਲਿਆ ਸਕਦੇ ਹਾਂ ? ਸਾਨੂੰ ਲੋੜ ਹੈ ਸਿੱਖ ਪੰਥ ਵਿਚ ਆਈਆਂ ਕਮਜ਼ੋਰੀਆਂ ਦਾ ਗੰਭੀਰ ਮੰਥਨ ਕਰਨ ਦੀ ,ਊਣਤਾਈਆਂ ਦੂਰ ਕਰਨ ਲਈ ਸਿੱਖ ਸੁਧਾਰ ਲਹਿਰ ਚਲਾਉਣ ਦੀ। ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਸੁਧਾਰ ਲਿਆਉਣਾ ਜਰੂਰੀ ਹੈ। ਜੇ ਇਨਾਂ ਸੰਸਥਾਵਾਂ ਵਿਚ ਕੋਈ ਸੁਧਾਰ ਸੰਭਵ ਨਾ ਹੋਵੇ ਤਾਂ ਨਿਰੋਲ ਸਿੱਖੀ ਕਦਰਾਂ ਵਾਲੀ ਇੱਕ ਨਵੀ ਸੰਗਠਨ/ਸੰਸਥਾ ਦੀ ਸਥਾਪਤੀ ਕਰਨੀ ਜਿਸ ਲਈ ਭਰੋਸੇਯੋਗ ਪੰਥਕ ਹਿਤਾਂ ਵਾਲੇ ਜਥੇਬੰਧਕ ਢਾਂਚੇ ਦਾ ਖੜਾ ਕਰਨਾ ਜ਼ਰੂਰੀ ਹੈ। ਸਿੱਖ ਬੱਚਿਆਂ ਨੂੰ ਮੁੱਢ ਤੋਂ ਹੀ ਗੁਰਬਾਣੀ ਤੇ ਸਿੱਖ ਸਭਿਆਚਾਰ ਨਾਲ ਜੋੜਨਾ ਤੇ ਸਿੱਖੀ ਵਿਚ ਪ੍ਰਪੱਕ ਕਰਨਾ। ਪਛੜੀਆਂ ਜਾਤੀਆਂ ਨੂੰ ਪੂਰਾ ਆਦਰ ਮਾਣ ਦੇ ਕੇ ਬਰਾਬਰਤਾ ਦਾ ਪ੍ਰਭਾਵ ਦੇ ਕੇ ਆਪਣੇ ਨਾਲ ਜੋੜੀ ਰੱਖਿਆ ਜਾਵੇ। ਸਹਿਜਧਾਰੀ ਸਿੱਖਾਂ ਨੂੰ ਅਪਣੇ ਨਾਲ ਜੋੜ ਕੇ ਰੱਖਿਆ ਜਾਵੇ। ਯਾਦ ਰੱਖੋ ਸਿੱਖ ਧਰਮ ਤੋੜਨ ਵਿਚ ਨਹੀਂ ਜੋੜਨ ਵਿਚ ਵਿਸ਼ਵਾਸ਼ ਰਖਦਾ ਹੈ। ਦੇਸ਼ਾਂ ਵਿਦੇਸ਼ਾਂ ਵਿਚ ਵਸਦੇ ਸਿੱਖ ਆਪਣੇ ਪਿੰਡਾਂ ਵਿਚ ਚੰਗੇ ਪ੍ਰਚਾਰਕ ਰੱਖਕੇ ਸਿੱਖੀ ਲਹਿਰ ਚਲਾਉਣ। ਹਰ ਐਤਵਾਰ ਗੁਰਦੁਆਰੇ ਸਮਾਗਮ ਕੀਤਾ ਜਾਵੇ ਜਿਸ ਸੰਗਤ ਨੂੰ ਜੋੜਿਆ ਜਾਵੇ।

# ਮਿਆਂਮਾਰ ਵਿਚ ਬਲਾਤਕਾਰ, ਕਤਲੇਆਮ ਅਤੇ ਲੁੱਟ ਖੋਹ ਵਰਗੇ ਜ਼ੁਲਮ ਫੌਜੀਆਂ ਨੇ ਆਪ ਕਬੂਲੇ

## ਫੌਜੀਆਂ ਨੇ ਘੱਟ ਤੋਂ ਘੱਟ 60 ਘਰਾਂ ਨੂੰ ਫੂਕ ਕੇ ਰਾਖ ਦਾ ਢੇਰ ਬਣਾਇਆ

ਕਵਰ ਸਟੋਰੀ

ਇਹ ਪਹਿਲੀ ਵਾਰ ਹੈ ਜਦੋਂ ਮਿਆਂਮਾਰ ਵਿਚ ਫੌਜੀਆਂ ਨੇ ਆਮ ਨਾਗਰਿਕਾਂ ਉੱਤੇ ਤਸ਼ੱਦਦ, ਕਤਲ ਅਤੇ ਬਲਾਤਕਾਰ ਵਰਗੇ ਜ਼ੁਲਮਾਂ ਨੂੰ ਮੀਡੀਆ ਸਾਹਮਣੇ ਸਵੀਕਾਰ ਕੀਤਾ ਹੈ।ਉਨਾਂ ਨੇ ਵੱਡੇ ਪੱਧਰ 'ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕੀਤੇ ਜਾਣ ਨੂੰ ਸਵੀਕਾਰ ਕੀਤਾ ਹੈ। ਉਨਾਂ ਦਾ ਕਹਿਣਾ ਹੈ ਕਿ ਉਨਾਂ ਨੂੰ ਅਜਿਹਾ ਕਰਨ ਦੇ ਹੁਕਮ ਦਿੱਤੇ ਗਏ ਸਨ। ਉਨਾਂ ਨੇ ਮੈਨੂੰ ਮਾਸੂਮ ਲੋਕਾਂ ਦਾ ਤਸ਼ੱਦਦ ਕਰਨ, ਲੁੱਟਣ ਅਤੇ ਉਨਾਂ ਦੇ ਕਤਲ ਕਰਨ ਦੇ ਹੁਕਮ ਦਿੱਤੇ ਸਨ।ਮਾਂਗ ਓ ਦਾ ਕਹਿਣਾ ਹੈ ਕਿ ਉਨਾਂ ਨੂੰ ਲੱਗਿਆ ਸੀ ਕਿ ਫੌਜ ਵਿੱਚ ਉਨਾਂ ਦੀ ਭਰਤੀ ਸੁਰੱਖਿਆ ਕਰਨ ਲਈ ਹੋਈ ਹੈ।ਪਰ ਉਹ ਉਸ ਬਟਾਲੀਅਨ ਦਾ ਹਿੱਸਾ ਸੀ, ਜਿਸ ਨੇ ਮਈ, 2022 ਵਿੱਚ ਇੱਕ ਮੱਠ ਵਿੱਚ ਲੁਕੇ ਹੋਏ ਆਮ ਨਾਗਰਿਕਾਂ ਦਾ ਕਤਲੇਆਮ ਕੀਤਾ। ਉਹ ਦੱਸਦੇ ਹਨ ਕਿ ਸਾਨੂੰ ਸਾਰੇ ਪੁਰਸ਼ਾਂ ਨੂੰ ਇਕੱਠੇ ਖੜੇ ਕਰਨ ਅਤੇ ਫਿਰ ਉਨਾਂ ਨੂੰ ਗੋਲੀ ਮਾਰਨ ਦਾ ਹੁਕਮ ਦਿੱਤਾ ਗਿਆ ਸੀ। ਸਭ ਤੋਂ ਦੁਖਦਾਈ ਗੱਲ ਇਹ ਹੈ ਕਿ ਸਾਨੂੰ ਔਰਤਾਂ ਅਤੇ ਬਜ਼ੁਰਗਾਂ ਨੂੰ ਵੀ ਮਾਰਨਾ ਪਿਆ।

ਇਹ ਫੌਜੀ ਜਿਨਾਂ ਨੇ ਹਾਲ ਹੀ ਵਿੱਚ ਫੌਜ ਛੱਡੀ ਹੈ, ਇਸ ਸਮੇਂ ਪੀਪਲਜ਼ ਡਿਫੈਂਸ ਫੋਰਸ (ਪੀਡੀਐੱਫ) ਦੀ ਸੁਰੱਖਿਆ ਵਿੱਚ ਹਨ। ਪੀਡੀਐੱਫ ਮਿਆਂਮਾਰ ਵਿੱਚ ਫਿਰ ਤੋਂ ਲੋਕਤੰਤਰ ਸਥਾਪਿਤ ਕਰਨ ਲਈ ਲੜ ਰਹੇ ਬਾਗੀ ਸਮੂਹਾਂ ਦਾ ਇੱਕ ਨੈੱਟਵਰਕ ਹੈ।

ਪਿਛਲੇ ਸਾਲ ਫੌਜ ਨੇ ਤਖ਼ਤਾ ਪਲਟ ਕਰਕੇ ਆਂਗ ਸਾਂਗ ਸੂ ਚੀ ਦੀ ਅਗਵਾਈ ਵਿੱਚ ਚੱਲ ਰਹੀ ਲੋਕਤੰਤਰੀ ਸਰਕਾਰ ਨੂੰ ਹਟਾ ਦਿੱਤਾ ਸੀ। ਫੌਜ ਹੁਣ ਹਥਿਆਰਬੰਦ ਵਿਦਰੋਹ ਨੂੰ ਕੁਚਲਣ ਦਾ ਯਤਨ ਕਰ ਰਹੀ ਹੈ।ਪਿਛਲੇ ਸਾਲ 20 ਦਸੰਬਰ 2021 ਨੂੰ ਕੇਂਦਰੀ ਮਿਆਂਮਾਰ ਦੇ ਯਾ ਮਯੇਤ ਪਿੰਡ ਨੂੰ ਫੌਜ ਦੇ ਤਿੰਨ ਹੈਲੀਕਾਪਟਰਾਂ ਨੇ ਘੇਰ ਲਿਆ। ਇਨਾਂ ਤੋਂ ਉਤਰੇ ਫੌਜੀਆਂ ਨੂੰ ਲੋਕਾਂ ਉਪਰ ਗੋਲੀ ਚਲਾਉਣ ਦੇ ਹੁਕਮ ਦਿੱਤੇ ਗਏ ਸਨ।

ਲੋਕਾਂ ਨੇ ਦੱਸਿਆ ਕਿ ਫੌਜ ਤਿੰਨ ਅਲੱਗ-ਅਲੱਗ ਸਮੂਹਾਂ ਵਿੱਚ ਦਾਖਲ ਹੋਈ, ਪੁਰਸ਼ਾਂ, ਔਰਤਾਂ ਅਤੇ ਬੱਚਿਆਂ ਨੂੰ ਅੰਨੇਵਾਹ ਗੋਲੀਆਂ ਮਾਰੀਆਂ। ਮਿਆਂਮਾਰ ਦੇ ਜੰਗਲ ਵਿੱਚ ਕਾਰਪੋਰੇਲ ਆਂਗ ਨੇ ਦੱਸਿਆ, 'ਸਾਨੂੰ ਹੁਕਮ ਦਿੱਤਾ ਗਿਆ ਸੀ ਕਿ ਜੋ ਵੀ ਦਿਖਾਈ ਦੇਵੇ, ਉਸ ਨੂੰ ਗੋਲੀ ਮਾਰ ਦਿਓ।ਉਹ ਦੱਸਦੇ ਹਨ ਕਿ ਕੁਝ ਲੋਕ ਸੁਰੱਖਿਅਤ ਸਮਝ ਕੇ ਠਿਕਾਣੇ 'ਤੇ ਛੁਪ ਗਏ ਸਨ, ਪਰ ਜਦੋਂ ਫੌਜੀ ਉਨਾਂ ਵੱਲ ਵਧੇ ਤਾਂ ਉਨਾਂ ਨੇ ਭੱਜਣਾ ਸ਼ੁਰੂ ਕੀਤਾ। ਅਸੀਂ ਉਨਾਂ ਭੱਜਦੇ ਹੋਏ ਲੋਕਾਂ ਨੂੰ ਗੋਲੀਆਂ ਮਾਰੀਆਂ। ਕਾਰਪੋਰਲ ਆਂਗ ਨੇ ਸਵੀਕਾਰ ਕੀਤਾ ਕਿ ਉਨਾਂ ਦੀ ਯੂਨਿਟ ਨੇ ਪੰਜ ਲੋਕਾਂ ਨੂੰ ਮਾਰਿਆ ਅਤੇ ਦਫ਼ਨਾ ਦਿੱਤਾ। ਸਾਨੂੰ ਪਿੰਡ ਦੇ ਹਰ ਵੱਡੇ ਅਤੇ ਚੰਗੇ ਘਰ ਨੂੰ ਅੱਗ ਲਗਾਉਣ ਦੇ ਹੁਕਮ ਵੀ ਦਿੱਤੇ ਗਏ ਸਨ। ਫੌਜੀਆਂ ਨੇ ਪੂਰੇ ਪਿੰਡ ਵਿੱਚ ਘੁੰਮ ਕੇ ਘਰਾਂ ਨੂੰ ਅੱਗ ਲਗਾਈ। ਕਾਰਪੋਰਲ ਆਂਗ ਨੇ ਆਪ ਚਾਰ ਇਮਾਰਤਾਂ ਨੂੰ ਅੱਗ ਲਗਾਈ। ਲੋਕਾਂ ਨੇ ਦੱਸਿਆ ਹੈ ਕਿ ਘੱਟ ਤੋਂ ਘੱਟ 60 ਘਰਾਂ ਨੂੰ ਸਾੜਿਆ ਗਿਆ ਸੀ। ਪਿੰਡ ਦਾ ਜ਼ਿਆਦਾਤਰ ਹਿੱਸਾ ਰਾਖ ਦਾ ਢੇਰ ਬਣ ਗਿਆ ਸੀ।

ਯਾ ਮਯੇਤ ਪਿੰਡ, ਸਾਗੇਂਗ ਇਲਾਕਾ, ਮਿਆਂਮਾਰ ਪਿੰਡ ਦੇ ਜ਼ਿਆਦਾਤਰ ਲੋਕ ਭੱਜ ਗਏ ਹਨ, ਪਰ ਪਿੰਡ ਦੇ ਮੱਧ ਵਿੱਚ ਇੱਕ ਘਰ ਵਿੱਚ ਲੋਕ ਰਹਿ ਰਹੇ ਸਨ।






ਥੀਹਾ ਕਹਿੰਦੇ ਹਨ ਕਿ ਉਹ ਇਸ ਛਾਪੇ ਤੋਂ ਸਿਰਫ਼ ਪੰਜ ਮਹੀਨੇ ਪਹਿਲਾਂ ਫੌਜ ਵਿੱਚ ਸ਼ਾਮਲ ਹੋਏ ਸਨ। ਬਹੁਤ ਸਾਰੇ ਦੂਜੇ ਫੌਜੀਆਂ ਦੀ ਤਰਾਂ ਉਨਾਂ ਨੂੰ ਸੰਗਠਨ ਵਿੱਚੋਂ ਸ਼ਾਮਲ ਕੀਤਾ ਗਿਆ ਸੀ। ਉਨਾਂ ਨੂੰ ਸਿਖਲਾਈ ਨਹੀਂ ਮਿਲੀ ਸੀ। ਇਨਾਂ ਫੌਜੀਆਂ ਨੂੰ ਸਥਾਨਕ ਪੱਧਰ 'ਤੇ ਆਂਘਾਰ-ਸਿਤ-ਥਾਰ ਜਾਂ 'ਭਾੜੇ ਦੇ ਸੈਨਿਕ' ਕਿਹਾ ਜਾਂਦਾ ਹੈ। ਉਸ ਸਮੇਂ ਉਨਾਂ ਨੂੰ ਦੋ ਲੱਖ ਮਿਆਂਮਾਰ ਕਿਆਤ (ਲਗਭਗ 100 ਡਾਲਰ ਜਾਂ 8 ਹਜ਼ਾਰ ਭਾਰਤੀ ਰੁਪਏ) ਦੀ ਠੀਕ-ਠਾਕ ਤਨਖਾਹ ਦਿੱਤੀ ਜਾਂਦੀ ਸੀ।

ਉਸ ਘਰ ਵਿੱਚ ਕੀ ਹੋਇਆ ਸੀ, ਉਨਾਂ ਨੂੰ ਚੰਗੀ ਤਰਾਂ ਨਾਲ ਯਾਦ ਹੈ। ਜਿਸ ਘਰ ਨੂੰ ਉਹ ਸਾੜਨ ਜਾ ਰਹੇ ਸਨ, ਉਸ ਵਿੱਚ ਲੋਹੇ ਦੀਆਂ ਸਲਾਖਾਂ ਦੇ ਪਿੱਛੇ ਉਨਾਂ ਨੇ ਇੱਕ ਨਾਬਾਲਗ ਉਮਰ ਦੀ ਲੜਕੀ ਨੂੰ ਫਸਿਆ ਹੋਇਆ ਦੇਖਿਆ।

'ਮੈਂ ਉਸ ਦੀ ਚੀਕ ਨੂੰ ਭੁੱਲ ਨਹੀਂ ਪਾ ਰਿਹਾ ਹਾਂ, ਮੈਂ ਅਜੇ ਵੀ ਆਪਣੇ ਕੰਨਾਂ ਵਿੱਚ ਉਸ ਨੂੰ ਸੁਣ ਸਕਦਾ ਹਾਂ ਅਤੇ ਉਹ ਮੇਰੇ ਦਿਲ ਵਿੱਚ ਵਸ ਗਈ ਹੈ।ਜਦੋਂ ਉਨਾਂ ਨੇ ਇਸ ਬਾਰੇ ਆਪਣੇ ਕੈਪਟਨ ਨੂੰ ਦੱਸਿਆ ਤਾਂ ਉਨਾਂ ਨੇ ਜਵਾਬ ਦਿੱਤਾ, 'ਮੈਂ ਤੁਹਾਨੂੰ ਕਿਹਾ ਸੀ ਕਿ ਜੋ ਵੀ ਦਿਖਾਈ ਦੇਵੇ, ਉਸ ਨੂੰ ਮਾਰ ਦਿਓ।'

ਇਹ ਸੁਣ ਕੇ ਥੀਹਾ ਨੇ ਘਰ ਨੂੰ ਅੱਗ ਲਾ ਦਿੱਤੀ। ਕਾਰਪੋਰਲ ਆਂਗ ਵੀ ਉੱਥੇ ਹੀ ਮੌਜੂਦ ਸੀ ਅਤੇ ਜਦੋਂ ਉਸ ਲੜਕੀ ਨੂੰ ਜਿਉਂਦਾ ਸਾੜਿਆ ਗਿਆ ਤਾਂ ਉਨਾਂ ਨੇ ਵੀ ਉਸ ਦੀਆਂ ਚੀਕਾਂ ਸੁਣੀਆਂ।

ਉਸ ਲੜਕੀ ਦੇ ਰਿਸ਼ਤੇਦਾਰ ਯੂ ਮਿਯੰਤ ਨੇ ਦੱਸਿਆ ਕਿ ਲੜਕੀ ਮਾਨਸਿਕ ਰੂਪ ਨਾਲ ਬਿਮਾਰ ਸੀ। ਉਸ ਦੇ ਮਾਪੇ ਕੰਮ 'ਤੇ ਗਏ ਹੋਏ ਸਨ ਅਤੇ ਉਹ ਘਰ ਵਿੱਚ ਇਕੱਲੀ ਸੀ।

ਉਹ ਕਹਿੰਦੇ ਹਨ, 'ਉਸ ਨੇ ਜਾਨ ਬਚਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਫੌਜੀਆਂ ਨੇ ਉਸ ਨੂੰ ਅੱਗ ਵਿਚ ਸਾੜ ਦਿੱਤਾ।' ਥੀਹਾ ਕਹਿੰਦੇ ਹਨ ਕਿ ਉਹ ਪੈਸਿਆਂ ਲਈ ਫੌਜ ਵਿੱਚ ਸ਼ਾਮਲ ਹੋਏ ਸਨ, ਪਰ ਜ਼ੁਲਮ ਕਰਨ ਲਈ ਉਨਾਂ ਨੂੰ ਮਜਬੂਰ ਕੀਤਾ ਗਿਆ।ਉਨਾਂ ਨੇ ਔਰਤਾਂ ਦੇ ਇੱਕ ਸਮੂਹ ਬਾਰੇ ਦੱਸਿਆ, ਜਿਸ ਨੂੰ ਯਾ ਮਯੇਤ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਅਧਿਕਾਰੀ ਨੇ ਆਪਣੇ ਅਧੀਨ ਫੌਜੀਆਂ ਨੂੰ ਉਨਾਂ ਔਰਤਾਂ ਨੂੰ ਸੌਂਪਦੇ ਹੋਏ ਕਿਹਾ, 'ਜੋ ਮਰਜ਼ੀ ਹੈ ਕਰੋ।'

ਥੀਹਾ ਕਹਿੰਦੇ ਹਨ ਕਿ ਉਨਾਂ ਲੜਕੀਆਂ ਨਾਲ ਬਲਾਤਕਾਰ ਕੀਤਾ ਗਿਆ, ਪਰ ਉਹ ਖੁਦ ਉਸ ਵਿੱਚ ਸ਼ਾਮਲ ਨਹੀਂ ਸਨ। ਇਨਾਂ ਵਿੱਚੋਂ ਦੋ ਲੜਕੀਆਂ ਦੀ ਪਛਾਣ ਕੀਤੀ। ਪਾ ਪਾ ਅਤੇ ਖਿਨ ਹਿਤਵੇ ਦੱਸਦੀਆਂ ਹਨ ਕਿ ਜਦੋਂ ਉਹ ਭੱਜਣ ਦੀ ਕੋਸ਼ਿਸ਼ ਕਰ ਰਹੀਆਂ ਸਨ ਉਦੋਂ ਰਸਤੇ ਵਿੱਚ ਫੌਜੀ ਮਿਲ ਗਏ ਸਨ।

ਉਹ ਯਾ ਮਯੇਤ ਪਿੰਡ ਦੀਆਂ ਨਹੀਂ ਸਨ, ਬਲਕਿ ਉੱਥੇ ਇੱਕ ਟੇਲਰ ਕੋਲ ਆਈਆਂ ਸਨ। ਇਹ ਲੜਕੀਆਂ ਤਰਲੇ ਕਰਦੀਆਂ ਰਹੀਆਂ ਕਿ ਉਹ ਇਸ ਪਿੰਡ ਤੋਂ ਜਾਂ ਪੀਡੀਐੱਫ ਤੋਂ ਨਹੀਂ ਹਨ। ਪਰ ਫੌਜੀਆਂ ਨੇ ਉਨਾਂ ਦੀ ਨਹੀਂ ਸੁਣੀ ਅਤੇ ਉਨਾਂ ਨੂੰ ਇੱਕ ਸਥਾਨਕ ਸਕੂਲ ਵਿੱਚ ਤਿੰਨ ਰਾਤਾਂ ਤੱਕ ਬੰਧਕ ਬਣਾ ਕੇ ਰੱਖਿਆ ਗਿਆ।ਹਰ ਰਾਤ ਫੌਜੀਆਂ ਨੇ ਵਾਰ-ਵਾਰ ਸ਼ਰਾਬ ਦੇ ਨਸ਼ੇ ਵਿੱਚ ਉਨਾਂ ਨਾਲ ਬਲਾਤਕਾਰ ਕੀਤਾ। ਉਸ ਦੀ ਭੈਣ ਖਿਨ ਹਿਤਵੇ ਦੱਸਦੀ ਹੈ, 'ਸਾਨੂੰ ਉਹ ਸਭ ਬਿਨਾਂ ਵਿਰੋਧ ਦੇ ਸਹਿਣਾ ਪਿਆ ਕਿਉਂਕਿ ਸਾਨੂੰ ਡਰ ਸੀ ਕਿ ਕਿਧਰੇ ਉਹ ਜਾਨ ਤੋਂ ਹੀ ਨਾ ਮਾਰ ਦੇਣ। ਇਹ ਲੜਕੀਆਂ ਇੰਨੀਆਂ ਡਰੀਆਂ ਸਹਿਮੀਆਂ ਹੋਈਆਂ ਸਨ ਕਿ ਆਪਣੇ ਬਲਾਤਕਾਰੀਆਂ ਨੂੰ ਸਹੀ ਢੰਗ ਨਾਲ ਦੇਖ ਤੱਕ ਨਹੀਂ ਸਕੀਆਂ।

ਫੌਜੀ ਥੀਹਾ ਯਾਦ ਕਰਦੇ ਹਨ, 'ਜਦੋਂ ਉਹ ਕਿਸੇ ਜਵਾਨ ਲੜਕੀ ਨੂੰ ਫੜ ਲੈਂਦੇ ਹਨ ਤਾਂ ਉਹ ਉਨਾਂ ਦਾ ਬਲਾਤਕਾਰ ਕਰਦੇ ਹੋਏ ਤਾਅਨਾ ਮਾਰਦੇ ਹਨ ਕਿ ਇਹ ਇਸ ਲਈ ਹੋ ਰਿਹਾ ਹੈ ਕਿਉਂਕਿ ਤੂੰ ਪੀਡੀਐੱਫ ਦਾ ਸਮਰਥਨ ਕਰਦੀ ਹੈ।'

ਯਾ ਮਯੇਤ ਪਿੰਡ ਵਿੱਚ ਹੋਏ ਹਮਲੇ ਵਿੱਚ ਘੱਟ ਤੋਂ ਘੱਟ ਦਸ ਲੋਕਾਂ ਦੀ ਮੌਤ ਹੋ ਗਈ ਸੀ ਅਤੇ ਅੱਠ ਲੜਕੀਆਂ ਦਾ ਤਿੰਨ ਦਿਨ ਤੱਕ ਬਲਾਤਕਾਰ ਕੀਤਾ ਗਿਆ ਸੀ।

ਭਾੜੇ ਦੇ ਸੈਨਿਕ ਮਾਂਗ ਓ ਨੇ ਜਿਨਾਂ ਵਹਿਸ਼ੀ ਕਤਲਾਂ ਵਿੱਚ ਹਿੱਸਾ ਲਿਆ ਸੀ, ਉਹ 2 ਮਈ 2022 ਨੂੰ ਸੇਗੇਂਗ ਇਲਾਕੀ ਦੇ ਓਹਾਕੋ ਫੋ ਪਿੰਡ ਵਿੱਚ ਹੋਏ ਸਨ। ਉਨਾਂ ਨੇ ਆਪਣੀ 33ਵੀਂ ਡਿਵੀਜ਼ਨ (ਲਾਈਟ ਇਨਫੈਂਟਰੀ ਡਿਵੀਜ਼ਨ 33) ਬਾਰੇ ਇੱਕ ਮੱਠ ਵਿੱਚ ਲੋਕਾਂ ਨੂੰ ਇਕੱਠਾ ਕਰਨ ਅਤੇ ਗੋਲੀ ਮਾਰਨ ਦਾ ਦਾਅਵਾ ਕੀਤਾ ਸੀ।

ਹਲਾ ਹਲਾ ਮੌਕੇ 'ਤੇ ਮੌਜੂਦ ਸੀ, ਪਰ ਉਨਾਂ ਨੂੰ ਬਖ਼ਸ਼ ਦਿੱਤਾ ਗਿਆ ਸੀ। ਉਹ ਦੱਸਦੀ ਹੈ, 'ਉਸ ਦੀ ਗੋਦੀ ਵਿੱਚ ਬੱਚਾ ਸੀ। ਇਸ ਦੇ ਬਾਵਜੂਦ ਉਨਾਂ ਨੇ ਉਸ ਦਾ ਸਾਮਾਨ ਲੁੱਟ ਲਿਆ ਅਤੇ ਉਸ ਨੂੰ ਗੋਲੀ ਮਾਰ ਦਿੱਤੀ। ਉਨਾਂ ਨੇ ਪੁਰਸ਼ਾਂ ਨੂੰ ਕਤਾਰ ਵਿੱਚ ਲਗਾਇਆ ਅਤੇ ਇੱਕ-ਇੱਕ ਕਰਕੇ ਗੋਲੀ ਮਾਰ ਦਿੱਤੀ।'

ਬੱਚਾ ਬਚ ਗਿਆ ਸੀ ਅਤੇ ਹੁਣ ਉਸ ਦੀ ਦੇਖਭਾਲ ਰਿਸ਼ਤੇਦਾਰ ਕਰ ਰਹੇ ਹਨ। ਹਲਾ ਹਲਾ ਕਹਿੰਦੀ ਹੈ ਕਿ ਉਨਾਂ ਨੇ ਸੈਨਿਕਾਂ ਨੂੰ ਫੋਨ 'ਤੇ ਇਹ ਸ਼ੇਖੀ ਮਾਰਦੇ ਸੁਣਿਆ ਸੀ ਕਿ ਉਨਾਂ ਨੇ ਅੱਠ-ਨੌਂ ਲੋਕ ਮਾਰ ਦਿੱਤੇ ਹਨ ਅਤੇ ਇਸ ਵਿੱਚ ਉਨਾਂ ਨੂੰ ਬਹੁਤ 'ਮਜ਼ਾ ਆਇਆ।'

ਇੱਕ ਹੋਰ ਔਰਤ ਨੇ ਆਪਣੇ ਪਤੀ ਨੂੰ ਮਾਰੇ ਜਾਂਦੇ ਹੋਏ ਦੇਖਿਆ।ਉਹ ਦੱਸਦੀ ਹੈ, 'ਉਨਾਂ ਨੇ ਪਹਿਲਾਂ ਉਸ ਦੇ ਪੱਟ 'ਤੇ ਗੋਲੀ ਮਾਰੀ ਅਤੇ ਫਿਰ ਉਲਟਾ ਲੇਟਣ ਲਈ ਕਿਹਾ ਫਿਰ ਉਨਾਂ ਦੇ ਪਿੱਛੇ ਕੁੱਲੇ 'ਤੇ ਗੋਲੀਆਂ ਮਾਰੀਆਂ ਅਤੇ ਅਖੀਰ ਵਿੱਚ ਸਿਰ ਵਿੱਚ ਗੋਲੀ ਮਾਰੀ।'

ਉਹ ਜ਼ੋਰ ਦੇ ਕੇ ਇਹ ਕਹਿੰਦੀ ਹੈ ਕਿ ਉਸ ਦੇ ਪਤੀ ਪੀਡੀਐੱਫ ਦੇ ਮੈਂਬਰ ਨਹੀਂ ਸਨ।ਉਹ ਦੱਸਦੀ ਹੈ, 'ਉਹ ਤਾੜੀ ਦਾ ਕੰਮ ਕਰਦੇ ਸਨ ਅਤੇ ਰਵਾਇਤੀ ਤਰੀਕੇ ਨਾਲ ਰੋਜ਼ੀ ਰੋਟੀ ਕਮਾਉਂਦੇ ਸਨ। ਮੇਰੀ ਇੱਕ ਬੇਟੀ ਅਤੇ ਬੇਟਾ ਹੈ ਅਤੇ ਮੈਂ ਨਹੀਂ ਜਾਣਦੀ ਕਿ ਅੱਗੇ ਜੀਵਨ ਕਿਵੇਂ ਚੱਲੇਗਾ।'

ਬਾਕੀ ਸਫ਼ਾ 30 'ਤੇ

# ਸ੍ਰੀਲੰਕਾ ਦਾ ਰਾਜਨੀਤਿਕ ਅਤੇ ਆਰਥਿਕ ਸੰਕਟ



ਰਣਜੀਤ ਸਿੰਘ ਕੁਕੀ

1947 ਤੋਂ ਪਹਿਲਾਂ ਸੰਗਠਿਤ ਦੇਸ਼ ਦੇ ਰੂਪ ਵਿਚ 'ਭਾਰਤ' ਦੀ ਹੋਂਦ ਨਹੀਂ ਸੀ। ਵਿਦੇਸ਼ੀਆਂ ਦੁਆਰਾ ਇਕ ਭੂਗੋਲਿਕ ਖਿੱਤੇ/ ਬਰੇ-ਸਗੀਰ ਨੂੰ ਨਾਂ ਦੇਣ ਲਈ ਯੂਨਾਨੀ ਭਾਸ਼ਾ ਦਾ ਸ਼ਬਦ 'ਇੰਡੀਓਜ਼' ਵਰਤਿਆ ਗਿਆ ਜਿਵੇਂ ਕਿ ਯੂਰੋਪ ਅਤੇ ਅਫਰੀਕਾ। ਇਤਿਹਾਸਿਕ ਅਤੇ ਪੁਰਾਤਨ ਲਿਖਤਾਂ ਵਿਚ 'ਭਾਰਤ' ਨਾਂ ਦੇ ਬਰੇ-ਸਗੀਰ ਦੀ ਹੋਂਦ ਸੀ ਜਿਸ ਵਿਚ ਕਈ ਸਾਰੇ ਰਾਸ਼ਟਰ ਮੌਜੂਦ ਸਨ। ਕਿਸੇ ਵੀ ਇਤਿਹਾਸਿਕ ਲਿਖਤ ਵਿਚ ਇਸ ਨੂੰ ਇਕ ਰਾਸ਼ਟਰ ਜਾਂ ਇਕ ਦੇਸ਼ ਦੀ ਉਪਾਧੀ ਨਹੀਂ ਦਿੱਤੀ ਗਈ ਹੈ। ਜਿਵੇਂ ਕਿ ਅਸੀ ਸਾਰੇ ਜਾਣਦੇ ਹੀ ਹਾਂ ਭਾਰਤ ਇਕ ਸਮੂਹਿਕ ਸੰਘਿਆ ਹੈ ਜੋ ਕਿ ਕਈ ਸੱਭਿਆਚਾਰਾਂ, ਪੁਰਾਤਨ ਸਲਤਨਤਾਂ ਅਤੇ ਕਬੀਲਿਆਂ ਦਾ ਮਿਸ਼ਰਣ ਹੈ।ਜਦੋਂ ਬ੍ਰਿਟਿਸ਼ ਬਸਤੀਵਾਦੀਆਂ ਅਤੇ ਈਸਟ ਇੰਡੀਆ ਕੰਪਨੀ ਨੇ ਪੂਰੇ ਭਾਰਤੀ ਬਰੇ-ਸਗੀਰ ਨੂੰ ਇਕ ਰਾਸ਼ਟਰ ਦਾ ਦਰਜਾ ਦੇ ਦਿੱਤਾ, ਉਸ ਸਮੇਂ ਸ੍ਰੀ ਲੰਕਾ ਅਜੇ ਵੀ ਅਜ਼ਾਦ ਸਲਤਨਤ ਸੀ ਹਾਲਾਂਕਿ ਤੱਟਵਰਤੀ ਇਲਾਕਿਆਂ ਉੱਪਰ ਅਜੇ ਵੀ ਪੁਰਤਗਾਲੀਆਂ ਅਤੇ ਡੱਚਾਂ ਦਾ ਰਾਜ ਸੀ। 1815 ਦੇ ਯੁੱਧ ਅਤੇ ਕਤਲੇਆਮ ਤੋਂ ਬਾਅਦ, ਸ੍ਰੀਲੰਕਾ ਦੀ ਆਖਰੀ ਸਲਤਨਤ ਆਪਣੀ ਸ਼ਾਨ ਗੁਆ ਬੈਠੀ ਅਤੇ ਸ੍ਰੀ ਲੰਕਾ ਦਾ ਟਾਪੂ ਵੀ ਅੰਗਰੇਜ਼ਾਂ ਦੀ ਬਸਤੀ ਬਣ ਗਿਆ।ਪਰ ਬ੍ਰਿਟਿਸ਼ ਰਾਜ ਸਮੇਂ ਇੱਥੇ ਬੇਚੈਨੀ ਹੀ ਫੈਲੀ ਰਹੀ। ਇਸ ਸਮੇਂ ਅਜ਼ਾਦੀ ਹਾਸਿਲ ਕਰਨ ਲਈ ਦੋ ਖ਼ੂਨੀ ਵਿਦਰੋਹ ਹੋਏ ਜਿਸ ਵਿਚ ਬਹੁਤ ਸਾਰੇ ਦੇਸ਼ ਭਗਤਾਂ ਨੂੰ ਆਪਣੀ ਜਾਨ ਗੁਆਉਣੀ ਪਈ ਅਤੇ ਬਸਤੀਆਂ ਦਾ ਵੱਡੇ ਪੱਧਰ ਤੇ ਨੁਕਸਾਨ ਹੋਇਆ। ਦੋ ਕਰੋੜ ਲੋਕਾਂ ਦੀ ਅਬਾਦੀ ਵਾਲਾ ਸ੍ਰੀ ਲੰਕਾ ਇਸ ਸਮੇਂ ਬਹੁਤ ਵੱਡੀ ਆਰਥਿਕ ਉੱਥਲ-ਪੁਥਲ ਵਿਚੋਂ ਲੰਘ ਰਿਹਾ ਹੈ ਜੋ ਕਿ ਪਿਛਲੇ ਸੱਤ ਦਹਾਕਿਆਂ ਵਿਚੋਂ ਸਭ ਤੋਂ ਭੈੜੀ ਹੈ। ਇਸ ਕਰਕੇ ਲੱਖਾਂ ਲੋਕ ਭੋਜਨ, ਦਵਾਈਆਂ, ਬਾਲਣ ਅਤੇ ਹੋਰ ਜਰੂਰੀ ਵਸਤਾਂ ਖਰੀਦਣ ਲਈ ਜੱਦੋ-ਜਹਿਦ ਕਰ ਰਹੇ ਹਨ। ਸਕੂਲ਼ ਬੰਦ ਕਰ ਦਿੱਤੇ ਗਏ ਹਨ ਅਤੇ ਈਂਧਣ ਜਰੂਰੀ ਸੇਵਾਵਾਂ ਲਈ ਹੀ ਰਾਖਵਾਂ ਰੱਖ ਦਿੱਤਾ ਗਿਆ ਹੈ। ਮਰੀਜ ਤੇਲ ਦੀ ਕਮੀ ਕਰਕੇ ਹਸਪਤਾਲਾਂ ਤੱਕ ਜਾਣ ਵਿਚ ਅਸਮਰੱਥ ਹਨ ਅਤੇ ਖਾਣ-ਪੀਣ ਵਾਲੀਆਂ ਵਸਤਾਂ ਦੇ ਭਾਅ ਅਸਮਾਨ ਛੂਹ ਰਹੇ ਹਨ। ਰੇਲ ਗੱਡੀਆਂ ਦੀ ਗਿਣਤੀ ਘਟਾ ਦਿੱਤੀ ਗਈ ਹੈ ਜਿਸ ਕਰਕੇ ਯਾਤਰੀ ਡੱਬਿਆਂ ਵਿਚ ਫਸ ਕੇ ਅਤੇ ਛੱਤਾਂ ਉੱਪਰ ਬੈਠ ਕੇ ਯਾਤਰਾ ਕਰਨ ਲਈ ਮਜਬੂਰ ਹਨ। ਬਹੁਤ ਸਾਰੇ ਸ਼ਹਿਰਾਂ, ਜਿਸ ਵਿਚ ਕੋਲੰਬੋ ਵੀ ਸ਼ਾਮਿਲ ਹੈ, ਲੋਕਾਂ ਨੂੰ ਭੋਜਨ ਖਰੀਦਣ ਲਈ ਘੰਟਿਆਂਬੱਧੀ ਲਾਈਨਾਂ ਵਿਚ ਲੱਗਣਾ ਪੈ ਰਿਹਾ ਹੈ। ਕਈ ਵਾਰੀ ਉਨਾਂ ਦੀਆਂ ਪੁਲਿਸ ਅਤੇ ਫੌਜ ਨਾਲ ਝੜਪਾਂ ਵੀ ਹੋਈਆਂ ਹਨ।

ਸ੍ਰੀਲੰਕਾ, ਜੋ ਕਿ ਗਹਿਰੇ ਵਿਦੇਸ਼ੀ ਮੁਦਰਾ ਸੰਕਟ ਕਰਕੇ ਵਿਦੇਸ਼ੀ ਕਰਜੇ ਦੇ ਜਾਲ ਵਿਚ ਫਸ ਗਿਆ, ਨੇ ਅਪ੍ਰੈਲ ਵਿਚ ਇਹ ਘੋਸ਼ਣਾ ਕੀਤੀ ਸੀ ਕਿ 2026 ਤੱਕ ਭੁਗਤਾਨ ਕੀਤੇ ਜਾਣ ਵਾਲੇ 25 ਬਿਲੀਅਨ ਅਮਰੀਕਨ ਡਾਲਰ ਦੇ ਵਿਦੇਸ਼ੀ ਕਰਜ਼ੇ ਵਿਚੋਂ ਉਹ ਇਸ ਸਾਲ ਭੁਗਤਾਨ ਕੀਤੇ ਜਾਣ ਵਾਲੇ ਸੱਤ ਬਿਲ਼ੀਅਨ ਅਮਰੀਕਨ ਡਾਲਰ ਵਿਦੇਸ਼ੀ ਕਰਜ਼ੇ ਨੂੰ ਨਿਲੰਬਿਤ ਕਰ ਰਿਹਾ ਹੈ।ਸ੍ਰੀਲੰਕਾ ਦਾ ਕੁੱਲ ਵਿਦੇਸ਼ੀ ਕਰਜ਼ਾ 51 ਬਿਲੀਅਨ ਅਮਰੀਕਨ ਡਾਲਰ ਹੈ। ਰਾਵਣ ਦੇ ਰਾਜ ਸਮੇਂ ਸ੍ਰੀਲੰਕਾ ਸੋਨੇ ਦਾ ਬਣਿਆ ਹੋਇਆ ਸੀ ਪਰ ਅੱਜ ਇਸ ਨੂੰ ਦੀਵਾਲੀਆਪਣ ਤੋਂ ਬਚਾਉਣ ਲਈ ਖਜ਼ਾਨੇ ਵਿੱਚ ਇਕ ਤੋਲਾ ਵੀ ਸੋਨਾ ਨਹੀਂ ਹੈ। ਕਮਾਲ ਦੀ ਗੱਲ ਹੈ ਕਿ ਜਦੋਂ ਤਿੰਨ ਦਹਾਕੇ ਪਹਿਲਾਂ ਭਾਰਤ ਦੀਵਾਲੀਆਪਣ ਦੇ ਕਗਾਰ 'ਤੇ ਸੀ ਤਾਂ ਭਾਰਤ ਨੂੰ ਆਪਣਾ ਵੀਹ ਟਨ ਸੋਨਾ ਵੇਚਣਾ ਪਿਆ ਸੀ ਅਤੇ ਉਸ ਤੋਂ ਬਾਅਦ ਇਸ ਦੀ ਆਰਥਿਕਤਾ ਵਿਚ ਤੇਜ਼ੀ ਆਈ ਸੀ।

ਸ੍ਰੀਲੰਕਾ ਦੀ ਅਜਿਹੀ ਸਥਿਤੀ ਲਈ ਇੱਥੋਂ ਦੀ ਰਾਜਨੀਤਿਕ ਲੀਡਰਸ਼ਿਪ ਜ਼ਿੰਮੇਵਾਰ ਹੈ। ਪਿਛਲੇ ਮਹੀਨੇ ਤੱਕ ਸ਼ਕਤੀਸ਼ਾਲੀ ਰਾਜਪਕਸਾ ਪਰਿਵਾਰ ਦਾ ਹੀ ਇਸ ਦੇਸ਼ ਉੱਪਰ ਪ੍ਰਭੂਤਵ ਸੀ। ਬੇਰੋਕ ਭਾਈ-ਭਤੀਜਾਵਾਦ ਕਰਕੇ ਹੀ ਗੋਟਾਬਯਾ ਰਾਜਪਕਸਾ ਰਾਸ਼ਟਰਪਤੀ ਬਣਿਆ ਸੀ। ਮਹਿੰਦਾ ਰਾਜਪਕਸਾ ਪ੍ਰਧਾਨ ਮੰਤਰੀ ਸੀ, ਚਮਾਲ ਰਾਜਪਕਸਾ ਸਿੰਚਾਈ ਮੰਤਰੀ, ਬਸਿਲ ਰਾਜਪਕਸਾ ਵਿੱਤ ਮੰਤਰੀ ਅਤੇ ਨਮਾਲ ਰਾਜਪਕਸਾ ਖੇਡ ਮੰਤਰੀ ਸੀ। ਇਸ ਤਰਾਂ ਦੇਸ਼ ਦਾ ਪਝੱਤਰ ਪ੍ਰਤੀਸ਼ਤ ਬਜਟ ਤਾਂ ਰਾਜਪਕਸਾ ਪਰਿਵਾਰ ਦੇ ਹੱਥ ਵਿਚ ਹੀ ਸੀ। ਰਾਜਪਕਸਾ ਨੇ ਸ੍ਰੀ ਲੰਕਾ ਨੂੰ ਆਪਣੀ ਨਿੱਜੀ ਕੰਪਨੀ ਵਾਂਗ ਚਲਾਇਆ। ਰਾਜਪਕਸਾ ਦੇ ਫਰਜ਼ੰਦ ਦੁਨੀਆ ਦੀਆਂ ਮਹਿੰਗੀਆਂ ਅਤੇ ਸ਼ਾਨਦਾਰ ਗੱਡੀਆਂ ਵਿਚ ਘੁੰਮ ਰਹੇ ਸਨ। ਉਨਾਂ ਨੇ ਇਸ ਤਰਾਂ ਵਿਵਹਾਰ ਕੀਤਾ ਜਿਵੇਂ ਦੇਸ਼ ਦਾ ਪੈਸਾ ਉਨਾਂ ਦੀ ਨਿੱਜੀ ਮਲਕੀਅਤ ਹੋਵੇ। ਰਾਜਪਕਸਾ ਪਰਿਵਾਰ ਨੇ ਆਪਣੀ ਮਨ-ਮਰਜ਼ੀ ਨਾਲ ਦੇਸ਼ ਨੂੰ ਚਲਾਇਆ।

ਅਜੇ ਵੀ ਇਹ ਸਪੱਸ਼ਟ ਨਹੀਂ ਹੈ ਕਿ ਉਨਾਂ ਨੇ ਖੇਤੀ ਖੇਤਰ ਲਈ ਖਾਦਾਂ ਦੀ ਵਰਤੋਂ ਉੱਪਰ ਕਿਉਂ ਰੋਕ ਲਗਾ ਦਿੱਤੀ ਜਿਸ ਨਾਲ ਫਸਲ ਦਾ ਉਤਪਾਦਨ ਇਕਦਮ ਡਿੱਗ ਗਿਆ। ਚੌਲਾਂ ਅਤੇ ਚਾਹ ਦੇ ਨਿਰਯਾਤ, ਜੋ ਕਿ ਵਿਦੇਸ਼ੀ ਮੁਦਰਾ ਲਈ ਸ੍ਰੀਲੰਕਾ ਦਾ ਪ੍ਰਮੁੱਖ ਸ੍ਰੋਤ ਸੀ, ਵਿਚ ਭਾਰੀ ਕਮੀ ਆ ਗਈ। ਵਿਦੇਸ਼ੀ ਕਰਜ਼ੇ ਦਾ ਭਾਰ ਪੰਜਾਹ ਮਿਲੀਅਨ ਡਾਲਰ ਤੱਕ ਪਹੁੰਚ ਗਿਆ।ਸ੍ਰੀਲੰਕਾ ਸਰਕਾਰ ਨੇ ਇਹ ਮੰਨਿਆ ਹੈ ਕਿ ਇਹ ਲਏ ਹੋਏ ਕਰਜੇ ਦਾ ਵਿਆਜ਼ ਚੁਕਾ ਦੇਣ ਦੀ ਸਥਿਤੀ ਵਿਚ ਵੀ ਨਹੀਂ ਹੈ ਜਿਸ ਦਾ ਸਿੱਧਾ ਅਤੇ ਸਪੱਸ਼ਟ ਅਰਥ ਹੈ ਕਿ ਦੇਸ਼ ਦੀਵਾਲੀਆ ਹੋ ਚੁੱਕਿਆ ਹੈ। ਇਕ ਡਾਲਰ ਦੀ ਕੀਮਤ 360 ਸ੍ਰੀਲੰਕਾ ਰੁਪਏ ਹੋ ਗਈ ਹੈ।ਪਹਿਲਾਂ ਇਹ ਮੰਨਿਆ ਜਾਂਦਾ ਸੀ ਕਿ ਕਿਸੇ ਵੀ ਦੇਸ਼ ਕੋਲ ਸੱਤ ਮਹੀਨਿਆਂ ਦੀ ਵਿਦੇਸ਼ੀ ਮੁਦਰਾ ਅਯਾਤ ਲਈ ਰਾਖਵੀਂ ਹੋਣੀ ਚਾਹੀਦੀ ਹੈ, ਪਰ ਸ੍ਰੀਲੰਕਾ ਦੀ ਵਿਦੇਸ਼ੀ ਮੁਦਰਾ ਭੰਡਾਰ ਕੁਝ ਕੁ ਦਿਨ ਵੀ ਨਹੀਂ ਕੱਢ ਸਕਦੀ। ਇਹ ਆਰਥਿਕ ਸੰਕਟ ਕੁਝ ਕੁ ਮਹੀਨਿਆਂ ਵਿਚ ਹੀ ਨਹੀਂ ਵਾਪਰਿਆ ਹੈ, ਇਸ ਦੀ ਨੀਂਹ 2010 ਵਿਚ ਹੀ ਰੱਖ ਦਿੱਤੀ ਗਈ ਸੀ। ਸ੍ਰੀਲੰਕਾ ਦੇ ਗ੍ਰਹਿ ਯੁੱਧ ਤੋਂ ਬਾਅਦ ਦੇਸ਼ ਵਿਚ ਫੌਜ ਸ਼ਕਤੀਸ਼ਾਲੀ ਫੋਰਸ ਦੇ ਰੂਪ ਵਿਚ ਉੱਭਰੀ ਅਤੇ ਬਹੁਤ ਸਾਰੇ ਜਨਰਲ ਸਰਕਾਰ ਦਾ ਹਿੱਸਾ ਬਣ ਗਏ।

ਭਾਰਤੀ ਨਿਰਯਾਤ ਦੇ ਹਿਸਾਬ ਨਾਲ ਸ੍ਰੀ ਲੰਕਾ ਹਰ ਸਾਲ ਚਾਰ ਬਿਲੀਅਨ ਡਾਲਰ ਦਾ ਵਪਾਰ ਕਰਦਾ ਹੈ। ਭਾਰਤ ਨੇ ਵੀ ਸੰਪਤੀ, ਰਿਫਾਇੰਨਗ, ਪੈਟਰੋਲੀਅਮ ਅਤੇ ਬਣਤਰ ਵਿਚ ਨਿਵੇਸ਼ ਕੀਤਾ ਹੈ ਜੋ ਕਿ ਸ੍ਰੀਲੰਕਾ ਵਿਚ ਮੌਜੂਦਾ ਸੰਕਟ ਕਰਕੇ ਬੁਰੀ ਸਥਿਤੀ ਵਿਚ ਹੈ। ਸ੍ਰੀਲੰਕਾ ਦਾ ਰਾਜਨੀਤਿਕ ਅਤੇ ਆਰਥਿਕ ਸੰਕਟ ਦੂਜੇ ਦੇਸ਼ਾਂ ਲਈ ਸਬਕ ਹੋਣਾ ਚਾਹੀਦਾ ਹੈ ਕਿ ਕਰਜ਼ੇ ਦੇ ਜਾਲ ਵਿਚ ਫਸਣਾ ਬਹੁਤ ਹੀ ਜੋਖ਼ਮ ਭਰਿਆ ਹੋ ਸਕਦਾ ਹੈ।

# ਅਜਨਬੀ...

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਭਾਗ-6



ਲੇਖਕ : ਆਲਬੇਅਰ ਕਾਮੂ



ਅਨੁਵਾਦ : ਮਹਿੰਦਰ ਬੇਦੀ, ਜੈਤੋ

ਉਸ ਦਿਨ ਐਤਵਾਰ ਸੀ ਤੇ ਸਵੇਰੇ ਜਾਗਣਾ ਵੀ ਇਕ ਮੁਸੀਬਤ ਲੱਗ ਰਿਹਾ ਸੀ। ਮੇਰੀ ਨੇ ਮੇਰੇ ਮੋਢੇ ਝੰਜੋੜੇ ਤੇ ਨਾਂ ਲੈ-ਲੈ ਕੇ ਉੱਚੀ-ਉੱਚੀ ਬੁਲਾਇਆ ਤਾਂ ਕਿਤੇ ਜਾ ਕੇ ਮੈਂ ਉੱਠਿਆ। ਚਾਹੁੰਦਾ ਸੀ ਕਿ ਜਿੰਨੀ ਛੇਤੀ ਹੋ ਸਕੇ, ਸਮੁੰਦਰ ਦੇ ਪਾਣੀ ਵਿਚ ਜਾ ਕੁੱਦੀ ਲਾਵਾਂ, ਇਸ ਲਈ ਨਾਸ਼ਤੇ-ਨੁਸ਼ਤੇ ਦੀ ਫਿਕਰ ਛੱਡ ਦਿੱਤੀ। ਸਿਰ ਵਿਚ ਮੱਠਾ-ਮੱਠਾ ਦਰਦ ਸੀ, ਸ਼ਾਇਦ ਇਸੇ ਲਈ ਪਹਿਲੀ ਸਿਗਰਟ ਦਾ ਸਵਾਦ ਵੀ ਕੁਸੈਲਾ-ਜਿਹਾ ਲੱਗਿਆ। ਮੇਰੀ ਕਹਿਣ ਲੱਗੀ ਕਿ ਸ਼ਕਲ ਤੋਂ ਤਾਂ ਮੈਂ ਗ਼ਮੀ 'ਚ ਸਿਆਪਾ ਕਰਨ ਵਾਲੀਆਂ ਵਰਗਾ ਲੱਗਦਾ ਹਾਂ। ਮੈਂ ਖ਼ੁਦ ਬੜਾ ਟੁੱਟਿਆ-ਟੁੱਟਿਆ ਤੇ ਢਿਲਕਿਆ-ਜਿਹਾ ਮਹਿਸੂਸ ਕਰ ਰਿਹਾ ਸੀ। ਉਹ ਸਫੇਦ ਕੱਪੜਿਆਂ ਵਿਚ ਸੀ। ਵਾਲ ਖੁੱਲੇ ਸਨ। ਮੈਂ ਕਿਹਾ, 'ਤੂੰ ਤਾਂ ਇਸ ਭੇਸ 'ਚ ਖੰਜਰ ਲੱਗਦੀ ਪਈ ਏਂ।' ਸੁਣ ਕੇ ਉਹ ਖਿੜਖਿੜ ਕਰਕੇ ਹੱਸੀ।

ਨਿਕਲਦਿਆਂ ਹੋਇਆਂ ਅਸੀਂ ਰੇਮੰਡ ਦਾ ਦਰਵਾਜ਼ਾ ਜ਼ੋਰ ਨਾਲ ਖੜਕਾਇਆ। ਉਹ ਅੰਦਰੋਂ ਈ ਕੂਕਿਆ, 'ਤੁਸੀਂ ਲੋਕ ਚੱਲੋ। ਮੈਂ ਬਸ ਹੁਣੇ ਆਇਆ।' ਇਕ ਤਾਂ ਤਬੀਅਤ ਉਂਜ ਈ ਢਿੱਲੀ ਸੀ, ਤੇ ਉਪਰੋਂ ਅੱਜ ਅਸੀਂ ਕਮਰੇ ਦੀਆਂ ਚਿਕਾਂ ਛੱਡੀਆਂ ਹੋਈਆਂ ਸਨ। ਸੜਕ 'ਤੇ ਆਉਂਦਿਆਂ ਈ ਸਵੇਰ ਦੀ ਤੇਜ਼ ਧੁੱਪ ਦਾ ਲਿਸ਼ਕਾਰਾ ਘਸੁੰਨ ਵਾਂਗੂੰ ਅੱਖਾਂ 'ਚ ਵੱਜਿਆ। ਹਾਂ, ਮੇਰੀ ਖ਼ੁਸ਼ੀ ਨਾਲ ਥਿਰਕ ਰਹੀ ਸੀ। ਰਹਿ-ਰਹਿ ਕੇ ਕਹਿੰਦੀ ਜਾਂਦੀ, 'ਕੈਸਾ ਸੁਹਾਵਣਾ ਮੌਸਮ ਏਂ ?' ਕੁਝ ਚਿਰ ਬਾਅਦ ਮੇਰੀ ਤਬੀਅਤ ਵੀ ਠੀਕ ਹੋ ਗਈ। ਪਰ ਨਾਲ ਈ ਲੱਗਿਆ, ਜ਼ੋਰਦਾਰ ਭੁੱਖ ਵੀ ਲੱਗੀ ਹੋਈ ਏ। ਮੇਰੀ ਨੂੰ ਦੱਸਿਆ ਤਾਂ ਉਸਨੇ ਮੇਰੀ ਗੱਲ 'ਤੇ ਕੰਨ ਈ ਨਾ ਧਰਿਆ। ਉਸ ਕੋਲ ਕਿਰਮਿਚ ਦਾ ਥੈਲਾ ਸੀ। ਇਸ ਵਿਚ ਅਸੀਂ ਨਹਾਉਣ ਵਾਲੇ ਜਾਂਘੀਏ-ਬਨੈਣਾ ਤੇ ਤੌਲੀਆ ਤੈਹ ਕਰਕੇ ਰੱਖ ਲਿਆ ਸੀ। ਉਦੋਂ ਈ ਪਿੱਛੇ ਰੇਮੰਡ ਦੇ ਦਰਵਾਜ਼ਾ ਖੋਲਣ ਦੀ ਆਵਾਜ਼ ਸੁਣਾਈ ਦਿੱਤੀ। ਉਸਨੇ ਨੀਲੀ ਪਤਲੂਨ, ਅੱਧੀਆਂ ਬਾਹਾਂ ਦੀ ਸਫੇਦ ਕਮੀਜ਼ ਪਾਈ ਹੋਈ ਸੀ ਤੇ ਚਟਾਈ ਦਾ ਹੈਟ ਲਿਆ ਹੋਇਆ ਸੀ। ਮੈਂ ਦੇਖਿਆ, ਉਸਦੀਆਂ ਬਾਹਾਂ ਉੱਤੇ ਕਾਫ਼ੀ ਸੰਘਣੇ ਵਾਲ ਨੇ, ਪਰ ਹੇਠਾਂ ਖੱਲ ਦਾ ਰੰਗ ਬੜਾ ਗੋਰਾ ਏ। ਚਟਾਈ ਦੇ ਹੈਟ ਨੂੰ ਦੇਖ ਕੇ ਮੇਰੀ 'ਹੀ-ਹੀ' ਕਰਕੇ ਹੱਸਣ ਲੱਗੀ। ਮੈਨੂੰ ਖ਼ੁਦ ਵੀ ਉਸਦਾ ਹੁਲੀਆ ਦੇਖ ਕੇ ਬੜੀ ਕੋਫ਼ਤ ਹੋਈ। ਪਰ ਉਹ ਬੜਾ ਖ਼ੁਸ਼-ਖ਼ੁਸ਼ ਲੱਗਦਾ ਸੀ ਤੇ ਸੀਟੀ ਵਜਾਉਂਦਾ ਹੋਇਆ ਪੌੜੀਆਂ ਉੱਤਰ ਰਿਹਾ ਸੀ। ਮੈਨੂੰ ਦੇਖ ਕੇ ਸਵਾਗਤ ਵਿਚ ਬੋਲਿਆ, 'ਕਹੋ ਯਾਰ,' ਮੇਰੀ ਵੱਲ ਦੇਖ ਕੇ ਬੋਲਿਆ, 'ਕਹੋ ਸ੍ਰੀਮਤੀ ਜੀ...'

ਪਿਛਲੀ ਸ਼ਾਮ ਮੈਂ ਤੇ ਰੇਮੰਡ ਦੋਵੇਂ ਥਾਣੇ ਗਏ ਸੀ। ਮੈਂ ਰੇਮੰਡ ਵੱਲੋਂ ਗਵਾਹੀ ਦਿੱਤੀ ਕਿ ਕੁੜੀ ਨੇ ਉਸਦੇ ਨਾਲ ਧੋਖਾ ਕੀਤਾ ਏ। ਪੁਲਸ ਵਾਲਿਆਂ ਨੇ ਮੇਰੀ ਗਵਾਹੀ ਦੀ ਤਸਦੀਕ ਵੀ ਨਹੀਂ ਕੀਤੀ ਤੇ ਫੇਰ ਕਦੀ ਅਜਿਹੀ ਹਰਕਤ ਨਾ ਕਰਨ ਦੀ ਚੇਤਾਵਨੀ ਦੇ ਕੇ ਉਸਨੂੰ ਛੱਡ ਦਿੱਤਾ।

ਅਸੀਂ ਕੁਝ ਚਿਰ ਦਰਵਾਜ਼ੇ ਦੀਆਂ ਪੌੜੀਆਂ 'ਤੇ ਖੜੇ-ਖੜੇ ਸਲਾਹ ਕਰਦੇ ਰਹੇ। ਤੈਅ ਕੀਤਾ, ਬੱਸ ਫੜਾਂਗੇ। ਉਂਜ ਪੈਦਲ ਚੱਲਣ ਦੇ ਲਿਹਾਜ ਨਾਲ ਵੀ ਸਮੁੰਦਰ-ਤਟ ਦੂਰ ਨਹੀਂ ਏ, ਪਰ ਸੋਚਿਆ, ਜਿੰਨੀ ਜਲਦੀ ਪਹੁੰਚੀਏ ਓਨਾਂ ਈ ਚੰਗਾ ਏ। ਬੱਸ ਸਟਾਪ ਵੱਲ ਤੁਰਨ ਈ ਲੱਗੇ ਸੀ ਕਿ ਰੇਮੰਡ ਨੇ ਮੇਰੀ ਬਾਂਹ ਖਿੱਚ ਕੇ ਹੌਲੀ-ਜਿਹੀ ਕਿਹਾ, 'ਸੜਕ ਦੇ ਉਸ ਪਾਰ ਦੇਖ।' ਮੈਂ ਦੇਖਿਆ ਤਮਾਕੂ ਵਾਲੇ ਦੀ ਖਿੜਕੀ ਦੇ ਸਾਹਮਣੇ ਕੁਝ ਅਰਬ ਚੱਕਰ ਕੱਟ ਰਹੇ ਨੇ। ਇਹ ਲੋਕ ਆਪਣੇ ਖ਼ਾਸ ਅਰਬੀ ਅੰਦਾਜ਼ ਵਿਚ ਸਾਨੂੰ ਇਸ ਤਰਾਂ ਘੂਰੀ ਜਾ ਰਹੇ ਸਨ ਜਿਵੇਂ ਅਸੀਂ ਲੋਕ ਬੇਜਾਨ ਪੱਥਰ ਦੇ ਡਲੇ ਜਾਂ ਰੁੱਖ ਹੋਈਏ। ਰੇਮੰਡ ਨੇ ਧੀਮੀ ਆਵਾਜ਼ ਵਿਚ ਦੱਸਿਆ ਕਿ ਖੱਬੇ ਪਾਸੇ ਵੱਲੋਂ ਦੂਜਾ ਅਰਬ 'ਉਹੀ ਆਦਮੀ' ਏ। ਰੇਮੰਡ ਕਾਫ਼ੀ ਪ੍ਰੇਸ਼ਾਨ ਲੱਗ ਰਿਹਾ ਸੀ, ਪਰ ਦਿਖਾਅ ਫੇਰ ਵੀ ਇਹੋ ਰਿਹਾ ਸੀ ਕਿ ਉਸ ਗੱਲ ਨੂੰ ਤਾਂ ਪਤਾ ਨਹੀਂ ਕਿੰਨੇ ਦਿਨ ਬੀਤ ਗਏ ਨੇ। ਮੇਰੀ ਦੀ ਸਮਝ ਵਿਚ ਇਹ ਗੱਲਾਂ ਨਹੀਂ ਸੀ ਆ ਰਹੀਆਂ। ਉਸਨੇ ਪੁੱਛਿਆ, 'ਕੀ ਮਾਮਲਾ ਏ ?'

ਮੈਂ ਦੱਸਿਆ ਕਿ ਸੜਕ ਦੇ ਉਸ ਪਾਸੇ ਜਿਹੜੇ ਅਰਬ ਖੜੇ ਨੇ, ਉਹਨਾਂ ਦੀ ਰੇਮੰਡ ਨਾਲ ਅਦਾਵਤ ਏ। ਉਹ ਫ਼ੌਰਨ ਈ ਉੱਥੋਂ ਚਲੇ ਚੱਲਣ ਦੀ ਜ਼ਿਦ ਕਰਨ ਲੱਗੀ। ਇਸ 'ਤੇ ਰੇਮੰਡ ਨੇ ਹੱਸ ਕੇ ਬੇਫ਼ਿਕਰੀ ਨਾਲ ਮੋਢੇ ਛੰਡੇ ਤੇ ਬੋਲਿਆ, 'ਮੇਰੀ ਠੀਕ ਕਹਿੰਦੀ ਏ। ਇੱਥੇ ਅਟਕੇ ਰਹਿਣ ਦੀ ਆਖ਼ਰ ਤੁਕ ਵੀ ਕੀ ਐ ?' ਬੱਸ ਸਟਾਪ ਜਾਣ ਵਾਲਾ ਅੱਧਾ ਰਸਤਾ ਪਾਰ ਕਰ ਲਿਆ ਤਾਂ ਚੋਰ ਅੱਖ ਨਾਲ ਪਿੱਛੇ ਦੇਖਿਆ। ਬੋਲਿਆ, 'ਨਹੀਂ, ਉਹ ਲੋਕ ਪਿੱਛਾ ਨਹੀਂ ਕਰ ਰਹੇ।' ਮੈਂ ਵੀ ਪਿੱਛੇ ਭੌਂ ਕੇ ਦੇਖਿਆ, ਉਹ ਲੋਕ ਜਿਵੇਂ ਦੀ ਤਿਵੇਂ ਖੜੇ, ਆਪਣੀਆਂ ਸੁੰਨੀਆਂ-ਸੁੰਨੀਆਂ ਨਿਗਾਹਾਂ ਨਾਲ ਉਸ ਜਗਾ ਵੱਲ ਤੱਕੀ ਜਾ ਰਹੇ ਸੀ ਜਿੱਥੇ ਹੁਣੇ-ਹੁਣੇ ਅਸੀਂ ਲੋਕ ਖੜੇ ਸੀ।

ਬੱਸ ਵਿਚ ਬੈਠ ਜਾਣ ਪਿੱਛੋਂ ਲੱਗਿਆ, ਰੇਮੰਡ ਨੇ ਸੁਖ ਦਾ ਸਾਹ ਲਿਆ। ਮੇਰੀ ਨੂੰ ਖ਼ੁਸ਼ ਕਰਨ ਲਈ ਉਸ ਨਾਲ ਮਖੌਲ ਕਰਦਾ ਰਿਹਾ। ਮੈਂ ਦੇਖਿਆ ਕਿ ਮੇਰੀ ਉਸ ਤੋਂ ਪ੍ਰਭਾਵਿਤ ਏ। ਪਰ ਉਹ ਮੁਸ਼ਕਲ ਨਾਲ ਇਕ ਅੱਧਾ ਸ਼ਬਦ ਈ ਬੋਲਦੀ ਏ। ਰਹਿ-ਰਹਿ ਕੇ ਉਸਦੀਆਂ ਅੱਖਾਂ ਮੇਰੀਆਂ ਅੱਖਾਂ ਨਾਲ ਮਿਲ ਜਾਂਦੀਆਂ ਤੇ ਅਸੀਂ ਮੁਸਕਰਾ ਪੈਂਦੇ।

ਅਲਜੀਰੀਆ ਦੇ ਬਾਹਰ ਈ ਅਸੀਂ ਲੋਕ ਉਤਰ ਪਏ। ਸਮੁੰਦਰ-ਤਟ ਬੱਸ ਸਟਾਪ ਤੋਂ ਬਹੁਤਾ ਦੂਰ ਨਹੀਂ ਏਂ। ਪਠਾਰ ਵਾਂਗ ਉਭਰੀ ਹੋਈ ਜ਼ਮੀਨ ਦਾ ਟੁਕੜਾ ਪਾਰ ਕਰਦਿਆਂ ਈ ਸਾਹਮਣੇ ਸਮੁੰਦਰ ਏ। ਇਹ ਪਠਾਰ ਸਮੁੰਦਰ ਦੇ ਯਕਦਮ ਸਿਰੇ 'ਤੇ ਉਤਾਂਹ ਜਾ ਕੇ ਖ਼ਤਮ ਹੁੰਦੀ ਏ ਤੇ ਫੇਰ ਹੇਠਾਂ ਕਿਨਾਰੇ ਦੀ ਰੇਤ ਤੀਕ ਖੜੀ ਢਲਵਾਨ ਏਂ। ਪਠਾਰ ਦੀ ਜ਼ਮੀਨ 'ਤੇ ਪੀਲੀ ਮਿੱਟੀ ਤੇ ਜੰਗਲੀ ਨਰਗਿਸ ਫ਼ੈਲੀ ਹੋਈ ਏ। ਇਹਨਾਂ ਬਰਫ਼ ਦੇ ਗੋਲਿਆਂ ਵਰਗੇ ਚਿੱਟੇ-ਚਿੱਟੇ ਫੁੱਲਾਂ ਦੇ ਪਾਸਾਰ ਦੇ ਪਿੱਛੇ ਨੀਲਾ-ਨੀਲਾ ਆਸਮਾਨ ਛਾਇਆ ਦਿਖਾਈ ਦਿੰਦਾ ਏ। ਜਦੋਂ ਦਿਨ ਖਾਸਾ ਗਰਮ ਹੋ ਜਾਂਦਾ ਏ ਤਾਂ ਇਹ ਆਸਮਾਨ ਠੋਸ ਧਾਤ ਦੀ ਚਾਦਰ ਵਰਗਾ ਦਿਖਾਈ ਦੇਣ ਲੱਗ ਪੈਂਦਾ ਏ-ਅੱਜ ਵੀ ਓਵੇਂ ਈ ਲੱਗ ਰਿਹਾ ਸੀ। ਮੇਰੀ ਪਾਸੀਂ ਉੱਗੇ ਫੁੱਲਾਂ ਨੂੰ ਹੱਥਾਂ ਨਾਲ ਸਰ-ਸਰਾਉਂਦੀ, ਅੱਗੇ ਪਿੱਛੇ ਲਹਿਰਾਉਂਦੀ-ਝੁਲਾਉਂਦੀ, ਚਾਰੇ-ਪਾਸੇ ਪੱਤੀਆਂ ਦੀ ਬਰਖਾ ਕਰਦੀ, ਨੱਚਦੀ-ਕਿਲਕਾਰੀਆਂ ਮਾਰਦੀ ਤੁਰੀ ਜਾ ਰਹੀ ਸੀ। ਅੱਗੇ ਜਾ ਕੇ ਅਸੀਂ ਦੋਵੇਂ ਪਾਸੇ ਬਣੇ ਛੋਟੇ-ਛੋਟੇ ਮਕਾਨਾਂ ਦੀ ਕਤਾਰ ਵਿਚੋਂ ਲੰਘੇ। ਇਨਾਂ ਮਕਾਨਾਂ ਦੇ ਛੱਜੇ ਕਾਠ ਦੇ ਬਣੇ ਹੋਏ ਸਨ ਤੇ ਅਹਾਤੇ ਦੇ ਜੰਗਲਿਆਂ 'ਤੇ ਚਿੱਟਾ ਜਾਂ ਹਰਾ ਰੰਗ ਫੇਰਿਆ ਹੋਇਆ ਸੀ। ਕੁਝ ਮਕਾਨ ਸਰਕੜਿਆਂ ਦੇ ਬੇ-ਤਰੀਬ ਝਾਫਿਆਂ ਪਿੱਛੇ ਛਿਪੇ ਹੋਏ ਸਨ। ਬਾਕੀ ਪਥਰੀਲੇ ਪਠਾਰ ਉੱਤੇ ਇਕੱਲੇ-ਇਕੱਲੇ ਜਿਹੇ ਖੜੇ ਸਨ। ਇਸ ਸੜਕ ਦੇ ਸਮਾਪਤ ਹੋਣ ਤੋਂ ਪਹਿਲਾਂ ਈ ਸਮੁੰਦਰ ਦਾ ਵਿਸਥਾਰ ਦਿਖਾਈ ਦੇਣ ਲੱਗ ਪਿਆ ਸੀ। ਸ਼ੀਸ਼ੇ ਵਾਂਗ ਚਿਲਕਦਾ ਪਾਣੀ ਸਾਹਮਣੇ ਫ਼ੈਲਿਆ ਹੋਇਆ ਸੀ। ਦੂਰ ਸਾਹਮਣੇ ਇਕ ਵੱਡਾ ਸਾਰਾ ਟਾਪੂ ਅੱਗੇ ਤੀਕ ਨਿਕਲਿਆ ਨਜ਼ਰ ਆਉਂਦਾ ਸੀ। ਉਸਦੇ ਚਾਰੇ-ਪਾਸੇ ਪਾਣੀ ਵਿਚ ਹੇਠਾਂ ਉਸਦੀ ਘਸਮੈਲੀ-ਜਿਹੀ ਪ੍ਰਛਾਈਂ ਸੀ। ਸ਼ਾਂਤ ਹਵਾ ਵਿਚ ਕਿਤੇ ਮੋਟਰ ਦਾ ਇੰਜ਼ਨ ਚੱਲਣ ਦੀ ਹਲਕੀ-ਹਲਕੀ ਗਰਗਰਾਹਟ ਘੁਲ ਗਈ। ਦੇਖਿਆ, ਬੜੀ ਦੂਰ, ਉਸ ਲਿਸ਼ਕੋਰਾਂ ਮਾਰਦੇ ਕੂਲੇ ਵਿਸਥਾਰ ਨੂੰ ਚੀਰਦੀ ਇਕ ਮੱਛੀ-ਮਾਰ ਬੋਟ ਹੌਲੀ-ਹੌਲੀ ਸਰਕਦੀ ਆ ਰਹੀ ਏ।

ਮੇਰੀ ਨੇ ਪਹਾੜੀ ਨਰਗਿਸ ਦੇ ਕੁਝ ਫੁੱਲ ਤੋੜ ਲਏ। ਸਮੁੰਦਰ-ਤਟ ਵੱਲ ਜਾਣ ਵਾਲੀ ਢਾਲੂ ਪਗਡੰਡੀ 'ਤੇ ਤੁਰਦਿਆਂ ਹੋਇਆਂ ਅਸੀਂ ਦੇਖਿਆ ਕਿ ਨਹਾਉਣ ਵਾਲੇ ਪਹਿਲਾਂ ਈ ਰੇਤ 'ਤੇ ਵਿਛੇ ਹੋਏ ਨੇ।

ਰੇਮੰਡ ਦੇ ਦੋਸਤ ਦਾ ਛੋਟਾ-ਜਿਹਾ ਬੰਗਲਾ ਤਟ ਦੇ ਸਿਰੇ 'ਤੇ ਈ ਬਣਿਆ ਹੋਇਆ ਸੀ। ਪਿੱਛੇ ਚਟਾਨ ਸੀ ਤੇ ਸਾਹਮਣਾ ਹਿੱਸਾ ਇਕ ਮੋਟੀ



ਲਟੈਣ ਉੱਤੇ ਟਿਕਿਆ ਸੀ। ਹੇਠਾਂ ਲੱਕੜ ਦੇ ਗੋਲਿਆਂ ਦੀਆਂ ਥੰਮੀਆਂ ਨਾਲ ਪਾਣੀ ਦੀਆਂ ਲਹਿਰਾਂ ਖਹਿ ਰਹੀਆਂ ਸਨ। ਰੇਮੰਡ ਨੇ ਦੋਸਤ ਨਾਲ ਜਾਣ-ਪਛਾਣ ਕਰਵਾਈ। ਦੋਸਤ ਦਾ ਨਾਂ ਮੈਸਨ ਸੀ। ਲੰਮਾਂ-ਝੰਮਾਂ, ਚੌੜੇ-ਚੌੜੇ ਮੋਢੇ ਤੇ ਗਠਿਆ ਹੋਇਆ ਸਰੀਰ। ਪਤਨੀ ਮੋਟੀ ਪਰ ਖ਼ੁਸ਼ਮਿਜਾਜ਼ ਛੋਟੇ-ਕੱਦ ਦੀ ਔਰਤ ਸੀ। ਉਸਦੀ ਗੱਲਬਾਤ ਵਿਚ ਪੈਰਿਸ ਦਾ ਤੁਣਕਾ ਸੀ।

ਮੈਸਨ ਨੇ ਬੜੇ ਤਪਾਕ ਨਾਲ ਕਿਹਾ ਕਿ ਅਸੀਂ ਉਸਨੂੰ ਆਪਣਾ ਈ ਘਰ ਸਮਝੀਏ ਤੇ ਕੋਈ ਤਕੱਲੁਫ ਨਾ ਕਰੀਏ। ਦੱਸਣ ਲੱਗਾ ਕਿ ਉਹ ਸਵੇਰੇ ਤੜਕੇ ਈ ਉੱਠ ਕੇ ਸਭ ਤੋਂ ਪਹਿਲਾਂ ਜਾ ਕੇ ਮੱਛੀਆਂ ਫੜ ਲਿਆਇਆ ਏ, ਇਸ ਲਈ ਅੱਜ ਦਾ ਭੋਜਨ ਤਲੀ ਹੋਈ ਮੱਛੀ ਈ ਹੋਵੇਗਾ। ਮੈਂ ਉਸਨੂੰ ਉਸਦੇ ਇਸ ਛੋਟੇ-ਜਿਹੇ ਸੁੰਦਰ ਬੰਗਲੇ ਲਈ ਵਧਾਈ ਦਿੱਤੀ ਤਾਂ ਬੋਲਿਆ ਕਿ ਉਹ ਸ਼ਨੀ-ਐਤ ਦੇ ਇਲਾਵਾ ਹੋਰ ਛੁੱਟੀਆਂ ਵੀ ਇੱਥੇ ਈ ਬਿਤਾਉਂਦਾ ਏ। ਹਾਂ, ਪਤਨੀ ਵੀ ਉਸਦੇ ਨਾਲ ਈ ਹੁੰਦੀ ਏ, ਕਿਤੇ ਅਸੀਂ ਲੋਕ ਕੁਝ ਹੋਰ ਨਾ ਸਮਝ ਲਈਏ। ਮੈਂ ਪਤਨੀ ਵੱਲ ਦੇਖਿਆ। ਮੇਰੀ ਵੀ ਉਸ ਨਾਲ ਖ਼ੂਬ ਖੁੱਲ ਗਈ ਸੀ। ਦੋਵੇਂ ਹੱਸ ਰਹੀਆਂ ਸਨ, ਗੱਪਾਂ ਮਾਰ ਰਹੀਆਂ ਸਨ। ਸ਼ਾਇਦ ਇਸ ਸਾਰੇ ਸਮੇਂ ਦੌਰਾਨ ਮੈਂ ਹੁਣ ਪਹਿਲੀ ਵਾਰੀ ਮੇਰੀ ਨਾਲ ਸ਼ਾਦੀ ਕਰਨ ਦੀ ਗੱਲ ਉੱਤੇ ਗੰਭੀਰਤਾ ਨਾਲ ਸੋਚਣ ਲੱਗਾ ਸੀ।

ਮੈਸਨ ਦੀ ਇੱਛਾ ਸੀ ਕਿ ਫ਼ੌਰਨ ਚੱਲ ਕੇ ਸਿੱਧੇ ਸਮੁੰਦਰ ਵਿਚ ਤੈਰਿਆ ਜਾਵੇ, ਪਰ ਪਤਨੀ ਤੇ ਰੇਮੰਡ ਹਿੱਲਣ ਲਈ ਤਿਆਰ ਈ ਨਹੀਂ ਸੀ ਹੋਏ। ਇਸ ਲਈ ਅਸੀਂ ਤਿੰਨੇ ਮੈਂ, ਮੇਰੀ ਤੇ ਮੈਸਨ ਈ ਸਮੁੰਦਰ ਕੋਲ ਪਹੁੰਚੇ। ਜਾਂਦਿਆਂ ਈ ਮੇਰੀ ਤਾਂ ਸਿੱਧੀ ਪਾਣੀ ਵਿਚ ਜਾ ਧਸੀ, ਪਰ ਮੈਂ ਤੇ ਮੈਸਨ ਕੁਝ ਚਿਰ ਰੁਕੇ। ਮੈਸਨ ਜ਼ਰਾ ਹਕਲਾ ਕੇ ਬੋਲਦਾ ਸੀ ਤੇ ਵਾਕ ਨਾਲ 'ਤਾਂ ਕੀ ਕਿਹਾ ?' ਦਾ ਤਕੀਆ ਕਲਾਮ ਲਾਉਂਦਾ ਸੀ-ਭਾਵੇਂ ਅਗਲੇ ਵਾਕ ਦਾ ਪਿਛਲੇ ਵਾਕ ਨਾਲ ਕੋਈ ਸੰਬੰਧ ਹੋਵੇ ਜਾਂ ਨਾ ਹੋਵੇ। ਮੇਰੀ ਬਾਰੇ ਦੱਸਦਿਆਂ ਹੋਇਆਂ ਕਹਿਣ ਲੱਗਾ, 'ਕੁੜੀ ਤਾਂ ਗਜਬ ਦੀ ਸੁੰਦਰ, ਤਾਂ ਕੀ ਕਿਹਾ, ਦਿਲਕਸ਼ ਏ।'

ਪਰ ਮੈਂ ਛੇਤੀ ਈ ਉਸਦੀ ਇਸ ਹਰਕਤ ਵੱਲ ਧਿਆਨ ਦੇਣਾ ਬੰਦ ਕਰ ਦਿੱਤਾ ਤੇ ਧੁੱਪ ਸੇਕਣ ਲੱਗਾ। ਲੱਗਿਆ, ਇਸ ਨਾਲ ਮੇਰੀ ਤਬੀਅਤ ਕਾਫ਼ੀ ਠੀਕ ਹੋ ਗਈ ਏ। ਪੈਰਾਂ ਹੇਠਲੀ ਰੇਤ ਤਪਨ ਲੱਗ ਪਈ ਸੀ। ਮਨ ਹੁੰਦਾ ਸੀ ਕਿ ਜਲਦੀ ਤੋਂ ਜਲਦੀ ਪਾਣੀ ਵਿਚ ਕੁੱਦ ਪਵਾਂ, ਪਰ ਇਕ-ਦੋ ਮਿੰਟ ਖੜਾ ਰਿਹਾ। ਆਖ਼ਰ ਮੈਸਨ ਈ ਬੋਲਿਆ, 'ਤਾਂ ਹੁਣ ਵੜੀਏ ?' ਤੇ ਕਹਿਣ ਦੇ ਨਾਲ ਈ ਪਾਣੀ ਵੱਲ ਤੁਰ ਪਿਆ। ਮੈਸਨ ਛੱਪ-ਛੱਪ ਕਰਦਾ, ਪੈਰ-ਪੈਰ, ਪਾਣੀ ਅੰਦਰ ਵੜਦਾ ਗਿਆ-ਫੇਰ ਹੱਥ ਕੁ ਉੱਚੇ ਪਾਣੀ ਵਿਚ ਜਾ ਕੇ ਤੈਰਨ ਲੱਗਾ। ਉਹ ਇਕ-ਇਕ ਹੱਥ ਮਾਰਦਾ ਅਲਸਾਏ ਭਾਵ ਨਾਲ ਵਧ ਰਿਹਾ ਸੀ, ਇਸ ਲਈ ਉਸਦਾ ਸਾਥ ਛੱਡ ਕੇ ਮੈਂ ਮੇਰੀ ਨੂੰ ਜਾ ਫੜਿਆ। ਠੰਢਾ-ਠੰਢਾ ਪਾਣੀ ਮਨ ਵਿਚ ਅਜੀਬ ਜਿਹੀ ਤਾਜਗੀ ਭਰ ਰਿਹਾ ਸੀ। ਅਸੀਂ ਨਾਲੋ-ਨਾਲ ਤੈਰਦੇ ਕਾਫ਼ੀ ਅੱਗੇ ਨਿਕਲ ਗਏ। ਮੇਰੇ ਤੇ ਉਸਦੇ ਹੱਥਾਂ-ਪੈਰਾਂ ਦਾ ਇਕੋ ਤਾਲ-ਲੈ ਵਿਚ ਚੱਲਣਾ, ਇਕੋ ਜਿੰਨੇ ਉਤਸ਼ਾਹ ਨਾਲ ਪਲ-ਪਲ ਜਲ-ਮਸਤੀਆਂ ਦਾ ਆਨੰਦ ਮਾਣਨਾਂ ਸਾਨੂੰ ਦੋਵਾਂ ਨੂੰ ਅਜਬ ਉਤਸ਼ਾਹ ਨਾਲ ਭਰ ਰਿਹਾ ਸੀ।

ਖੁੱਲੇ ਵਿਸਥਾਰ ਵਿਚ ਆ ਕੇ ਦੋਵੇਂ ਚਿੱਤ ਲੇਟ ਗਏ। ਮੈਂ ਉੱਪਰ ਆਸਮਾਨ ਵੱਲ ਇਕਟੱਕ ਦੇਖਦਾ ਰਿਹਾ ਤੇ ਧੁੱਪ ਨਾਲ ਉਛਲ-ਉਛਲ ਆਉਂਦੀਆਂ ਖਾਰੇ ਪਾਣੀ ਦੀਆਂ ਲਹਿਰਾਂ, ਮੇਰੀਆਂ ਗੱਲਾਂ ਤੇ ਬੁੱਲਾਂ ਨੂੰ ਛੋਂਹਦੀਆਂ-ਚੁੰਮਦੀਆਂ ਰਹੀਆਂ। ਅਸੀਂ ਦੇਖਿਆ, ਮੈਸਨ ਵਾਪਸ ਜਾ ਕੇ ਧੁੱਪ ਵਿਚ ਰੇਤ 'ਤੇ ਚਾਰੇ ਖਾਨੇ ਚਿੱਤ ਪਿਆ ਏ। ਦੂਰੋਂ ਉਹ ਕਾਫ਼ੀ ਲੰਮੀ-ਚੌੜੀ, ਚੰਗੀ-ਖਾਸੀ, ਵਹੇਲ ਮੱਛੀ ਵਰਗਾ ਦਿਸਦਾ ਸੀ। ਮੇਰੀ ਨੇ ਸੁਝਾਅ ਦਿੱਤਾ ਕਿ 'ਘੋੜਾ ਗੱਡੀ' ਦੀ ਤੈਰਾਕੀ ਤੈਰੀ ਜਾਵੇ। ਉਹ ਅੱਗੇ ਹੋਈ ਤੇ ਪਿੱਛੋਂ ਮੈਂ ਆਪਣੀਆਂ ਬਾਹਾਂ ਉਸਦੇ ਲੱਕ ਦੁਆਲੇ ਵਲ਼ ਲਈਆਂ। ਹੱਥਾਂ ਦੇ ਛਪਾਕੇ ਨਾਲ ਉਹ ਮੈਨੂੰ ਅੱਗੇ ਖਿੱਚਣ ਲੱਗੀ ਤੇ ਪਿੱਛੇ ਮੈਂ ਲੱਤਾਂ ਚਲਾ-ਚਲਾ ਕੇ ਉਸਦੀ ਮਦਦ ਕਰਨ ਲੱਗਾ।

ਹਲਕੇ-ਹਲਕੇ ਛਪਾਕਿਆਂ ਦੀ ਏਨੀ ਦੇਰ ਤੋਂ ਕੰਨਾਂ ਵਿਚ ਗੂੰਜਦੀ ਇਸ ਆਵਾਜ਼ ਕਰਕੇ, ਮੇਰਾ ਜੀਅ ਇਸ ਖੇਡ ਤੋਂ ਅੱਕ ਗਿਆ। ਮੈਂ ਮੇਰੀ ਨੂੰ ਛੱਡ ਦਿੱਤਾ ਤੇ ਖ਼ੁਦ ਲੰਮੇਂ-ਲੰਮੇਂ ਸਾਹ ਲੈਂਦਾ ਤੇ ਆਰਾਮ ਨਾਲ ਤੈਰਦਾ ਹੋਇਆ ਪਿੱਛੇ ਪਰਤ ਆਇਆ। ਕਿਨਾਰੇ 'ਤੇ ਆ ਕੇ ਮੈਸਨ ਕੋਲ ਈ ਇਕ ਪਾਸੇ ਰੇਤ 'ਤੇ ਗੱਲ ਟਿਕਾਅ ਕੇ ਢਿੱਡ ਭਾਰ ਲੇਟ ਗਿਆ। ਉਸਨੂੰ ਦੱਸਿਆ,'ਬੜਾ ਮਜ਼ਾ ਆਇਆ।' ਉਸ ਬੋਲਿਆ, 'ਜ਼ਰੂਰ ਆਇਆ ਹੋਵੇਗਾ।' ਪਿੱਛੇ-ਪਿੱਛੇ ਮੇਰੀ ਵੀ ਪਰਤ ਆਈ। ਮੈਂ ਸਿਰ ਚੁੱਕ ਕੇ ਉਸਨੂੰ ਆਉਂਦਿਆਂ ਹੋਇਆਂ ਦੇਖਣ ਲੱਗਾ। ਉਸਨੇ ਵਾਲ ਪਿੱਛੇ ਕੀਤੇ ਹੋਏ ਸਨ ਤੇ ਸਮੁੰਦਰ ਦਾ ਖਾਰਾ ਪਾਣੀ ਉਸਦੇ ਸਰੀਰ ਉੱਤੇ ਬੂੰਦ-ਬੂੰਦ ਚਮਕ ਰਿਹਾ ਸੀ। ਉਹ ਆ ਕੇ ਐਨ ਮੇਰੇ ਨਾਲ ਲੱਗ ਕੇ ਲੇਟ ਗਈ ਤਾਂ ਦੋਵਾਂ ਦੇ ਸਰੀਰਾਂ ਤੇ ਧੁੱਪ ਦੀ ਗਰਮੀ ਕਰਕੇ ਮੈਨੂੰ ਊਂਘ ਆ ਗਈ।

ਕੁਝ ਚਿਰ ਬਾਅਦ ਮੇਰੀ ਨੇ ਆਪਣੀ ਕੂਹਣੀ ਨਾਲ ਮੇਰੀ ਬਾਂਹ 'ਤੇ ਹੁੱਜਾ-ਜਿਹਾ ਮਾਰ ਕੇ ਕਿਹਾ, 'ਮੈਸਨ ਤਾਂ ਬੰਗਲੇ ਚਲਾ ਗਿਆ। ਲੱਗਦਾ ਏ ਖਾਣੇ ਦਾ ਸਮਾਂ ਹੋ ਗਿਐ।' ਭੁੱਖ ਮੈਨੂੰ ਵੀ ਲੱਗੀ ਹੋਈ ਸੀ, ਇਸ ਲਈ ਝੱਟ ਉੱਠ ਬੈਠਾ। ਉਦੋਂ ਈ ਮੇਰੀ ਨੇ ਕਿਹਾ, 'ਅੱਜ ਤਾਂ ਸਵੇਰ ਤੋਂ ਲੈ ਕੇ ਹੁਣ ਤੀਕ ਤੂੰ ਮੈਨੂੰ ਚੁੰਮਿਆਂ ਈ ਨਹੀਂ।' ਗੱਲ ਸਹੀ ਸੀ। ਉਂਜ ਮੇਰੇ ਮਨ ਵਿਚ ਕਈ ਵਾਰ ਆਇਆ ਵੀ ਸੀ। ਉਹ ਬੋਲੀ, 'ਆ ਫੇਰ ਪਾਣੀ 'ਚ ਚੱਲੀਏ।' ਤੇ ਅਸੀਂ ਦੋਵੇਂ ਪਾਣੀ ਵਿਚ ਵੜ ਕੇ ਤਰੰਗਾਂ ਉੱਤੇ ਕੁਝ ਚਿਰ ਲੇਟੇ ਰਹੇ। ਕੁਝ ਹੱਥ ਹੋਰ ਤੈਰੇ ਜਦੋਂ ਸਿਰ ਤੋਂ ਉਤਾਂਹ ਤੱਕ ਦੇ ਪਾਣੀ ਵਿਚ ਆ ਗਏ ਤਾਂ ਉਹ ਦੋਵੇਂ ਬਾਹਾਂ ਮੇਰੇ ਗਲ਼ ਵਿਚ ਪਾ ਕੇ ਲਿਪਟ ਗਈ। ਉਸਦੀਆਂ ਲੱਤਾਂ ਮੇਰੀਆਂ ਲੱਤਾਂ ਨਾਲ ਗੁੱਥਮੁੱਥ ਹੋ ਗਈਆਂ ਤੇ ਮੇਰਾ ਤਨ-ਮਨ ਧੁੜਧੁੜੀ-ਜਿਹੀ ਲੈ ਕੇ ਰੋਮਾਂਚਿਤ ਹੋ ਗਿਆ।

ਜਿਸ ਵੇਲੇ ਅਸੀਂ ਵਾਪਸ ਪਰਤੇ, ਮੈਸਨ ਆਪਣੇ ਬੰਗਲੇ ਦੀਆਂ ਪੌੜੀਆਂ 'ਤੇ ਖੜਾ-ਖੜਾ ਉੱਚੀ-ਉੱਚੀ ਆਵਾਜ਼ਾਂ ਮਾਰ ਕੇ ਸਾਨੂੰ ਬੁਲਾ ਰਿਹਾ ਸੀ। ਮੈਂ ਆਉਂਦਿਆਂ ਈ ਬੋਲਿਆ, 'ਮੇਰੇ ਢਿੱਡ 'ਚ ਤਾਂ ਭੁੱਖ ਦੇ ਮਾਰੇ ਚੂਹੇ ਕੁੱਦ ਰਹੇ ਨੇ।' ਇਸ 'ਤੇ ਉਹ ਤੁਰੰਤ ਪਤਨੀ ਵੱਲ ਭੌਂ ਕੇ ਬੋਲਿਆ, 'ਮੈਨੂੰ ਤਾਂ ਇਹ ਆਦਮੀ ਪਸੰਦ ਆਇਐ।' ਰੋਟੀਆਂ ਗਜਬ ਦੀਆਂ ਸੀ। ਮੈਂ ਖ਼ੂਬ ਡਟ ਕੇ ਮੱਛੀ ਉਡਾਈ। ਅਖ਼ੀਰ ਵਿਚ ਭੁੰਜੀਆਂ ਬੋਟੀਆਂ ਤੇ ਆਲੂ ਦੀਆਂ ਕੱਤਲਾਂ ਆਈਆਂ। ਸਾਰੇ ਚੁੱਪਚਾਪ ਖਾਂਦੇ ਰਹੇ। ਮੈਸਨ ਇਕ ਪਿੱਛੋਂ ਇਕ ਸ਼ਰਾਬ ਦੇ ਗ਼ਲਾਸ ਚਾੜਦਾ ਰਿਹਾ। ਮੇਰਾ ਗ਼ਲਾਸ ਖਾਲੀ ਵੀ ਨਹੀਂ ਸੀ ਹੁੰਦਾ ਕਿ ਉਹ ਫੇਰ ਭਰ ਦਿੰਦਾ ਸੀ। ਕਾਫ਼ੀ ਦਾ ਦੌਰ ਚੱਲਣ ਤੀਕ ਮੈਂ ਹਲਕਾ-ਹਲਕਾ ਝੂੰਮਣ ਲੱਗ ਪਿਆ ਸੀ, ਇਸ ਲਈ ਅੰਨੇਵਾਹ ਸਿਗਰਟਾਂ ਫੂਕਣੀਆਂ ਸ਼ੁਰੂ ਕਰ ਦਿੱਤੀਆਂ। ਫੇਰ ਰੇਮੰਡ, ਮੈਸਨ ਤੇ ਮੈਂ, ਅਸੀਂ ਤਿੰਨਾਂ ਨੇ ਪ੍ਰੋਗਰਾਮ ਬਣਾਇਆ ਕਿ ਅਗਸਤ ਦਾ ਪੂਰਾ ਮਹੀਨਾ ਇੱਥੇ ਬਿਤਾਇਆ ਜਾਵੇ ਤੇ ਖਰਚਾ ਆਪੋ ਵਿਚ ਵੰਡ ਲਿਆ ਜਾਵੇ।

ਅਚਾਨਕ ਮੇਰੀ ਬੋਲ ਪਈ, 'ਮੈਂ ਕਿਹਾ, ਤੁਹਾਨੂੰ ਪਤਾ ਏ, ਕਿੰਨੇ ਵੱਜੇ ਨੇ ? ਕੁੱਲ ਸਾਢੇ ਗਿਆਰਾਂ...।'

ਸੁਣ ਕੇ ਸਾਨੂੰ ਸਾਰਿਆਂ ਨੂੰ ਬੜੀ ਹੈਰਾਨੀ ਹੋਈ। ਮੈਸਨ ਬੋਲਿਆ, 'ਅੱਜ ਦੁਪਹਿਰ ਦਾ ਖਾਣਾ ਬੜੀ ਜਲਦੀ ਖਾ ਲਿਆ। ਪਰ ਖ਼ੈਰ, ਦੁਪਹਿਰ ਦਾ ਖਾਣਾ ਤਾਂ ਆਪਣੇ ਹੱਥ ਦੀ ਗੱਲ ਈ ਏ, ਜਦੋਂ ਇੱਛਾ ਹੋਏ ਖਾ ਲਓ-ਥੋੜਾ ਪਹਿਲੋਂ ਹੋਇਆ ਕਿ ਥੋੜਾ ਪਿੱਛੋਂ।' ਪਤਾ ਨਹੀਂ ਕਿਉਂ ਇਸ ਗੱਲ ਉੱਤੇ ਮੇਰੀ ਨੇ ਹੱਸਣਾ ਸ਼ੁਰੂ ਕਰ ਦਿੱਤਾ। ਸ਼ੱਕ ਏ ਉਸਨੇ ਜ਼ਿਆਦਾ ਚੜਾ ਲਈ ਸੀ।

ਮੈਸਨ ਨੇ ਪੁੱਛਿਆ ਕਿ ਕੀ ਮੈਂ ਉਸਦੇ ਨਾਲ ਕਿਨਾਰੇ 'ਤੇ ਘੁੰਮਣ ਜਾਣਾ ਪਸੰਦ ਕਰਾਂਗਾ ? ਬੋਲਿਆ, 'ਇਹ ਤਾਂ ਹਮੇਸ਼ਾ ਦੁਪਹਿਰੇ ਦੇ ਖਾਣੇ ਪਿੱਛੋਂ ਇਕ ਨੀਂਦ ਲੈਂਦੀ ਏ। ਮੈਨੂੰ ਇਹ ਮਾਫ਼ਕ ਨਹੀਂ ਆਉਂਦਾ। ਮੈਂ ਖਾਣੇ ਪਿੱਛੋਂ ਥੋੜਾ ਟਹਿਲਦਾ ਜ਼ਰੂਰ ਆਂ। ਮੈਂ ਤਾਂ ਹਮੇਸ਼ਾ ਸਮਝਦਾ ਆਂ ਕਿ ਤੰਦਰੁਸਤੀ ਲਈ ਇਹ ਬੜਾ ਚੰਗਾ ਏ। ਪਰ ਭਰਾ, ਇਹਨਾਂ ਨੂੰ ਵੀ ਆਪਣੇ ਮਨ ਮੁਤਾਬਿਕ ਚੱਲਣ ਦਾ ਹੱਕ ਏ।'

ਮੇਰੀ ਨੇ ਰੁਕ ਕੇ ਧੋਣ-ਪੂੰਝਣ ਦੇ ਕੰਮ ਵਿਚ ਸਹਾਇਤਾ ਦੀ ਇੱਛਾ ਪ੍ਰਗਟ ਕੀਤੀ। ਸ਼੍ਰੀਮਤੀ ਮੈਸਨ ਮੁਸਕਰਾ ਕੇ ਬੋਲੀ, 'ਚੰਗੀ ਗੱਲ ਏ। ਪਰ ਪਹਿਲਾਂ ਇਨਾਂ ਮਰਦ ਲੋਕਾਂ ਨੂੰ ਇੱਥੋਂ ਟਲ ਜਾਣ ਦੇ।' ਸੋ ਅਸੀਂ ਤਿੰਨੇ ਇਕੱਠੇ ਬਾਹਰ ਨਿਕਲ ਆਏ। ਧੁੱਪ ਲਗਭਗ ਸਿੱਧੀ ਪੈ ਰਹੀ ਸੀ ਤੇ ਪਾਣੀ ਦੇ ਲਿਸ਼ਕਾਰੇ ਅੱਖਾਂ ਵਿਚ ਚੁਭ ਰਹੇ ਸੀ। ਉਹਨਾਂ ਵਿਚੋਂ ਛੁਰੀ-ਕਾਂਟੇ ਦੇ ਟਕਰਾਉਣ ਦੀ ਹਲਕੀ-ਜਿਹੀ ਛਣਕਾਰ ਆ ਰਹੀ ਸੀ। ਚਟਾਨਾਂ ਵਿਚੋਂ ਅਜਿਹੀ ਭੜਾਸ ਨਿਕਲ ਰਹੀ ਸੀ ਕਿ ਸਾਹ ਲੈਣਾ ਔਖਾ ਜਾਪਦਾ ਸੀ।

ਪਹਿਲਾਂ ਰੇਮੰਡ ਤੇ ਮੈਸਨ ਅਜਿਹੀਆਂ ਚੀਜ਼ਾਂ ਤੇ ਲੋਕਾ ਬਾਰੇ ਗੱਲਾਂ ਕਰਦੇ ਰਹੇ, ਜਿਨਾਂ ਬਾਰੇ ਮੈਂ ਅਣਜਾਣ ਸੀ। ਹਾਂ, ਏਨਾ ਜ਼ਰੂਰ ਸਮਝ ਗਿਆ ਸੀ ਕਿ ਦੋਵੇਂ ਕਾਫ਼ੀ ਦਿਨਾਂ ਦੇ ਇਕ ਦੂਜੇ ਨੂੰ ਜਾਣਦੇ ਨੇ। ਦੋਵਾਂ ਨੇ ਕੁਝ ਸਮਾਂ ਨਾਲ-ਨਾਲ ਵੀ ਬਿਤਾਇਆ ਏ। ਅਸੀਂ ਲੋਕ ਜਾ ਕੇ ਪਾਣੀ ਛੋਂਹਦੇ ਹੋਏ ਕਿਨਾਰੇ ਦੇ ਨਾਲ-ਨਾਲ ਤੁਰਨ ਲੱਗੇ। ਰਹਿ-ਰਹਿ ਕੇ ਕੋਈ ਭਟਕੀ ਲਹਿਰ ਆ ਕੇ ਸਾਡੇ ਕਿਰਮਿਚ ਦੇ ਬੂਟ ਭਿਓਂ ਜਾਂਦੀ। ਖੁੱਲੀ ਧੁੱਪ ਮੇਰੇ ਨੰਗੇ ਸਿਰ 'ਤੇ ਪੈ ਰਹੀ ਸੀ ਤੇ ਦਿਮਾਗ਼ ਨਸ਼ੇ ਕਾਰਨ ਬੋਝਲ ਸੀ। ਇਸ ਲਈ ਮੈਂ ਕੁਝ ਵੀ ਨਹੀਂ ਸੀ ਸੋਚ ਰਿਹਾ।

ਉਦੋਂ ਈ ਰੇਮੰਡ ਨੇ ਮੈਸਨ ਨੂੰ ਕੁਝ ਕਿਹਾ। ਮੈਨੂੰ ਸਪਸ਼ਟ ਸੁਣਾਈ ਨਹੀਂ ਦਿੱਤਾ ਕਿ ਕੀ ਕਿਹਾ ਏ। ਹਾਂ, ਉਸੇ ਸਮੇਂ ਮੇਰੀ ਨਿਗਾਹ ਨੀਲੀ-ਨੀਲੀ 'ਡੰਗਰੀ' (ਕੌਪੀਨ ਵਰਗਾ ਕੱਪੜਾ) ਪਾਈ ਦੋਵਾਂ ਅਰਬਾਂ ਉੱਤੇ ਪਈ। ਉਹ ਕਾਫ਼ੀ ਦੂਰ ਕਿਨਾਰੇ-ਕਿਨਾਰੇ ਸਾਡੇ ਵੱਲ ਤੁਰੇ ਆ ਰਹੇ ਸੀ। ਰੇਮੰਡ ਨੂੰ ਮੈਂ ਅੱਖ ਦਾ ਇਸ਼ਾਰਾ ਕੀਤਾ ਤਾਂ ਸਿਰ ਹਿਲਾਉਂਦਿਆਂ-ਹੋਇਆਂ ਕਿਹਾ, 'ਹਾਂ ਉਹੀ ਨੇ।' ਪਰ ਅਸੀਂ ਲੋਕ ਜਿਵੇਂ ਤੁਰ ਰਹੇ ਸੀ ਓਵੇਂ ਈ ਤੁਰਦੇ ਰਹੇ। ਮੈਸਨ ਹੈਰਾਨੀ ਪ੍ਰਗਟ ਕਰਨ ਲੱਗਾ ਇਨਾਂ ਕੰਬਖ਼ਤਾਂ ਨੇ ਸਾਡਾ ਪਤਾ ਕਿੰਜ ਲਾ ਲਿਆ, ਮੇਰਾ ਖ਼ਿਆਲ ਏ, ਇਹਨਾਂ ਨੇ ਸਾਨੂੰ ਬੱਸ ਚੜਦਿਆਂ ਦੇਖ ਲਿਆ ਸੀ, ਮੇਰੀ ਦੇ ਹੱਥ ਵਿਚ ਕਿਰਮਿਚ ਦਾ ਨਹਾਉਣ ਵਾਲਾ ਥੈਲਾ ਵੀ ਸੀ। ਪਰ ਮੈਂ ਮੂੰਹੋਂ ਕੁਝ ਨਹੀਂ ਕਿਹਾ।

# ਰਜ਼ਾਈ



ਪ੍ਰਿੰਸੀਪਲ ਸੁਜਾਨ ਸਿੰਘ

ਛੁੱਟੀ ਵੇਲੇ ਜਦ ਸਕੂਲ ਮਾਸਟਰ ਸਕੂਲੋਂ ਬਾਹਰ ਨਿਕਲਦਾ ਤਾਂ ਉਹ ਮੁੰਡਿਆਂ ਦੇ ਇਕ ਹੜ ਵਿਚ ਹੁੰਦਾ। ਕਈ ਵਾਰੀ ਉਸਨੂੰ ਇਉਂ ਜਾਪਦਾ ਕਿ ਮੁੰਡਿਆਂ ਦੇ ਹੜ ਵਿੱਚ ਉਹ ਇਕ ਬੇੜੀ ਹੈ। ਅੱਜ ਉਸ ਸੋਚਿਆ ਜੇ ਮੁੰਡਿਆਂ ਦਾ ਪ੍ਰਵਾਹ ਸਦਾ ਇਵੇਂ ਨਾ ਚਲਦਾ ਰਹੇ ਤਾਂ ਉਸ ਦਾ ਜੀਵਨ ਵੀ ਸੁਕੇ ਦਰਿਆ ਦੇ ਰੇਤਲੇ ਕੰਢਿਆਂ ਤੇ ਫਜ਼ੂਲ ਪਈ ਬੇੜੀ ਵਾਂਗ ਨਿਕੰਮਾ ਹੋ ਕੇ ਰਹਿ ਜਾਏ। ਫਿਰ ਉਸ ਵਿਚਾਰਿਆ ਬੇੜੀ ਤਾਂ ਉਹ ਠੀਕ ਹੈ। ਵਰੇ ਦੇ ਵਰੇ ਉਹ ਵਿਦਿਆਰਥੀਆਂ ਦੇ ਪੂਰਾਂ ਦੇ ਪੂਰ ਇਮਤਿਹਾਨਾਂ ਦੇ ਪੱਤਣ ਤੋਂ ਪਾਰ ਉਤਾਰਦਾ ਹੈ। ਉਸ ਦੀ ਸਮਝ ਵਿੱਚ ਨਾ ਆਇਆ ਕਿ ਵਿਦਿਆਰਥੀ ਜਲ-ਪ੍ਰਵਾਹ ਤੇ ਯਾਤ੍ਰੀਆਂ ਦਾ ਪੂਰ ਦੋਵੇਂ ਚੀਜ਼ਾਂ ਕਿਵੇਂ ਬਣ ਸਕਦੇ ਹਨ। ਆਖ਼ਰ ਪ੍ਰਵਾਹ ਤਾਂ ਕੋਈ ਚਲਦਾ ਹੀ ਸੀ, ਜਿਸ ਤੇ ਉਸ ਦੇ ਜੀਵਨ ਦੀ ਟੁੱਟੀ ਫੁੱਟੀ ਕਿਸ਼ਤੀ ਤਰ ਕੇ ਇਕ ਕੰਮ ਕਰੀ ਜਾ ਰਹੀ ਸੀ, ਭਾਵੇਂ ਔਖੇ ਤੋਂ ਔਖੇ ਹਿਸਾਬੀ ਸਵਾਲ ਮਿੰਟਾਂ ਵਿੱਚ ਕੱਢ ਲੈਣ ਵਾਲੀ ਉਸ ਦੀ ਸਮਝ, ਉਸ ਅਦਿੱਖ ਪ੍ਰਵਾਹ ਨੂੰ ਸਮਝ ਸਕਣੋਂ ਅਸਮਰਥ ਸੀ।

ਮਾਸਟਰ ਨੇ ਸੁਤੇ ਸਿੱਧ ਕਈਆਂ ਵਾਕਫ਼ਾਂ ਦੀਆਂ ਸਲਾਮਾਂ ਦਾ ਜਵਾਬ ਹੱਥ ਜੋੜ ਕੇ ਦਿੱਤਾ। ਕਈਆਂ ਦੀ ਨਮਸਤੇ, ਸਤਿ ਸ੍ਰੀ ਅਕਾਲ, ਜੈ ਰਾਮ ਜੀ ਕੀ, ਝੁਕ ਝੁਕ ਕੇ ਸੂਦ ਸਮੇਤ ਮੋੜੀ। ਪਰ ਅੰਦਰੋਂ ਉਸਨੂੰ ਕੋਈ ਫਿਕਰ ਖਾਈ ਜਾ ਰਿਹਾ ਸੀ। ਬਜ਼ਾਰ ਵਿੱਚ ਤਾਂ ਉਹ ਮਸ਼ੀਨੀ ਹਰਕਤਾਂ ਕਰੀ ਤੁਰਿਆ ਜਾ ਰਿਹਾ ਸੀ। ਅਚਾਨਕ ਇਕ ਦੌੜੀਂ ਆਉਂਦੀ ਗਊ ਨੇ ਉਸ ਨੂੰ ਬਾਹਰਲੀ ਹੋਸ਼ ਵਿੱਚ ਲਿਆਂਦਾ। ਉਹ ਹੈਰਾਨ ਸੀ ਕਿ ਉਹ ਕਿਸੇ ਨਾਲ ਕਿਉਂ ਨਹੀਂ ਟਕਰਾਇਆ ਜਾਂ ਪਾਸੇ ਤੇ ਵਗਦੀ ਡੂੰਘੀ ਵਹਿਣੀ ਵਿੱਚ ਕਿਉਂ ਨਾ ਜਾ ਪਿਆ।

ਮੋੜ ਮੁੜਨ ਲੱਗਿਆਂ ਉਸ ਕੁਵਾੜੀਏ ਦੀ ਹੱਟੀ ਤੇ ਇਕ ਪੁਰਾਣੀ ਰਜ਼ਾਈ ਲਮਕਦੀ ਦੇਖੀ। ਅੰਦਰੋਂ-ਕੰਬ ਕੇ ਉਸ ਇਧਰ ਉਧਰ ਦੇਖਿਆ।ਕਿਤੇ ਉਸ ਨੂੰ ਕਿਸੇ ਪੁਰਾਣੀ ਰਜ਼ਾਈ ਵੱਲ ਲਲਚਾਈਆਂ ਨਜ਼ਰਾਂ ਨਾਲ ਵੇਖਦਿਆਂ ਨਾ ਦੇਖ ਲਿਆ ਹੋਵੇ। ਉਹ ਛੇਤੀ ਨਾਲ ਮੋੜ ਮੁੜ ਪਿਆ।

ਮਾਸਟਰ ਪੰਜਾਂ ਬੱਚਿਆਂ ਦਾ ਬਾਪ ਹੈ। ਅੱਜ ਕੱਲ ਉਹ ਇਨਾਂ ਨੂੰ ਪੰਜ ਗ਼ਲਤੀਆਂ ਕਹਿੰਦਾ ਹੈ। ਪੁਰਾਣੇ ਜਰਮਨ ਤੇ ਅੱਜ ਕਲ ਦੇ ਰੂਸ ਵਿੱਚ ਸ਼ਾਇਦ ਉਸ ਦੀ ਇਸਤ੍ਰੀ ਨੂੰ ਵਧ ਬੱਚੇ ਪੈਦਾ ਕਰਨ ਦਾ ਮੈਡਲ ਤੇ ਇਨਾਮ ਮਿਲਦਾ। ਉਹ ਸੋਚ ਰਿਹਾ ਸੀ ਕਿ ਕਿਵੇਂ ਹਾਲਾਤ ਗ਼ਲਤੀਆਂ ਨੂੰ ਦਰੁਸਤੀਆਂ ਤੇ ਦਰੁਸਤੀਆਂ ਨੂੰ ਗ਼ਲਤੀਆਂ ਬਣਾ ਦੇਂਦੇ ਹਨ। ਕਾਸ਼ ਕਿ ਹਾਲਾਤ ਸਾਰਿਆਂ ਦੇ ਕਾਬੂ ਵਿੱਚ ਹੁੰਦੇ। ਹਾਲਾਤ ਦੀ ਕੁੰਜੀ ਕੇਵਲ ਅਮੀਰਾਂ ਦੇ ਹੱਥ ਵਿੱਚ ਹੀ ਨਾ ਹੁੰਦੀ।

ਪਾਕਿਸਤਾਨੋਂ ਆਏ ਤਿੰਨ ਰਿਸ਼ਤੇਦਾਰ ਵੀ ਉਸ ਦੇ ਕੋਲ ਰਹਿੰਦੇ ਹਨ। ਕਦੇ ਉਨਾਂ ਨੇ ਵੀ ਇਸਦੀ ਔਖੇ ਵੇਲੇ ਮਦਦ ਕੀਤੀ ਸੀ ਜਦੋਂ ਉਹ ਆਪ ਸੌਖੇ ਸਨ। ਮਾਸਟਰ ਦੀ ਤਨਖ਼ਾਹ ਹੁਣ ਸਭ ਕੁਝ ਪਾ ਕੇ ਇਕ ਸੌ ਸਾਢੇ ਸਤਾਈ ਰੁਪਏ ਹੈ। ਵੱਡੀ ਤਨਖ਼ਾਹ ਹੈ। ਕੇਵਲ ਉਹ ਆਟਾ, ਜੋ ਉਸਨੂੰ ਸਹਾਇਤਾ ਦਿੱਤੀ ਜਾਣ ਦੇ ਵੇਲੇ ਦੋ ਰੁਪਏ ਤੇਰਾਂ ਆਨੇ ਮਣ ਵਿਕਦਾ ਸੀ, ਹੁਣ ਤੀਹ ਰੁਪਏ ਮਣ ਵਿਕਦਾ ਹੈ। ਪਰ ਮਾਸਟਰ ਦੀ ਤਨਖ਼ਾਹ ਤਾਂ ਮਾਕੂਲ ਹੈ। ਇਕ ਸੌ ਸਾਢੇ ਸਤਾਈ ਰੁਪਏ, ਪ੍ਰਾਵੀਡੈਂਟ ਫ਼ੰਡ ਕਰਕੇ, ਸੋ ਹੁਣ ਉਹ ਉਨਾਂ ਨੂੰ ਔਖੇ ਵੇਲੇ ਕਿਵੇਂ



ਬਾਂਹ ਨਾ ਦਿੰਦਾ ? ਅਕ੍ਰਿਤਘਣ ਨਾ ਅਖਵਾਉਣ ਦਾ ਵੀ ਤਾਂ ਮੁਲ ਹੁੰਦਾ ਹੈ ਨਾ।

ਰਾਸ਼ਨ ਡੀਪੋ ਤੇ ਕਈ ਲੋਕ ਖੜੇ ਸਨ ਪਰ ਮਾਸਟਰ ਸਾਹਿਬ ਨੂੰ ਡੀਪੋ ਤੋਂ ਵੀ ਕੁਝ ਨਸੀਬ ਨਹੀਂ ਸੀ ਹੁੰਦਾ। ਮਾਸਟਰ ਸਾਹਿਬ ਦੀ ਤਨਖ਼ਾਹ ਇਕ ਸੌ ਸਾਢੇ ਸਤਾਈ ਰੁਪਈਏ ਹੈਨ। ਦੱਸੀ ਹੋਈ ਰਕਮ ਤੋਂ ਇਕ ਰੁਪਿਆ ਵੱਧ ਲੈਣ ਵਾਲਾ ਵੀ ਡੀਪੋ ਤੋਂ ਸਸਤਾ ਰਾਸ਼ਨ ਲੈਣ ਦਾ ਹੱਕਦਾਰ ਨਹੀਂ ਤੇ ਮਾਸਟਰ ਸਾਹਿਬ ਤਾਂ ਪੂਰੇ ਢਾਈ ਰੁਪਏ ਵਧ ਲੈਂਦੇ ਸਨ। ਉਸ ਦੇ ਸਾਥੀ ਕਿਰਾਏਦਾਰਾਂ ਵਿੱਚ ਬੰਕ-ਕਲਰਕ ਵੀ ਸੀ। ਉਹ ਇਕ ਸੌ ਪੰਦਰਾਂ ਤਨਖ਼ਾਹ ਲੈਂਦਾ ਸੀ। ਉਸ ਦੀ ਵਹੁਟੀ ਤੇ ਉਹ, ਬਸ ਇਹ ਉਸਦਾ ਟੱਬਰ ਸੀ । ਉਸ ਨੂੰ ਰਾਸ਼ਨ ਮਿਲਦਾ ਸੀ। ਪਰ ਮਾਸਟਰ ਸਾਹਿਬ ਦਾ ਟੱਬਰ ਵੀ ਤਾਂ ਤਨਖ਼ਾਹ ਵਾਂਗ ਵੱਡਾ ਸੀ, ਇਸ ਲਈ ਉਹ ਕਿਸੇ ਰਿਆਇਤ ਦਾ ਹੱਕਦਾਰ ਨਹੀਂ ਸੀ।

ਮਾਸਟਰ ਨੇ ਦੇਖਿਆ ਉਸ ਤੋਂ ਕਈ ਗੁਣਾਂ ਵੱਧ ਹੈਸੀਅਤ ਵਾਲੇ ਡੀਪੋ ਤੋਂ ਰਾਸ਼ਨ ਲੈ ਰਹੇ ਹਨ। ਪਰ ਉਹ ਤਾਂ ਦੁਕਾਨਦਾਰ ਸਨ। ਕੋਈ ਨੌਕਰੀ ਪੇਸ਼ਾ ਤਾਂ ਨਹੀਂ। ਵਿਚਾਰੀ ਗੌਰਮਿੰਟ ਕੋਲ ਵੀ ਤਾਂ ਉਨਾਂ ਦੀਆਂ ਆਪ ਲਿਖੀਆਂ ਵਹੀਆਂ ਤੋਂ ਸਿਵਾ ਆਮਦਨ ਮਾਪਣ ਦਾ ਕੋਈ ਜੰਤਰ ਜਾਂ ਆਲਾ ਨਹੀਂ । ਮਾਸਟਰ ਝੂਠ ਨਹੀਂ ਬੋਲ ਸਕਦਾ। ਉਸਨੂੰ ਸਾਰੇ ਭਲਾਮਾਣਸ ਕਹਿੰਦੇ ਹਨ। ਕਈ ਤਨਜ਼ ਨਾਲ ਵੀ, ਜਿਵੇਂ ਲੁਚਾ ਜਾਂ ਬੇਈਮਾਨ ਹੋਣਾ ਕੋਈ ਗੁਣ ਹੁੰਦਾ ਹੋਵੇ। ਮਾਸਟਰ ਕਾਨੂੰਨ ਦਾ ਪੱਕਾ ਪਾਬੰਧ ਹੈ। ਪੜੇ ਲਿਖੇ ਆਦਮੀ ਨੂੰ ਕਾਨੂੰਨ ਦੇ ਉਲੰਘਣ ਦੀ ਉਂਜ ਵੀ ਵਧ ਸਜ਼ਾ ਮਿਲ ਸਕਦੀ ਹੈ। ਮਾਸਟਰ ਨਾਲੇ ਦੇਸ਼ ਭਗਤ ਵੀ ਹੈ। ਆਪਣੇ ਜਾਂ ਆਪਣਿਆਂ ਦੇ ਕਾਰਨ ਉਹ ਦੇਸ਼ ਤੇ ਕੌਮ ਦਾ ਨੁਕਸਾਨ ਨਹੀਂ ਸਹਾਰ ਸਕਦਾ।

ਮਾਸਟਰ ਲੰਘ ਗਿਆ, ਸਭ ਕੁਝ ਦੇਖਦਾ। ਉਸਨੂੰ ਫੇਰ ਰਾਹ ਵਿੱਚ ਰਜ਼ਾਈ ਦਾ ਚੇਤਾ ਆਇਆ। ਨਵੀਂ ਰਜ਼ਾਈ ਲਈ ਘਟ ਤੋਂ ਘਟ ਵੀਹਾਂ ਰੁਪਈਆਂ ਦੀ ਲੋੜ ਹੈ।ਉਸ ਹਿਸਾਬ ਲਾਇਆ। ਢਾਈ ਮਣ ਆਟਾ, ਤੀਹ ਦੂਣੀ ਸੱਠ ਤੇ ਪੰਦਰਾਂ, ਪੰਜਤਰ ਰੁਪਏ। ਘਿਓ ਬਨਾਸਪਤੀ ਬਾਰਾਂ ਰੁਪਏ, ਬਾਲਣ ਪੰਦਰਾਂ ਰੁਪਏ ਤੇ ਵੱਡੀ ਰਕਮ ਉਸਨੂੰ ਮਗਰੋਂ ਯਾਦ ਆਈ, ਕਿਰਾਇਆ ਤੀਹ ਰੁਪਏ, ਦੁਧ ਚਾਹ ਲਈ ਤੇਰਾਂ ਰੁਪਏ ਤੇ ਏਸੇ ਤਰਾਂ ਅੱਗੇ। ਕੁਲ ਜੋੜ ਇਕ ਸੌ ਛਿਆਸੀ ਰੁਪਏ। ਬਜਟ ਵਿੱਚ ਹਰ ਮਹੀਨੇ ਲਗਭਗ ਸੱਠ ਰੁਪਏ ਦਾ ਘਾਟਾ। ਉਸ ਨੂੰ ਬਜਟ ਚੈਲੰਜ ਕਰਨਾ ਚਾਹੀਦਾ ਹੈ। ਪਰ ਉਸਨੂੰ ਗ੍ਰਹਿ ਵਿਗਿਆਨ ਦੇ ਅਨੁਸਾਰ ਨਵੀਆਂ ਕਿਤਾਬਾਂ ਤੇ ਰਸਾਲਿਆਂ ਵਾਸਤੇ ਖ਼ਰਚੀ ਜਾ ਰਹੀ ਸੱਤ ਰੁਪਏ ਦੀ ਰਕਮ ਤੋਂ ਸਿਵਾ ਕੁਝ ਗ਼ੈਰ ਜ਼ਰੂਰੀ ਨਾ ਲੱਭਾ। ਉਹ ਮਨ ਵਿੱਚ ਹੀ ਏਸ ਖ਼ਰਚ ਤੇ ਲੀਕ ਮਾਰਨ ਲੱਗਾ ਸੀ ਪਰ ਉਸਨੂੰ ਜਾਪਿਆ ਕਿ ਇਹ ਖ਼ਰਚ ਉਸ ਦੀ ਖ਼ੁਰਾਕ ਤੇ ਹੋ ਰਹੇ ਖ਼ਰਚ ਤੋਂ ਵੀ ਵਧ ਜ਼ਰੂਰੀ ਹੈ। ਆਖ਼ਰ ਉਸ ਸੋਚਿਆ, ਮੈਂ ਹੈਡ ਮਾਸਟਰ ਸਾਹਿਬ ਦੀ ਆਗਿਆ ਨਾਲ ਇਕ ਟਿਊਸ਼ਨ ਰਖਾਂਗਾ। ਤੀਹਾਂ ਦੀ ਆਮਦਨ ਵਧ ਜਾਏਗੀ, ਤੀਹਾਂ ਦਾ ਖ਼ਰਚ ਘਟਾਵਾਂਗਾ, ਜਿਵੇਂ ਕਿਵੇਂ। ਪਰ ਰਜ਼ਾਈ ਲਈ ਵੀਹ ਰੁਪਏ ਕਿਥੋਂ ਆਉਣਗੇ। ਰਜ਼ਾਈ ਸਿਆਲ ਲਈ ਬੜੀ ਜ਼ਰੂਰੀ ਚੀਜ਼ ਹੈ। ਪ੍ਰਾਹੁਣਿਆਂ ਨੂੰ ਵੱਖੋ-ਵੱਖ ਮੰਜਾ ਤੇ ਬਿਸਤਰਾ ਦੇਣਾ ਤਾਂ ਅਤੇ ਜ਼ਰੂਰੀ ਸੀ। ਤਿੰਨ ਲੜਕੀਆਂ ਇਕੱਠੀਆਂ ਸੌਂਦੀਆਂ ਸਨ ਇਕੋ ਮੰਜੇ ਤੇ, ਇਕੋ ਰਜ਼ਾਈ ਵਿੱਚ ਸੌਣ ਨਾਲ ਕਦ ਘੁਟਵੇਂ ਹੋ ਜਾਣਗੇ। ਕੁੜੀਆਂ ਦੇ ਕਲਬੂਤ ਘੁਟਵੇਂ ਹੋ ਜਾਣ ਨਾਲ ਉਨਾਂ ਨੂੰ ਅੱਜ ਕੱਲ ਦੀ ਦੁਨੀਆਂ ਵਿਚ ਅੱਗੇ ਢੋਈ ਕੋਈ ਨਹੀਂ। ਕੱਲ ਉਸ ਨੇ ਆਪਣੀ ਘਰ ਵਾਲੀ ਨੂੰ ਉਨਾਂ ਵਿਚੋਂ ਵੱਡੀ ਨੂੰ ਵੱਖ ਸੁਆਣ ਲਈ ਕਿਹਾ ਸੀ।

'ਥੋੜੇ ਮੰਜੇ ਨੇ ਕਲਾਸ਼ ? ਫੇਰ ਇਨਾਂ ਨੂੰ ਵਖੋ ਵਖਰੀਆਂ ਕਿਉਂ ਨਹੀਂ ਸੁਆਂਦੀ, ਤੂੰ ?' ਕਲਾਸ਼ ਨੇ ਨਿਮਰਤਾ ਨਾਲ ਉਤਰ ਦਿੱਤਾ ਸੀ।' ਮੰਜਾ ਤਾਂ ਇਕ ਵਧ ਹੈ ਪਰ ਰਜ਼ਾਈ ਵਾਧੂ ਕੋਈ ਨਹੀਂ। ਹਾਲੀ ਬਿੱਲੂ ਵੀ ਮੇਰੇ ਨਾਲ ਸੌਂਦਾ ਜੇ।'

ਵੀਹਾਂ ਰੁਪਈਆਂ ਦੀ ਰਜ਼ਾਈ। ਅੱਗੇ ਹੀ ਬਜਟ ਵਿੱਚ ਘਾਟਾ ਹੈ। ਤੀਹਾਂ ਦੀ ਟੀਊਸ਼ਨ, ਤੀਹ ਖ਼ਰਚ ਵਿਚੋਂ ਘਟਾਉਣੇ ਹੀ ਪੈਣਗੇ। ਪਰ ਵੀਹ ਹੋਰ ਰਜ਼ਾਈ ਲਈ ਕਿਥੋਂ ਆਉਣਗੇ ? ਉਸ ਨੂੰ ਚੇਤਾ ਆਇਆ ਉਸ ਨੇ ਪਰਸੋਂ ਆਪਣੀਆਂ ਕਿਤਾਬਾਂ ਤੇ ਰੱਦੀ ਵੇਚ ਕੇ ਸੱਤ ਰੁਪੈ ਬਾਰਾਂ ਆਨੇ ਵੱਟੇ ਸਨ। ਪਰ ਰਜ਼ਾਈ ਲਈ ਵੀਹ ਰੁਪੈ, ਉਹੋ, ਕਬਾੜੀਏ ਤੋਂ ਪੁਰਾਣੀ ਰਜ਼ਾਈ। ਹਾਂ, ਠੀਕ ਹੈ, ਕੱਲ ਪੁਛਿਆ ਜਾਇਗਾ।

ਕਈ ਦਿਨ ਉਹ ਸਵੇਰ ਵੇਲੇ ਦਾਅ ਲਾਉਂਦਾ ਰਿਹਾ। ਦਿਨ ਵੇਲੇ ਉਸ ਦਾ ਕੁਬਾੜੀਏ ਤੋਂ ਮੁੜ ਪੁਛਣ ਦਾ ਹੀਆ ਨਾ ਪਿਆ। ਇਕ ਦਿਨ ਰਾਤ ਵੇਲੇ ਗਿਆ। ਬਜ਼ਾਰ ਬੰਦ ਸੀ। ਵਿਚਾਰਾ ਨੇਸ਼ਨ ਬਿਲਡਰ-ਕੌਮ ਦਾ ਉਸਤਾਦ-ਨਿਰਾਸ ਮੁੜ ਆਇਆ। ਬਣਾਉਣ ਵਾਲਾ ਆਪ ਬਣਾਏ ਜਾਣ ਵਾਲਿਆਂ ਦੇ ਹਥੋਂ ਕੀ ਬਣ ਰਿਹਾ ਸੀ।

ਮੁੜ ਸੋਚਿਆ ਉਸ, ਆਖਰ ਸਵੇਰੇ ਹੀ ਦਾ ਦੂ ਲਾ ਕੇ ਕੰਮ ਬਣੇਗਾ। ਕੰਮਬਖ਼ਤ ਰਜਾਈ ਵੀ ਸੀ ਕਿ ਜਿਸ ਨੂੰ ਕੋਈ ਖ਼ਰੀਦਦਾ ਹੀ ਨਹੀਂ ਸੀ। ਕਿਸੇ ਦੇ ਸਾਹਮਣੇ ਖ਼ਰੀਦਿਆਂ ਇਜ਼ਤ ਜਾਂਦੀ ਸੀ- ਜੇ ਉਸ ਦੀ ਨਹੀਂ ਤਾਂ ਉਸਤਾਦਾਂ ਦੀ ਸ਼੍ਰੇਣੀ ਦੀ ਤੇ ਨਾਲ ਕੌਮ ਦਾ ਵਿਚਾਰਾ ਮਾਸਟਰ ਕੀ ਕਰ ਰਿਹਾ ਸੀ ? ਕਿਸੇ ਤੋਂ ਕੀ ਲੁਕਾ ਰਿਹਾ ਸੀ ? ਉਸ ਫਿਰ ਸੋਚਿਆ ਉਹ 'ਇਜ਼ਤ' ਨੂੰ ਆਂਚ ਨਹੀਂ ਆਉਣ ਦੇਵੇਗਾ।

ਐਤਵਾਰ ਤੇ ਨਹੀਂ ਸੀ ਪਰ, ਛੁੱਟੀ ਦਾ ਦਿਨ ਸੀ। ਉਹ ਆਪਣੇ ਵੱਡੇ ਲੜਕੇ ਨੂੰ ਨਾਲ ਲੈ ਕੇ ਉਸ ਦੁਕਾਨ ਤੇ ਗਿਆ। ਰਜ਼ਾਈ ਬਦਸਤੂਰ ਉਥੇ ਹੀ ਪਈ ਸੀ। ਉਹ ਇਕੋ ਫੜੱਪਾ ਮਾਰ ਕੇ ਦੁਕਾਨ ਵਿੱਚ ਲੰਘ ਗਿਆ। ਸੱਤਾਂ ਰੁਪਈਆਂ ਤੇ ਸੌਦਾ ਹੋ ਗਿਆ। ਰੁਪਏ ਦੇ ਕੇ ਉਹ ਛੇਤੀ ਵਾਪਸ ਨਿਕਲ ਆਇਆ। ਦਸ ਕਦਮ ਹੀ ਤੁਰਿਆ ਹੋਣਾ ਹੈ ਕਿ ਕਿਸੇ ਆਵਾਜ਼ ਦਿਤੀ, 'ਮੁਰਦਿਆਂ ਤੋਂ ਲਾਹੀ ਰਜ਼ਾਈ ਖ਼ਰੀਦ ਲਈ ਜੇ ?'

ਉਸਤਾਦ ਤੋਂ ਮੁੜ ਕੇ ਵੇਖੇ ਬਗੈਰ ਨਾ ਰਿਹਾ ਗਿਆ। ਕਹਿਣ ਵਾਲਾ ਇਕ ਦਰਜ਼ੀ ਸੀ । ਲਾਗੇ ਹੀ ਮਾਸਟਰ ਦਾ ਇਕ ਸ਼ਾਗਿਰਦ ਸੀ, ਜਿਸ ਅਜ ਤੋਂ ਉਸ ਦੇ ਘਰ ਪੜਨ ਆਇਆ ਕਰਨਾ ਸੀ । ਉਸ ਨੇ ਵੀ ਮਾਸਟਰ ਕੋਲ ਆ ਕੇ ਕਿਹਾ, 'ਇਹ ਤੇ ਮੁਰਦਿਆਂ ਦੀਆਂ ਲਾਹੀਆਂ ਰਜਾਈਆਂ ਵੇਚਦਾ ਜੇ, ਮਾਸਟਰ ਜੀ।'

ਮਾਸਟਰ ਸੱਚ ਜਿਹਾ ਝੂਠ ਬੋਲਿਆ- 'ਹਾਂ ਕਾਕਾ, ਪਰ ਕਿਸੇ ਲੋੜਵੰਦ ਦੀ ਲੋੜ ਤਾਂ ਪੂਰੀ ਹੋ ਜਾਏਗੀ।'

ਲਹਿਜਾ ਇਹੋ ਜਿਹਾ ਸੀ ਕਿ ਜਿਸ ਤੋਂ ਸ਼ੱਕ ਪੈ ਸਕਦਾ ਸੀ ਕਿ ਉਸ ਕਿਸੇ ਹੋਰ ਲਈ ਰਜ਼ਾਈ ਖ਼ਰੀਦੀ ਹੈ। ਆਖ਼ਰ ਜੇ ਇਹ ਝੂਠ ਵੀ ਸੀ ਤਾਂ ਧਰਮ ਰਾਜ ਯੁਧਿਸ਼ਟਰ ਦੇ ਬੋਲੇ ਝੂਠ ਤੋਂ ਭੈੜਾ ਨਹੀਂ ਸੀ।

ਸਾਰਾ ਦਿਨ ਰਜ਼ਾਈ ਧੁੱਪੇ ਪਈ ਰਹੀ। ਸ਼ਾਮ ਹੋ ਗਈ। ਰਜ਼ਾਈ ਕਮਰੇ ਵਿੱਚ ਲਿਆਂਦੀ ਗਈ। ਦੀਵੇ ਜਗਣ ਮਗਰੋਂ ਉਹ ਮੁੰਡਾ ਪੜਨ ਆ ਗਿਆ। ਉਸ ਰਜ਼ਾਈ ਨੂੰ ਪਈ ਦੇਖ ਕੇ ਨਮਸਤੇ ਕਹਿਣ ਤੋਂ ਮਗਰੋਂ ਪੁਛਿਆ- 'ਕਿਉਂ, ਮਾਸਟਰ ਜੀ, ਇਹ ਉਹੋ ਰਜ਼ਾਈ ਜੇ ਨਾ ?'

ਮਾਸਟਰ ਵਿੱਚ ਦੂਜੀ ਵਾਰੀ ਝੂਠ ਬੋਲਣ ਦੀ ਸਮਰਥਾ ਨਾ ਰਹੀ। ਉਸ ਕਿਹਾ 'ਉਹੋ ਹੀ ਹੈ, ਕਾਕਾ, ਪਰ ਮੈਂ ਅੱਜ ਤੈਨੂੰ ਪੜਾ ਨਹੀਂ ਸਕਾਂਗਾ, ਮੇਰਾ ਚਿਤ ਖ਼ਰਾਬ ਹੈ। ਤੂੰ ਕਲ ਆਵੀਂ।' ਸਚਮੁਚ ਉਸਦਾ ਚਿਤ ਖ਼ਰਾਬ ਸੀ। ਮੁੰਡਾ ਵਾਪਸ ਮੁੜ ਗਿਆ।

ਮਾਸਟਰ ਨੇ ਰਸੋਈ ਵਿੱਚ ਕੰਮ ਕਰਦੀ ਘਰ ਵਾਲੀ ਨੂੰ ਕਿਹਾ, 'ਕਲਾਸ਼, ਨਵੀਂ ਰਜ਼ਾਈ ਮੈਨੂੰ ਦੇ ਦੇ। ਮੇਰੇ ਵਾਲੀ ਪਹਿਲੀ ਰਜ਼ਾਈ ਕੁੜੀਆਂ ਤੇ ਦੇ ਦੇਵੀਂ। ਹਾਂ, ਸੱਚ, ਗੋਮਤੀ ਨੂੰ ਵੱਖ ਸਵਾਈਂ।'

'ਕਿਉਂ ਤੁਸੀਂ ਰੋਟੀ ਨਹੀਂ ਖਾਣੀ ?' ਕਲਾਸ਼ ਨੇ ਰਜ਼ਾਈ ਪੈਰਾਂ ਉਤੇ ਸੁਟਦਿਆਂ ਕਿਹਾ।

'ਨਹੀਂ।' ਮਾਸਟਰ ਨੇ ਆਖਿਆ ਤੇ ਮੁਰਦਿਆਂ ਤੋਂ ਲਾਹੀ ਰਜ਼ਾਈ ਆਪਣੇ ਉਤੇ ਖਿਚ ਲਈ ਤੇ ਕਿੰਨਾ ਚਿਰ ਉਹ ਸੋਚਦਾ ਰਿਹਾ ਕਿ ਕੌਣ ਮੁਰਦਿਆਂ ਤੋਂ ਰਜ਼ਾਈ ਲਾਹ ਲੈਂਦਾ ਹੈ ਤੇ ਕੌਣ ਜਿਉਂਦਿਆਂ ਤੋਂ। ਉਹ ਬੇਚੈਨ ਸੀ। ਰੱਬ ਜਾਣੇ ਉਸ ਦੇ ਸੋਚਣ ਦਾ ਕੀ ਨਤੀਜਾ ਨਿਕਲੇ।

ALL STATE INSURANCE
Allstate. You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਕਬੱਡੀ ਡਰੱਗ ਤੇ ਗੁੰਡਾਗਰਦੀ ਦੇ ਮਾਇਆ ਜਾਲ 'ਚ

**ਪ੍ਰਿੰਸੀਪਲ ਸਵਰਣ ਸਿੰਘ**

ਪਹਿਲਾਂ ਤਕੜੇ ਖਿਡਾਰੀ ਜੱਫੇ ਲਾਉਂਦੇ ਸਨ, ਫਿਰ ਡਰੱਗ ਦੇ ਆਦੀ ਖਿਡਾਰੀ ਜੱਫੇ 'ਤੇ ਜੱਫੇ ਲਾਉਣ ਲੱਗੇ। ਫਿਰ ਗੈਂਗਸਟਰਾਂ ਦੇ ਜੱਫੇ ਚੱਲ ਪਏ ਕਿ ਕਿਸਨੂੰ ਖਿਡਾਉਣਾ, ਕਿਸਤੋਂ ਰੇਡ ਪੁਆਉਣੀ ਤੇ ਕਿਸਤੋਂ ਜੱਫਾ ਲਵਾਉਣਾ? ਮੇਰੇ ਵੇਖਦੇ-ਵੇਖਦੇ ਕਬੱਡੀ ਦੀ ਖੇਡ ਦੇ ਜੱਫੇ, ਪੰਜ ਦਸ ਜਾਂ ਸੌ ਰੁਪਏ ਤੋਂ ਹਜ਼ਾਰਾਂ ਦੇ ਹੁੰਦੇ ਹੋਏ ਲੱਖਾਂ ਨੂੰ ਟੱਪ ਗਏ ਹਨ। ਪੱਤਰਕਾਰ ਪਾਵੇਲ ਕੁੱਸੇ ਨੇ ਲਿਖਿਆ ਕਿ ਕ੍ਰਿਕਟ ਦੇ ਚੌਕਿਆਂ ਛੱਕਿਆਂ ਤੇ ਕਬੱਡੀ ਦੇ ਜੱਫਿਆਂ ਪਿੱਛੇ ਅਸਲ ਵਿਚ ਕੌਮੀ ਤੇ ਬਹੁਕੌਮੀ ਕਾਰਪੋਰੇਸ਼ਨਾਂ ਦੇ ਕਰੋੜਾਂ ਦੇ ਜੱਫੇ (ਮੁਨਾਫ਼ੇ) ਹਨ। ਕਾਰਪੋਰੇਟ ਕੰਪਨੀਆਂ ਨੇ ਖੇਡਾਂ ਨੂੰ ਮੰਡੀਆਂ ਬਣਾ ਦਿੱਤਾ ਹੈ ਜਿਥੇ ਖਿਡਾਰੀਆਂ ਦੀ ਬੋਲੀ ਲਗਦੀ ਹੈ ਤੇ ਉਹ ਸਾਮਾਨ ਵਾਂਗ ਖਰੀਦੇ/ਵੇਚੇ ਜਾਂਦੇ ਹਨ। ਉਨਾਂ ਦੀ ਖੇਡ ਉੱਤੇ ਫਿਰ ਕਰੋੜਾਂ ਦਾ ਦੇਣ-ਲੈਣ ਤੇ ਸੱਟਾ ਚਲਦਾ ਹੈ। ਕਬੱਡੀ ਦੇ ਇਕ-ਇਕ ਜੱਫੇ ਉੱਤੇ ਮੋਟਰ ਸਾਈਕਲ, ਕਾਰ, ਜੀਪ, ਟ੍ਰੈਕਟਰ ਤੇ ਕੰਬਾਈਨ ਤੱਕ ਦੇ ਇਨਾਮ ਲੱਗਣਾ ਸੁਆਲ ਖੜੇ ਕਰਦਾ ਹੈ ਕਿ ਏਨਾ ਪੈਸਾ ਆਉਂਦਾ ਕਿਥੋਂ ਐ? ਹੱਕ ਦੀ ਕਮਾਈ ਨਾਲ ਤਾਂ ਏਨਾ ਕਮਾਇਆ ਨਹੀਂ ਜਾ ਸਕਦਾ। ਕਿਤੇ ਕੌਮੀ ਜਾਂ ਬਹੁਕੌਮੀ ਕੰਪਨੀਆਂ ਦੀ ਗੁੱਝੀ ਚਾਲ ਤਾਂ ਨਹੀਂ? ਕਬੱਡੀ ਖਿਡਾਰੀਆਂ, ਕੋਚਾਂ, ਰੈਫਰੀਆਂ, ਕੁਮੈਂਟੇਟਰਾਂ, ਪ੍ਰਮੋਟਰਾਂ ਤੇ ਖੇਡ ਪ੍ਰੇਮੀਆਂ ਦੀਆਂ ਇਸ ਤਰਾਂ ਦੀ 'ਖੇਡ' 'ਚ ਕਿਥੇ ਭਾਉਂਦੀਆਂ? ਮਾਰਕਸੀ ਸੋਚ ਵਾਲੇ ਇਹਦਾ ਸਿੱਕੇਬੰਦ ਇਲਾਜ ਕੇਵਲ 'ਇਨਕਲਾਬ' ਹੀ ਦੱਸਦੇ ਹਨ।

ਭਾਰਤੀ ਕਬੱਡੀ ਫੈਡਰੇਸ਼ਨ ਵਲੋਂ ਹੁਣ ਕਬੱਡੀ ਦੇ ਤਿੰਨ ਰੂਪ ਮਾਨਤਾ ਪ੍ਰਾਪਤ ਹਨ। ਇਕ, ਚਾਰ ਕੋਨੇ ਡੱਬੇ ਵਾਲੀ ਨੈਸ਼ਨਲ ਸਟਾਈਲ, ਦੂਜੀ ਦਾਇਰੇ ਵਾਲੀ ਸਰਕਲ ਸਟਾਈਲ ਤੇ ਤੀਜੀ ਰੇਤ ਉੱਤੇ ਖੇਡੀ ਜਾਣ ਵਾਲੀ ਬੀਚ ਕਬੱਡੀ। ਇਨਾਂ ਵਿਚੋਂ ਕਬੱਡੀ ਨੈਸ਼ਨਲ ਸਟਾਈਲ ਭਾਰਤ ਦੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ,



ਰਾਜਾਂ, ਮਹਿਕਮਿਆਂ, ਨੈਸ਼ਨਲ ਤੇ ਏਸ਼ੀਆਈ ਖੇਡਾਂ ਵਿਚ ਖੇਡੀ ਜਾ ਰਹੀ ਹੈ। ਇਹ ਕਾਮਨਵੈੱਲਥ ਖੇਡਾਂ ਵਿਚ ਪੁੱਜਣ ਵਾਲੀ ਹੈ ਤੇ ਸੰਭਾਵਨਾ ਹੈ ਕਦੇ ਉਲੰਪਿਕ ਖੇਡਾਂ ਵਿਚ ਵੀ ਜਾ ਅਪੜੇ। ਇਸ ਨੂੰ ਭਾਰਤ ਤੋਂ ਬਿਨਾਂ ਪਾਕਿਸਤਾਨ, ਚੀਨ, ਜਾਪਾਨ, ਥਾਈਲੈਂਡ, ਸ੍ਰੀਲੰਕਾ, ਬਰਮਾ, ਬੰਗਲਾਦੇਸ਼, ਇੰਡੋਨੇਸ਼ੀਆ, ਈਰਾਨ ਤੇ ਏਸ਼ੀਆ ਦੇ ਕੁਝ ਹੋਰ ਮੁਲਕਾਂ ਨੇ ਵੀ ਅਪਣਾ ਲਿਆ ਹੈ। ਜਦੋਂ ਕੈਨੇਡਾ, ਇੰਗਲੈਂਡ, ਸਕਾਟਲੈਂਡ, ਵੇਲਜ਼, ਆਸਟ੍ਰੇਲੀਆ, ਨਿਊਜ਼ੀਲੈਂਡ, ਜਮਾਇਕਾ, ਕੀਨੀਆ, ਯੂਗੰਡਾ, ਦੱਖਣੀ ਅਫ਼ਰੀਕਾ ਆਦਿ ਮੁਲਕਾਂ ਨੇ ਵੀ ਕਬੱਡੀ ਦੀਆਂ ਟੀਮਾਂ ਬਣਾ ਲਈਆਂ ਤਾਂ ਇਸ ਦਾ ਕਾਮਨਵੈੱਲਥ ਖੇਡਾਂ ਵਿਚ ਜਾਣ ਦਾ ਰਾਹ ਹੋਰ ਵੀ ਪੱਧਰਾ ਹੋ ਜਾਵੇਗਾ।

ਭਾਰਤ ਦੇ ਵੱਖ-ਵੱਖ ਇਲਾਕਿਆਂ 'ਚ ਅਨੇਕ ਪ੍ਰਕਾਰ ਦੀ ਕਬੱਡੀ ਖੇਡੀ ਜਾਂਦੀ ਹੈ। ਚਾਰ ਕੋਨੇ ਡੱਬੇ ਵਾਲੀ ਕਬੱਡੀ ਬਹੁਤੇ ਇਲਾਕਿਆਂ ਵਿਚ ਖੇਡੀ ਜਾਂਦੀ ਸੀ ਇਸ ਲਈ ਇਸ ਨੂੰ ਨੈਸ਼ਨਲ ਸਟਾਈਲ ਦਾ ਨਾਂਅ ਦੇ ਕੇ ਕੌਮੀ ਪੱਧਰ 'ਤੇ ਮਾਨਤਾ ਦੇ ਦਿੱਤੀ ਗਈ। ਇਸ ਨੂੰ ਦੱਖਣੀ ਭਾਰਤ ਵਿਚ ਚੇਡੂ ਗੁਡੂ ਕਿਹਾ ਜਾਂਦਾ ਹੈ ਤੇ ਉਧਰ ਦੇ ਖਿਡਾਰੀ 'ਚੇਡੂ ਗੁਡੂ, ਚੇਡੂ ਗੁਡੂ' ਕਹਿੰਦਿਆਂ ਕਬੱਡੀ ਪਾਉਂਦੇ ਹਨ। ਬੰਗਾਲ 'ਚ 'ਡੋ ਡੋ' ਕਿਹਾ ਜਾਂਦਾ ਹੈ ਤੇ ਮਹਾਰਾਸ਼ਟਰ ਵਿਚ 'ਹੂ ਟੂ ਟੂ'। ਕਿਤੇ 'ਸੂ ਸੂ' ਬੋਲਿਆ ਜਾਂਦਾ ਹੈ ਤੇ ਕਿਤੇ 'ਸਰ ਸਰ'। ਉੱਤਰ ਪ੍ਰਦੇਸ਼ ਦੇ ਲੋਕ ਕਬੱਡੀ ਪਾਉਂਦਿਆਂ ਕਹਿੰਦੇ ਹਨ : ਰਾਮ ਲਕਸ਼ਮਣ ਜਾਨਕੀ ਜੈ ਬੋਲੋ ਹਨੂੰਮਾਨ ਕੀ। ਕਬੱਡੀ ਨੈਸ਼ਨਲ ਸਟਾਈਲ ਵੀ ਤਿੰਨ ਤਰਾਂ ਦੀ ਹੈ। ਸੰਜੀਵਨੀ, ਜੈਮਨੀ ਤੇ ਅਮਰ।

ਪੰਜਾਬ ਦੀ ਦਾਇਰੇ ਵਾਲੀ ਕਬੱਡੀ ਨੂੰ ਪੰਜਾਬ ਸਟਾਈਲ ਵੀ ਕਿਹਾ ਜਾਂਦੈ। ਜਿਵੇਂ ਢੋਲ ਦਾ ਡੱਗਾ ਪੰਜਾਬੀਆਂ ਦੇ ਪੱਬ ਚੁੱਕ ਦਿੰਦੇ ਤਿਵੇਂ ਕੌਡੀ ਕੌਡੀ ਦਾ ਅਲਾਪ ਰੋਮ ਰੋਮ ਵਿਚ ਝਰਨਾਟਾਂ ਛੇੜ ਦਿੰਦੇ। ਜਾਨਦਾਰ ਬੰਦਿਆਂ ਦੇ ਡੌਲੇ ਫਰਕਣ ਲੱਗ ਪੈਂਦੇ ਹਨ। ਕਬੱਡੀ ਪੰਜਾਬੀਆਂ ਦੇ ਲਹੂ ਵਿਚ ਸਮਾਈ ਹੋਈ ਹੈ। ਪਹਿਲਾਂ ਇਸ ਖੇਡ ਨੇ ਪੰਜਾਬ ਦੇ ਗੱਭਰੂਆਂ ਨੂੰ ਤਕੜੇ ਬਣਾਈ ਰੱਖਿਆ, ਹਿੰਮਤੀ ਵੀ ਤੇ ਜੀਵਨ ਦੀਆਂ ਰਗੜਾਂ ਸਹਿਣ ਜੋਗੇ ਵੀ। ਕਬੱਡੀ ਦੀ ਖੇਡ ਦਾ ਡੂੰਘਾ ਅਧਿਐਨ ਕਰੀਏ ਤਾਂ ਇਸ ਵਿਚ ਕਈਆਂ ਖੇਡਾਂ ਦੇ ਗੁਣ ਰਲੇ ਮਿਲਦੇ ਹਨ। ਇਹਦੇ ਵਿਚ ਦੌੜ, ਦਮ ਤੇ ਤਾਕਤ ਦੀ ਪਰਖ ਹੁੰਦੀ ਹੈ। ਚੁਸਤੀ, ਫੁਰਤੀ, ਪਕੜ ਤੇ ਪੈਂਤੜੇ ਦਾ ਪਤਾ ਲਗਦਾ ਹੈ। ਇਹਦੇ ਵਿਚ ਅਥਲੈਟਿਕਸ ਦੇ ਅੰਸ਼ ਵੀ ਹਨ ਅਤੇ ਕੁਸ਼ਤੀ ਤੇ ਕਰਾਟੇ ਵਰਗੀ ਜ਼ੋਰ ਅਜ਼ਮਾਈ ਵੀ ਹੈ। ਇਕੋ ਸਾਹ ਕੌਡੀ ਕੌਡੀ ਦਾ ਅਲਾਪ ਫੇਫੜਿਆਂ ਦੀ ਗੰਦੀ ਹਵਾ ਨਿਚੋੜ ਕੇ ਤਾਜ਼ੀ ਹਵਾ ਦੀ ਆਵਾਜਾਈ ਦਾ ਦਰ ਖੋਲਦਾ ਹੈ। ਹਰੇਕ ਸਾਹ ਮਿੰਨੀ ਕੁਸ਼ਤੀ ਕਰਦਿਆਂ ਜੁੱਸੇ ਦੀ ਹੰਢਣਸਾਰੀ ਵਧਦੀ ਹੈ। ਸਾਹ ਨਾ ਟੁੱਟਣ ਦੇਣ ਦਾ ਸਿਰੜ ਬੰਦੇ ਨੂੰ ਔਖੀਆਂ ਘੜੀਆਂ ਵਿਚ ਵੀ ਜਿਊਣ ਦਾ ਵੱਲ ਸਿਖਾਉਂਦਾ ਹੈ।

Website Design & Development

➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ |
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ |

Basic web packages are availables on comparatively economical rates
We work as per your requirement and charge only according to work

SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com

## ਦੋ ਵਾਰ ਦੀ ਉਲੰਪਿਕ ਜੇਤੂ ਪੀ.ਵੀ. ਸਿੰਧੂ



ਦੋ ਵਾਰ ਦੀ ਉਲੰਪਿਕ ਜੇਤੂ ਪੀ.ਵੀ. ਸਿੰਧੂ ਨੇ ਇਕ ਹੋਰ ਸੋਨ ਤਮਗ਼ਾ ਆਪਣੇ ਨਾਂ ਕੀਤਾ ਹੈ। ਬੀਤੇ ਐਤਵਾਰ ਉਸ ਨੇ ਸਿੰਗਾਪੁਰ ਓਪਨ ਸੁਪਰ 500 ਦੇ ਫਾਈਨਲ 'ਚ ਚੀਨੀ ਖਿਡਾਰਨ ਵਾਂਗ ਜ਼ੀ ਯੀ ਨੂੰ ਤਿੰਨ ਸੈੱਟ ਤੱਕ ਚੱਲੇ ਸਖ਼ਤ ਮੁਕਾਬਲੇ 'ਚ 21-9, 11-21, 21-15 ਨਾਲ ਹਰਾ ਕੇ ਇਤਿਹਾਸ ਰਚਦਿਆਂ ਇਹ ਖ਼ਿਤਾਬ ਆਪਣੇ ਨਾਂ ਕੀਤਾ। ਉਹ ਸਿੰਗਾਪੁਰ ਓਪਨ ਜਿੱਤਣ ਵਾਲੀ ਦੂਜੀ ਭਾਰਤੀ ਮਹਿਲਾ ਬਣ ਗਈ ਹੈ। ਉਸ ਤੋਂ ਪਹਿਲਾਂ 2010 'ਚ ਸਾਇਨਾ ਨੇਹਵਾਲ ਤੇ 2017 'ਚ ਬੀ. ਸਾਈ ਪ੍ਰਨੀਤ ਨੇ ਇਹ ਖ਼ਿਤਾਬ ਆਪਣੇ ਨਾਂ ਕੀਤਾ ਸੀ। ਸਿੰਧੂ ਦਾ ਮੌਜੂਦਾ ਸੀਜ਼ਨ 'ਚ ਇਹ ਤੀਜਾ ਖ਼ਿਤਾਬ ਹੈ। ਉਸ ਨੇ ਸਈਅਦ ਮੋਦੀ ਅੰਤਰਰਾਸ਼ਟਰੀ ਅਤੇ ਸਵਿਸ ਓਪਨ ਦੇ ਰੂਪ 'ਚ ਦੋ ਸੁਪਰ 300 ਟੂਰਨਾਮੈਂਟ ਜਿੱਤੇ ਹਨ। ਦੱਸ ਦੇਈਏ ਕਿ ਪੀ.ਵੀ. ਸਿੰਧੂ ਦੋ ਵਾਰ ਉਲੰਪਿਕ ਖੇਡਾਂ 'ਚ ਤਮਗ਼ੇ ਜਿੱਤਣ ਵਾਲੀ ਪਹਿਲੀ ਭਾਰਤੀ ਖਿਡਾਰਨ ਹੈ। ਸਾਲ 2016 'ਚ ਉਸ ਨੇ ਚਾਂਦੀ ਦਾ ਤਗ਼ਮਾ ਜਿੱਤਿਆ ਸੀ, ਜਿਸ ਤੋਂ ਅਗਲੇ ਚਾਰ ਸਾਲਾਂ ਬਾਅਦ ਭਾਵ 2020 'ਚ ਕਾਂਸੀ ਦਾ ਤਮਗ਼ਾ ਆਪਣੇ ਨਾਂ ਕੀਤਾ। ਇਸ ਤੋਂ ਇਲਾਵਾ ਉਸ ਨੇ ਵਿਸ਼ਵ ਚੈਂਪੀਅਨਸ਼ਿਪ 'ਚ ਪੰਜ ਤਮਗ਼ੇ ਜਿੱਤੇ ਹਨ, ਜਿਨਾਂ 'ਚ ਇਕ ਸੋਨ ਤਮਗ਼ਾ, ਦੋ ਚਾਂਦੀ ਅਤੇ ਦੋ ਕਾਂਸੀ ਤਮਗ਼ੇ ਸ਼ਾਮਿਲ ਹਨ। ਇਸ ਤੋਂ ਇਲਾਵਾ ਉਸ ਨੇ ਏਸ਼ੀਆਈ ਖੇਡਾਂ 'ਚ ਸਾਲ 2018 'ਚ ਚਾਂਦੀ ਤਮਗ਼ਾ ਅਤੇ 2014 'ਚ ਮਹਿਲਾ ਟੀਮ 'ਚ ਕਾਂਸੀ ਤਮਗ਼ਾ ਜਿੱਤਿਆ ਸੀ। ਸਾਲ 2014 'ਚ ਏਸ਼ੀਆਈ ਚੈਂਪੀਅਨਸ਼ਿਪ ਵਿਚ ਸਿੰਗਲਜ਼ 'ਚ ਵੀ ਉਸ ਨੇ ਕਾਂਸੀ ਤਮਗ਼ਾ ਜਿੱਤਿਆ। ਇਸ ਤੋਂ ਇਲਾਵਾ ਸਿੰਧੂ ਇੰਡੀਆ ਓਪਨ ਸੁਪਰ ਸੀਰੀਜ਼ ਦਾ ਖ਼ਿਤਾਬ ਦੋ ਵਾਰ, ਚੀਨ ਸੁਪਰ ਸੀਰੀਜ਼ ਪ੍ਰੀਮੀਅਰ ਅਤੇ ਕੋਰੀਆ ਓਪਨ ਸੁਪਰ ਸੀਰੀਜ਼ ਖ਼ਿਤਾਬ ਵੀ ਆਪਣੇ ਨਾਂ ਕਰ ਚੁੱਕੀ ਹੈ।

**ਹਰਜਿੰਦਰ ਸਿੰਘ**

# ਕਾਵਿ ਸੰਸਾਰ

## ਸੁਰਜੀਤ ਪਾਤਰ

### 1. ਧੁੱਪ ਸੂਰਜ ਦੀ ਦਿਖਾਵੇ ਹੋਰ ਰਾਹ

ਧੁੱਪ ਸੂਰਜ ਦੀ ਦਿਖਾਵੇ ਹੋਰ ਰਾਹ
ਚਾਨਣੀ ਵਿਚ ਹੋਰ ਰਸਤੇ ਚਮਕਦੇ
ਹੋਰ ਮੰਜ਼ਿਲ ਦੱਸਦਾ ਘਰ ਦਾ ਚਿਰਾਗ
ਸਿਵਿਆਂ ਲੋਏ ਹੋਰ ਪਗ-ਚਿੰਨ ਸੁਲਗਦੇ
ਇਹ ਸਿਵਾ, ਇਹ ਚੰਨ, ਸੂਰਜ, ਇਹ ਚਿਰਾਗ
ਵੱਖੋ ਵੱਖਰੇ ਰਸਤਿਆਂ ਵੱਲ ਖਿੱਚਦੇ
ਮੈਂ ਚੁਰਾਹੇ 'ਤੇ ਖੜ੍ਹਾ ਹਾਂ ਸੋਚਦਾ
ਕਿੰਨੇ ਟੋਟੇ ਕਰ ਦਿਆਂ ਇਕ ਹੋਂਦ ਦੇ
ਐ ਮਨਾ ਤੂੰ ਬੇਸੁਰਾ ਏਂ ਸਾਜ਼ ਕਿਉਂ
ਏਨੀ ਗੰਧਲੀ ਹੈ ਤੇਰੀ ਆਵਾਜ਼ ਕਿਉਂ
ਸੁਰ ਨਹੀਂ ਹੁੰਦਾ ਤੂੰ ਕਿਉਂ ਕੀ ਗੱਲ ਹੈ
ਇਲਮ ਦੇ ਮਸਲੇ ਨੇ ਜਾਂ ਇਖਲਾਕ ਦੇ।
ਮਨ ਹੈ ਇਕ ਪੁਸਤਕ ਜਿਵੇਂ ਲਿਖ ਹੋ ਰਹੀ
ਜਿਸ ਦਾ ਕੋਈ ਆਦ ਹੈ ਨਾ ਅੰਤ ਹੈ
ਇਕ ਇਬਾਰਤ ਹੈ ਜੋ ਅੰਦਰ ਤੜਪਦੀ
ਵਾਕ ਨੇ ਇਕ ਦੂਸਰੇ ਨੂੰ ਕੱਟਦੇ,

### 2. ਸੁਨੇਹੜੇ-ਅੰਮ੍ਰਿਤਾ ਪ੍ਰੀਤਮ ਨੂਰ

ਡੰਗਾਂ ਦਾ ਸੀ ਭਰਿਆ ਛੱਤਾ
ਇਕ ਦਿਹਾੜੇ ਕੱਤਕ ਆਇਆ
ਆਣ ਮਾਖਿਓਂ ਚੋਇਆ।
ਚੰਨੋਂ ਚਿੱਟੇ ਅੰਗ ਜ਼ਿਮੀ ਦੇ
ਸਭਣਾਂ, ਕਿਰਣਾਂ ਸੂਰਜ ਵਿਚੋਂ
ਰੰਗ ਕਿਰਮਚੀ ਢੋਇਆ।
ਸਭਣਾਂ ਰੋਗਾਂ ਕਾਮਣ ਪਾਇਆ
ਪੈਰਾਂ ਦੇ ਵਿਚ ਝੁੰਮਰ ਬੱਧਾ
ਵਣ ਤ੍ਰਿਣ ਆ ਕੇ ਮੋਹਿਆ।
ਵੇਲ ਰੁੱਖ ਦੇ ਗਲ ਨੂੰ ਲੱਗੀ
ਫੁੱਲਾਂ ਵਿਚੋਂ ਉੱਠ ਸੁਗੰਧੀ
ਹੱਥ ਪੌਣ ਦਾ ਛੋਹਿਆ।
ਦੋਵੇਂ ਲੋਕ ਮੇਰੇ ਰੁਸ਼ਨਾਏ
ਦੋ ਅੱਖਾਂ ਨੂੰ ਲੱਭਾ ਆ ਕੇ
ਨੂਰ ਗੁਆਚਾ ਹੋਇਆ।
ਵੇ ਪਰਦੇਸੀਆ
ਪੂਰਬ ਨੇ ਕੁਝ ਲੱਭਿਆ
ਕਿਹੜੇ ਅੰਬਰ ਫੋਲ।
ਜਿਉਂ ਹੱਥ ਕਟੋਰਾ ਦੁੱਧ ਦਾ
ਵਿਚ ਕੇਸਰ ਦਿੱਤਾ ਘੋਲ।
ਚਾਨਣ ਲਿੱਪੀ ਰਾਤ ਨੇ
ਸੱਤ ਸਗੰਧਾਂ ਡੋਹਲ
ਅੰਬਰ ਫ਼ਸਲਾਂ ਪੱਕੀਆਂ
ਤਾਰਿਆਂ ਲਾ ਲਏ ਬੋਹਲ
ਆਸਾਂ ਕੱਤਣ ਬੈਠੀਆਂ
ਤੰਦ ਸੁਬਕ ਤੇ ਸੋਹਲ
ਭਰ ਭਰ ਲੱਛੇ ਪੈਣ ਵੇ
ਰੇਸ਼ਮੀ ਅੱਟੀ ਝੋਲ
ਅਰਪੀ ਕਿਸ ਨੇ ਜਿੰਦੜੀ
ਚਾਰੇ ਕੰਨੀਆਂ ਖੋਹਲ
ਬੱਦਲਾਂ ਭਰ ਲਈ ਅੱਖ ਵੇ
ਪੌਣਾਂ ਭਰ ਲਈ ਝੋਲ
ਪੰਛੀ ਤੋਲੇ ਪਰਾਂ ਨੂੰ
ਟਾਹਣਾ ਗਾਈਆਂ ਡੋਲ
ਲੈ ਦੇ ਖੰਭ ਵਿਕੰਦੜੇ
ਜਾਂ ਰਹਿ ਪਉ ਸਾਡੇ ਕੋਲ
ਵੇ ਪਰਦੇਸੀਆ।

### 3. ਸੋਹਣੀ ਮਹੀਂਵਾਲ

1. ਮੰਗਲਾਚਰਨ
ਰੱਬ ਦੀ ਸਿਫ਼ਤ (ਦਰ ਬਿਆਨ ਹਮਦ)
ਅੱਵਲ ਹਮਦ ਸਨਾਇ ਖ਼ੁਦਾਇ ਤਾਈਂ,
ਜਿਸ ਇਸ਼ਕ ਥੀਂ ਕੁਲ ਜਹਾਨ ਕੀਤਾ।
ਨਬੀ ਪਾਕ ਰਸੂਲ ਮਾਸ਼ੂਕ ਕਰਕੇ,
ਮਖ਼ਲੂਕ ਕੋਲੋਂ ਆਲੀਸ਼ਾਨ ਕੀਤਾ।
ਲੋਹ ਕਲਮ ਚੌਦਾਂ ਤਬਕ ਅਰਸ਼ ਕੁਰਸੀ,
ਸਭ ਇਸ਼ਕ ਸੇਤੀ ਨਿਗਾਬਾਨ ਕੀਤਾ।
ਹੋਇਆ ਫ਼ਜ਼ਲ ਖ਼ੁਦਾਇ ਦਾ ਆਸ਼ਕਾਂ ਤੇ,
ਜਦੋਂ ਇਸ਼ਕ ਨੇ ਆਣ ਮਕਾਨ ਕੀਤਾ।
2. ਰਸੂਲ ਦੀ ਸਿਫ਼ਤ (ਨਅਤ)
ਦੂਜੀ ਨਅਤ ਆਖਾਂ ਨਬੀ ਪਾਕ ਤਾਈਂ,
ਜੈਂਦੇ ਸ਼ਾਨ ਕੁਰਾਨ ਨਜ਼ੂਲ ਹੋਇਆ।
ਅਹਦ ਨਾਲ ਹੋਇਆ ਇਕ ਜ਼ਾਤ ਅਹਿਮਦ,
ਜਿਸ ਰਾਤ ਵਸਾਲ ਵਸੂਲ ਹੋਇਆ।
ਨਬੀ ਐ ਅਦਨੇ ਕੋਲੋਂ ਹੈ ਅਕਬਰ,
ਵਿਚ ਖ਼ਾਸ ਜਨਾਬ ਕਬੂਲ ਹੋਇਆ।
ਫ਼ਜ਼ਲ ਸ਼ਾਹ ਪਰਵਾਹ ਕੀ ਉੱਮਤਾਂ ਨੂੰ,
ਜਿਨਾਂ ਪੁਸ਼ਤ ਪਨਾਹ ਰਸੂਲ ਹੋਇਆ।
3. ਰਸੂਲ ਦੇ ਚਾਰ ਯਾਰਾਂ ਦੀ ਸਿਫ਼ਤ
ਪਹਿਲਾ ਯਾਰ ਸਦੀਕ ਰਸੂਲ ਸੰਦਾ,
ਜਿਸ ਸਿਦਕ ਯਕੀਨ ਕਮਾਲ ਕੀਤਾ।
ਦੂਜਾ ਉਮਰ ਪਛਾਣ ਈਮਾਨ ਸੇਤੀ,
ਸੱਚਾ ਕੌਲ ਜਿਸਨੇ ਅਦਲ ਨਾਲ ਕੀਤਾ।
ਤੀਜਾ ਇਬਨਿ ਅੱਫ਼ਾਨ ਅਸਮਾਨ ਮੰਨੀਂ,
ਸਾਰੀ ਉਮਰ ਨਾ ਗ਼ੈਰ ਖ਼ਿਆਲ ਕੀਤਾ।
ਫ਼ਜ਼ਲ ਯਾਰ ਚੌਥਾ ਅਲੀ ਸ਼ਾਹ ਮਰਦਾਂ,
ਯਜ਼ਦਾ ਆਪ ਆਹਾ ਲਾਲੋਂ ਲਾਲ ਕੀਤਾ।

ਫ਼ਜ਼ਲ ਸ਼ਾਹ

### 4. ਗੁਲਾਮ ਫ਼ਰੀਦ 'ਸ਼ੌਕਤ'

ਕਿਹੜੇ ਵੈਰੀ ਗਲੀਆਂ ਵਿਚ ਖਿਲਾਰੇ ਪੱਥਰ,
ਕਿਹੜੇ ਵੈਰੀ ਗਲੀਆਂ ਵਿਚ ਖਿਲਾਰੇ ਪੱਥਰ।
ਰੋਜ਼ ਹਟਾਵਾਂ ਤੇਰੀ ਰਾਹ ਤੋਂ ਭਾਰੇ ਪੱਥਰ।
ਕਲ ਤੱਕ ਤੇਰੇ ਹੋਠਾਂ 'ਚੋਂ ਫੁੱਲ ਕਿਰਦੇ ਡਿੱਠੇ,
ਹੁਣ ਕਿਉਂ ਲੱਗਣ ਤੇਰੇ ਬੋਲ-ਬੁਲਾਰੇ ਪੱਥਰ।
ਕਰਮਾਂ ਵਾਲਾ ਦਿਨ ਉਹ ਹੋਵੇ ਤੂੰ ਜੇ ਆਵੇਂ,
ਰਾਹਵਾਂ ਤੱਕਦੇ ਹੋ ਗਏ ਨੈਣ ਵਿਚਾਰੇ ਪੱਥਰ।
ਅੱਧੀ ਰਾਤੀਂ ਚੰਨ ਜਦ ਚੜ੍ਹਿਆ ਤੂੰ ਟੁਰ ਚੱਲਿਆ,
ਮੈਨੂੰ ਲੱਗਿਆ ਚੰਨ ਵੀ ਪੱਥਰ ਤਾਰੇ ਪੱਥਰ।
ਪੱਥਰਾਂ ਕੋਲੋਂ ਡਰਦਾ ਪਹੁੰਚਾ ਚੰਨ ਦੇ ਉੱਤੇ,
ਉੱਥੇ ਵੀ ਜਾ ਦੇਖੇ ਕਿਸੇ ਖਿਲਾਰੇ ਪੱਥਰ।
ਔਗੁਣਹਾਰ ਸਮਝ ਕੇ ਸਾਨੂੰ ਮਾਰਨ ਪਾਰੋਂ,
ਲੋਕਾਂ ਜੋੜ ਕੇ ਰੱਖੇ ਪਿੰਡ ਵਿਚਕਾਰੇ ਪੱਥਰ।
ਦਿਲ ਦੇ ਸ਼ੀਸ਼ੇ ਵਿਚ ਤਰੇੜ ਪਈ ਉਸ ਵੇਲੇ,
ਤੇਰੇ ਮੱਥੇ ਦੇ ਵੱਟ ਜਦੋਂ ਉਲਾਰੇ ਪੱਥਰ।
ਤੂੰ ਕੀ ਜਾਣੇ ਕਿਵੇਂ ਹਿਆਤੀ ਅਸਾਂ ਗੁਜ਼ਾਰੀ,
ਫੁੱਲਾਂ ਵਿਚ ਲੁਕਾ ਕੇ ਲੋਕਾਂ ਮਾਰੇ ਪੱਥਰ।
ਔਖੇ ਵੇਲੇ ਪਿਆਰ ਕੁਠਾਲੀ ਪਾ ਅਜ਼ਮਾਇਆ,
ਖ਼ੁਦਗਰਜ਼ੀ ਦੇ ਚੁਣ ਚੁਣ ਆਪ ਨਿਤਾਰੇ ਪੱਥਰ।
ਬਖ਼ਤ ਸਵੱਲਾ ਅਣਹੋਣੀ ਨੂੰ ਹੋਣੀ ਕਰਦਾ,
ਕੱਖ ਡੁਬ ਜਾਵਣ ਪਾਣੀ ਉੱਤੇ ਤਾਰੇ ਪੱਥਰ।
ਹਿੱਕੋ ਘਰ ਦੇ ਵਸਨੀਕਾਂ ਵਿਚ ਵਿੱਥਾਂ ਪਈਆਂ,
ਹਿਰਸ ਦਿਲਾਂ ਦੀਆਂ ਕੰਧਾਂ ਵਿਚ ਉਸਾਰੇ ਪੱਥਰ।
ਨੀਲਮ ਤੇ ਯਾਕੂਤ ਅਕੀਕ ਜ਼ਮੁੱਰਦ ਵਰਗੇ,
ਗਹਿਣਿਆਂ ਵਿਚ ਜੜਾਵਣ ਰਾਜ ਦੁਲਾਰੇ ਪੱਥਰ।
ਜਲਵੇ ਰੱਬ ਦੇ ਤੂਰ ਦੀ ਕਿੱਡੀ ਸ਼ਾਨ ਵਧਾਈ,
ਕੱਜਲ ਸੁਰਮਾ ਬਣ ਕੇ ਰੂਪ ਨਿਖਾਰੇ ਪੱਥਰ।
ਰੱਬ ਫ਼ਰਮਾਵੇ ਬੰਦਿਆ ਡਰ ਉਸ ਅੱਗ ਦੇ ਕੋਲੋਂ,
ਬਦਕਾਰਾਂ ਨੂੰ ਸਾੜੇ ਹੋਣ ਅੰਗਾਰੇ ਪੱਥਰ।
ਮੱਕੇ ਜਾ ਕੇ ਵੀ ਤੇਰਾ ਸ਼ੈਤਾਨ ਨਾ ਮਰਿਆ,
ਐਵੇਂ ਗਿਣ ਗਿਣ ਸ਼ੈਤਾਨਾਂ ਨੂੰ ਮਾਰੇ ਪੱਥਰ।
ਮੇਰੇ ਮਨ ਦੇ ਬੁਤਖ਼ਾਨੇ ਵੀ ਫ਼ੇਰਾ ਪਾਵੇ,
ਜੀਹਨੇ ਕਾਅਬਿਉਂ ਕੱਢ ਕੇ ਭੰਨੇ ਸਾਰੇ ਪੱਥਰ।
ਸਾਡੇ ਸੋਹਣੇ ਆਕਾ ਪੇਟ ਤੇ ਪੱਥਰ ਬੰਨੇ,
ਏਸੇ ਪਾਰੋਂ ਲਗਦੇ ਢੇਰ ਪਿਆਰੇ ਪੱਥਰ।
ਦੁਖਿਆਰਾਂ ਨੂੰ ਕੌਣ ਤਸੱਲੀ ਦੇਵੇ 'ਸ਼ੌਕਤ',
ਤੇਰੇ ਵਰਗਿਆਂ ਦੇ ਦਿਲ ਹੋਏ ਸਾਰੇ ਪੱਥਰ।

### ਨਵਾਂ ਘੱਲੂਘਾਰਾ

ਸੁਣ ਰਾਹੀਆ ਕਰਮਾਂ ਵਾਲਿਆ,
ਮੈਂ ਬੇਕਰਮੀ ਦੀ ਬਾਤ।
ਮੇਰਾ ਚੜ੍ਹਦਾ ਸੂਰਜ ਡੁਬਿਆ,
ਮੇਰੇ ਦਿਨ ਨੂੰ ਖਾ ਗਈ ਰਾਤ।
ਮੇਰੀ ਸਾਵੀ ਕੁੱਖ ਜਨਮਾ ਚੁੱਕੀ,
ਜਿਹੜੀ ਗੁਰੂ ਸਿਆਣੇ ਵੀਰ।
ਅੱਜ ਤਪਦੀ ਭੱਠੀ ਬਣ ਗਈ,
ਤੇ ਉਹਦੀ ਵੇਖ ਅਸੀਰ।
ਅੱਜ ਤਪਦੀ ਭੱਠੀ ਬਣ ਗਈ,
ਮੇਰੀ ਸਾਵੀ ਕੁੱਖ ਅਖ਼ੀਰ।
ਵਿਚ ਫੁਲਿਆਂ ਵਾਂਗੂੰ ਖਿੜ ਪਏ,
ਮੇਰੇ ਸ਼ੇਰ ਜਵਾਨ ਤੇ ਪੀਰ।
ਅੱਜ ਤਪਦੀ ਭੱਠੀ ਬਣ ਗਈ,
ਮੇਰੀ ਮਹਿਕਾਂ ਵੰਡਦੀ ਕੁੱਖ।
ਅੱਜ ਮੇਰੇ ਥਣਾਂ 'ਚੋਂ ਚੁੰਘਦੇ,
ਮੇਰੇ ਬਚੇ ਲਹੂ ਤੇ ਦੁੱਖ।
ਅੱਜ ਤਪਦੀ ਭੱਠੀ ਬਣ ਗਈ,
ਮੇਰੀ ਸੱਤ ਸਮੁੰਦਰ ਅੱਖ।
ਅੱਜ ਝੱਲੀ ਜਾਏ ਨਾ ਜੱਗ ਤੋਂ,
ਮੇਰੀ ਸ਼ਹੀਦਾਂ ਵਾਲੀ ਦੱਖ।
ਅੱਜ ਤਪਦੀ ਭੱਠੀ ਬਣ ਗਈ,
ਮੇਰੀ ਚੂੜੇ ਵਾਲੀ ਬਾਂਹ।
ਅੱਜ ਵਿੱਚ ਸ਼ਹੀਦੀ ਝੰਡਿਆਂ,
ਹੈ ਮੇਰਾ ਝੰਡਾ 'ਤਾਂਹ।
ਅੱਜ ਤਪਦੀ ਭੱਠੀ ਬਣ ਗਿਆ.
ਮੇਰਾ ਸਗਲੇ ਵਾਲਾ ਪੈਰ।
ਅੱਜ ਵੈਰੀਆਂ ਕੱਢ ਵਿਖਾਲਿਆ,
ਹੈ ਪੰਜ ਸਦੀਆਂ ਦਾ ਵੈਰ।
ਅੱਜ ਤਪਦੀ ਭੱਠੀ ਬਣ ਗਈ,
ਮੇਰੀ ਦੁੱਧਾਂ ਵੰਡਦੀ ਛਾਤ।
ਮੈਂ ਆਪਣੀ ਰੱਤ ਵਿੱਚ ਡੁੱਬ ਗਈ.
ਪਰ ਬਾਹਰ ਨਾ ਮਾਰੀ ਝਾਤ।
ਅੱਜ ਤਪਦੀ ਭੱਠੀ ਬਣ ਗਿਆ,
ਮੇਰਾ ਮੱਖਣ ਜਿਹਾ ਸਰੀਰ।
ਮੈਂ ਕੁੱਖ ਸੜੀ ਵਿੱਚ ਸੜ ਮਰੇ,
ਮੇਰਾ ਰਾਂਝਾ ਮੇਰੀ ਹੀਰ।
ਅੱਜ ਤਪਦੀ ਭੱਠੀ ਬਣ ਗਿਆ,
ਮੇਰਾ ਡਲਕਾਂ ਮਾਰਦਾ ਰੰਗ।
ਮੈਂ ਮਰ ਜਾਣੀ ਵਿੱਚ ਸੜ ਗਿਆ,
ਅੱਜ ਮੇਰਾ ਇੱਕ ਇੱਕ ਅੰਗ।
ਅੱਜ ਤਪਦੀ ਭੱਠੀ ਬਣ ਗਈ,
ਮੇਰੇ ਵਿਹੜੇ ਦੀ ਹਰ ਇੱਟ।
ਜਿਥੇ ਦੁਨੀਆਂ ਮੱਥਾ ਟੇਕਦੀ,
ਓਹ ਬੂਟਾਂ ਛੱਡੀ ਭਿੱਟ।
ਮੇਰੇ ਬੁਰਜ ਮੁਨਾਰੇ ਢਾਹ ਦਿੱਤੇ,
ਢਾਹ ਦਿੱਤਾ ਤਖਤ ਅਕਾਲ।
ਮੇਰਾ ਸੋਨੇ ਰੰਗ ਰੰਗ ਅੱਜ,
ਮੇਰੇ ਲਹੂ ਨਾਂ ਲਾਲੋ ਲਾਲ।
ਮੇਰੀਆਂ ਖੁੱਥੀਆਂ ਟੈਂਕਾਂ ਮੀਢੀਆਂ,
ਮੇਰੀ ਲੂਹੀ ਬੰਬਾਂ ਗੁੱਤ।
ਮੇਰੇ ਕੁੱਛੜ ਅੰਨੀਆਂ ਗੋਲੀਆਂ,
ਭੁੰਨ ਸੁੱਟੇ ਮੇਰੇ ਪੁੱਤ।
ਮੇਰਾ ਚੂੜਾ ਰਾਤ ਸੁਹਾਗ ਦਾ,
ਹੋਇਆ ਏਦਾਂ ਲੀਰੋ ਲੀਰ।
ਜਿੱਦਾਂ ਕਿਰਚੀ ਕਿਰਚੀ ਹੋ ਗਈ,
ਮੇਰੀ ਸ਼ੀਸ਼ੇ ਦੀ ਤਸਵੀਰ।
ਮੇਰਾ ਸ਼ੇਰ ਬਹਾਦਰ ਸੂਰਮਾ,
ਜਰਨੈਲਾਂ ਦਾ ਜਰਨੈਲ।
ਉਸ ਮੌਤ ਵਿਆਹੀ ਹੱਸ ਕੇ,
ਓਹਦੇ ਦਿਲ 'ਤੇ ਰਤਾ ਨਾ ਮੈਲ।
ਪਰ ਕੋਈ ਨਾ ਉਹਨੂੰ ਬਹੁੜਿਆ,
ਉਹਨੂੰ ਵੈਰੀਆਂ ਮਾਰਿਆ ਘੇਰ।
ਉੱਝ ਡੱਕੇ ਰਹਿ ਗਏ ਘਰਾਂ 'ਚ,
ਮੇਰੇ ਲੱਖਾਂ ਪੁੱਤਰ ਸ਼ੇਰ।
ਸੁਣ ਰਾਹੀਆ ਕਰਮਾਂ ਵਾਲਿਆ।
ਮੈਂ ਬੇਕਰਮੀ ਦੀ ਬਾਤ।
ਮੇਰਾ ਚੜ੍ਹਦਾ ਸੂਰਜ ਡੁਬਿਆ,
ਮੇਰੇ ਦਿਨ ਨੂੰ ਖਾ ਗਈ ਰਾਤ।
ਮੇਰੇ ਲੂੰ ਲੂੰ 'ਚੋਂ ਪਈ ਵਗਦੀ,
ਭਾਵੇਂ ਲਹੂ ਦੀ ਇਕ ਇਕ ਨਹਿਰ।
ਮੈਂ ਅਜੇ ਜਿਉਂਦੀ ਜਾਗਦੀ,
ਮੈਂ ਝੱਲ ਗਈ ਸਾਰਾ ਕਹਿਰ।
ਮੈਂ ਮਰ ਨਹੀਂ ਸਕਦੀ ਕਦੇ ਵੀ,
ਭਾਵੇਂ ਵੱਢਣ ਅੱਠੇ ਪਹਿਰ।
ਭਾਵੇਂ ਦੇਣ ਤਸੀਹੇ ਰੱਜ ਕੇ,
ਭਾਵੇਂ ਰੱਜ ਪਿਆਲਣ ਜ਼ਹਿਰ।
ਮੇਰੇ ਪੁੱਤਰ ਸਾਗਰ ਜ਼ੋਰ ਦਾ,
ਹਰ ਹਰ ਬਾਂਹ ਇਕ ਇਕ ਲਹਿਰ।
ਮੇਰੇ ਪੁੱਤਰ ਪਿੰਡੋ ਪਿੰਡ ਨੇ,
ਮੇਰੇ ਪੁੱਤਰ ਸ਼ਹਿਰੋ ਸ਼ਹਿਰ।
ਮੇਰੀ ਉਮਰ ਕਿਤਾਬ ਦਾ ਵੇਖ ਲੈ,
ਤੂੰ ਹਰ ਹਰ ਵਰਕਾ ਪੜ੍ਹ।
ਜਦੋਂ ਭਾਰੀ ਬਣੀ ਹੈ ਮਾਂ 'ਤੇ,
ਮੇਰੇ ਪੁੱਤਰ ਆਏ ਚੜ੍ਹ ।
ਪੜ੍ਹ, ਕਿੰਨੀ ਵਾਰੀ ਮਾਂ ਤੋਂ,
ਉਨਾਂ ਵਾਰੀ ਆਪਣੀ ਜਾਨ ।
ਪੜ੍ਹ, ਕਿਸ ਦਿਨ ਆਪਣੀ ਮਾਂ ਦਾ,
ਉਨਾਂ ਨਹੀਂ ਸੀ ਰੱਖਿਆ ਮਾਣ।
ਸੁਣ ਰਾਹੀਆ ਰਾਹੇ ਜਾਂਦਿਆਂ,
ਤੂੰ ਲਿਖ ਰੱਖੀਂ ਇਹ ਬਾਤ।
ਮੇਰਾ ਡੁੱਬਿਆ ਸੂਰਜ ਚੜ੍ਹੇਗਾ,
ਓੜਕ ਮੁੱਕੇਗੀ ਇਹ ਰਾਤ।

ਅ.ਫ਼ਜ਼ਲ ਅਹਿਸਨ ਰੰਧਾਵਾ

### ਤੇਥੋਂ ਵੱਖ

ਜੇ ਮੈਂ ਤੈਥੋਂ ਵੱਖ ਹੋਇਆ ਹਾਂ,
ਇਹ ਨਾ ਸਮਝੀ ਕੱਖ ਹੋਇਆ ਹਾਂ,
ਸੋਚੀਂ ਨਾ ਕਿ ਇਕੱਲਾ ਰਹਿ ਗਿਆ,
ਇਕੱਲਾ ਨਹੀਂ ਸਵਾ ਲੱਖ ਹੋਇਆ ਹਾਂ,
ਬੋਝ ਨਹੀਂ ਕੋਈ ਮੇਰੇ ਸਿਰ 'ਤੇ,
ਬਲਕਿ ਮੈਂ ਨਿਰਪੱਖ ਹੋਇਆ ਹਾਂ,
ਹੋਰ ਭਾਵੇਂ ਕੁਝ ਕਰਿਆ ਨਹੀਂ ਮੈਂ,
ਪਰ ਆਤਮ ਨਿਰਭਰ ਬੇਸ਼ੱਕ ਹੋਇਆ ਹਾਂ,
ਪਿਛੋਂ ਨਾ ਕੋਸੀਂ, ਮੂੰਹ ਤੇ ਬੋਲ ਲੈ,
ਹੁਣ ਤਾਂ ਮੈਂ ਪ੍ਰਤੱਖ ਹੋਇਆ ਹਾਂ,

ਸੁਰਜੀਤ ਸਿੰਘ ਅਸ਼ਕ



# ਪੂੰਜੀਵਾਦੀ ਪ੍ਰਬੰਧ ਵਿੱਚ ਕੂੜੇ ਦੀ ਪੈਦਾਵਾਰ



ਸੁਖਵੰਤ ਹੁੰਦਲ

ਇਹਨਾਂ ਦੋਵਾਂ ਪੱਧਰਾਂ 'ਤੇ ਕੰਮ ਕਰਦੀ ਫੈਸ਼ਨ ਸਨਅਤ ਹਰ ਸਾਲ ਵੱਡੀ ਮਾਤਰਾ ਵਿੱਚ ਚੰਗੀਆਂ ਭਲੀਆਂ ਪਰ ਅਣਵਿਕੀਆਂ ਵਸਤਾਂ ਨੂੰ ਨਸ਼ਟ ਕਰਦੀ ਹੈ। ਇਸ ਬਾਰੇ ਕੁੱਝ ਅੰਕੜੇ ਇਸ ਪ੍ਰਕਾਰ ਹਨ:

–27 ਅਕਤੂਬਰ 2021 ਨੂੰ ਅਰਥ ਔਰਗ 'ਤੇ ਛਪੇ ਅੰਕੜਿਆਂ ਅਨੁਸਾਰ ਹਰ ਸਾਲ ਦੁਨੀਆ ਭਰ ਵਿੱਚ ਕੱਪੜਿਆਂ ਨਾਲ ਸੰਬੰਧਿਤ 9 ਕਰੋੜ 20 ਲੱਖ (92 ਮਿਲੀਅਨ) ਟਨ ਕੂੜਾ ਪੈਦਾ ਹੁੰਦਾ ਹੈ। ਇਸ ਦਾ ਮਤਲਬ ਹੈ ਕਿ ਹਰ ਇਕ ਸਕਿੰਟ ਵਿੱਚ ਇਕ ਟਰੱਕ ਦੇ ਭਾਰ ਦੇ ਬਰਾਬਰ ਦਾ ਕੱਪੜਿਆਂ ਦਾ ਕੂੜਾ ਜਾਂ ਸਾੜਿਆ ਜਾਂਦਾ ਹੈ ਜਾਂ ਕੂੜੇ ਦੇ ਢੇਰ 'ਤੇ ਸੁੱਟ ਦਿੱਤਾ ਜਾਂਦਾ ਹੈ।

–15 ਨਵੰਬਰ 2021 ਨੂੰ ਈਕੋਵਾਚ ਦੇ ਸਾਈਟ 'ਤੇ ਛਪੇ ਚਿੱਲੀਜ਼ ਆਟਾਕਾਮਾ ਡੈਜ਼ਰਟ: ਵਿਅਰ ਫਾਸਟ ਫੈਸ਼ਨ ਗੋਅਜ਼ ਟੂ ਡਾਈ ਨਾਮੀ ਲੇਖ ਵਿੱਚ ਅਲਜਜ਼ੀਰਾ ਦੀ ਇਕ ਰਿਪੋਰਟ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਹਰ ਸਾਲ ਅਮਰੀਕਾ, ਯੂਰਪ ਅਤੇ ਦੁਨੀਆ ਦੇ ਦੂਜੇ ਹਿੱਸਿਆਂ ਵਿੱਚੋਂ ਨਾ ਵਿਕ ਸਕਣ ਵਾਲੇ ਕੱਪਿੜਿਆਂ ਦੇ 59000 ਟਨ ਚਿੱਲੀ ਦੇ ਉੱਤਰੀ ਇਲਾਕੇ ਵਿਚਲੀ ਅਲਟੋ ਹੌਸਪੀਸੀਓ ਫ੍ਰੀ ਜ਼ੋਨ ਵਿੱਚ ਪੈਂਦੀ ਅਕਵੀਂਵਾਹ ਬੰਦਰਗਾਹ 'ਤੇ ਪਹੁੰਚਦੇ ਹਨ। ਇੱਥੇ ਇਹ ਕੱਪੜੇ ਲਾਤੀਨੀ ਅਮਰੀਕਾ ਵਿੱਚ ਦੁਬਾਰਾ ਵੇਚੇ ਜਾਣ ਲਈ ਆਉਂਦੇ ਹਨ ਪਰ ਇਨਾਂ ਵਿੱਚੋਂ ਸਿਰਫ 20,000 ਟਨ ਦੇ ਕਰੀਬ ਕੱਪੜੇ ਹੀ ਵਿਕਦੇ ਹਨ। ਬਾਕੀ ਬਚਦੇ 39000 ਟਨ ਦੇ ਕਰੀਬ ਕੱਪੜੇ ਚਿੱਲੀ ਦੇ ਆਟਾਕਾਮਾ ਮਾਰੂਥਲ ਵਿੱਚ ਪਿਛਲੇ ਸਾਲਾਂ ਦੌਰਾਨ ਸੁੱਟੇ ਗਏ ਕੱਪੜਿਆਂ ਦੇ ਢੇਰਾਂ ਉੱਤੇ ਸੁੱਟ ਦਿੱਤੇ ਜਾਂਦੇ ਹਨ।

– 23 ਸਤੰਬਰ 2021 ਨੂੰ ਈਕੋਵਾਚ ਦੇ ਸਾਈਟ 'ਤੇ ਫਾਸਟ ਫੈਸ਼ਨ 101: ਐਵਰੀਥਿੰਗ ਯੂ ਨੀਡ ਟੂ ਨੋਅ ਨਾਮੀ ਲੇਖ ਅਨੁਸਾਰ ਹਰ ਸਾਲ ਇਕ ਅਮਰੀਕਨ 70 ਪੌਂਡ ਕੱਪੜੇ ਕੂੜੇ ਵਿੱਚ ਸੁੱਟਦਾ ਹੈ। ਕੁੱਲ ਮਿਲਾ ਕੇ ਅਮਰੀਕਾ ਵਿੱਚ ਕੱਪੜਿਆਂ ਦੇ ਇਸ ਕੂੜੇ ਦੀ ਸਾਲਾਨਾ ਮਾਤਰਾ 1 ਕਰੋੜ 70 ਲੱਖ (17 ਮਿਲੀਅਨ) ਟਨ ਦੇ ਬਰਾਬਰ ਬਣਦੀ ਹੈ। ਇਸ ਵਿੱਚੋਂ ਸਿਰਫ 25 ਲੱਖ ਟਨ ਕੱਪੜੇ ਹੀ ਰੀਸਾਈਕਲ ਕੀਤੇ ਜਾਂਦੇ ਹਨ।

–19 ਜੁਲਾਈ 2018 ਨੂੰ ਬੀ ਬੀ ਸੀ ਦੇ ਵੈੱਬਸਾਈਟ 'ਤੇ ਛਪੀ ਬਰਬੈਰੀ ਬਰਨਜ਼ ਬੈਗਜ਼, ਕਲੋਥਸ ਐਂਡ ਪਰਫਿਊਮ ਵਰਥ ਮਿਲੀਅਨਜ਼ ਨਾਮੀ ਇਕ ਰਿਪੋਰਟ ਅਨੁਸਾਰ ਉੱਤਲੀ ਪੱਧਰ ਦੇ ਫੈਸ਼ਨ ਨਾਲ ਸੰਬੰਧਿਤ ਯੂ.ਕੇ. ਦੀ ਕੰਪਨੀ ਬਰਬੈਰੀ ਨੇ ਸੰਨ 2017 ਵਿੱਚ 2 ਕ੍ਰੋੜ 86 ਲੱਖ (28.6 ਮਿਲੀਅਨ) ਪੌਂਡ ਦੀ ਲਾਗਤ ਦੇ ਅਣਵਿਕੇ ਕੱਪੜਿਆਂ, ਐਕਸੈਸਰੀਆਂ (ਪਰਸ, ਬੈਗ, ਜੈਕਟਾਂ, ਜੁੱਤੀਆਂ ਵਰਗੀਆਂ ਚੀਜ਼ਾਂ) ਅਤੇ ਪਰਫਿਊਮਾਂ ਨੂੰ ਨਸ਼ਟ ਕੀਤਾ ਸੀ। ਨਸ਼ਟ ਕੀਤੀਆਂ ਚੀਜ਼ਾਂ ਦੀ ਇਸ ਲਾਗਤ ਨੂੰ ਮਿਲਾ ਕੇ ਬਰਬੈਰੀ ਵੱਲੋਂ ਇਹ ਰਿਪੋਰਟ ਛੱਪਣ ਤੋਂ ਪਹਿਲਾਂ ਦੇ ਪੰਜ ਸਾਲਾਂ ਵਿੱਚ ਨਸ਼ਟ ਕੀਤੀਆਂ ਚੀਜ਼ਾਂ ਦੀ ਕੀਮਤ 9 ਕ੍ਰੋੜ (90 ਮਿਲੀਅਨ) ਦੇ ਬਰਾਬਰ ਪਹੁੰਚ ਜਾਂਦੀ ਹੈ।

– ਮਈ 2018 ਵਿੱਚ ਵੌਕਸ ਦੇ ਸਾਈਟ 'ਤੇ ਛਪੀ ਵਾਈ ਫੈਸਨ ਬਰਾਂਡਜ਼ ਡਿਸਟ੍ਰੋਏ ਬਿਲਿਅਨਜ਼ ਵਰਥ ਆਫ ਦੇਅਰ ਓਨ ਮਰਚੈਨਡਾਈਜ਼ ਐਵਰੀ ਯੀਅਰ ਨਾਮੀ ਰਿਪੋਰਟ ਵਿੱਚ ਗਹਿਣਿਆਂ ਅਤੇ ਘੜੀਆਂ ਦੇ ਕਾਰਟੀਅਰ, ਪੀਆਜੇ, ਬਾਅਮ ਅਤੇ ਮਰਸੀਅਰ ਬ੍ਰਾਂਡਾਂ ਦੀ ਮਾਲਕ ਕੰਪਨੀ ਰਿਚਮੌਂਟ ਨੇ ਮੰਨਿਆ ਸੀ ਕਿ ਉਨਾਂ ਨੇ ਪਿਛਲੇ ਕੁੱਝ ਸਾਲਾਂ ਦੌਰਾਨ 56 ਕ੍ਰੋੜ 30 ਲੱਖ (563 ਮਿਲੀਅਨ) ਡਾਲਰ ਦੀ ਲਾਗਤ ਦੀਆਂ ਅਣਵਿਕੀਆਂ ਘੜੀਆਂ ਨੂੰ ਨਸ਼ਟ ਕੀਤਾ ਸੀ।

ਇੱਥੇ ਅਸੀਂ ਕੁੱਝ ਕੁ ਕੰਪਨੀਆਂ ਵੱਲੋਂ ਕੱਪੜਿਆਂ ਅਤੇ ਹੋਰ ਵਸਤਾਂ ਨੂੰ ਨਸ਼ਟ ਕਰਨ ਦੇ ਅੰਕੜੇ ਦਿੱਤੇ ਹਨ। ਪਰ ਇਹ ਵਰਤਾਰਾ ਸਿਰਫ ਇਨਾਂ ਕੰਪਨੀਆਂ ਤੱਕ ਸੀਮਤ ਨਹੀਂ, ਸਗੋਂ ਸਾਰੀ ਫੈਸ਼ਨ ਸਨਅਤ ਨਾਲ ਸੰਬੰਧਿਤ ਕੰਪਨੀਆਂ ਵਿੱਚ ਪ੍ਰਚਲਤ ਹੈ। ਇੰਟਰਨੈੱਟ 'ਤੇ ਥੋੜਾ ਜਿਹਾ ਸਮਾਂ ਲਾ ਕੇ ਤੁਸੀਂ ਫੈਸ਼ਨ ਸਨਅਤ ਨਾਲ ਸੰਬੰਧਿਤ ਦੂਜੀਆਂ ਕੰਪਨੀਆਂ–ਜਿਵੇਂ ਅਰਬਨ ਆਊਟਫਿਟਰਜ਼, ਵਾਲਮਾਰਟ, ਐਡੀ ਬਾਇਅਰ, ਮਾਈਕਲ ਕੋਰਜ਼, ਵਿਕਟੋਰੀਆਜ਼ ਸੀਕਰੇਟ ਅਤੇ ਜੇ. ਸੀ. ਪੈਨੀ ਵਰਗੀਆਂ ਕੰਪਨੀਆਂ ਵੱਲੋਂ ਫੈਸ਼ਨ ਨਾਲ ਸੰਬੰਧਿਤ ਅਣਵਿਕੀਆਂ ਵਸਤਾਂ ਨੂੰ ਨਸ਼ਟ ਕਰਨ ਦੀਆਂ ਰਿਪੋਰਟਾਂ ਸੌਖਿਆਂ ਹੀ ਲੱਭ ਸਕਦੇ ਹੋ।

'ਫਾਸਟ ਫੈਸ਼ਨ' ਦੀ ਪੱਧਰ 'ਤੇ ਫੈਸ਼ਨ ਸਨਅਤ ਵੱਲੋਂ ਚੰਗੀਆਂ ਭਲੀਆਂ ਚੀਜ਼ਾਂ ਨਸ਼ਟ ਕਰਨ ਦੇ ਮੁੱਖ ਕਾਰਨਾਂ ਵਿੱਚੋਂ ਪਹਿਲਾ ਕਾਰਨ ਹੈ ਚੀਜ਼ਾਂ ਦਾ ਮੰਗ ਤੋਂ ਵੱਧ ਉਤਪਾਦਨ। ਕੁੱਝ ਕੁ ਹਫਤਿਆਂ ਬਾਅਦ ਬਦਲਦੇ ਰਹਿੰਦੇ ਫੈਸ਼ਨ ਕਾਰਨ ਕੰਪਨੀਆਂ ਨਵੀਆਂ ਤੋਂ ਨਵੀਆਂ ਚੀਜ਼ਾਂ ਮਾਰਕੀਟ ਵਿੱਚ ਲਿਆਉਂਦੀਆਂ ਰਹਿੰਦੀਆਂ ਹਨ। ਸਟੋਰਾਂ ਵਿੱਚ ਇਹਨਾਂ ਨਵੀਆਂ ਚੀਜ਼ਾਂ ਲਈ ਥਾਂ ਬਣਾਉਣ ਲਈ ਪੁਰਾਣੇ ਸਟਾਕ ਵਿਚਲੀਆਂ ਚੀਜ਼ਾਂ ਨੂੰ ਨਸ਼ਟ ਕਰਨਾ ਇਨਾਂ ਕੰਪਨੀਆਂ ਦੀ ਮਜ਼ਬੂਰੀ ਬਣ ਜਾਂਦਾ ਹੈ। ਇੱਥੇ ਪਾਠਕਾਂ ਦੇ ਮਨ ਵਿੱਚ ਇਹ ਸਵਾਲ ਆ ਸਕਦਾ ਹੈ ਕਿ ਮੰਗ ਤੋਂ ਵੱਧ ਪੈਦਾ ਕੀਤੀਆਂ ਚੀਜ਼ਾਂ ਨੂੰ ਰੀਸਾਈਕਲ ਜਾਂ ਦੁਬਾਰਾ ਕਿਉਂ ਨਹੀਂ ਵਰਤਿਆ ਜਾਂਦਾ? ਇਸ ਦਾ ਕਾਰਨ ਹੈ ਕਿ ਬਹੁਤੀ ਚੀਜ਼ਾਂ ਨੂੰ ਰੀਸਾਈਕਲ ਕਰਨਾ ਇੰਨਾ ਸੌਖਾ ਜਾਂ ਸਸਤਾ ਨਹੀਂ ਹੁੰਦਾ। ਉਦਾਹਰਨ ਲਈ ਜਦੋਂ ਕੱਪੜੇ ਤਿਆਰ ਕਰਨ ਲਈ ਵੱਖ ਵੱਖ ਫੈਬਰਿਕਾਂ ਨੂੰ ਇਕ ਦੂਜੇ ਨਾਲ ਮਿਲਾਇਆ ਜਾਂਦਾ ਹੈ, ਜਿਵੇਂ ਪੌਲੀਐਸਟਰ ਨੂੰ ਕਾਟਨ ਨਾਲ, ਤਾਂ ਰੀਸਾਈਕਲ ਕਰਨ ਦੀਆਂ ਚੋਣਾਂ ਬਹੁਤ ਸੀਮਤ ਹੋ ਜਾਂਦੀਆਂ ਹਨ। ਇਸ ਦੇ ਨਾਲ ਹੀ ਰੀਸਾਈਕਲ ਕਰਨ ਲਈ ਕੱਪੜਿਆਂ ਨੂੰ ਲੀਰਾਂ ਲੀਰਾਂ (ਸ਼ਰੈਡ) ਕਰਨ ਤੋਂ ਪਹਿਲਾਂ ਉਨਾਂ ਦੀਆਂ ਜ਼ਿੱਪਰਾਂ, ਬਟਨਾਂ ਆਦਿ ਨੂੰ ਲਾਹੁਣਾ ਪੈਂਦਾ ਹੈ। ਇਹ ਕੰਮ ਕਰਨ 'ਤੇ ਖਰਚਾ ਆਉਂਦਾ ਹੈ। ਨਤੀਜੇ ਵਜੋਂ ਬਹੁਤੀ ਵਾਰੀ ਅਜਿਹੇ ਕੱਪੜਿਆਂ ਨੂੰ ਰੀਸਾਈਕਲ ਕਰਨ ਦੀ ਥਾਂ ਨਸ਼ਟ ਕਰਨਾ ਸਸਤਾ ਪੈਂਦਾ ਹੈ ਅਤੇ ਕੰਪਨੀਆਂ ਅਜਿਹਾ ਕਰਨ ਦੀ ਚੋਣ ਕਰਦੀਆਂ ਹਨ। ਦੂਜੇ ਪਾਸੇ 'ਹਾਈ ਇੰਡ ਫੈਸ਼ਨ' ਜਾਂ ਲਗਜ਼ਰੀ ਬ੍ਰਾਂਡਾਂ ਵਾਲੀਆਂ ਕੰਪਨੀਆਂ ਆਪਣੀਆਂ ਅਣਵਿਕੀਆਂ ਵਸਤਾਂ ਇਸ ਲਈ ਨਸ਼ਟ ਕਰਦੀਆਂ ਹਨ ਕਿਉਂਕਿ ਉਹ ਆਪਣੇ ਬ੍ਰਾਂਡਾਂ ਦੀ ਬਣਾਈ ਪੈਂਠ ਨਹੀਂ ਘਟਾਉਣਾ ਚਾਹੁੰਦੀਆਂ। ਉਹ ਨਹੀਂ ਚਾਹੁੰਦੀਆਂ ਕਿ ਉਨਾਂ ਦੀਆਂ ਬ੍ਰਾਂਡਡ ਚੀਜ਼ਾਂ ਸਸਤੀ ਕੀਮਤ 'ਤੇ ਲੋਕਾਂ ਤੱਕ ਪਹੁੰਚਣ ਅਤੇ ਉਹ ਲੋਕ ਉਹ ਚੀਜ਼ਾਂ ਪਾ/ਹੰਢਾ ਸਕਣ ਜਿਹੜੇ ਲੋਕ ਇਹ ਚੀਜ਼ਾਂ ਖ੍ਰੀਦਣ ਦੇ ਸਮਰਥ ਨਹੀਂ ਹਨ। ਇਸ ਲਈ ਜਦੋਂ ਉਹ ਆਪਣੀਆਂ ਅਣਵਿਕੀਆਂ ਵਸਤਾਂ ਨੂੰ ਕੂੜੇ ਦੇ ਢੇਰ 'ਤੇ ਸੁੱਟਦੇ ਹਨ ਤਾਂ ਉਨਾਂ ਨੂੰ ਕੱਟ/ਵੱਢ ਕੇ ਸੁੱਟਦੇ ਹਨ ਤਾਂ ਕਿ ਕੋਈ ਵਿਅਕਤੀ ਉਨਾਂ ਵਸਤਾਂ ਨੂੰ ਉੱਥੋਂ ਚੁੱਕ ਕੇ ਵਰਤ ਨਾ ਸਕੇ। ਉਦਾਹਰਨ ਲਈ ਜਨਵਰੀ 2017 ਦੇ ਨਿਊ ਯੌਰਕ ਟਾਈਮਜ਼ ਵਿੱਚ ਛਪੇ ਸਲੈਸ਼ਰਜ਼ ਵਰਕ ਰੁਈਨਜ਼ ਸ਼ੂਅਜ਼ ਡਿਸਕਾਰਡਡ ਐਟ ਏ ਨਾਈਕ ਸਟੋਰ ਨਾਮੀ ਇਕ ਲੇਖ ਵਿੱਚ ਮੈਨਹੈਟਨ ਦੇ ਸੋਹੋ ਸੈਕਸ਼ਨ ਵਿੱਚ ਪੈਂਦੇ ਨਾਈਕ ਸਟੋਰ ਵੱਲੋਂ ਕੂੜੇ ਦੇ ਬੈਗਾਂ ਵਿੱਚ ਪਾ ਕੇ ਸੁੱਟੀਆਂ ਜੁੱਤੀਆਂ ਦਾ ਜ਼ਿਕਰ ਕੀਤਾ ਗਿਆ ਹੈ। ਇਸ ਲੇਖ ਅਨੁਸਾਰ ਇਸ ਸਟੋਰ ਵੱਲੋਂ ਕੂੜੇ ਦੇ ਢੇਰ 'ਤੇ ਸੁੱਟੀਆਂ ਗਈਆਂ ਜੁੱਤੀਆਂ ਨੂੰ ਸੁੱਟਣ ਤੋਂ ਪਹਿਲਾਂ ਅੱਡੀਆਂ ਤੋਂ ਲੈ ਕੇ ਪੰਜਿਆਂ ਤੱਕ ਚਾਕੂਆਂ ਜਾਂ ਬਲੇਡਾਂ ਨਾਲ ਪਾੜ ਦਿੱਤਾ ਗਿਆ ਸੀ। ਇਸ ਲੇਖ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਜੁੱਤੀਆਂ ਤੋਂ ਬਿਨਾਂ ਕੂੜੇ 'ਤੇ ਸੁੱਟੀਆਂ ਚੀਜ਼ਾਂ ਵਿੱਚ ਕੱਟ ਕੇ ਸੁੱਟੀਆਂ ਟੀ–ਸ਼ਰਟਾਂ ਅਤੇ ਸਵੈਟਰ ਵੀ ਸ਼ਾਮਲ ਸਨ। ਇਸ ਹੀ ਲੇਖ ਵਿੱਚ ਇਕ ਹੋਰ ਲੇਖ ਦੇ ਹਵਾਲੇ ਨਾਲ ਇਹ ਦਾਅਵਾ ਵੀ ਕੀਤਾ ਗਿਆ ਹੈ ਕਿ ਕੱਪੜੇ ਵੇਚਣ ਵਾਲੀ ਐੱਚ ਐਂਡ ਐੱਮ ਚੇਨ ਵੀ ਅਣਵਿਕੇ ਕੱਪੜਿਆਂ ਨੂੰ ਇਸ ਤਰਾਂ ਕੱਟ ਵੱਢ ਕੇ ਕੂੜੇ ਦੇ ਢੇਰ 'ਤੇ ਸੁੱਟਦੀ ਹੈ।

'ਹਾਈ ਇੰਡ' ਫੈਸ਼ਨ ਦੀ ਪੱਧਰ 'ਤੇ ਫੈਸ਼ਨ ਸਨਅਤ ਵੱਲੋਂ ਵਸਤਾਂ ਨੂੰ ਸਸਤੀ ਕੀਮਤ 'ਤੇ ਵੇਚਣ ਦੀ ਥਾਂ ਨਸ਼ਟ ਕਰਨ ਦਾ ਇਕ ਹੋਰ ਕਾਰਨ ਇਹ ਹੈ ਕਿ ਇਹਨਾਂ ਚੀਜ਼ਾਂ ਨੂੰ ਬਣਾਉਣ 'ਤੇ ਆਈ ਲਾਗਤ ਅਤੇ ਚੀਜ਼ ਦੀ ਵਿਕਰੀ ਦੀ ਕੀਮਤ ਵਿੱਚ ਬਹੁਤ ਫਰਕ ਹੁੰਦਾ ਹੈ। ਵਾਈ ਫੈਸ਼ਨ ਬ੍ਰਾਂਡਜ਼ ਡਿਸਟਰੋਏ ਬਿਲੀਅਨਜ਼ ਵਰਥ ਆਫ ਦੇਅਰ ਓਨ ਮਰਚੈਨਡਾਈਜ਼ ਐਵਰੀ ਯੀਅਰ ਨਾਮੀ ਲੇਖ ਵਿੱਚ ਨਿਊ ਯੌਰਕ ਦੇ ਪਾਰਸਨ ਸਕੂਲ ਆਫ ਡਿਜ਼ਾਇਨ ਦਾ ਐਸੋਸੀਏਟ ਡੀਨ ਅਤੇ ਇਸ ਸਕੂਲ ਦੇ ਟਿਸ਼ਮੈਨ ਇਨਵਾਇਰਮੈਂਟ ਐਂਡ ਡਿਜ਼ਾਇਨ ਸੈਂਟਰ ਵਿਖੇ ਫੈਸ਼ਨ ਡਿਜ਼ਾਇਨ ਅਤੇ ਸਸਟੇਨੇਬਿਲਟੀ ਦਾ ਪ੍ਰੋਫੈਸਰ ਟਿਮੋ ਰਿਸਾਨੈਨ ਦਸਦਾ ਹੈ ਕਿ ਚੈਨਲ ਫੈਸ਼ਨ ਹਾਊਸ ਵਿਖੇ ਜਿਹੜੀ ਡਰੈੱਸ 1200 ਡਾਲਰ ਨੂੰ ਵੇਚੀ ਜਾਂਦੀ ਹੈ, ਉਹ ਡਰੈੱਸ ਬਣਾਉਣ ਲਈ ਚੈਨਲ ਨੇ 100 ਡਾਲਰ ਵੀ ਨਹੀਂ ਦਿੱਤੇ ਹੁੰਦੇ। ਡਰੈੱਸ ਦੀ 1200 ਡਾਲਰ ਕੀਮਤ ਤਾਂ ਕੰਪਨੀ ਵੱਲੋਂ ਇਸ ਡਰੈੱਸ ਦਾ ਬ੍ਰਾਂਡ ਸਥਾਪਤ ਕਰਨ ਲਈ ਵੱਡੀ ਪੱਧਰ 'ਤੇ ਇਸ਼ਤਿਹਾਰਬਾਜ਼ੀ 'ਤੇ ਖਰਚੀ ਰਕਮ ਕਾਰਨ ਹੁੰਦੀ ਹੈ। ਇਸ ਲਈ ਜਦੋਂ ਚੈਨਲ ਫੈਸ਼ਨ ਹਾਊਸ 1200 ਡਾਲਰ ਦੀ ਡਰੈੱਸ ਨੂੰ ਨਸ਼ਟ ਕਰਦਾ ਹੈ ਤਾਂ ਉਸ ਨੂੰ ਕੋਈ ਵੱਡਾ ਘਾਟਾ ਨਹੀਂ ਪੈਂਦਾ। ਇਸ ਡਰੈੱਸ ਨੂੰ ਸਸਤੀ ਕੀਮਤ 'ਤੇ ਵੇਚ ਕੇ ਆਪਣੇ ਬ੍ਰਾਂਡ ਦੀ ਕੀਮਤ ਘੱਟ ਕਰ ਲੈਣ ਦਾ ਖਤਰਾ ਚੈਨਲ ਨੂੰ ਇਸ ਡਰੈੱਸ



ਨੂੰ ਨਸ਼ਟ ਕਰਕੇ ਪੈਣ ਵਾਲੇ ਘਾਟੇ ਨਾਲੋਂ ਵੱਡਾ ਜਾਪਦਾ ਹੈ।

ਕਈ ਕੇਸਾਂ ਵਿੱਚ ਸਰਕਾਰਾਂ ਦੇ ਕਸਟਮ ਦੇ ਕਾਨੂੰਨ ਵੀ ਫੈਸ਼ਨ ਨਾਲ ਸੰਬੰਧਿਤ ਕੰਪਨੀਆਂ ਨੂੰ ਆਪਣੀਆਂ ਵਸਤਾਂ ਨੂੰ ਨਸ਼ਟ ਕਰਨ ਲਈ ਉਤਸ਼ਾਹਿਤ ਕਰਦੇ ਹਨ। ਉਦਾਹਰਨ ਲਈ ਫੈਸ਼ਨ ਲਾਅ ਦੇ ਸਾਈਟ 'ਤੇ ਛਪੇ ਬਰਨਡ ਬੈਗਜ਼, ਡਿਸਟਰੋਇਡ ਵਾਚਜ਼: ਦੇਅਰ ਇਜ਼ ਮੋਰ ਟੂ ਦੀ ਅਲੈਜਡ ਡਿਸਟ੍ਰਕਸ਼ਨ ਆਫ ਲਗਜ਼ਰੀ ਗੁਡਜ਼ ਦੈਨ ਯੂ ਥਿੰਕ ਨਾਮੀ ਲੇਖ ਅਨੁਸਾਰ ਅਮਰੀਕਾ ਦੇ ਕਸਟਮ ਦੇ ਕਾਨੂੰਨ ਅਨੁਸਾਰ ਜੇ ਅਮਰੀਕਾ 'ਚ ਦਰਾਮਦ (ਇੰਪੋਰਟ) ਕਰਕੇ ਲਿਆਂਦੀ ਕੋਈ ਚੀਜ਼ ਵਰਤੀ ਨਾ ਜਾਵੇ ਅਤੇ ਅਗਾਂਹ ਬਰਾਮਦ (ਐਕਸਪੋਰਟ) ਕਰ ਦਿੱਤੀ ਜਾਵੇ ਜਾਂ ਕਸਟਮ ਵਾਲਿਆਂ ਦੀ ਨਿਗਰਾਨੀ ਹੇਠ ਨਸ਼ਟ ਕਰ ਦਿੱਤੀ ਜਾਵੇ ਤਾਂ, ਤਾਂ ਉਹ ਚੀਜ਼ ਅਮਰੀਕਾ ਨੂੰ ਦਰਾਮਦ ਕਰਨ ਵਾਲੀ ਕੰਪਨੀ ਉਸ ਚੀਜ਼ ਨੂੰ ਦਰਾਮਦ ਕਰਨ ਲਈ ਦਿੱਤੀ ਕਸਟਮ ਡਿਊਟੀ, ਟੈਕਸ ਅਤੇ ਫੀਸ ਵਾਪਸ ਲੈਣ ਦੀ ਹੱਕਦਾਰ ਬਣ ਜਾਂਦੀ ਹੈ। ਕਿਉਂਕਿ ਅਮਰੀਕਾ ਨੂੰ ਦਰਾਮਦ ਹੋਣ ਵਾਲੀਆਂ ਵੱਖ ਵੱਖ ਵਸਤਾਂ (ਹੈਂਡ ਬੈਗਾਂ, ਕੱਪੜਿਆਂ, ਘੜੀਆਂ ਆਦਿ) 'ਤੇ ਲੱਗਣ ਵਾਲੀ ਕਸਟਮ ਡਿਊਟੀ ਇਸ ਦੀ ਕੀਮਤ ਦੇ 11% – 60% ਤੱਕ ਹੁੰਦੀ ਹੈ। ਇਸ ਲਈ ਜੇ ਫੈਸ਼ਨ ਕੰਪਨੀਆਂ ਆਪਣੀਆਂ ਅਣਵਿਕੀਆਂ ਵਸਤਾਂ ਨੂੰ ਕਸਟਮ ਦੇ ਨਿਯਮਾਂ ਅਨੁਸਾਰ ਬਰਾਮਦ ਕਰ ਦੇਣ ਜਾਂ ਨਸ਼ਟ ਕਰ ਦੇਣ ਤਾਂ ਉਹ ਕੰਪਨੀਆਂ ਇਨਾਂ ਵਸਤਾਂ ਨੂੰ ਨਸ਼ਟ ਕਰਨ ਤੋਂ ਬਾਅਦ ਵੱਡੀਆਂ ਰਕਮਾਂ ਦਾ ਵਾਪਸ ਲੈਣ ਦਾ ਕਲੇਮ ਕਰ ਸਕਦੀਆਂ ਹਨ।

ਇਸ ਹੀ ਤਰਾਂ ਦੀ ਸਥਿਤੀ ਇਟਲੀ (ਅਤੇ ਕਈ ਹੋਰ ਦੇਸ਼ਾਂ) ਵਿੱਚ ਹੈ। ਇਸ ਸੰਬੰਧ ਵਿੱਚ ਮਰਦਾਂ ਦੇ ਪਹਿਰਾਵੇ ਨਾਲ ਸੰਬੰਧਿਤ ਬਰਾਂਡ ਸਟੈਫਨੋ ਰਿੱਕੀ ਅਨੁਸਾਰ ਸਾਲ ਦੇ ਅੰਤ 'ਤੇ ਉਨਾਂ ਦੇ ਕਰਮਚਾਰੀ ਅਣਵਿਕੇ ਕੱਪੜਿਆਂ ਦੇ ਭਰੇ ਹੋਏ ਬਕਸੇ ਇਕੱਠੇ ਕਰਕੇ ਕੱਪੜਿਆਂ ਨੂੰ ਸਾੜਨ ਵਾਲੀਆਂ ਥਾਂਵਾਂ 'ਤੇ ਲੈ ਜਾਂਦੇ ਹਨ। ਇਨਾਂ ਕੱਪੜਿਆਂ ਨੂੰ ਸਾੜਨ ਵਾਲੀਆਂ ਕੰਪਨੀਆਂ ਕੱਪੜਿਆਂ ਦੇ ਸਾੜਨ ਦੀ ਫਿਲਮ ਬਣਾ ਲੈਂਦੀਆਂ ਹਨ, ਤਾਂ ਕਿ ਇਟਲੀ ਦੇ ਟੈਕਸ ਅਧਿਕਾਰੀਆਂ ਸਾਹਮਣੇ ਸਾਬਤ ਕੀਤਾ ਜਾ ਸਕੇ ਕਿ ਉਨਾਂ ਕੱਪੜਿਆਂ ਨੂੰ ਸੱਚਮੁੱਚ ਹੀ ਸਾੜ ਦਿੱਤਾ ਗਿਆ ਹੈ। ਇਸ ਕੰਪਨੀ ਦੇ ਇਕ ਅਧਿਕਾਰੀ ਦਾ ਕਹਿਣਾ ਸੀ ਕਿ ਕੰਪਨੀ ਚਾਹੇਗੀ ਕਿ ਉਹ ਆਪਣੀਆਂ ਕੁੱਝ ਅਣਵਿਕੀਆਂ ਚੀਜ਼ਾਂ ਨੂੰ ਦਾਨ ਕਰ ਦੇਵੇ, ਪਰ ਟੈਕਸਾਂ ਤੋਂ ਮਿਲਣ ਵਾਲੇ ਕਰੈਡਿਟ ਕੰਪਨੀ ਦੇ ਹੱਥ ਬੰਨ ਦਿੰਦੇ ਹਨ।

ਅਣਵਿਕੀਆਂ ਪਰ ਚੰਗੀਆਂ ਭਲੀਆਂ ਵਸਤਾਂ ਨੂੰ ਨਸ਼ਟ ਕਰਨ ਦਾ ਇਹ ਵਰਤਾਰਾ ਸਿਰਫ ਖਾਣੇ ਅਤੇ ਫੈਸ਼ਨ ਦੇ ਖੇਤਰਾਂ ਤੱਕ ਹੀ ਸੀਮਤ ਨਹੀਂ। ਇਸ ਨੂੰ ਹੋਰ ਕਈ ਖੇਤਰਾਂ ਵਿੱਚ ਵੀ ਦੇਖਿਆ ਜਾ ਸਕਦਾ ਹੈ। ਲੇਖ ਲੰਮਾ ਹੋਣ ਦੇ ਡਰੋਂ ਮੈਂ ਇੱਥੇ ਉਨਾਂ ਸਾਰਿਆਂ ਬਾਰੇ ਜ਼ਿਕਰ ਨਹੀਂ ਕਰਾਂਗਾ, ਸਿਰਫ ਆਨਲਾਈਨ ਵਸਤਾਂ ਵੇਚਣ ਵਾਲੀ ਵੱਡੀ ਕੰਪਨੀ ਐਮਾਜ਼ੌਨ ਦੇ ਵੇਅਰਹਾਊਸਾਂ ਵਿੱਚ ਅਣਵਿਕੀਆਂ ਪਰ ਚੰਗੀ ਭਲੀਆਂ ਵਸਤਾਂ ਨੂੰ ਨਸ਼ਟ ਕਰਨ ਬਾਰੇ ਸੰਨ 2021 ਵਿੱਚ ਆਈ ਇਕ ਰਿਪੋਰਟ ਵਿੱਚੋਂ ਕੁੱਝ ਜਾਣਕਾਰੀ ਸਾਂਝੀ ਕਰਾਂਗਾ। ਜੂਨ 2021 ਵਿੱਚ ਯੂ ਕੇ ਦੇ ਆਈ ਟੀ ਵੀ ਨੇ ਇਕ ਰਿਪੋਰਟ ਜਾਰੀ ਕਰਕੇ ਇਹ ਤੱਥ ਸਾਹਮਣੇ ਲਿਆਂਦੇ ਸਨ ਕਿ ਯੂ ਕੇ ਵਿੱਚ ਐਮਾਜ਼ੌਨ ਦੇ ਡਨਫਰਮਿਲਨ ਸਥਿਤ ਵੇਅਰਹਾਊਸ ਵਿੱਚ ਦਹਿ–ਲੱਖਾਂ (ਮਿਲੀਅਨਾਂ) ਦੀ ਗਿਣਤੀ ਵਿੱਚ ਅਣਵਿਕੀਆਂ ਪਰ ਚੰਗੀਆਂ ਭਲੀਆਂ ਵਸਤਾਂ ਨਸ਼ਟ ਕੀਤੀਆਂ ਜਾਂਦੀਆਂ ਹਨ। ਇਹਨਾਂ ਵਸਤਾਂ ਵਿੱਚ ਸਮਾਰਟ ਟੀ ਵੀ, ਲੈਪਟੌਪ, ਡਰੋਨ, ਹੇਅਰ ਡਰਾਇਰ, ਚੰਗੀ ਕੁਆਲਟੀ ਦੇ ਹੈੱਡਫੋਨ, ਕੰਪਿਊਟਰਾਂ ਦੀਆਂ ਡਰਾਈਵਾਂ, ਕਿਤਾਬਾਂ, ਮਾਸਕ, ਪੱਖੇ, ਹੂਵਰ ਅਤੇ ਆਈਪੈਡਾਂ ਵਰਗੀਆਂ ਚੀਜ਼ਾਂ ਸ਼ਾਮਲ ਹਨ। ਇਸ ਵੇਅਰਹਾਊਸ ਵਿੱਚ ਕੰਮ ਕਰਦੇ ਇਕ ਕਰਮਚਾਰੀ ਨੇ ਆਈ ਟੀ ਵੀ ਨੂੰ ਦੱਸਿਆ ਕਿ ਇਸ ਵੇਅਰਹਾਊਸ ਵਿੱਚ ਆਮ ਤੌਰ 'ਤੇ ਹਰ ਹਫਤੇ 1 ਲੱਖ 30 ਹਜ਼ਾਰ ਦੇ ਕਰੀਬ ਚੀਜ਼ਾਂ ਨੂੰ ਨਸ਼ਟ ਕਰ ਦਿੱਤਾ ਜਾਂਦਾ ਹੈ। ਕੁੱਝ ਹਫਤਿਆਂ ਦੌਰਾਨ ਨਸ਼ਟ ਕਰਨ ਵਾਲੀਆਂ ਇਹਨਾਂ ਚੀਜ਼ਾਂ ਦੀ ਗਿਣਤੀ 2 ਲੱਖ ਤੱਕ ਪਹੁੰਚ ਜਾਂਦੀ ਹੈ। ਇਹਨਾਂ ਵਸਤਾਂ ਵਿੱਚ ਗਾਹਕਾਂ ਵੱਲੋਂ ਮੋੜੀਆਂ ਗਈਆਂ ਵਸਤਾਂ ਦੇ ਨਾਲ ਨਾਲ ਅਣਖੋਲੇ ਪੈਕਟਾਂ ਵਿੱਚ ਬੰਦ ਨਵੀਆਂ ਨਕੋਰ ਚੀਜ਼ਾਂ ਸ਼ਾਮਲ ਹੁੰਦੀਆਂ ਹਨ। ਇਸ ਰਿਪੋਰਟ ਅਨੁਸਾਰ ਇਸ ਵੇਅਰਹਾਊਸ ਵਿੱਚ ਨਸ਼ਟ ਕੀਤੀਆਂ ਚੀਜ਼ਾਂ ਵਿੱਚੋਂ 50 ਫੀਸਦੀ ਚੀਜ਼ਾਂ ਬਿਲਕੁਲ ਨਵੀਆਂ ਸਨ ਅਤੇ ਉਨਾਂ ਨੂੰ ਪੈਕਟਾਂ ਵਿੱਚੋਂ ਨਹੀਂ ਕੱਢਿਆ ਗਿਆ ਸੀ। ਅੰਞਾਈ ਨਸ਼ਟ ਕੀਤੀਆਂ ਜਾਣ ਵਾਲੀਆਂ ਵਸਤਾਂ ਦੀ ਇਹ ਗਿਣਤੀ ਯੂ ਕੇ ਵਿੱਚ ਐਮਾਜ਼ੌਨ ਦੇ ਇਕ ਵੇਅਰਹਾਊਸ ਦੀ ਗਿਣਤੀ ਹੈ। ਵਿਸ਼ਵ ਪੱਧਰ 'ਤੇ ਐਮਾਜ਼ੌਨ ਦੇ ਸੈਂਕੜੇ ਵੇਅਰਹਾਊਸ ਹਨ। ਜੇ ਐਮਾਜ਼ੋਨ ਦੇ ਹਰ ਵੇਅਰਹਾਊਸ ਵਿੱਚ ਇਸ ਤਰਾਂ ਹੁੰਦਾ ਹੋਵੇ ਤਾਂ ਪਾਠਕ ਆਪ ਹੀ ਅੰਦਾਜ਼ਾ ਲਾ ਸਕਦੇ ਹਨ ਕਿ ਪੂਰੀ ਦੁਨੀਆ ਵਿੱਚ ਐਮਾਜ਼ੌਨ ਵੱਲੋਂ ਕਿੰਨੀਆਂ ਚੀਜ਼ਾਂ ਅੰਞਾਈ ਨਸ਼ਟ ਕੀਤੀਆਂ ਜਾਂਦੀਆਂ ਹੋਣਗੀਆਂ।

ਐਮਾਜ਼ੌਨ ਵੱਲੋਂ ਅਣਵਿਕਿਆਂ ਪਰ ਚੰਗੀਆਂ ਭਲੀਆਂ ਚੀਜ਼ਾਂ ਨੂੰ ਇਸ ਤਰਾਂ ਨਸ਼ਟ ਕਰਨ ਦਾ ਕੀ ਕਾਰਨ ਹੈ? ਆਈ ਟੀ ਵੀ ਵੱਲੋਂ ਪ੍ਰਕਾਸ਼ਤ ਉਪ੍ਰੋਕਤ ਰਿਪੋਰਟ ਅਨੁਸਾਰ ਐਮਾਜ਼ੌਨ ਦਾ 'ਕਾਮਯਾਬ' ਬਿਜ਼ਨਿਸ ਮਾਡਲ ਇਸ ਵਰਤਾਰੇ ਲਈ ਜ਼ਿੰਮੇਵਾਰ ਹੈ। ਐਮਾਜ਼ੌਨ ਰਾਹੀਂ ਚੀਜ਼ਾਂ ਵੇਚਣ ਵਾਲੇ ਆਪਣੀਆਂ ਵਸਤਾਂ ਨੂੰ ਐਮਾਜ਼ੌਨ ਦੇ ਵੇਅਰਹਾਊਸ ਵਿੱਚ ਰੱਖਣ ਲਈ ਐਮਾਜ਼ੌਨ ਤੋਂ ਥਾਂ ਕਿਰਾਏ 'ਤੇ ਲੈਂਦੇ ਹਨ। ਜੇ ਉਨਾਂ ਦੀਆਂ ਵਸਤਾਂ ਜ਼ਿਆਦਾ ਦੇਰ ਨਾ ਵਿਕਣ ਤਾਂ ਉਸ ਕੰਪਨੀ ਤੋਂ ਵੇਅਰਹਾਊਸ ਵਿਚਲੀ ਥਾਂ ਦਾ ਜ਼ਿਆਦਾ ਕਿਰਾਇਆ ਲਿਆ ਜਾਂਦਾ ਹੈ। ਇਸ ਲਈ ਇਕ ਸਮਾਂ ਅਜਿਹਾ ਆ ਜਾਂਦਾ ਹੈ ਜਦੋਂ ਐਮਾਜ਼ੌਨ ਦੇ ਵੇਅਰਹਾਊਸ ਵਿੱਚ ਚੀਜ਼ਾਂ ਰੱਖਣ ਵਾਲੀ ਕੰਪਨੀ ਨੂੰ ਉੱਥੇ ਚੀਜ਼ਾਂ ਰੱਖੀ ਰੱਖਣ ਦੀ ਥਾਂ ਉਨਾਂ ਨੂੰ ਨਸ਼ਟ ਕਰਨਾ ਸਸਤਾ ਪੈਂਦਾ ਹੈ।

ਪੂੰਜੀਵਾਦੀ ਪ੍ਰਬੰਧ ਵਿੱਚ ਕੂੜੇ ਦੀ ਪੈਦਾਵਾਰ ਬਾਰੇ ਉਪ੍ਰੋਕਤ ਜਾਣਕਾਰੀ ਇਹ ਸਪਸ਼ਟ ਕਰਦੀ ਹੈ ਕਿ ਇਸ ਪ੍ਰਬੰਧ ਵਿੱਚ ਵਸਤਾਂ ਦੇ ਉਤਪਾਦਨ, ਵਿਕਰੀ ਅਤੇ ਖਪਤ ਦੌਰਾਨ ਵੱਡੀ ਪੱਧਰ 'ਤੇ ਕੂੜਾ ਪੈਦਾ ਹੁੰਦਾ ਹੈ। ਜਦੋਂ ਦੁਨੀਆ ਵਿੱਚ ਕ੍ਰੋੜਾਂ ਲੋਕਾਂ ਨੂੰ ਦੋ ਡੰਗ ਦਾ ਖਾਣਾ, ਤਨ ਢਕਣ ਲਈ ਕੱਪੜਾ ਅਤੇ ਦੂਸਰੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਲਈ ਹੋਰ ਚੀਜ਼ਾਂ ਨਸੀਬ ਨਾ ਹੁੰਦੀਆਂ ਹੋਣ ਉਦੋਂ ਇੰਨੀ ਵੱਡੀ ਗਿਣਤੀ ਵਿੱਚ ਖਾਣੇ, ਕੱਪੜਿਆਂ ਅਤੇ ਹੋਰ ਵਸਤਾਂ ਦਾ ਕੂੜੇ ਦੇ ਢੇਰ 'ਤੇ ਸੁੱਟ ਦਿੱਤੇ ਜਾਣਾ ਕਿਸੇ ਵੀ ਤਰਾਂ ਠੀਕ ਨਹੀਂ ਠਹਿਰਾਇਆ ਜਾ ਸਕਦਾ। ਇਸ ਦੇ ਨਾਲ ਨਾਲ ਕੂੜੇ ਦੀ ਇਸ ਤਰਾਂ ਦੀ ਪੈਦਾਵਾਰ ਅਤੇ ਚੰਗੀਆਂ ਭਲੀਆਂ ਅੰਞਾਈ ਨਸ਼ਟ ਕੀਤੀਆਂ ਜਾਣ ਵਾਲੀਆਂ ਵਸਤਾਂ 'ਤੇ ਲੱਗਿਆ ਕੱਚਾ ਮਾਲ, ਊਰਜਾ, ਮਜ਼ਦੂਰ ਸ਼ਕਤੀ ਆਦਿ ਧਰਤੀ ਦੇ ਵਸੀਲਿਆਂ ਦੀ ਅੰਞਾਈ ਵਰਤੋਂ ਵਿੱਚ ਵੱਡੀ ਭੂਮਿਕਾ ਨਿਭਾਉਂਦੀ ਹੈ। ਬਾਅਦ ਵਿੱਚ ਇਸ ਕੂੜੇ ਨਾਲ ਨਿਪਟਣ ਲਈ ਇਸ ਦੀ ਕੂੜੇ ਦੇ ਢੇਰਾਂ ਤੱਕ ਢੋਆ–ਢੁਆਈ, ਇਸ ਨੂੰ ਜ਼ਮੀਨ ਵਿੱਚ ਦੱਬਣ ਲਈ ਲੋੜੀਂਦੀ ਜ਼ਮੀਨ, ਇਸ ਨੂੰ ਸਾੜ ਕੇ ਖਤਮ ਕਰਨ ਦੀਆਂ ਕਾਰਵਾਈਆਂ ਆਦਿ ਧਰਤੀ, ਪਾਣੀ ਅਤੇ ਵਾਯੂਮੰਡਲ ਨੂੰ ਪ੍ਰਦੂਸ਼ਤ ਕਰਨ ਦਾ ਵੱਡਾ ਕਾਰਨ ਬਣਦੇ ਹਨ। ਉਦਾਹਰਨ ਲਈ ਖਾਣਾ ਉਗਾਉਣ ਲਈ ਜ਼ਮੀਨ, ਪਾਣੀ ਅਤੇ ਊਰਜਾ ਦੀ ਲੋੜ ਪੈਂਦੀ ਹੈ। ਜਦੋਂ ਖਾਣਾ ਅੰਞਾਈ ਨਸ਼ਟ ਹੁੰਦਾ ਹੈ ਤਾਂ ਇਸ ਨੂੰ ਉਗਾਉਣ ਲਈ ਵਰਤੀ ਗਈ ਜ਼ਮੀਨ, ਪਾਣੀ ਅਤੇ ਊਰਜਾ ਨਸ਼ਟ ਹੁੰਦੀ ਹੈ। ਅਰਥ.ਔਰਗ ਦੇ ਸਾਈਟ 'ਤੇ 17 ਜਨਵਰੀ 2022 ਨੂੰ ਛਪੀ ਹਾਊ ਡਜ਼ ਫੂਡ ਵੇਸਟ ਅਫੈਕਟ ਦੀ ਇਨਵਾਇਰਮੈਂਟ ਨਾਮੀ ਰਿਪੋਰਟ ਅਨੁਸਾਰ ਅਮਰੀਕਾ ਵਿੱਚ ਅੰਞਾਈ ਨਸ਼ਟ ਹੋਣ ਵਾਲੇ ਖਾਣੇ ਨੂੰ ਉਗਾਉਣ ਲਈ ਅਮਰੀਕਾ ਦਾ 21 ਫੀਸਦੀ ਤਾਜ਼ਾ ਪਾਣੀ, 19 ਫੀਸਦੀ ਰਸਾਇਣਕ ਖਾਦਾਂ, ਖੇਤੀਬਾੜੀ ਲਈ ਵਰਤੀ ਜਾਂਦੀ ਜ਼ਮੀਨ ਦਾ 18 ਫੀਸਦੀ ਹਿੱਸਾ ਅਤੇ ਕੂੜੇ ਨੂੰ ਸੁੱਟਣ ਲਈ ਵਰਤੀ ਜਾਂਦੀ ਜ਼ਮੀਨ (ਲੈਂਡਫਿੱਲ) ਦਾ 21 ਫੀਸਦੀ ਹਿੱਸਾ ਵਰਤਿਆ ਜਾਂਦਾ ਹੈ। ਗਾਂ ਦੇ ਮੀਟ ਦੇ ਇਕ ਕਿਲੋ ਨੂੰ ਕੂੜੇ ਦੇ ਢੇਰ 'ਤੇ ਸੁੱਟਣ ਦਾ ਅਰਥ 50,000 ਲੀਟਰ ਪਾਣੀ ਨੂੰ ਵਿਅਰਥ ਰੋੜਨਾ ਹੈ।

(ਚਲਦਾ...)

# ਮੇਰੀ ਪਹਿਲੀ ਨਿਯੁਕਤੀ



**ਭੁਪਿੰਦਰ ਸਿੰਘ ਚੱਢਾ**

ਬਹੁਤੇ ਸੱਜਣ ਇਸ ਲੇਖ ਦਾ ਵਿਸ਼ਾ ਵਸਤੂ ਸਮਝ ਨਹੀਂ ਸਕਣਗੇ। ਕਿਉਂਕਿ ਇਹ ਅਜਿਹੇ ਮਾਹੌਲ ਦਾ ਬਿਆਨ ਹੈ ਜਿਸਨੂੰ ਬੰਬਈ ਵਿਚ ਰਹਿ ਰਹੇ ਅਤੇ ਰਾਤ ਨੂੰ ਵਿਚਰਣ ਵਾਲੇ ਹੀ ਸਮਝ ਸਕਦੇ ਹਨ। ਬੰਬਈ ਦਿਨੇ ਹੋਰ ਚੀਜ ਹੈ ਤੇ ਰਾਤ ਨੂੰ ਹੋਰ ਚੀਜ। ਜਿੱਥੇ ਦਿਨੇ ਰੌਣਕ ਮੇਲਾ ਬਾਜ਼ਾਰ ਬਿਜਨਸ ਵਪਾਰ ਦੁਕਾਨਾਂ ਹੱਟੀਆਂ ਹੁੰਦੀਆਂ ਹਨ, ਉਥੇ ਰਾਤ ਨੂੰ ਆ ਕੇ ਦੇਖੋ, ਸਭ ਬਦਲਿਆ ਹੁੰਦਾ ਹੈ। ਤੁਸੀਂ ਪਛਾਣ ਹੀ ਨਹੀਂ ਸਕਦੇ ਕਿ ਇਹ ਉਹੀ ਏਰੀਆ ਹੈ ਜਿਥੇ ਤੁਸੀਂ ਅੱਜ ਖਰੀਦਦਾਰੀ ਕਰਨ ਆਏ ਸੀ।

ਮੈਂ ਨੇਵੀ ਦੀ ਨੌਕਰੀ ਛੱਡ ਕੇ ਬੰਬਈ ਦੀਆਂ ਸੜਕਾਂ 'ਤੇ ਫੈਮਿਲੀ ਤੇ ਬੱਚਿਆਂ ਨਾਲ ਕੰਮ ਦੀ ਤਲਾਸ਼ ਵਿਚ ਤੁਰਿਆ ਫਿਰ ਰਿਹਾ ਸੀ। ਨੌਕਰੀ ਤਾਂ ਮੈਂ ਕਰਨੀ ਨਹੀਂ ਸੀ, ਜੇ ਕਰਨੀ ਹੁੰਦੀ ਤਾਂ ਨੇਵੀ ਹੀ ਕਿਉਂ ਛੱਡਦਾ। ਬਿਜਨਸ ਕਰਨ ਲਈ ਮੇਰੇ ਕੋਲ ਪੂੰਜੀ ਨਹੀਂ ਸੀ। ਮੈਂ ਆਪਣੀ ਵਿੱਦਿਆ, ਆਪਣੀ ਬਹਾਦਰੀ ਤੇ ਕਰਤਬ ਲਈ ਮਰ ਮਿਟ ਜਾਣ ਵਾਲੀ ਰੂਹ ਦਾ ਕੋਈ ਗਾਹਕ ਲਭਦਾ ਫਿਰ ਰਿਹਾ ਸੀ, ਕਿ ਅਕਾਲ ਪੁਰਖ ਨੇ ਮੇਰੀ ਸੁਣ ਲਈ ਤੇ ਐਸਾ ਮੌਕਾ ਭੇਜ ਦਿੱਤਾ। ਇਹ 1979 ਦਾ ਆਰੰਭ ਸੀ। ਜਿੱਥੇ ਮੈਨੂੰ ਵਿਧਾਤਾ ਨੇ ਰੋਜ਼ਗਾਰ ਦੇਣਾ ਸੀ ਉਹ ਇਕ ਕੰਸਟਰੱਕਸ਼ਨ ਦਾ ਏਰੀਆ ਸੀ ਤੇ ਨਾਮ ਸੀ 'ਹਰੀ ਭਾਈ ਇਸਟੇਟ'। ਬੰਬਈ ਦੇ ਪੋਸ਼ ਏਰੀਏ ਵਿਚ ਸਮੁੰਦਰ ਦੇ ਕੰਢੇ ਬਹੁਤ ਹੀ ਕੀਮਤੀ 5 ਕੁ ਏਕੜ ਦਾ ਟੁਕੜਾ, ਜਿਸਦੇ ਦੋ ਪਾਸੇ ਸਮੁੰਦਰ ਲਗਦਾ ਸੀ। ਇਸ ਵਿਚ 10 ਬੜੇ ਬੜੇ, 20-20 ਮੰਜਿਲੇ ਰਿਹਾਇਸ਼ੀ ਟਾਵਰ (ਉੱਚੀਆਂ ਬਿਲਡਿੰਗਾਂ) ਬਣ ਰਹੇ ਸਨ। ਮਾਲਕ ਸੀ ਅਰਬ ਪਤੀ ਗੁਜਰਾਤੀ ਹਰੀ ਭਾਈ। ਬਿਲਡਰ ਸੀ ਮੰਨਿਆ ਪ੍ਰਮੰਨਿਆ ਏ ਐਸ ਮੇਕਰ ਅਤੇ ਇਸ ਏਰੀਏ ਦੀ ਅਤੇ ਬਣ ਰਹੀਆਂ ਬਿਲਡਿੰਗਾਂ ਦੀ ਸਕਿਉਰਿਟੀ ਦੇ ਠੇਕੇਦਾਰ ਸੀ ਬੰਬਈ ਦੀ ਮੁੱਖ ਸਕਿਓਰਿਟੀ ਏਜੰਸੀ **Top Security Guards.** ਇਸ ਏਰੀਆ ਵਿਚ ਦਿਨੇ ਤਾਂ ਉਸਾਰੀ ਚਲ ਰਹੀ ਹੁੰਦੀ ਸੀ। ਇੰਜੀਨੀਅਰ ਠੇਕੇਦਾਰ ਮਜਦੂਰ, ਮਸ਼ੀਨਾਂ, ਟਰੱਕ-ਕ੍ਰੇਨਾਂ ਆਦਿ ਸਭ ਨਾਲ ਕਾਰੋਬਾਰੀ ਏਰੀਆ ਬਣਿਆ ਹੁੰਦਾ ਸੀ ਅਤੇ ਸ਼ਾਮੀਂ 6 ਵਜਦੇ ਹੀ ਇਹ ਏਰੀਆ ਸ਼ਰਾਬ




ਦੀਆਂ ਦੁਕਾਨਾਂ, ਜੂਏ ਦੇ ਅੱਡੇ, ਵੇਸ਼ਵਾਵਾਂ ਦੇ ਅੱਡੇ, ਰਾਤ ਰਹਿਣ ਵਾਲਿਆਂ ਲਈ ਅਸਥਾਈ ਸਰਾਂ ਵਿਚ ਬਦਲ ਜਾਂਦਾ ਸੀ। ਇਹ ਹਾਲਾਤ ਉਹੀ ਜਾਣ ਸਕਦਾ ਹੈ ਜੋ ਬੰਬਈ ਦੇ ਦੋਵੇਂ ਰਾਤ ਅਤੇ ਦਿਨ ਬਾਰੇ ਜਾਣਦਾ ਹੋਵੇ। ਅੰਦਾਜਾ ਲਾਓ, 10 ਬਿਲਡਿੰਗਾਂ 20-20 ਮੰਜਿਲ ਦੀਆਂ ਬਣ ਰਹੀਆਂ ਹਨ, ਕੋਈ ਅੱਧੀ ਬਣ ਗਈ, ਕੋਈ ਪੌਣੀ ਤੇ ਕੋਈ ਪੂਰੀ। ਕਿੰਨੇ ਕਮਰੇ ਬਣੇ ਹੋਣਗੇ। ਉਨਾਂ ਵਿਚ ਛੇ ਵਜੇ ਹੀ, ਸਕਿਓਰਿਟੀ ਵਾਲਿਆਂ ਦੀ ਮਿਲੀਭੁਗਤ ਨਾਲ, ਉਹ ਬੰਦੇ ਆਉਣੇ ਸ਼ੁਰੂ ਹੋ ਜਾਂਦੇ ਸਨ ਜੋ ਵਿਦੇਸ਼ ਜਾਣ ਲਈ ਏਜੰਟਾਂ ਦੇ ਲਾਰੇ ਤੇ ਬੰਬਈ ਆਏ ਹੋਏ ਹੁੰਦੇ ਹਨ ਤੇ ਉਨਾਂ ਕੋਲ ਬੰਬਈ ਵਿਚ ਰਾਤ ਰਹਿਣ ਲਈ ਕੋਈ ਜਗਾ ਨਹੀਂ ਹੁੰਦੀ। ਉਹ ਪ੍ਰੇਮੀ ਜੋੜੇ ਵੀ ਆਉਣੇ ਸ਼ੁਰੂ ਹੋ ਜਾਂਦੇ ਸਨ ਜਿਨਾਂ ਨੇ ਪਿਆਰ ਕਰਨਾ ਹੈ ਤੇ ਜਗਾ ਨਹੀਂ ਮਿਲ ਰਹੀ ਹੁੰਦੀ। ਉਹ ਵੀ ਆਉਣੇ ਸ਼ੁਰੂ ਹੋ ਜਾਂਦੇ ਸਨ ਜਿਨਾਂ ਨੇ ਅਜਿਹੇ ਰਾਤ ਰਹਿਣ ਵਾਲੇ ਲੋਕਾਂ ਨੂੰ ਸ਼ਰਾਬ ਵੇਚਣੀ ਹੈ। ਉਹ ਵੇਸ਼ਵਾਵਾਂ ਵੀ ਆ ਜਾਂਦੀਆਂ ਸਨ ਜਿਨਾਂ ਨੇ ਰਾਤ ਨੂੰ ਗਾਹਕ ਲੱਭਣੇ ਹਨ ਅਤੇ ਉਹ ਵੀ ਜਿਨਾਂ ਨੇ ਜੂਏ ਦੇ ਅੱਡੇ ਲਾ ਕੇ ਕੁਝ ਕਮਾਈ ਕਰਨੀ ਹੁੰਦੀ ਹੈ। ਇਥੇ ਦਿਨ ਵੇਲੇ ਕਰੀਬ ਤਿੰਨ ਹਜ਼ਾਰ ਮਜਦੂਰ ਕੰਮ ਕਰਦੇ ਸਨ ਤੇ ਰਾਤ ਨੂੰ ਇਹ ਮਜਦੂਰ ਬਣ ਰਹੀਆਂ ਬਿਲਡਿੰਗਾਂ ਦੇ ਪਿੱਛੇ ਸਮੁੰਦਰ ਦੇ ਕੰਢੇ ਦੇ ਨਾਲ ਨਾਲ ਬਣੀਆਂ ਝੌਂਪੜੀਆਂ ਵਿਚ ਚਲੇ ਜਾਂਦੇ ਸਨ। ਇਸ ਪਾਸੇ ਫਿਰ ਹਜ਼ਾਰ ਤੋਂ ਵੀ ਜ਼ਿਆਦਾ ਬਾਹਰਲੇ ਬੰਦੇ ਆ ਕੇ ਆਪਣਾ ਆਪਣਾ ਕੰਮ ਕਰਕੇ ਸਵੇਰੇ 6 ਵਜੇ ਤੋਂ ਪਹਿਲਾਂ ਪਹਿਲਾਂ ਸਾਰਾ ਏਰੀਆ ਖਾਲੀ ਕਰ ਜਾਂਦੇ ਸਨ। ਜਿਵੇਂ ਰਾਤ ਨੂੰ ਕੁਝ ਹੋਇਆ ਹੀ ਨਾ ਹੋਵੇ। ਫਿਰ ਦਿਨ ਵੇਲੇ ਮਜਦੂਰ ਇੰਜੀਨੀਅਰ, ਠੇਕੇਦਾਰ ਕ੍ਰੇਨਾਂ, ਟਰੱਕ, ਮਸ਼ੀਨਾਂ ਸਭ ਆ ਜਾਂਦੀਆਂ ਸਨ। ਦਫਤਰ ਖੁਲ ਜਾਂਦੇ ਸਨ, ਗ੍ਰਾਹਕ, ਕਾਰੀਗਰ, ਕੰਮ ਲੈਣ ਵਾਲੇ ਤੇ ਕੰਮ ਦੇਣ ਵਾਲੇ ਆ ਜਾਂਦੇ ਸਨ ਤੇ ਏਰੀਆ ਕਾਰੋਬਾਰੀ ਬਣ ਜਾਂਦਾ ਸੀ। ਇਹ ਸਭ ਸਕਿਓਰਿਟੀ ਤੇ ਲੋਕਲ ਪੁਲਿਸ ਵਾਲਿਆਂ ਦੀ ਮਿਲੀਭੁਗਤ ਨਾਲ ਹੁੰਦਾ ਹੈ। ਇਹੀ ਹਾਲ ਸਾਰੀ ਮੁੰਬਈ ਦਾ ਹੈ ਇਸੇ ਕਰਕੇ ਕਿਹਾ ਹੈ, ਬੰਬਈ ਦਿਨੇ ਹੋਰ ਤੇ ਰਾਤ ਨੂੰ ਹੋਰ ਹੁੰਦੀ ਹੈ।

ਇਹ ਰਾਤ ਵਾਲੀ ਹਾਲਤ ਮਾਲਕਾਂ ਕੋਲੋਂ ਵੀ ਛੁਪੀ ਹੋਈ ਨਹੀਂ ਸੀ। ਉਹ ਸਭ ਜਾਣਦੇ ਸਨ। ਉਨਾਂ ਕਈ ਚਿਠੀਆਂ **Tops Security Guards** ਵਾਲਿਆਂ ਨੂੰ ਲਿਖੀਆਂ ਸਨ ਕਿ ਏਰੀਏ ਵਿਚ ਦੇਖੋ ਕੀ ਕੀ ਹੋ ਰਿਹਾ ਹੈ। **Tops** ਵਾਲਿਆਂ ਨੇ ਕਈ ਅਫਸਰ ਬਦਲਕੇ ਦੇਖੇ ਪਰ ਹਾਲਤ ਵਿਚ ਕੋਈ ਸੁਧਾਰ ਨੀਂ ਆ ਸਕਿਆ। ਇਥੇ ਤਕਰੀਬਨ 100 ਸਕਿਉਰਿਟੀ ਵਾਲੇ ਤੈਨਾਤ ਸਨ ਜਿਨਾਂ ਵਿਚ 80% ਮਲਿਆਲੀ ਤੇ 20% ਮਹਾਰਾਸ਼ਟਰ ਦੇ ਸਨ। ਇਹ ਅਜਿਹੇ ਮਿਲੇ ਹੋਏ ਸਨ ਕਿ ਨਵੇਂ ਆਏ ਅਫਸਰ ਨੂੰ ਟਿਕਣ ਹੀ ਨਹੀਂ ਦਿੰਦੇ ਸਨ। ਮਾਰ ਕੇ, ਡਰਾ ਕੇ ਜਾਂ ਕਿਸੇ ਸਾਜਿਸ਼ ਅਧੀਨ ਦੌੜਾ ਦਿੰਦੇ ਸਨ, ਭਜਾ ਦਿੰਦੇ ਸਨ। ਸੌ ਦੀ ਸੌ ਸਕਿਉਰਿਟੀ ਨੂੰ ਇਕੋ ਦਿਨ ਤਾਂ ਨਹੀਂ ਨਾ ਬਦਲ ਸਕਦੇ। **Tops** ਵਾਲਿਆਂ ਨੂੰ ਕੋਈ ਅਜਿਹਾ, ਬਹਾਦਰ, ਨਿਡਰ ਅਤੇ ਕੁਸ਼ਲ ਅਫਸਰ ਚਾਹੀਦਾ ਸੀ ਜੋ ਇਸ ਜਗਾ ਦਾ ਮਹੌਲ ਬਦਲ ਕੇ ਇਸਨੂੰ ਰਾਤ ਦੇ ਗੁੰਡਾ ਰਾਜ ਤੋਂ ਮੁਕਤ ਕਰ ਸਕੇ। ਇਹ ਸੰਯੋਗ ਸੀ ਕਿ ਮੈਂ ਉਨਾਂ ਦੇ ਬਾਂਦਰਾ ਆਫਿਸ ਵਿਚ ਜਾ ਹਾਜ਼ਰ ਹੋਇਆ। ਮੈਂ ਤਾਂ ਚਾਹੁੰਦਾ ਹੀ ਸੀ ਕਿ ਕੋਈ ਔਖਾ ਜਿਹਾ ਕੰਮ ਮਿਲੇ ਜਿਸ ਨਾਲ ਮੈਂ ਆਪਣੀ ਕੁਸ਼ਲਤਾ, ਬਹਾਦਰੀ ਤੇ ਇਮਾਨਦਾਰੀ ਦਾ ਸਬੂਤ ਦੇ ਸਕਾਂ। ਵਿਧਾਤਾ ਨੇ ਇਹ ਮੌਕਾ ਮੈਨੂੰ ਮਿਲਾ ਦਿੱਤਾ।

# ਕਿਰਤ



ਜੇਕਰ ਘਰ ਬਣਾਉਣਾ ਚਾਹੁੰਦੇ ਹੋ ਤਾਂ, ਭੁੱਲ ਕੇ ਵੀ ਪਹਿਲਾਂ ਲੱਕੜ ਦੀਆਂ ਚੌਗਾਠਾਂ ਨਾ ਲਾਓ । ਇਹ ਜਾਣਕਾਰੀ ਤੁਹਾਨੂੰ ਨਾ ਤਾਂ ਰਾਜ ਮਿਸਤਰੀ ਦੱਸੇਗਾ ਤੇ ਨਾ ਹੀ ਲੱਕੜ ਮਿਸਤਰੀ।

ਕਿਉਂਕਿ ਰਾਜ ਮਿਸਤਰੀ ਨੇ ਆਪਣਾ ਕੰਮ ਸੌਖਾ ਕਰਨਾ ਹੁੰਦਾ, ਕੰਧਾਂ ਕੌਲੇ ਖੜੇ ਕਰਕੇ ਵਿਚੇ ਚੌਗਾਠਾਂ ਬੀੜ ਦੇਣ ਨਾਲ ਉਸ ਦਾ ਕੰਮ ਦਿਨਾਂ ਵਿਚ ਸਿਰੇ ਚੜ ਜਾਂਦਾ।

ਲੱਕੜ ਮਿਸਤਰੀ ਇਸ ਕਰਕੇ ਨਹੀਂ ਦੱਸੇਗਾ ਕਿਉਂਕਿ ਉਸਨੇ ਆਪਣਾ ਕੰਮ ਸ਼ੁਰੂ ਕਰਨਾ ਹੁੰਦਾ ਹੈ, ਕੰਮ ਕੋਈ ਵੀ ਗਵਾ ਕੇ ਰਾਜੀ ਨਹੀਂ। ਪਰ ਦੋਸਤੋ ਪਹਿਲਾਂ ਚੌਗਾਠਾਂ ਲਾਉਣ ਨਾਲ ਲੱਕੜ ਦਾ ਬਹੁਤ ਵੱਡਾ ਨੁਕਸਾਨ ਹੋ ਜਾਂਦਾ ਹੈ।

ਇਕ ਤਾਂ ਲੱਕੜ ਪੈਰਾਂ 'ਚੋਂ ਮਿੱਟੀ ਵਿਚ ਦੱਬੀ ਜਾਂਦੀ ਹੈ, ਉਪਰੋਂ ਰੋਜ਼ਾਨਾ ਕੰਧਾਂ ਨੂੰ ਪਲੱਸਤਰ ਤੱਕ ਲੱਗਣ ਵਾਲਾ ਪਾਣੀ ਚੌਗਾਠ ਦੀ ਲੱਕੜ ਦਾ ਬੇੜਾ ਗਰਕ ਕਰ ਦੇਂਦਾ ਹੈ ਤੇ ਭਵਿੱਖ ਵਿਚ ਮਿੱਟੀ 'ਚੋਂ ਸਿਉਂਕ ਲੱਗਣ ਦਾ ਖਤਰਾ ਵੀ ਵੱਧ ਜਾਂਦਾ ਹੈ।




ਇਸ ਲਈ ਚੌਗਾਠਾਂ ਸਾਰੀ ਕੋਠੀ ਨੂੰ ਪਲੱਸਤਰ ਤੇ ਪੱਥਰ ਲੱਗਣ ਤੋਂ ਬਾਅਦ ਹੀ ਲਗਵਾਓ, ਇਕ ਕੀਮਤੀ ਨੁਕਤਾ ਟਾਈਲ ਜਾਂ ਪੱਥਰ ਦੀ ਸਕਾਟਿੰਗ ਨਾ ਲਵਾਓ ਉਹ ਚੌਗਾਠਾਂ ਦੀ ਫਿਟਿੰਗ ਤੋਂ ਬਾਅਦ ਲਗਵਾਓ।

ਚੌਗਾਠਾਂ ਪਹਿਲਾਂ ਲਾਉਣ ਦੇ ਹੋਰ ਵੀ ਬੜੇ ਨੁਕਸਾਨ ਹਨ, ਜਿਵੇਂ ਰਾਜ ਮਿਸਤਰੀ ਫਿਟਿੰਗ ਕਰਨ ਵੇਲੇ ਹੇਠੋਂ ਚੌਗਾਠ ਉਪਰੋਂ ਖੁਲੀ ਤੇ ਪੈਰਾਂ 'ਚੋਂ ਟਾਈਟ ਕਰ ਦੇਂਦੇ ਹਨ, ਸਾਲ ਅਤੇ ਲੈਵਲ ਠੀਕ ਢੰਗ ਨਾਲ ਨਹੀ ਕਰਦੇ,ਕਈ ਘਰਾਂ ਵਿਚ ਤਾਂ ਚੁਗਾਠਾਂ ਇਕ ਇਕ ਇੰਚ ਪਲੱਸਤਰ ਹੇਠਾਂ ਹੀ ਦੱਬੀਆਂ ਜਾਂਦੀਆਂ ਹਨ। ਲੱਕੜ ਦੀ ਚੋਣ ਹਮੇਸ਼ਾ ਸਾਗਵਾਨ ਜਾਂ ਕਪੂਰ ਸਾਲ ਵਜੋਂ ਹੀ ਕੀਤੀ ਜਾਵੇ।

ਪਾਠਕਾਂ ਨਾਲ ਇਹ ਜਾਣਕਾਰੀ ਮੈਂ ਤਾਂ ਸਾਂਝੀ ਕੀਤੀ ਹੈ ਕਿਉਂਕਿ ਕਾਰੀਗਰਾਂ ਦੀਆਂ ਗਲਤੀਆਂ ਦੀ ਸਜ਼ਾ ਕਾਰੋਬਾਰਾਂ ਨੂੰ ਭੁਗਤਣੀ ਪੈਂਦੀ ਹੈ,ਇਸ ਸਮੇਂ ਦੀ ਤ੍ਰਾਸਦੀ ਹੈ ਕੰਮ ਵਿਰਲੇ ਕਾਰੀਗਰਾਂ ਨੂੰ ਆਉਂਦਾ ਹੈ, ਬਾਕੀ ਹੈਲਪਰ ਤੋਂ ਸਿੱਧੇ ਠੇਕੇਦਾਰ ਜਾ ਬਣਦੇ ਹਨ।

ਲੋਕਾਂ ਨੇ ਅੱਕ ਕੇ ਲੱਕੜ ਦੀ ਜਗਾ ਲੋਹੇ ਦੀਆਂ, ਜਪਾਨੀ ਟੀਨ ਜਾਂ **UPVC ਜਾਂ ਹੁਣ New trend** 'ਚ ਪੱਥਰ ਦੀਆਂ ਚੌਗਾਠਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ, ਜਦਕਿ ਲੱਕੜ ਵਰਗੀ ਮਜਬੂਤੀ ਅਤੇ **Finishing** ਕਿਸੇ ਤੇ ਵੀ ਨਹੀਂ ਆਉਂਦੀ। ਨਾ ਹੀ ਲੱਕੜ ਤੋਂ ਬਗੈਰ ਕਿਸੇ ਤੇ ਕਵਰ ਮੋਲਡਿੰਗ ਲੱਗਦੀ ਹੈ।

ਅਖੀਰ ਤੇ ਚੌਗਾਠਾਂ ਲਾਉਣ ਵੇਲੇ ਇਕ ਤਾਂ ਬੂਹੇ, ਤੰਦਰਿਆਂ ਦੇ ਰਾਜ ਮਿਸਤਰੀ ਨੂੰ ਸਿੱਧੇ ਸਾਲ ਕਰਕੇ ਦੇਣੇ ਪੈਣਗੇ, ਦੂਸਰਾ ਲੱੜਕ ਮਿਸਤਰੀ ਲੱਕੜ ਦੋਵੇਂ ਪਾਸਿਓ ਸਾਈਜ ਕੱਢਕੇ ਫਿੱਟ ਕਰੇਗਾ, ਕੀੜੇ ਮਕੌੜਿਆਂ ਦੇ ਲੁਕਣ ਨੂੰ ਇਕ ਸੂਤਰ ਤੱਕ ਜਗਾ ਨਹੀਂ ਮਿਲੇਗੀ ।

**ਸ਼ਮਸ਼ੇਰ ਸਿੰਘ ਜੇਠੂਵਾਲ**

# ਉਹ ਸ਼ਖਸ ਜੋ ਜਹਾਜ ਥੱਲੇ ਲਟਕ ਕੇ ਦਿੱਲੀ ਤੋਂ ਲੰਡਨ ਪਹੁੰਚ ਗਿਆ

**ਅਸ਼ੋਕ ਸੋਨੀ ਕਾਲਮਨਵੀਸ**

**ਮੋ. ੯੮੭੨੭੦੫੦੭੮**

ਸੰਨ 1996 ਦੀ ਗੱਲ ਹੈ, ਪੰਜਾਬ 'ਚ ਆਪ੍ਰੇਸ਼ਨ ਬਲਿਊ ਸਟਾਰ ਤੋਂ ਬਾਅਦ ਖਰਾਬ ਹੋਏ ਹਾਲਾਤ ਅਜੇ ਵੀ ਪੂਰੀ ਤਰਾਂ ਨਾਲ ਕਾਬੂ 'ਚ ਨਹੀਂ ਸਨ। ਇਸੇ ਸਮੇਂ ਗੜਸ਼ੰਕਰ ਲਾਗੇ ਨਵਾਂਸ਼ਹਿਰ ਰੋਡ 'ਤੇ ਹੁਸ਼ਿਆਰਪੁਰ ਜ਼ਿਲੇ ਦੇ ਇਕ ਪਿੰਡ ਬਸਿਆਲਾ ਦੇ ਦੋ ਨੌਜਵਾਨ ਸਕੇ ਭਰਾ, 23 ਸਾਲਾ ਪ੍ਰਦੀਪ ਸਿੰਘ ਸੈਣੀ ਤੇ 19 ਸਾਲਾ ਵਿਜੈ ਸਿੰਘ ਸੈਣੀ ਜੋ ਕਾਰਾਂ ਠੀਕ ਕਰਨ ਦਾ ਕੰਮ ਸਿਖਦੇ ਸਨ, ਪੁਲਿਸ ਦੀ ਰੋਜ਼ਾਨਾ ਪੁੱਛਗਿੱਛ ਤੇ ਤਸ਼ੱਦਦ ਤੋਂ ਪ੍ਰੇਸ਼ਾਨ ਸਨ। ਉਨਾਂ ਇਸ ਸਭ ਤੋਂ ਖਹਿੜਾ ਛੁਡਾਉਣ ਲਈ ਇੰਗਲੈਂਡ ਜਾਣ ਦਾ ਮਨ ਬਣਾ ਲਿਆ ਜਦਕਿ ਉਨਾਂ ਕੋਲ ਨਾ ਤਾਂ ਕੋਈ ਪਾਸਪੋਰਟ ਸੀ, ਨਾ ਵੀਜਾ ਤੇ ਨਾ ਹੀ ਪੈਸੇ। ਪਰ ਸਤੰਬਰ 1995 'ਚ ਦੋਵੇਂ ਭਰਾ ਬਸ ਚੜ ਦਿੱਲੀ ਆ ਗਏ, ਜਿੱਥੇ ਇਕ ਠੱਗ ਏਜੰਟ ਨੇ ਇਨਾਂ ਨੂੰ ਜਹਾਜ 'ਚ ਸਵਾਰੀਆਂ ਦੇ ਸਮਾਨ ਆਲੇ ਖਾਨੇ ਵਿਚ ਲੁਕੋ ਕੇ ਭੇਜਣ ਦੀ ਗੱਲ ਆਖਦਿਆਂ, 150 ਪੌਂਡ ਦੀ ਠੱਗੀ ਮਾਰ ਲਈ। ਪਰ ਦੋਵੇਂ ਭਰਾ ਠੱਗੇ ਜਾਣ ਤੋਂ ਬਾਅਦ ਵੀ ਵਾਪਸ ਨੀਂ ਆਏ ਤੇ ਉਨਾਂ ਸੱਚੀਂ ਇਸੇ ਤਰੀਕੇ ਲੰਡਨ ਜਾਣ ਲਈ ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ ਦਿੱਲੀ ਦੀ ਰੇਕੀ ਕਰਨੀ ਸ਼ੁਰੂ ਕਰ ਦਿੱਤੀ। ਲਗਾਤਾਰ ਦਸ ਦਿਨ ਰੇਕੀ ਕਰਨ ਤੋਂ ਬਾਅਦ ਇਕ ਦਿਨ ਦੋਵੇਂ ਭਰਾ ਕੰਧ ਤੋਂ ਛਾਲ ਮਾਰਕੇ ਅੰਦਰ ਵੜ ਗਏ ਤੇ ਦਿੱਲੀ ਤੋਂ ਹੀਥਰੋ (ਲੰਡਨ) ਜਾਣ ਵਾਲੇ ਜਹਾਜ ਦੇ ਅਲੱਗ-ਅਲੱਗ ਟਾਇਰਾਂ ਅੰਦਰ ਜਾਣ ਵਾਲੀ ਥੋੜੀ ਜਿਹੀ ਥਾਂ 'ਚ ਲੁੱਕ ਕੇ ਉਸ ਜਹਾਜ ਨਾਲ ਲਟਕ ਗਏ, ਜਿਹੜਾ ਅਗਲੇ 10 ਘੰਟੇ ਲਗਾਤਾਰ 4000 ਫੁੱਟ ਦੀ ਉੱਚਾਈ ਤੇ, -50 ਡਿਗਰੀ ਤਾਪਮਾਨ ਤੇ, 700 ਕਿਲੋਮੀਟਰ ਘੰਟੇ ਦੀ ਸਪੀਡ ਨਾਲ ਉਡਕੇ ਲੰਡਨ ਪਹੁੰਚਿਆ। ਦੋਵਾਂ ਦਾ ਜਿੰਦਾ ਬਚਣਾ ਨਾਮੁਮਕਿਨ ਸੀ, ਜਹਾਜ ਚਲਦਿਆਂ ਹੀ ਲਗਾਤਾਰ ਹੁੰਦੇ ਜ਼ਬਰਦਸਤ ਖੜਕੇ ਅਤੇ ਟਾਇਰਾਂ ਦੇ ਹਿਲਣ ਨਾਲ ਦੋਵੇਂ ਭਰਾਵਾਂ ਦੀ ਹਾਲਾਤ ਖਰਾਬ ਹੋਣ ਲੱਗੀ ਤੇ ਜਦੋਂ ਜਹਾਜ 40000 ਫੁੱਟ ਦੀ ਉੱਚਾਈ ਤੇ ਗਿਆ, ਜਿੱਥੇ ਆਕਸੀਜਨ ਸਿਰਫ 5% ਤੇ ਤਾਪਮਾਨ -50 ਡਿਗਰੀ ਸੀ ਤਾਂ ਪਤਲੀ ਜਿਹੀ ਪੇਂਟ-ਬੁਸ਼ਰਟ 'ਚ ਲਟਕੇ ਦੋਵਾਂ ਭਰਾਵਾਂ ਦੀ ਕੁਲਫੀ ਜੰਮਣ ਲੱਗੀ ਤੇ ਛੋਟੇ ਭਰਾ ਵਿਜੈ ਦਾ ਦਿਮਾਗ ਫੱਟ ਗਿਆ ਤੇ ਉਸਦੀ ਮੌਤ ਹੋ ਗਈ ਜਿਸਦੀ ਲਾਸ਼ ਜਹਾਜ ਉਤਰਨ ਤੋਂ ਕੁੱਝ ਸਮਾਂ ਪਹਿਲਾਂ ਨੀਚੇ ਡਿੱਗ ਗਈ ਸੀ।

ਜਦੋਂ ਜਹਾਜ ਹੀਥਰੋ ਏਅਰਪੋਰਟ ਤੇ ਪਹੁੰਚਿਆਂ ਤਾਂ ਗਰਾਉਂਡ ਸਟਾਫ ਨੇ ਪ੍ਰਦੀਪ ਨੂੰ ਬੇਹੋਸ਼ੀ ਦੀ ਹਾਲਤ 'ਚ ਟਾਇਰਾਂ ਵਾਲੀ ਥਾਂ ਲਟਕਿਆ ਦੇਖਿਆ ਤਾਂ ਉਸਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਕ੍ਰਿਸ਼ਮਾਈ ਢੰਗ ਨਾਲ ਉਹ ਬਚ ਗਿਆ ਜਿਸਤੇ ਪੂਰੀ ਦੁਨੀਆ ਦੇ ਡਾਕਟਰ ਹੈਰਾਨ ਰਹਿ ਗਏ ਪਰ ਜਦੋਂ ਅਗਲੇ ਦਿਨ ਵਿਜੈ ਦੀ ਲਾਸ਼ ਮਿਲੀ ਤਾਂ ਪ੍ਰਦੀਪ ਨੂੰ ਆਪਣੇ ਭਰਾ ਦੀ ਮੌਤ 'ਤੇ ਬਹੁਤ ਡੂੰਘਾ ਸਦਮਾ ਲੱਗਿਆ। ਉਸਨੂੰ ਆਪਣੇ ਇਸ ਕੰਮ ਤੇ ਬਹੁਤ ਪਛਤਾਵਾ ਹੋਇਆ ਜੋ ਅੱਜ ਵੀ ਕਾਇਮ ਹੈ, ਕਿਉਂਕਿ ਉਸਨੂੰ ਲੱਗਦਾ ਹੈ ਕਿ ਉਹ ਵੱਡਾ ਸੀ ਤੇ ਉਸੇ ਦੇ ਫੈਸਲੇ ਕਾਰਨ ਛੋਟੇ ਦੀ ਜਾਨ ਚਲੀ ਗਈ। ਬਾਅਦ 'ਚ ਡਾਕਟਰਾਂ ਨੇ ਉਸਦੇ ਜਿੰਦਾ ਬਚਣ ਤੇ ਆਪਣੀ ਰਿਪੋਰਟ ਵਿਚ ਦੱਸਿਆ ਕਿ ਅਜਿਹੇ ਹਾਲਾਤਾਂ ਵਿਚ ਇਕ ਕਰੋੜ 'ਚੋਂ, ਇਕ ਬੰਦੇ ਦੇ ਬਚਣ ਦੀ ਉਮੀਦ ਹੁੰਦੀ ਹੈ। ਇਸ ਕੇਸ ਵਿਚ ਪ੍ਰਦੀਪ ਦੀ ਇੱਛਾ ਸ਼ਕਤੀ ਦਾ ਬੇਹੱਦ ਮਜ਼ਬੂਤ ਹੋਣਾ ਤੇ ਬਹੁਤ ਜਿਆਦਾ ਠੰਡ 'ਚ ਉਸਦੇ ਦਿਮਾਗ ਦਾ ਰਿਐਕਟ ਕਰਨਾ ਉਕਾ ਈ ਬੰਦ ਕਰ ਦੇਣਾ ਉਸਦੀ ਜਾਨ ਬਚਾ ਗਿਆ ਪਰ ਗੈਰਕਾਨੂੰਨੀ ਢੰਗ ਨਾਲ ਇੰਗਲੈਂਡ ਆਉਣ ਕਾਰਨ, ਉਸਨੂੰ ਵਾਪਸ ਇੰਡੀਆ ਡੀਪੋਰਟ ਕਰਨ ਦੀ ਗੱਲ ਆ ਗਈ। ਪ੍ਰਦੀਪ ਨੇ ਮਾਨਵੀ ਆਧਾਰ ਤੇ ਉਸਨੂੰ ਇੰਗਲੈਂਡ ਵਿਚ ਰਹਿਣ ਦੀ ਆਗਿਆ ਦੇਣ ਲਈ, ਇੰਗਲੈਂਡ ਦੀ ਕੋਰਟ 'ਚ 1996 'ਚ ਅਰਜ਼ੀ ਲਾ ਦਿੱਤੀ, ਹਾਲਾਂਕਿ ਇਸ ਦੌਰਾਨ ਭਰਾ ਦੀ ਮੌਤ ਕਾਰਨ ਤੇ ਸਫਰ ਦੌਰਾਨ ਹੋਏ ਸਰੀਰਕ ਨੁਕਸਾਨ ਕਾਰਨ ਉਹ ਲਗਾਤਾਰ ਛੇ ਸਾਲ ਡਿਪ੍ਰੈਸ਼ਨ ਤੇ ਹੋਰ ਰੋਗਾਂ ਨਾਲ ਵੀ ਘਿਰਿਆ ਰਿਹਾ ਪਰ ਅਖੀਰ 18 ਸਾਲ ਕੇਸ ਚਲਣ ਤੋਂ ਬਾਅਦ 2014 'ਚ ਕੋਰਟ ਨੇ, ਪ੍ਰਦੀਪ ਨੂੰ ਰਹਿਣ ਦੀ ਆਗਿਆ ਹੀ ਨਹੀਂ ਦਿੱਤੀ ਸਗੋਂ ਉਸ ਨੂੰ ਇੰਗਲੈਂਡ ਦੀ ਪੱਕੀ ਨਾਗਰਿਕਤਾ ਵੀ ਮਿਲ ਗਈ। ਉਸਦਾ ਨਾਮ ਗਿਨੀਜ ਬੁਕ 'ਚ ਵੀ ਦਰਜ ਕੀਤਾ ਗਿਆ ਹੈ, ਉਸਦਾ ਵਿਆਹ ਹੋ ਚੁੱਕਾ ਹੈ ਅਤੇ ਦੋ ਬੱਚੇ ਵੀ ਹਨ। ਅੱਜ 49 ਸਾਲਾਂ ਦੀ ਉਮਰ ਵਿਚ ਉਹ ਇੰਗਲੈਂਡ ਦੇ ਉਸੇ ਹੀਥਰੋ ਏਅਰਪੋਰਟ ਤੇ ਆਪਣੀ ਕਾਰ ਰਾਹੀਂ ਇਕ ਕੰਪਨੀ ਨੂੰ ਖਾਣੇ ਦੀਆਂ ਚੀਜ਼ਾਂ ਸਪਲਾਈ ਕਰਨ ਦਾ ਕੰਮ ਕਰਦਾ ਹੈ। ਜਿੱਥੇ ਉਸ ਕੋਲ ਜਿੰਦਗੀ ਦੀ ਹਰ ਐਸ਼ੋ-ਆਰਾਮ ਹੈ ਪਰ ਅੱਜ ਵੀ ਆਪਣੇ ਭਰਾ ਨੂੰ ਯਾਦ ਕਰਦਾ, ਉਹ ਝੁਰਦਾ ਰਹਿੰਦਾ ਹੈ।




# ਪਾਠਕਾਂ ਦਾ ਨਜ਼ਰੀਆ

## ਕੀ ਵਿਦਿਆਰਥੀਆਂ ਨੂੰ ਫ਼ੂਲਨ ਦੇਵੀ ਦੀ ਬਰਸੀ ਮਨਾਉਣ ਦਾ ਵੀ ਹੱਕ ਨਹੀਂ ?

ਤਾਨਾਸ਼ਾਹੀ ਮੋਦੀ ਹਕੂਮਤ ਦਾ ਦੋਗਲਾ ਕਿਰਦਾਰ, ਦੂਜੇ ਪਾਸੇ ਏ.ਬੀ.ਵੀ.ਪੀ. ਦੇ ਸਮਾਗਮ ਨੂੰ ਪੁਲਿਸ ਤੇ ਯੂਨੀਵਰਸਿਟੀ ਵੱਲੋਂ ਪੂਰਨ ਹਮਾਇਤ ਤੇ ਸੇਵਾ, ਕਿੱਥੇ ਗਿਆ ਵਿਚਾਰਾਂ ਦਾ ਯੁੱਗ ? ਕੀ ਵਿਚਾਰ ਪ੍ਰਗਟ ਕਰਨ ਦਾ ਹੱਕ ਬਹੁ-ਗਿਣਤੀ ਨਾਲ ਸਬੰਧਤ ਜਾਂ ਫ਼ਿਰਕੂ ਤਾਨਾਸ਼ਾਹੀ ਮੋਦੀ ਹਕੂਮਤ ਨਾਲ ਰਾਬਤਾ ਰੱਖਣ ਵਾਲੇ ਲੋਕਾਂ ਨੂੰ ਹੀ ਹੈ ?

ਦਿੱਲੀ ਯੂਨੀਵਰਸਿਟੀ ਵਿਚ 'ਆਰਟਸ ਫੈਕਲਟੀ ਡੀ.ਯੂ.' 'ਚ ਸਾਂਝੇ ਤੌਰ 'ਤੇ ਹੋਰ ਵਿਦਿਆਰਥੀਆਂ ਵੱਲੋਂ ਮਨੂੰਵਾਦ ਦੇ ਜ਼ੁਲਮਾਂ ਦੀ ਪੀੜਤ ਤੇ 'ਬ੍ਰਾਹਮਣਵਾਦ' ਦੇ ਬਲਾਤਕਾਰੀਆਂ ਨੂੰ ਮਾਰ ਕੇ ਆਪਣੀ ਲੁੱਟੀ ਹੋਈ ਪੱਤ ਦਾ ਬਦਲਾ ਲੈਣ ਵਾਲੀ ਮਹਾਨ ਔਰਤ ਫੂਲਨ ਰਾਣੀ ਦੀ ਬਰਸੀ ਮਨਾਏ ਜਾਣ ਦਾ ਪ੍ਰੋਗਰਾਮ ਸੀ। ਦਿੱਲੀ ਪੁਲਿਸ ਨੇ ਪ੍ਰੋਗਰਾਮ ਸ਼ੁਰੂ ਹੁੰਦਿਆਂ ਹੀ ਜੇ.ਐਨ.ਯੂ. ਰਿਸਚਰਚ ਸਿਕਾਲਰ ਕੰਚਨਾ ਯਾਦਵ, ਸਹਾਇਕ ਪ੍ਰੋ. ਸੰਤੋਸ਼ ਯਾਦਵ, ਡਾ. ਕਪਿਲਾ ਤੇ ਹੋਰਾਂ ਨੂੰ ਗੈਰ ਕਾਨੂੰਨੀ ਹਿਰਾਸਤ ਵਿਚ ਲੈ ਲਿਆ।

ਪੰਜਾਬ ਤੋਂ ਜਾ ਕੇ ਇਸ ਯੂਨੀਵਰਸਿਟੀ ਵਿਚ ਪੀ.ਐਚ.ਡੀ. ਕਰ ਰਹੀ ਵਿਦਿਆਰਥਣ ਰਾਜਵੀਰ ਕੌਰ ਨੇ ਦੱਸਿਆ ਕਿ ਹੁਣ ਉਨਾਂ ਨੂੰ ਮੁਕੱਦਮਾ ਦਰਜ ਕਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਵਿਦਿਆਰਥੀਆਂ ਨੇ ਇਹ ਵੀ ਦੱਸਿਆ ਕਿ ਆਰ.ਐਸ.ਐਸ. ਦੇ ਵਿਦਿਆਰਥੀ ਵਿੰਗ 'ਆਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ' ਦਾ ਵੀ ਯੂਨੀਵਰਸਿਟੀ ਵਿਚ ਸਵੇਰ ਤੋਂ ਪ੍ਰੋਗਰਾਮ ਹੋ ਰਿਹਾ ਹੈ, ਜਿਸ ਵਿਚ ਫ਼ਿਰਕੂ ਭਾਸ਼ਣ ਹੋ ਰਹੇ ਸਨ ਪਰ ਪੁਲਿਸ ਪ੍ਰਸ਼ਾਸਨ ਤੇ ਯੂਨੀਵਰਸਿਟੀ ਪ੍ਰਸ਼ਾਸਨ ਉਨਾਂ ਦੀ ਸੇਵਾ ਕਰ ਰਿਹਾ ਸੀ। ਸਾਥੀਓ ਇਹੀ ਤਾਂ ਮਨੂੰਵਾਦੀਆਂ, ਬ੍ਰਾਹਮਣਵਾਦੀਆਂ, ਫ਼ਿਰਕੂ ਤਾਨਾਸ਼ਾਹੀ ਹਾਕਮਾਂ ਦੀ ਸਾਡੇ ਨਾਲ, ਘੱਟਗਿਣਤੀਆਂ ਨਾਲ ਟੱਕਰ ਹੈ। ਕੀ ਫ਼ੂਲਨ ਦੇਵੀ ਦੇ ਸਮਰਥਕਾਂ ਨੂੰ ਉਨਾਂ ਦੀ ਬਰਸੀ ਮਨਾਉਣ ਦਾ ਵੀ ਹੱਕ ਨਹੀਂ ? ਇਸ ਦੀ ਸਖ਼ਤ ਨਿੰਦਿਆ ਕਰੋ।

**ਬਲਜਿੰਦਰ ਸਿੰਘ ਕੋਟਭਾਰਾ, ਪੱਤਰਕਾਰ।**

## ਸ਼ਹੀਦ ਭਗਤ ਸਿੰਘ ਬਾਰੇ ਬਹਿਸ

ਸ਼ਹੀਦ ਭਗਤ ਸਿੰਘ ਬਾਰੇ ਬਹਿਸ ਹੋ ਸਕਦੀ ਹੈ ਕਿ ਇਸ ਤੋਂ ਵੱਡੇ ਮਹਾਨ ਸ਼ਹੀਦ ਸਿੱਖ ਪੰਥ ਤੇ ਪੰਜਾਬ ਕੋਲ ਹਨ।ਇਹ ਵੀ ਬਹਿਸ ਹੋ ਸਕਦੀ ਹੈ ਕਿ ਉਹ ਆਰੀਆ ਸਮਾਜੀ ਪ੍ਰਭਾਵ ਵਿਚ ਸੀ।ਇਹ ਵੀ ਕਿਹਾ ਜਾਂਦਾ ਹੈ ਕਿ ਉਹ ਖੱਬੇਪੱਖੀ ਹੋ ਗਿਆ। ਉਸਦੇ ਹਥਿਆਰਬੰਦ ਐਕਸ਼ਨ ਉਪਰ ਬਹਿਸ ਹੋ ਸਕਦੀ ਹੈ ਕਿ ਗਲਤ ਸਨ ਜਾਂ ਸਹੀ। ਪਰ ਅੱਜ ਦੇ ਸੰਦਰਭ ਵਿਚ ਰਾਸ਼ਟਰਵਾਦੀ ਜਜ਼ਬਾ ਨਹੀਂ ਮਾਪਿਆ ਜਾ ਸਕਦਾ। ਨਾ ਹੀ ਅਸੀਂ ਆਪਣੇ ਸ਼ਹੀਦਾਂ ਨੂੰ ਅਤਿਵਾਦੀ ਕਹਿ ਸਕਦੇ ਹਾਂ ਭਾਵੇਂ ਉਹ ਸ਼ਹੀਦ ਭਗਤ ਸਿੰਘ ਕਿਉਂ ਨਾ ਹੋਵੇ।ਪਰ ਸਿੱਖ ਯੋਧੇ ਭਾਈ ਰਣਧੀਰ ਸਿੰਘ ਵਰਗੇ ਕਲੀਅਰ ਸਨ ਕਿ ਸਾਡੀ ਅਜ਼ਾਦੀ ਉਹ ਜਿਥੇ ਸਾਡਾ ਪੰਥ ਸੁਰਖਿਅਤ।ਇਹੀ ਅੰਗਰੇਜ਼ਾਂ ਖਿਲਾਫ਼ ਸਾਡੇ ਯੋਧਿਆਂ ਦੀ ਜੰਗ ਸੀ। ਭਾਈ ਰਣਧੀਰ ਸਿੰਘ ਦੀਆਂ ਜੇਲ ਚਿਠੀਆਂ ਪੜੋ, ਉਹ ਭਾਈ ਸਾਹਿਬ ਨੂੰ ਮਿਲਣ ਲਈ ਕਿੰਨਾ ਬਹਿਬਲ ਸੀ। ਭਾਈ ਰਣਧੀਰ ਸਿੰਘ ਨੂੰ ਮਿਲਕੇ ਵਾਅਦਾ ਕੀਤਾ ਸੀ ਉਹ ਸਿੱਖੀ ਧਾਰਨ ਕਰੇਗਾ। ਮੈਨੂੰ ਨਹੀਂ ਜਾਪਦਾ ਕਿ ਦੇਸ਼ ਦੀ ਅਜ਼ਾਦੀ ਲਈ ਹਥਿਆਰਬੰਦ ਲਹਿਰ ਚਲਾਉਣ ਵਾਲੇ ਭਾਈ ਰਣਧੀਰ ਸਿੰਘ ਨੇ ਝੂਠ ਬੋਲਿਆ ਹੋਵੇ ਜਾਂ ਭਗਤ ਸਿੰਘ ਨੇ ਭਾਈ ਸਾਹਿਬ ਨਾਲ ਝੂਠਾ ਵਾਅਦਾ ਕੀਤਾ ਹੋਵੇ। ਸ਼੍ਰੋਮਣੀ ਕਮੇਟੀ ਨੇ ਅਜਾਇਬਘਰ ਵਿਚ ਤਸਵੀਰ ਭਾਈ ਰਣਧੀਰ ਸਿੰਘ ਦੀ ਸੂਚਨਾ ਪੜਕੇ ਲਗਾਈ ਹੈ। ਭਗਤ ਸਿੰਘ ਦੇ ਬਾਰੇ ਉਸਦੇ ਨਾਮ ਲਿਟਰੇਚਰ ਛਪਿਆ ਉਸਦੇ ਲਿਖਤੀ ਸਬੂਤ ਨਹੀਂ ਮਿਲਦੇ। ਅਖੀਰਲੇ ਸਮੇਂ ਉਹ ਸਿੱਖੀ ਵਲ ਆ ਗਿਆ ਸੀ। ਮੇਰਾ ਮਤ ਹੈ ਕਿ ਭਾਈ ਕਰਤਾਰ ਸਿੰਘ ਸਰਾਭਾ, ਭਾਈ ਹਰਨਾਮ ਸਿੰਘ, ਢੁਢੀਕੇ ਵਾਲੇ ਗਦਰੀ ਬਾਬੇ, ਸ਼ਹੀਦ ਊਧਮ ਸਿੰਘ, ਬੱਬਰ ਅਕਾਲੀ ਆਦਿ ਅਨੇਕਾਂ ਮਹਾਨ ਯੋਧੇ ਹਨ। ਫਿਰ ਸਿਰਫ ਭਗਤ ਸਿੰਘ ਨੂੰ ਮਹਾਨ ਸ਼ਹੀਦ ਵਜੋਂ ਉਭਾਰਨਾ ਯੋਗ ਨਹੀਂ। ਸਾਰੇ ਪੰਜਾਬ ਦੇ ਸ਼ਹੀਦਾਂ ਨੂੰ ਇਕੋ ਜਿਹੀ ਥਾਂ ਮਿਲਣੀ ਚਾਹੀਦੀ ਹੈ।ਸਭ ਤੋਂ ਪਹਿਲਾਂ ਅਜ਼ਾਦੀ ਲਈ 1849 ਵਿਚ ਯੁਧ ਕਰਨ ਵਾਲੇ ਇਸ ਧਰਤੀ ਦੇ ਪਹਿਲੇ ਸ਼ਹੀਦ ਬਾਬਾ ਬਿਕਰਮਾ ਸਿੰਘ ਊਨਾ, ਬਾਬਾ ਮਹਾਰਾਜ ਸਿੰਘ, ਦੀਵਾਨ ਮੂਲਰਾਜ ਕਿਉਂ ਭੁਲਾਏ ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਵਲੋਂ। ਸਾਡੇ ਦੁਸ਼ਮਣਾਂ ਅੰਗਰੇਜ਼ਾਂ ਦੇ ਲਿਖੇ ਦਸਤਾਵੇਜ਼ ਮੌਜੂਦ ਹਨ ਜੋ ਇਨਾਂ ਦੀ ਸ਼ਹਾਦਤ ਬਾਰੇ ਸਾਖੀ ਭਰਦੇ ਹਨ। ਵਿਚਾਰਨ ਦਾ ਵਿਸ਼ਾ ਇਹ ਹੈ ਕਿ ਅਜਾਇਬਘਰ ਵਿਚ ਡੇਰੇਦਾਰਾਂ ਜਿਨਾਂ ਸਿੱਖ ਵਿਰਾਸਤ ਦਾ ਘਾਣ ਕੀਤਾ ਉਹਨਾਂ ਦੀਆਂ ਫੋਟਵਾ ਕਿਉ।ਕ੍ਰਿਪਾਲ ਸਿੰਘ ਜਥੇਦਾਰ ਦੀ ਫੋਟੋ ਕਿਉਂ ਜਿਸਨੇ ਝੂਠ ਬੋਲਿਆ ਕੋਠਾ ਸਾਹਿਬ ਠੀਕ ਨਾਕ ਹੈ। ਕੇਂਦਰੀ ਸਿੱਖ ਅਜਾਇਬਘਰ ਵਿਚ ਫੋਟਵਾਂ ਲਗਾਉਣ ਤੋ ਪਹਿਲਾਂ ਪੈਮਾਨਾ ਮਿਥੇ ਸ਼੍ਰੋਮਣੀ ਕਮੇਟੀ।

**ਬਲਵਿੰਦਰ ਪਾਲ ਸਿੰਘ ਪ੍ਰੋਫੈਸਰ**

## ਵਿਦੇਸ਼ੀ ਠੱਗਾਂ ਤੋਂ ਸੁਚੇਤ ਰਹੋ

ਨੌਸਰਬਾਜ਼ ਜਾਂ ਸਮਾਜ ਤੋਂ ਟੁੱਟੇ ਹੋਏ ਲੋਕ ਭੋਲੀ ਭਾਲੀ ਜਨਤਾ ਨੂੰ ਆਪਣੀਆਂ ਗੱਲਾਂ ਵਿੱਚ ਫਸਾ ਕੇ ਉਨਾਂ ਦੇ ਹੱਥੀਂ ਹੀ ਪੈਸੇ ਆਪਣੇ ਖਾਤੇ ਵਿੱਚ ਪਵਾ ਕੇ ਧੋਖਾ ਕਰ ਰਹੇ ਹਨ। ਇਸ ਤਰਾਂ ਦੇ ਲੋਕ ਕਿਸੇ ਨਾ ਕਿਸੇ ਬੈਂਕ ਦਾ ਨਾਮ ਲੈ ਕੇ ਫੋਨ 'ਤੇ ਅਕਾਊਂਟ ਨਾਲ ਸਬੰਧਤ ਜਾਣਕਾਰੀ ਦੀ ਮੰਗ ਕਰਦੇ ਹਨ। ਕਈ ਵਾਰ ਏ.ਟੀ.ਐੱਮ. ਕਾਰਡ ਨੂੰ ਰੀਨਿਊ ਕਰਨ ਲਈ ਕਾਰਡ ਨੰਬਰ 'ਤੇ ਹੋਰ ਜਾਣਕਾਰੀ ਲੈਂਦੇ ਲੈਂਦੇ ਪਿੰਨ ਕੋਡ ਵੀ ਮੰਗ ਲੈਂਦੇ ਹਨ। ਇਸ ਤਰਾਂ ਕੋਈ ਨਾ ਕੋਈ ਤਾਂ ਇਨਾਂ ਦੇ ਜਾਲ਼ ਵਿੱਚ ਫਸ ਹੀ ਜਾਂਦਾ ਹੈ, ਜਿਸ ਨਾਲ ਇਹ ਠੱਗੀ ਮਾਰ ਜਾਂਦੇ ਹਨ।

ਕਈ ਲਾਟਰੀ ਨਿਕਲਣ ਦਾ ਮੈਸੇਜ ਪਾ ਦਿੰਦੇ ਹਨ ਜਾਂ ਫੋਨ ਕਰ ਦਿੰਦੇ ਹਨ। ਇਹ ਕਹਿੰਦੇ ਹਨ ਕਿ ਆਪਣਾ ਬੈਂਕ ਖਾਤਾ ਨੰਬਰ ਭੇਜ ਦਿਉ। ਇਸ ਤਰਾਂ ਅਣਭੋਲ ਲੋਕ ਕਈ ਵਾਰੀ ਆਪਣਾ ਬੈਂਕ ਖਾਤਾ ਤੇ ਆਧਾਰ ਕਾਰਡ ਨੰਬਰ ਆਦਿ ਦੱਸ ਬੈਠਦੇ ਹਨ। ਇਸ ਤੋਂ ਬਾਅਦ ਓ.ਟੀ.ਪੀ. ਵੀ ਦੱਸ ਦਿੰਦੇ ਹਨ। ਫਿਰ ਸਮਝੋ ਤੁਹਾਡਾ ਖਾਤਾ ਖਾਲੀ ਹੋ ਗਿਆ। ਫਿਰ ਆਮ ਬੰਦੇ ਦੀ ਫਰਿਆਦ ਸਰਕਾਰ ਦੇ ਦਰਬਾਰ ਕੋਈ ਨਹੀਂ ਸੁਣਦਾ।

ਮੇਰੇ ਇੱਕ ਦੋਸਤ ਨੂੰ ਯੂ.ਕੇ. ਤੋਂ ਕਿਸੇ ਦਾ ਫੋਨ ਆਇਆ ਜੋ ਕਿ 'ਪ੍ਰੋਫੈਸਰ ਸੁੱਖੀ' ਬਣ ਕੇ ਗੱਲ ਕਰ ਰਿਹਾ ਸੀ। ਉਸ ਨੇ ਦੋਸਤ ਨੂੰ ਆਪਣਾ ਬੈਂਕ ਖਾਤਾ ਨੰਬਰ ਭੇਜਣ ਲਈ ਕਿਹਾ ਤਾਂ ਜੋ ਉਹ ਦੋਸਤ ਦੇ ਬੈਂਕ ਖਾਤੇ ਵਿੱਚ ਪੈਸੇ ਜਮਾਂ ਕਰਾ ਸਕੇ। ਉਹ ਪੈਸੇ ਉਹ ਇੰਡੀਆ ਆ ਕੇ ਵਾਪਸ ਲੈਣ ਬਾਰੇ ਕਹਿ ਰਿਹਾ ਸੀ। ਦੋਸਤ ਨੇ ਬਾਹਰ ਹੋਣ ਦਾ ਬਹਾਨਾ ਬਣਾ ਕੇ ਅਸਮਰੱਥਾ ਪ੍ਰਗਟਾਈ। 'ਪ੍ਰੋਫੈਸਰ ਸੁੱਖੀ' ਨੇ ਕਿਸੇ ਹੋਰ ਦੋਸਤ ਦਾ ਨੰਬਰ ਦੇਣ ਲਈ ਕਿਹਾ। ਮੇਰੇ ਅਣਭੋਲ ਦੋਸਤ ਨੇ ਮੇਰਾ ਨੰਬਰ ਦੇ ਦਿੱਤਾ। ਦੋਸਤ ਨੇ ਮੈਨੂੰ ਫੋਨ ਕਰ ਦਿੱਤਾ ਕਿ 'ਪ੍ਰੋਫੈਸਰ ਸੁੱਖੀ' ਦਾ ਫੋਨ ਆਊਗਾ। ਬੈਂਕ ਅਕਾਊਂਟ ਬਾਰੇ ਵੀ ਮੈਨੂੰ ਦੱਸ ਦਿੱਤਾ। ਥੋੜੀ ਦੇਰ ਬਾਅਦ ਕਿਸੇ ਦਾ ਫੋਨ ਆ ਗਿਆ ਕਿ ਮੈਂ ਪ੍ਰੋਫੈਸਰ ਸੁੱਖੀ ਯੂ.ਕੇ. ਤੋਂ ਬੋਲ ਰਿਹਾਂ। ਪਹਿਲਾਂ ਤਾਂ ਆਵਾਜ਼ ਕਲੀਅਰ ਨਹੀਂ ਸੀ ਤੇ ਆਵਾਜ਼ ਕਲੀਅਰ ਹੋਣ 'ਤੇ ਮੈਂ ਸਮਝ ਗਿਆ ਕਿ ਕੋਈ ਨੌਸਰਬਾਜ਼ ਹੈ। ਮੈਂ ਉਸ ਨੂੰ ਪੁੱਛਿਆ ਕਿ ਤੁਸੀਂ ਕਿਹੜੇ 'ਸੁੱਖੀ ਪ੍ਰੋਫੈਸਰ' ਹੋ, ਸੁੱਖੀ ਤਾਂ ਕਈ ਨੇ। ਅੱਗਿਓਂ ਫੇਰ ਅਵਾਜ਼ ਆਈ, ਮੈਂ ਸੁੱਖੀ ਪ੍ਰੋਫੈਸਰ ਬੋਲ ਰਿਹਾਂ। ਮੈਂ ਕਿਹਾ, ਸੁਖਵਿੰਦਰ ਸੁੱਖੀ ? ਫੇਰ ਆਵਾਜ਼ ਆਈ, 'ਪ੍ਰੋਫੈਸਰ ਸੁੱਖੀ, ਮੈਂ ਫੋਟੋ ਭੇਜ ਰਿਹਾਂ।'

ਥੋੜੀ ਦੇਰ ਬਾਅਦ ਵਟਸਐਪ ਤੋਂ ਮੇਰੇ ਦੋਸਤ ਦੀ ਫੋਟੋ ਲਾ ਕੇ ਉਹ ਵਿਅਕਤੀ ਕਾਲ ਕਰੀ ਜਾਵੇ। ਮੈਂ ਉਸ ਦੀ ਗੱਲ ਨਹੀਂ ਸੁਣੀ। ਅਸਲ ਵਿੱਚ ਸ. ਅਮਰਜੀਤ ਸਿੰਘ 'ਸੁੱਖੀ' ਸਾਡੇ ਟੀਚਰਜ਼ ਟ੍ਰੇਨਿੰਗ ਵੇਲੇ ਦੇ ਅਧਿਆਪਕ ਰਹੇ ਨੇ, ਜਿਨਾਂ ਨਾਲ ਅਕਸਰ ਮੇਰੀ ਗੱਲ ਹੁੰਦੀ ਰਹਿੰਦੀ ਹੈ। ਉਨਾਂ ਦੀ ਆਵਾਜ਼ ਮੈਂ ਪਛਾਣ ਲੈਂਦਾ ਹਾਂ। ਅਜਿਹੇ ਨੌਸਰਬਾਜ਼ ਕਿਤੋਂ ਨਾ ਕਿਤੋਂ ਕੋਈ ਜਾਣਕਾਰੀ ਲੈ ਕੇ ਅਕਸਰ ਆਪਣੀਆਂ ਗੱਲਾਂ ਵਿੱਚ ਉਲਝਾ ਕੇ ਸਾਡੇ ਨਾਲ ਠੱਗੀ ਮਾਰ ਜਾਂਦੇ ਹਨ। ਕਈ ਗੱਲਾਂ ਤਾਂ ਇਹ ਧੋਖੇਬਾਜ਼ ਸਾਡੇ ਕੋਲ਼ੋਂ ਹੀ ਕਢਵਾ ਲੈਂਦੇ ਹਨ ਜਿਨਾਂ ਨਾਲ ਇਹ ਆਪਣੀ ਲੜੀ ਅੱਗੇ ਤੋਰ ਲੈਂਦੇ ਹਨ।

ਥੋੜੇ ਦਿਨ ਪਹਿਲਾਂ ਸਾਡੇ ਪਿੰਡ ਦੀ ਬਜ਼ੁਰਗ ਔਰਤ ਨੂੰ ਕਿਸੇ ਨੇ ਬਾਹਰਲੀ ਕਾਲ ਦੱਸ ਕੇ ਆਪਣੇ ਵਿਸ਼ਵਾਸ ਵਿੱਚ ਲੈ ਲਿਆ। ਉਸ ਔਰਤ ਦੀ ਇਕਲੌਤੀ ਬੇਟੀ, ਬੇਟਾ ਕੈਨੇਡਾ ਰਹਿ ਰਹੇ ਹਨ। ਉਸ ਔਰਤ ਨੂੰ ਫੋਨ ਆਇਆ ਕਿ ਮੈਂ ਕੈਨੇਡਾ ਤੋਂ ਬੋਲ ਰਿਹਾ ਹਾਂ ਤਾਂ ਅੱਗੋਂ ਉਸ ਔਰਤ ਨੇ ਆਪਣਾ ਦੋਹਤਾ ਸਮਝ ਕੇ ਅੱਗੋਂ ਉਸ ਦਾ ਨਾਂ ਲੈ ਕੇ ਕਹਿ ਦਿੱਤਾ, 'ਬੋਲਦੈਂ ?' ਤਾਂ ਅੱਗੋਂ ਹਾਂ ਦੀ ਆਵਾਜ਼ ਆਈ। ਨਾਨੀ ਪੂਰੀ ਖੁਸ਼ ਹੋ ਗਈ ਅਤੇ ਫੋਨ ਕਰਤਾ ਨੇ ਉਸ ਨੂੰ ਅੰਨੇ ਵਿਸ਼ਵਾਸ ਵਿੱਚ ਲੈ ਕੇ ਉਸ ਦਾ ਐਸਾ ਦਿਮਾਗੀ ਤਵਾਜ਼ਨ ਹਿਲਾ ਦਿੱਤਾ ਕਿ ਫੋਨ ਕਰਤਾ ਦੀ ਹਰੇਕ ਗੱਲ ਮੰਨਣ ਲਈ ਨਾਨੀ ਉਤਾਵਲੀ ਹੋ ਗਈ। ਪਹਿਲਾਂ ਤਾਂ 'ਦੋਹਤੇ' ਨੇ ਤਿੰਨ ਲੱਖ ਦੀ ਫੀਸ ਭਰਨ ਦੀ ਮੰਗ ਕਰ ਦਿੱਤੀ। ਇਹ ਪੈਸੇ ਬੈਂਕ ਜਾ ਕੇ ਨਾਨੀ ਨੇ ਟਰਾਂਸਫਰ ਕਰ ਦਿੱਤੇ। ਫਿਰ ਫੋਨ 'ਤੇ ਦੋਹਤੇ (ਧੋਖੇਬਾਜ਼) ਨੇ ਆਪਣੇ ਦੋਸਤ ਲਈ ਹੋਰ ਪੈਸੇ ਮੰਗ ਲਏ ਜਿਹੜੇ ਥੋੜੇ ਦਿਨਾਂ ਤੱਕ ਮੋੜਨ ਲਈ ਵਾਅਦਾ ਕਰ ਲਿਆ। ਨਾਲ ਹੀ ਇਹ ਵੀ ਕਹਿ ਦਿੱਤਾ ਕਿ ਮੰਮੀ ਨੂੰ ਨਾ ਦੱਸਣਾ। ਨਾਨੀ ਚਾਅ ਨਾਲ ਫਿਰ ਹੋਰ ਐੱਫ ਡੀਜ਼ ਚੁੱਕ ਕੇ ਬੈਂਕ ਚਲੀ ਗਈ। ਬੈਂਕ ਵਾਲੀ ਡੀਲਿੰਗ ਲੜਕੀ ਨੇ ਐਨੇ ਪੈਸੇ ਟਰਾਂਸਫਰ ਨਾ ਕਰਨ ਲਈ ਵੀ ਕਿਹਾ ਪਰ ਅਣਹੋਣੀ ਨੇ ਨਾਨੀ ਦੀ ਮੱਤ ਮਾਰੀ ਹੋਈ ਸੀ। ਉਸ ਅੰਦਰਲੀ ਮਨ ਦੀ ਭਾਵਨਾ ਆਪਣੀ ਬੇਟੀ ਨੂੰ ਬਾਅਦ ਵਿੱਚ ਦੱਸਣ ਦੀ ਸੀ ਕਿਉਂਕਿ ਉਹ ਖੁਸ਼ ਹੋ ਜਾਵੇਗੀ ਕਿ ਉਸਦੇ ਬੇਟੇ (ਦੋਹਤੇ) ਨੂੰ ਨਾਨੀ ਨੇ ਪੈਸੇ ਭੇਜੇ ਨੇ। ਬਾਅਦ ਵਿੱਚ ਪਤਾ ਚੱਲਿਆ ਕਿ ਇਹ ਤਾਂ ਸਾਰੀ ਠੱਗੀ ਸੀ। ਹੁਣ ਪੁਲਿਸ ਇਸ ਕੇਸ ਵਿੱਚ ਕੁਝ ਨਹੀਂ ਕਰ ਰਹੀ।

ਇਸੇ ਤਰਾਂ ਮੇਰੇ ਪਿੰਡ ਦੇ ਹੀ ਇੱਕ ਹੋਰ ਸ਼ਹਿਰੀ ਦੁਕਾਨਦਾਰ ਨਾਲ ਵਾਪਰਿਆ। ਉਸ ਨੂੰ ਵੀ ਕੈਨੇਡਾ ਤੋਂ ਫੋਨ ਕਰਕੇ ਨੌਸਰਬਾਜ਼ ਨੇ ਆਪਣੇ ਜਾਲ਼ ਵਿੱਚ ਫਸਾ ਲਿਆ। ਜਿਊਲਰ ਦੀ ਦੁਕਾਨਦਾਰੀ ਕਰਦੇ ਪੀੜਤ ਨੇ ਦੱਸਿਆ ਕਿ ਉਸ ਦੀ ਸਾਲੀ ਦਾ ਮੁੰਡਾ ਬਣ ਕੇ ਉਸ ਨੇ ਪੈਸੇ ਭੇਜਣ ਲਈ ਉਲਝਾ ਲਿਆ। ਉਸਨੇ ਨੇ ਕਿਹਾ ਕਿ ਉਹ ਜੇਲ ਵਿੱਚ ਫਸ ਗਿਆ ਹੈ। ਉਸ ਨੇ ਨਾਲ ਇਹ ਵੀ ਕਹਿ ਦਿੱਤਾ ਕਿ ਮੰਮੀ ਡੈਡੀ ਨੂੰ ਨਾ ਦੱਸਿਓ ਕਿਉਂਕਿ ਉਨਾਂ ਨੂੰ ਕੁਝ ਹੋ ਨਾ ਜਾਵੇ। ਪੈਸੇ ਅਖੌਤੀ ਵਕੀਲ ਦੇ ਖਾਤੇ ਵਿੱਚ ਪਾਉਣ ਲਈ ਕਹਿ ਦਿੱਤਾ, ਜੋ ਕਿ ਵੱਟਸਅਪ 'ਤੇ ਇੱਕ ਸਰਦਾਰ ਦੀ ਫੋਟੋ ਲਾ ਕੇ ਗੱਲ ਕਰਦਾ ਹੈ ਅਤੇ ਪੈਸੇ ਨਾਲ ਹੀ ਵਾਪਸ ਕਰਨ ਦੀ ਗੱਲ ਵੀ ਕਰਦਾ ਹੈ। ਉੱਧਰੋਂ ਇੱਕ ਰਸੀਦ ਵੀ ਭੇਜਦਾ ਹੈ ਜਿਸ ਨਾਲ ਉਹ ਆਪਣਾ ਵਿਸ਼ਵਾਸ ਬਣਾ ਲੈਂਦਾ ਹੈ। ਉਹ ਪੈਸੇ ਕਿੱਥੋਂ ਆਉਣੇ ਸੀ, ਇਹ ਸਾਰਾ ਕੁਝ ਤਾਂ ਜਾਅਲ਼ੀ ਸੀ। ਇਸ ਤਰੱਾਂ ਤਕਰੀਬਨ ਸੱਤ ਲੱਖ ਰੁਪਏ ਆਪਣੇ ਖਾਤੇ ਵਿੱਚ ਉਹ ਪੁਵਾ ਗਏ। ਦੁਕਾਨਦਾਰ ਨੂੰ ਆਪ ਹੀ ਪਤਾ ਨਹੀਂ ਲੱਗ ਰਿਹਾ ਕਿ ਉਸ ਨੇ ਕਿਉਂ ਐਨੇ ਪੈਸੇ ਭੇਜ ਦਿੱਤੇ। ਧੋਖੇਬਾਜ਼ਾਂ ਦੀਆਂ ਗੱਲਾਂ ਦਾ ਪ੍ਰਭਾਵ ਹੀ ਇੰਨਾ ਤਿੱਖਾ ਹੁੰਦਾ ਹੈ ਕਿ ਉਹ ਅਗਲੇ ਨੂੰ ਸੋਚਣ ਦਾ ਸਮਾਂ ਹੀ ਨਹੀਂ ਦਿੰਦੇ। ਇਸ ਮਾਮਲੇ ਵਿੱਚ ਇਸ ਨੂੰ ਠੱਗੀ ਕਹਿਣਾ ਵੀ ਸਹੀ ਨਹੀਂ ਲੱਗਦਾ ਕਿਉਂਕਿ ਵਿਅਕਤੀ ਆਪ ਹੀ ਦੂਜੇ ਦੇ ਖਾਤੇ ਵਿੱਚ ਪੈਸੇ ਪਾ ਦਿੰਦਾ ਹੈ।

ਇਨਾਂ ਮਾਮਲਿਆਂ ਵਿੱਚ ਆਮ ਵਿਅਕਤੀ ਦੇ ਪੈਸੇ ਵਾਪਸ ਮਿਲਣੇ ਅਸੰਭਵ ਲੱਗਦੇ ਹਨ। ਪਰ ਇਹ ਵੱਡੇ ਲੋਕਾਂ ਲਈ ਸੰਭਵ ਬਣ ਜਾਂਦਾ ਹੈ ਜਿਸਦੀ ਮਿਸਾਲ ਸਾਡੇ ਸਾਹਮਣੇ ਹੈ। ਜਦੋਂ ਸੰਸਦ ਮੈਂਬਰ ਮਹਾਰਾਣੀ ਪਰਨੀਤ ਕੌਰ ਦੇ ਖਾਤੇ ਵਿੱਚੋਂ ਕਿਸੇ ਨੇ ਪੈਸੇ ਕੱਢੇ ਉਹ ਧੋਖੇਬਾਜ਼ ਲੋਕ ਪੁਲਿਸ ਨੇ ਬਾਹਰਲੇ ਰਾਜ ਵਿੱਚੋਂ ਜਲਦੀ ਫੜ ਕੇ ਪੈਸੇ ਵਾਪਸ ਕਰਵਾਏ। ਇਹ ਦੋਗਲੀ ਨੀਤੀ ਕਿਉਂ ? ਇਹੀ ਸਾਡੇ ਦੇਸ਼ ਦੀ ਤ੍ਰਾਸਦੀ ਹੈ।

ਸੋ ਪਹਿਲੀ ਗੱਲ ਤਾਂ ਲੋਕਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ। ਦੂਸਰਾ ਜੇ ਕਿਸੇ ਨਾਲ ਇਹ ਧੋਖਾ ਹੁੰਦਾ ਹੈ ਤਾਂ ਪੁਲਿਸ ਨੂੰ ਪੀੜਤ ਨਾਲ ਹਮਦਰਦੀ ਨਾਲ ਪੇਸ਼ ਆ ਕੇ ਧੋਖੇਬਾਜ਼ਾਂ ਨੂੰ ਟਰੇਸ ਕਰਨਾ ਚਾਹੀਦਾ ਹੈ ਜੋ ਕਿ ਅੱਜ ਦੇ ਸਮੇਂ ਵਿੱਚ ਸੰਭਵ ਹੈ। ਫੋਨ ਦੀ ਲੋਕੇਸ਼ਨ ਭਾਵ ਸਾਰ ਕੁਝ ਪਤਾ ਕਰਨਾ ਅੱਜ ਦੀ ਟੈਕਨਾਲੋਜੀ ਲਈ ਕੋਈ ਔਖਾ ਨਹੀਂ। ਆਏ ਫੋਨ ਨੰਬਰ ਅਤੇ ਜਿਸ ਬੈਂਕ ਖਾਤੇ ਵਿੱਚ ਪੈਸੇ ਗਏ ਹਨ ਤੋਂ ਵਿਅਕਤੀ ਦੀ ਫੋਟੋ ਅਤੇ ਘਰ ਦਾ ਪਤਾ ਆਸਾਨੀ ਨਾਲ ਪਤਾ ਲੱਗ ਜਾਂਦਾ ਹੈ। ਪਰ ਇਹੋ ਜਿਹੇ ਲੋਕਾਂ ਨੂੰ ਟਰੇਸ ਨਾ ਕਰਨਾ ਸਰਕਾਰ ਦੀ ਕੀ ਮਜਬੂਰੀ ਹੈ, ਇਸ ਬਾਰੇ ਕੋਈ ਸਮਝ ਨਹੀਂ ਆ ਰਹੀ। ਪੁਲਿਸ ਵੱਲੋਂ ਕੋਈ ਸਾਰਥਿਕ ਕਾਰਵਾਈ ਨਾ ਕਰਨੀ ਸਵਾਲੀਆ ਚਿੰਨ ਲਾਉਂਦੀ ਹੈ। ਸੋ ਸਾਨੂੰ ਹੀ ਆਪਣੇ ਆਲੇ ਇਹੋ ਜਿਹੀਆਂ ਵਾਪਰ ਰਹੀਆਂ ਘਟਨਾਵਾਂ ਤੋਂ ਸਬਕ ਲੈ ਕੇ ਸੁਚੇਤ ਹੋਣ ਦੀ ਲੋੜ ਹੈ ਤਾਂ ਜੋ ਅਸੀਂ ਆਪਣੇ ਪੈਸੇ ਨੂੰ ਸੁਰੱਖਿਅਤ ਰੱਖ ਸਕੀਏ।

**ਮੇਜਰ ਸਿੰਘ ਨਾਭਾ**



# ਜੇਲਾਂ ਵਾਲਾ ਆਧੁਨਿਕ ਠੱਗ - ਸੁਕੇਸ਼ ਚੰਦਰਸ਼ੇਖਰ

**ਅਸ਼ੋਕ ਸੋਨੀ, ਕਾਲਮਨਵੀਸ**
**ਮੋ. ੯੮੭੨੭੦੫੦੭੮**

ਸੁਕੇਸ਼ ਚੰਦਰਸ਼ੇਖਰ, ਬਚਪਨ ਤੋਂ ਹੀ ਬੇਹੱਦ ਚੁਸਤ-ਚਲਾਕ ਤੇ ਹੁਸ਼ਿਆਰ ਸੀ, ਬੰਗਲੌਰ ਦੇ ਆਮ ਜਿਹੇ ਘਰ ਦਾ ਮੁੰਡਾ ਸੀ। ਸੁਕੇਸ਼ ਦੇ ਪਿਤਾ, ਇਸਨੂੰ ਰੋਜ ਆਪਣੇ ਸਕੂਟਰ ਤੇ ਸਕੂਲ ਛੱਡਣ ਜਾਂਦੇ ਪਰ ਜਦੋਂ ਉੱਥੇ ਹੀ ਇਸਦੇ ਹੋਰ ਸਾਥੀਆਂ ਨੂੰ ਵੱਡੀਆਂ ਕਾਰਾਂ ਛੱਡਣ ਆਉਂਦੀਆਂ ਤਾਂ ਇਹ ਹੀਣਭਾਵਨਾ ਦਾ ਸ਼ਿਕਾਰ ਹੋ ਗਿਆ ਤੇ ਇਸਨੇ ਸੋਚ ਲਿਆ ਕਿ ਇਕ ਦਿਨ ਇਹ ਵੀ ਵੱਡੀਆਂ ਗੱਡੀਆਂ ਤੇ ਐਸ਼ੋ-ਆਰਾਮ ਆਲੀ ਜਿੰਦਗੀ ਬਣਾਵੇਗਾ, ਸੁਪਨੇ ਬਹੁਤ ਵੱਡੇ ਸਨ ਪਰ ਪੂਰੇ ਕਰਨ ਲਈ ਰਸਤਾ ਗਲਤ ਚੁਣ ਲਿਆ। 10 ਵੀਂ ਜਮਾਤ ਤੋਂ ਬਾਅਦ ਪੜਾਈ ਛੱਡ ਕੇ, 16 ਕੁ ਸਾਲ ਦੀ ਉਮਰ 'ਚ ਠੱਗੀ ਦਾ ਕੰਮ ਸ਼ੁਰੂ ਕੀਤਾ, ਸਭ ਤੋਂ ਪਹਿਲਾਂ ਇਸਨੇ 18 ਸਾਲ ਤੋਂ ਘੱਟ ਉਮਰ ਵਿਚ ਹੀ ਜਾਲੀ ਤਰੀਕੇ ਨਾਲ ਲਾਇਸੈਂਸ ਬਣਾਇਆ, ਫੇਰ ਇਸ ਕੋਲੋਂ ਅਜਿਹੀ ਨਕਲੀ ਚਿੱਠੀ ਫੜੀ ਗਈ, ਜਿਸ 'ਚ ਸਰਕਾਰੀ ਆਦੇਸ਼ ਸਨ ਕਿ ਇਸਨੂੰ ਪੂਰੀ ਸਟੇਟ 'ਚ ਕਿਤੇ ਵੀ ਨਾ ਰੋਕਿਆ ਜਾਵੇ, ਜਿਸਦਾ ਇਸਨੇ ਵੱਡੇ ਪੱਧਰ ਤੇ ਪ੍ਰਯੋਗ ਵੀ ਕੀਤਾ ਸੀ। ਆਪਣੇ-ਆਪ ਨੂੰ ਵੱਡੇ-ਵੱਡੇ ਲੀਡਰਾਂ ਦਾ, ਮੁੱਖ ਮੰਤਰੀ ਦਾ, ਸਾਂਸਦਾ ਦਾ, ਰਿਸ਼ਤੇਦਾਰ ਆਖਦਿਆਂ ਲੋਕਾਂ ਨੂੰ ਉਨਾਂ ਦੇ ਕੰਮ ਕਰਾਉਣ ਦੇ ਲਾਲਚ ਵਿਚ ਲੈ ਕੇ, ਇਸਨੇ ਕਰੋੜਾਂ ਰੁਪਈਆਂ ਦੀ ਠੱਗੀ ਮਾਰੀ। ਦਰਅਸਲ ਇਹ ਫੋਨ ਤੇ ਗੱਲ ਕਰਨ 'ਚ ਬਹੁਤ ਮਾਹਿਰ ਹੈ।, ਇਹ ਆਪਣੇ-ਆਪ ਨੂੰ ਵੱਡੇ ਅਫ਼ਸਰ ਜਾਂ ਲੀਡਰ ਦੇ ਰੂਪ ਵਿਚ ਇਸ ਤਰਾਂ ਪੇਸ਼ ਕਰਦਾ ਕਿ ਅਗਲਾ ਬੰਦਾ ਆਪਣੇ-ਆਪ ਫੱਸ ਜਾਂਦਾ, ਉਪਰੋਂ ਇਹ ਟੈਲੀਕਾਮ, ਇੰਟਰਨੈੱਟ ਤੇ ਟੈਕਨਾਲੋਜੀ ਦਾ ਇੱਡਾ ਮਾਹਿਰ ਹੈ ਕਿ ਵੱਡੇ-ਵੱਡੇ ਇੰਜੀਨੀਅਰ ਹੈਰਾਨ ਨੇ ਪਰ ਸੁਕੇਸ਼ ਚੰਦਰਸ਼ੇਖਰ ਨੇ ਆਪਣੇ ਟੈਲੇਂਟ ਦੀ ਵਰਤੋਂ ਹਮੇਸ਼ਾ ਨਕਾਰਾਤਮਕ ਪਾਸੇ ਕੀਤੀ ਹੈ।

ਇਸਨੇ ਮਾਡਲ ਲੀਨਾ ਮਾਰਿਆ ਪਾਲ ਨੂੰ ਫੋਨ ਕਰਕੇ ਆਖਿਆ ਕਿ ਇਹ ਮੌਜੂਦਾ ਐਮ ਪੀ ਦਾ ਮੁੰਡਾ ਏ ਤੇ ਤਾਮਿਲ ਫਿਲਮ ਬਣਾ ਰਿਹਾ ਏ, ਜਿਸ 'ਚ ਉਸਨੂੰ ਹੈਰੋਇਨ ਲੈਣਾ ਚਾਹੁੰਦਾ ਏ। ਉਸਨੂੰ ਚੇਨੱਈ ਦੇ ਵੱਡੇ ਹੋਟਲ ਵਿਚ ਬੁਲਾ ਕੇ ਮਿਲਦਾ ਏ, ਮਹਿੰਗੀਆਂ ਗੱਡੀਆਂ ਤੇ ਐਸ਼ਪ੍ਰਸਤੀ ਰਾਹੀਂ ਹੌਲੀ-ਹੌਲੀ ਲੀਨਾ ਮਾਰਿਆ ਇਸ ਨੂੰ ਪਸੰਦ ਕਰਨ ਲੱਗ ਜਾਂਦੀ ਏ। ਹਾਲਾਂਕਿ ਇਹ ਕਿਸੇ ਕੇਸ ਵਿਚ ਜੇਲ ਚਲਾ ਜਾਂਦਾ ਏ ਤੇ ਲੀਨਾ ਨੂੰ ਹਕੀਕਤ ਪਤਾ ਲੱਗ ਜਾਂਦੀ ਹੈ ਪਰ ਬਾਅਦ ਵਿਚ ਇਹ ਆਪ ਵੀ ਇਹਦੇ ਨਾਲ ਰੱਲ ਜਾਂਦੀ ਏ ਤੇ ਦੋਵੇਂ ਜਣੇ ਵਿਆਹ ਕਰਵਾ ਲੈਂਦੇ ਹਨ । ਫੇਰ ਇਹ ਦੋਵੇਂ ਜਣੇ ਰਲਕੇ ਕੈਨਰਾ ਬੈਂਕ ਨਾਲ 19 ਕਰੋੜ ਦੀ ਠੱਗੀ ਮਾਰ ਜਾਂਦੇ ਨੇ, ਹੋਰ ਵੀ ਕਈ ਠੱਗੀਆਂ ਮਾਰਦੇ ਨੇ। ਜੈਲਲਿਤਾ ਦੀ ਮੌਤ ਤੋਂ ਬਾਅਦ ਉਸਦੀ ਮਹਾਨ ਰਾਜਨੀਤਕ ਵਿਰਾਸਤ ਲਈ ਲਈ ਦੋ ਧਿਰਾਂ 'ਚ ਫੁੱਲਾਂ ਦੀ ਪੱਤੀਆਂ ਆਲੇ ਚੋਣ ਨਿਸ਼ਾਨ ਲਈ ਰੌਲਾ ਪੈ ਜਾਂਦਾ ਏ। ਚੰਦਰਸ਼ੇਖਰ ਇਕ ਗੁੱਟ ਨੂੰ ਚੋਣ ਕਮਿਸ਼ਨ ਵਿਚ ਜਾਣਕਾਰੀ ਦੱਸਦਿਆਂ, ਫੁੱਲਾਂ ਦੀਆਂ ਪਤੀਆਂ ਆਲੇ ਚੋਣ ਨਿਸ਼ਾਨ ਦਿਵਾਉਣ ਬਦਲੇ, ਕਰੋੜਾਂ ਰੁਪਈਆ ਠੱਗਣ ਦੇ ਕੇਸ ਵਿਚ ਤਿਹਾੜ ਜੇਲ ਚਲਾ ਜਾਂਦਾ ਏ, ਦੇਸ਼ ਦੀ ਉਹ ਜੇਲ ਜਿੱਥੇ ਹਰੇਕ ਬੈਰਕ ਨੂੰ ਕੈਮਰਿਆਂ ਦੀ ਤੇ ਜੈਮਰ ਦੀ ਸਕਿਊਰਿਟੀ ਹਾਸਲ ਏ, ਉੱਥੇ ਜਾ ਕੇ ਸੁਕੇਸ਼ ਆਪਣੇ ਕਾਲੇ ਕੰਮਾਂ ਨੂੰ, ਸਾਰੂ ਜੇਲ ਪ੍ਰਸ਼ਾਸਨ ਨੂੰ ਖਰੀਦਣ ਤੋਂ ਬਾਅਦ, ਜਿਸ ਪੱਧਰ ਤੇ ਕਰਦਾ ਏ, ਜਾਣ ਕੇ ਪੂਰਾ ਦੇਸ਼ ਹੀ ਹਿੱਲ ਜਾਂਦਾ ਹੈ। ਇਸ ਜੇਲ 'ਚ ਬਹੁਤ ਵੱਡੇ-ਵੱਡੇ ਲੋਕ ਬੰਦ ਸਨ। ਸੁਕੇਸ਼ ਜੇਲ ਪ੍ਰਸ਼ਾਸਨ ਨੂੰ ਇੰਨਾ ਰੁਪਈਆ ਦਿੰਦਾ ਹੈ ਕਿ ਉਹ ਜੇਲ ਵਿਚ ਵੀ ਬਹੁਤ ਵੱਡਾ ਬੰਦਾ ਬਣਕੇ ਖੁਲੇਆਮ ਵਿਚਰਦਾ ਏ। ਇੱਥੇ ਇਸੇ ਹੀ ਜੇਲ ਵਿਚ ਬਿਆਸ ਆਲੇ 'ਬਾਬਾ ਜੀ' ਦੇ ਨਜ਼ਦੀਕੀ ਰਿਸ਼ਤੇਦਾਰ, ਰੈਨਬੈਕਸੀ ਦਵਾਈਆਂ ਤੇ ਫੋਰਟਿਸ ਹਸਪਤਾਲਾਂ ਦੇ ਮਾਲਕ ਭਰਾਵਾਂ ਮਾਲਵਿੰਦਰ ਸਿੰਘ ਤੇ ਸ਼ਿਵੇਂਦਰ ਮੋਹਨ ਸਿੰਘ 'ਚੋਂ, ਸ਼ਿਵੇਂਦਰ ਮੋਹਨ ਸਿੰਘ ਨੂੰ ਜੇਲ ਵਿਚ ਮਿਲਦਾ ਹੈ, ਜੋ 2019 'ਚ ਲਗਭਗ 2400 ਕੁ ਕਰੋੜ ਰੁਪਈਏ ਦੀ ਰੋਲ-ਗਿਦੋਲ 'ਚ ਫਸੇ ਹੋਏ ਸਨ। ਜਦੋਂ ਉਹ 'ਸ਼ਿਵੇਂਦਰ ਮੋਹਨ ਸਿੰਘ' ਦੀ ਜੇਲ 'ਚੋਂ ਛੁੱਟਣ ਦੀ ਤਾਂਘ ਵੇਖਦਾ ਹੈ ਤਾਂ ਉਸਨੂੰ ਇਕ ਨਵੀਂ ਤਰਕੀਬ ਆਉਂਦੀ ਹੈ। ਸੁਕੇਸ਼ ਸ਼ਿਵੇਂਦਰ ਦੀ ਘਰਵਾਲੀ ਅਦਿਤੀ ਸਿੰਘ ਨੂੰ ਜੇਲ 'ਚੋਂ, ਇੰਟਰਨੈਸ਼ਨਲ ਨੰਬਰ ਰਾਹੀਂ ਫੋਨ ਕਰਦਾ ਏ ਕਿ ਉਹ ਗ੍ਰਹਿ ਮੰਤਰਾਲੇ ਤੋਂ ਬੋਲ ਰਿਹਾ ਏ, ਕੋਰੋਨਾ ਕਾਲ 'ਚ ਭਾਰਤ ਸਰਕਾਰ ਨੂੰ ਉਸਦੇ ਘਰਵਾਲੇ ਦੀ, ਦਵਾਈਆਂ ਲਈ ਲੋੜ ਏ ਤੇ ਉਹ ਉਸਨੂੰ ਛੁਡਾ ਦੇਣਗੇ। ਫੇਰ ਸ਼ਾਮ ਨੂੰ ਕਿਸੇ ਲੈਂਡਲਾਈਨ ਨੰਬਰ ਰਾਹੀਂ ਉਹ ਅਦਿਤੀ ਸਿੰਘ ਨਾਲ ਉਸਦੇ ਸਾਰੇ ਕੇਸ ਬਾਰੇ ਬਿਲਕੁੱਲ ਸਟੀਕ ਗੱਲਬਾਤ ਕਰਦਾ ਹੈ, ਜਿਸਦੀ ਜਾਣਕਾਰੀ ਉਸਨੇ ਜੇਲ ਪ੍ਰਸ਼ਾਸਨ ਤੋਂ



ਹਾਸਲ ਕੀਤੀ ਸੀ। ਅਦਿਤੀ ਸਿੰਘ ਜਾਂਚ ਕਰਦੀ ਏ ਤਾਂ 'ਟਰਯੂਕਾਲਰ' ਵਾਕਈ 'ਹੋਮ ਮਿਨੀਸਟਰੀ' ਸ਼ੋ ਕਰਦਾ ਏ ਤੇ ਫੇਰ ਜਿਸ ਨੰਬਰ ਤੋਂ ਫੋਨ ਕਰਦਾ ਏ, ਜਾਂਚ ਕਰਨ ਤੇ ਉਹ 'ਪੀ ਕੇ ਮਿਸ਼ਰਾ' ਪੀ ਐਮ ਓ ਦਫ਼ਤਰ ਦੱਸਦਾ ਏ ਤਾਂ ਅਦਿਤੀ ਸਿੰਘ ਸੱਚ ਮੰਨ ਲੈਂਦੀ ਏ, ਜਦਕਿ ਇਹ ਸਿਰਫ ਇਕ ਸਾਫਟਵੇਅਰ ਦਾ ਕਮਾਲ ਸੀ।

ਫੇਰ ਅਦਿਤੀ ਸਿੰਘ ਤੇ ਉਹ ਆਖਰੀ ਦਾਅ ਖੇਡਦੇ ਹੋਏ ਲੈਂਡਲਾਈਨ ਨੰਬਰ ਤੋਂ ਫੋਨ ਕਰਦਾ ਆਖਦਾ ਏ ਕਿ ਇਸ ਸਮੇਂ ਫੋਨ ਲਾਊਡਸਪੀਕਰ ਤੇ ਹੈ ਅਤੇ ਗ੍ਰਹਿਮੰਤਰੀ ਅਮਿਤ ਸ਼ਾਹ ਖੁਦ ਸਾਰੀ ਗੱਲਬਾਤ ਸੁਣ ਰਹੇ ਨੇ, ਹੁਣ ਅਦਿਤੀ ਸਿੰਘ ਜਾਲ ਵਿਚ ਫਸ ਜਾਂਦੀ ਏ ਤੇ 30 ਕਿਸ਼ਤਾਂ 'ਚ 200 ਕਰੋੜ ਰੁਪਈਆ, ਜਿਸ 'ਚੋਂ ਕੁੱਝ ਰਕਮ ਇਸਦੇ ਵੱਖ-ਵੱਖ ਦੇਸ਼ਾਂ 'ਚ ਖਾਤਿਆਂ ਵਿਚ ਅਤੇ ਬਾਕੀ ਇੱਥੇ ਇਸ ਦੇ ਬੰਦਿਆਂ ਨੂੰ ਦੇ ਦਿੰਦੀ ਏ। ਅਖੀਰ ਉਸਨੂੰ ਪਤਾ ਲੱਗਣ ਤੇ ਜਦੋਂ ਉਹ ਪੁਲਿਸ ਨੂੰ ਸ਼ਿਕਾਇਤ ਕਰਦੀ ਏ, ਮਾਮਲਾ ਬਹੁਤ ਵੱਡਾ ਸੀ ਪਰ ਜਦੋਂ ਪੁਲਸ ਜਾਂਚ ਦੌਰਾਨ ਨੰਬਰ ਦੀ ਲੋਕੇਸ਼ਨ ਮਿਲ ਜਾਂਦੀ ਹੈ ਤੇ ਸਭ ਕੁੱਝ ਸਾਫ ਹੋ ਜਾਂਦਾ ਹੈ ਤਾਂ ਪੂਰਾ ਦੇਸ਼ ਹਿਲ ਜਾਂਦਾ ਏ। ਦਰਅਸਲ ਸੁਕੇਸ਼ ਹਰ ਮਹੀਨੇ ਕਰੋੜਾਂ ਰੁਪਈਆ ਜੇਲ ਪ੍ਰਸ਼ਾਸਨ ਨੂੰ ਚੜਾਉਂਦਾ ਸੀ, ਲਗਭਗ ਸਾਰਾ ਜੇਲ ਪ੍ਰਸ਼ਾਸਨ ਹੀ ਵਿੱਕ ਚੁੱਕਾ ਸੀ, ਹੁਣ 82 ਜੇਲ ਮੁਲਾਜ਼ਮਾਂ ਤੇ ਇਸ ਸੰਬੰਧੀ ਐਫ ਆਈ ਆਰ ਹੋਈ ਏ।

ਸੁਕੇਸ਼ ਚੰਦਰਸ਼ੇਖਰ ਠੱਗ ਹੋਣ ਦੇ ਨਾਲ-ਨਾਲ ਬਾਲੀਵੁੱਡ ਹੀਰੋਇਨਾਂ ਨਾਲ ਨਜ਼ਦੀਕੀਆਂ ਦਾ ਵੀ ਬੇਹੱਦ ਸ਼ੌਕੀਨ ਹੈ। ਮਸ਼ਹੂਰ ਬਾਲੀਵੁੱਡ ਸਟਾਰ 'ਜੈਕਲਿਨ ਫਰਨਾਂਡਿਜ਼' ਨੂੰ ਤੇ 'ਨੂਰਾ ਫਤੇਹੀ' ਨੂੰ ਤਾਂ ਉਹ ਬਹੁਤ ਮਹਿੰਗੀਆਂ ਗੱਡੀਆਂ ਤੇ ਬੇਸ਼ਕੀਮਤੀ ਤੋਹਫੇ ਦਿੰਦਾ ਏ। ਜੈਕਲਿਨ ਦੇ ਭੈਣ-ਭਰਾਵਾਂ ਤੇ ਮਾਪਿਆਂ ਨੂੰ, ਜੋ ਵਿਦੇਸ਼ ਵਿਚ ਰਹਿੰਦੇ ਹਨ, ਉਨਾਂ ਨੂੰ ਵੀ ਕਰੋੜਾਂ ਰੁਪਈਆ ਭੇਜਦਾ ਏ, ਜੇਲ ਤੋਂ ਪੈਰੋਲ ਤੇ ਆਇਆ, ਉਹ ਜੈਕਲਿਨ ਵਰਗੀਆਂ ਨੂੰ 'ਚਾਰਟਡ ਜਹਾਜ' ਤੇ ਘੁਮਾਉਂਦਾ ਏ, ਉਸਦੀ ਹੀਰੋਇਨਾਂ ਨਾਲ ਚੁੰਮਣ ਦੀਆਂ ਤਸਵੀਰਾਂ ਸ਼ਰੇਆਮ ਵਾਇਰਲ ਹੋਈਆਂ ਸਨ, ਬਾਅਦ ਵਿਚ ਪੁਲਿਸ ਜਾਂਚ ਦੌਰਾਨ ਇਨਾਂ ਹੀਰੋਇਨਾਂ ਨੇ ਇਹ ਕਹਿੰਦਿਆਂ ਖਹਿੜਾ ਛੁਡਾਇਆ ਹੈ ਕਿ ਇਨਾਂ ਨੇ ਤੋਹਫੇ ਤਾਂ ਲਏ ਨੇ ਪਰ ਸਾਨੂੰ ਨੀਂ ਪਤਾ ਉਹ ਕੀ ਕੰਮ ਕਰਦਾ ਸੀ, ਅਸੀਂ ਤੋਹਫੇ ਮੋੜ ਦੇਵਾਂਗੇ। ਹੁਣ ਜੇਲ 'ਚ ਬੈਠਾ ਇਹ ਠੱਗ, ਸ਼ਰੇਆਮ ਮੰਨਦਾ ਏ ਕਿ ਉਸਨੇ ਬਾਲੀਵੁੱਡ ਹੀਰੋਇਨਾਂ 'ਤੇ ਅੰਨੇਵਾਹ ਪੈਸਾ ਵਰਾਇਆ ਏ। ਉਸਦਾ ਕਹਿਣਾ ਏ ਕਿ ਹਰ ਬੰਦਾ ਵਿਕਾਊ ਏ, ਬਸ ਸਹੀ ਕੀਮਤ ਲਾਉਣ ਆਲਾ ਚਾਹੀਦਾ ਏ। ਵਾਕਈ ਸਾਡਾ ਦੇਸ਼ ਮਹਾਨ ਏ, ਆਪਾਂ ਸਿਰਫ ਲੀਡਰਾਂ ਨੂੰ ਗਾਲਾਂ ਕੱਢਦੇ ਆਂ, ਪਰ ਇੱਥੇ ਦੇਖੋ, ਬਾਲੀਵੁੱਡ ਦੀਆਂ ਹੀਰੋਇਨਾਂ, ਪੂਰਾ ਜੇਲ ਪ੍ਰਸ਼ਾਸਨ, ਵੱਡੇ-ਵੱਡੇ ਅਫ਼ਸਰ, ਸਾਰੇ ਈ ਚੋਰਾਂ ਨਾਲ ਰੱਲ਼ੇ ਨੇ, ਸਹੀ ਏ ਸਾਡੇ ਦੇਸ਼ ਵਿਚ ਇਮਾਨਦਾਰ ਲਗਭਗ ਉਹੀ ਹੈ, ਜਿਸਨੂੰ ਬੇਈਮਾਨੀ ਦਾ ਮੌਕਾ ਮਿਲਿਆ ਈ ਨਾ ਹੋਵੇ।

# ਯੂਨੀਅਨ ਸਿਟੀ ਕੈਲੀਫੋਰਨੀਆ ਵਿਖੇ ਡਾਕਟਰ ਗੁਰਵਿੰਦਰ ਅਮਨ ਦੀ ਅੰਗਰੇਜ਼ੀ ਪੁਸਤਕ ਲੋਕ ਅਰਪਣ ਹੋਈ

**ਯੂਨੀਅਨ ਸਿਟੀ, ਕੈਲੀਫੋਰਨੀਆ : ਪ੍ਰਮਿੰਦਰ ਸਿੰਘ ਪ੍ਰਵਾਨਾ:** ਬੀਤੇ ਦਿਨੀਂ ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ ਦੇ ਗ੍ਰਹਿ ਯੂਨੀਅਨ ਸਿਟੀ ਵਿਖੇ ਇਕ ਪਰਿਵਾਰਕ ਮਿਲਣੀ ਵਿਚ ਡਾਕਟਰ ਅਮਨ ਰਾਜਪੁਰਾ ਦੀ ਅੰਗਰੇਜ਼ੀ ਪੁਸਤਕ **'Chiselled Stone (Mini Tales)'** ਲੋਕ ਅਰਪਣ 'ਗਿੰਨੀ ਯਾਦਗਾਰੀ ਸਭਿਆਚਾਰਕ ਮੰਚ' ਵਲੋਂ ਹੋਈ, ਜਿਸ ਵਿਚ ਡਾਕਟਰ ਅਮਨ ਦੇ ਪਰਿਵਾਰ ਅਤੇ ਪ੍ਰਵਾਨਾ ਪਰਿਵਾਰ ਦੇ ਨਾਲ ਨਾਲ ਸਥਾਨਕ ਪ੍ਰਸਿੱਧ ਫਨਕਾਰ ਸ਼ਾਮਲ ਹੋਏ ਹਾਸ-ਵਿਅੰਗ ਕਲਾਕਾਰ ਮਾਸਟਰ ਰੈਂਕੋ, ਕਵੀਸ਼ਰ ਜਸਦੀਪ ਸਿੰਘ ਫਰੀਮਾਂਟ, ਗੀਤਕਾਰ ਅਤੇ ਗਾਇਕ ਮਹਿੰਦਰ ਸਿੰਘ ਰਾਜਪੂਤ।

ਪ੍ਰਵਾਨਾ ਵਲੋਂ ਡਾਕਟਰ ਅਮਨ ਦੀ ਪਹਿਚਾਣ ਕਰਵਾਉਂਦਿਆਂ ਦੱਸਿਆ ਗਿਆ ਕਿ ਸਾਡੇ ਕਰੀਬੀ ਸਾਹਿਤਕਾਰ ਦੋਸਤ ਜੋ ਅੱਜ ਕੱਲ ਅਮਰੀਕਾ ਫੇਰੀ ਤੇ ਹਨ, ਪੇਸ਼ੇ ਵਜੋਂ ਰਾਜਪੁਰਾ ਵਿਖੇ ਡਾਕਟਰ ਹਨ, ਡਾਕਟਰ ਅਮਨ ਨਾਲ ਮੇਰੀ ਸਾਹਿਤਕ ਅਤੇ ਪਰਿਵਾਰਕ ਸਾਂਝ 20 ਸਾਲ ਤੋਂ ਉਪਰ ਸਮੇਂ ਤੋਂ ਹੈ। ਜਦੋਂ ਮੈਂ ਆਪਣੀ ਵਿਛੜੀ ਬੇਟੀ ਗਿੰਨੀ ਦੀ ਯਾਦ ਵਿਚ 'ਗਿੰਨੀ ਸਿਮ੍ਰਤੀ ਗ੍ਰੰਥ' ਵੱਡਅਕਾਰੀ ਪੁਸਤਕ ਦੀ ਸੰਪਾਦਨਾ ਵਿਚ ਪੰਜਾਬਸੀ, ਉਥੇ ਸਾਹਿਤਕ ਪ੍ਰੋਗਰਾਮਾਂ ਵਿਚ ਹੁੰਦੀਆਂ ਮੁਲਾਕਾਤਾਂ ਇਹ ਇਕ ਲੰਬੀ ਸਾਂਝ ਬਣ ਗਈ ਹੈ। ਮੈਂ ਜਦ ਵੀ ਪੰਜਾਬ ਜਾਂਦਾ ਹਾਂ ਤਾਂ ਡਾਕਟਰ ਅਮਨ ਵਲੋਂ ਮੇਰੇ ਸਨਮਾਨ ਵਿਚ ਕਈ ਪ੍ਰੋਗਰਾਮ ਕਰਵਾਏ ਗਏ ਹਨ। ਡਾਕਟਰ ਅਮਨ ਜਦੋਂ 2015 ਵਿਚ ਅਮਰੀਕਾ ਫੇਰੀ ਤੇ ਸਨ ਤਾਂ ਸਾਡੇ ਵਲੋਂ 'ਗਿੰਨੀ ਯਾਦਗਾਰੀ ਸੱਭਿਆਚਾਰਕ ਮੰਚ' ਹੇਠ ਉਸ ਦਾ ਰੂਬਰੂ ਪ੍ਰੋਗਰਾਮ ਵੱਡੇ ਪੱਧਰ 'ਤੇ ਕਰਵਾਇਆ ਗਿਆ ਸੀ।



ਪੇਸ਼ੇ ਵਜੋਂ ਡਾਕਟਰ ਤੋਂ ਇਲਾਵਾ ਸਾਹਿਤਕਾਰ, ਫਿਲਮੀ ਕਲਾਕਾਰ, ਨਿਰਮਾਤਾ, ਨਿਰਦੇਸ਼ਕ, ਪੱਤਰਕਾਰ ਅਤੇ ਸਭ ਤੋਂ ਉਪਰ ਸਮਾਜ ਸੇਵੀ ਹਨ। ਪਿਛਲੇ 20 ਸਾਲਾਂ ਤੋਂ 'ਲੋਕ ਸਾਹਿਤ ਸੰਗਮ' ਰਾਜਪੁਰਾ ਦੇ ਪ੍ਰਧਾਨ ਹਨ। ਜੋ ਇਕ ਅਜਿਹੀ ਸਭਾ ਹੈ ਜਿਸ ਵਿਚ ਚੰਦਾ ਨਹੀਂ ਲਿਆ ਜਾਂਦਾ। ਸਾਰਾ ਪ੍ਰਬੰਧ ਡਾਕਟਰ ਅਮਨ ਖੁਦ ਹੀ ਕਰ ਲੈਂਦੇ ਹਨ। ਅੱਜ ਅਸੀਂ ਇਨਾਂ ਦੀ ਅੰਗਰੇਜ਼ੀ ਪੁਸਤਕ ਲੋਕ ਅਰਪਣ ਕਰਨ ਦਾ ਮਾਣ ਮਹਿਸੂਸ ਕਰ ਰਹੇ ਹਾਂ ਜੋ ਮੌਕਾ ਡਾਕਟਰ ਅਮਨ ਨੇ ਦਿੱਤਾ ਹੈ। ਮੁਲਰੂਪ ਵਿਚ ਇਹ ਪੁਸਤਕ ਪੰਜਾਬੀ ਵਿਚ ਨਿੱਕੀਆਂ ਕਹਾਣੀਆਂ ਦੀ ਹੈ। ਪਰ ਇਸ ਦਾ ਅਨੁਵਾਦ ਹਿੰਦੀ, ਉਰਦੂ, ਅੰਗਰੇਜ਼ੀ ਅਤੇ ਜਰਮਨ ਵਿਚ ਹੋਇਆ ਹੈ। ਇਸ ਪੁਸਤਕ ਵਿਚ ਡਾਕਟਰ ਅਮਨ ਦੇ ਨਿੱਜੀ ਤਜਰਬਿਆਂ ਤੇ ਆਧਾਰਤ ਵਿਅੰਗਮਈ ਨਿੱਕੀਆਂ ਕਹਾਣੀਆਂ ਹਨ ਜੋ ਸਮਾਜਿਕ ਵਰਤਾਰੇ ਦੇ ਪਾਜ਼ ਉਘੇੜਦੀਆਂ ਹਨ ਅਤੇ ਸਿੱਖਿਆ ਦੇਂਦੀਆਂ ਹਨ। ਵਿਅੰਗ ਜੋ ਸਾਰਥਿਕ ਸੇਧ ਦਿੰਦਾ ਹੈ, ਡਾਕਟਰ ਅਮਨ ਦੀਆਂ ਕਵਿਤਾਵਾਂ ਦੀਆਂ ਪੁਸਤਕਾਂ ਵੀ ਛਪੀਆਂ ਹਨ।

ਡਾਕਟਰ ਅਮਨ ਵਲੋਂ ਹੋਰ ਜਾਣਕਾਰੀ ਦਿੱਤੀ ਗਈ ਕਿ ਉਹ ਸਭਾ ਰਾਹੀਂ ਸਾਹਿਤਕਾਰਾਂ ਨੂੰ ਜੋੜਦੇ ਹਨ। ਉਨਾਂ ਦੇ ਪ੍ਰੋਗਰਾਮਾਂ ਵਿਚ ਦੂਰ ਦੁਰਾਡੇ ਤੋਂ ਸਾਹਿਤਕਾਰ ਸ਼ਾਮਲ ਹੁੰਦੇ ਹਨ। ਉਨਾਂ ਦੀ ਸਭਾ ਦੇ ਮੈਂਬਰ ਵੀ ਹੋਰ ਸਭਾਵਾਂ ਵਿਚ ਜਾਂਦੇ ਹਨ। ਇਸ ਤਰਾਂ ਸਾਹਿਤ ਕਲਾ ਦੀ ਪ੍ਰਵਾਹ ਚਲਦਾ ਹੈ।

ਪ੍ਰੋਗਰਾਮ ਵਿਚ ਕਵੀਸ਼ਰ ਜਸਦੀਪ ਸਿੰਘ ਫਰੀਮਾਂਟ ਵਲੋਂ ਸਮਾਜਿਕ ਵਿਅੰਗ ਅਤੇ ਪੰਜਾਬੀ ਸੱਭਿਆਚਾਰ ਦੇ ਮੇਲਿਆਂ 'ਤੇ ਆਧਾਰਤ ਰਚਨਾਵਾਂ ਪੇਸ਼ ਕੀਤੀਆਂ ਗਈਆਂ। ਮਹਿੰਦਰ ਸਿੰਘ ਰਾਜਪੂਤ ਵਲੋਂ ਆਪਣੀਆਂ ਲਿਖੀਆਂ ਵਾਰਾਂ ਗਾਈਆਂ ਗਈਆਂ। ਮਾਸਟਰ ਰੈਂਕੋ ਨੇ ਆਪਣੇ ਹਾਸ ਵਿਅੰਗ ਟੋਟਕਿਆਂ ਨਾਲ ਸਮਾਂ ਬੰਨ ਰੱਖਿਆ ਅਤੇ ਕੁਝ ਗੀਤ ਵੀ ਗਾਏ।

ਪ੍ਰੋਗਰਾਮ ਵਿਚ ਪਰਿਵਾਰਕ ਮੈਂਬਰ ਸ਼ਾਮਲ ਸਨ : ਡਾਕਟਰ ਮਨਜੀਤ ਕੌਰ, ਅਮਨਪ੍ਰੀਤ ਕੌਰ, ਗਗਨਦੀਪ ਸਿੰਘ ਗੁਨਕਾਰ ਸਿੰਘ, ਅਬੀਰ ਸਿੰਘ, ਤ੍ਰਿਪਤ ਕੌਰ, ਪ੍ਰਮਿੰਦਰ ਕੌਰ, ਗੁਰਵਿੰਦਰ ਵਿੱਕ, ਰਣਵੀਰ ਸਿੰਘ, ਅਰਸ਼ਵੀਰ ਸਿੰਘ ਆਦਿ। ਪਰਿਵਾਰਕ ਮੈਂਬਰਾਂ ਅਤੇ ਖਾਸ ਕਰਕੇ ਬੱਚਿਆਂ ਨੇ ਪ੍ਰੋਗਰਾਮ ਦਾ ਭਰਪੂਰ ਆਨੰਦ ਮਾਣਿਆ। ਅੰਤ ਵਿਚ ਪ੍ਰਵਾਨਾ ਵਲੋਂ ਸਭਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਦਾ ਸੰਖੇਪ ਅਤੇ ਰੌਚਿਕ ਪ੍ਰੋਗਰਾਮ ਸਾਰਥਿਕ ਹੋ ਨਿਬੜਿਆ ਹੈ। ਇਸ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਪ੍ਰੋਗਰਾਮ ਇਕ ਪਰਿਵਾਰਕ ਸਨੇਹ ਭਰਪੂਰ ਮਾਹੌਲ ਵਿਚ ਹੋਇਆ ਹੈ। ਪੰਜਾਬ ਤੋਂ ਜੋ ਅਸੀਂ ਆਉਂਦੇ ਜਾਂਦੇ ਅਜਿਹੇ ਪ੍ਰੋਗਰਾਮ ਉਲੀਕਦੇ ਹਾਂ, ਉਹ ਪੰਜਾਬ ਅਤੇ ਵਿਦੇਸ਼ਾਂ ਵਿਚ ਸਾਹਿਤ ਕਲਾ ਦੇ ਅਦਾਨ ਪ੍ਰਦਾਨ ਵਿਚ ਇਕ ਪੁਲ ਦਾ ਕੰਮ ਕਰਦੇ ਹਨ। ਇਕ ਯਾਦਗਾਰੀ ਤਸਵੀਰ ਨਾਲ ਪ੍ਰੋਗਰਾਮ ਸੰਪੰਨ ਹੋਇਆ।

## ਮਿਆਂਮਾਰ ਵਿਚ ਬਲਾਤਕਾਰ

ਮਾਂਗ ਓ ਕਹਿੰਦੇ ਹਨ ਕਿ ਉਨਾਂ ਨੂੰ ਆਪਣੇ ਕੀਤੇ ਦਾ ਪਛਤਾਵਾ ਹੈ।

ਉਹ ਕਹਿੰਦੇ ਹਨ, 'ਮੈਂ ਤੁਹਾਨੂੰ ਸਭ ਦੱਸਾਂਗਾ। ਮੈਂ ਚਾਹੁੰਦਾ ਹਾਂ ਕਿ ਸਾਰਿਆਂ ਨੂੰ ਇਸ ਬਾਰੇ ਪਤਾ ਲੱਗੇ ਤਾਂ ਕਿ ਉਹ ਸਾਡੇ ਵਰਗੇ ਹਸ਼ਰ ਤੋਂ ਬਚ ਸਕਣ।'

ਇਹ ਅਜਿਹੇ ਸਮੇਂ ਵਿੱਚ ਹੋ ਰਿਹਾ ਹੈ ਜਦੋਂ ਕਈ ਲੋਕਾਂ ਦਾ ਮੰਨਣਾ ਹੈ ਕਿ ਫੌਜ ਕਈ ਮੋਰਚਿਆਂ 'ਤੇ ਚੱਲ ਰਹੇ ਗ੍ਰਹਿ ਯੁੱਧ ਵਿੱਚ ਮੋਹਰੀ ਰਹਿਣ ਲਈ ਸੰਘਰਸ਼ ਕਰ ਰਹੀ ਹੈ।

ਮਿਆਂਮਾਰ ਵਿਟਨੈੱਸ- ਖੋਜਕਰਤਾਵਾਂ ਦਾ ਇੱਕ ਸਮੂਹ ਹੈ, ਜੋ ਉਪਲੱਬਧ ਜਾਣਕਾਰੀ ਜ਼ਰੀਏ ਮਿਆਂਮਾਰ ਵਿੱਚ ਮਨੁੱਖੀ ਅਧਿਕਾਰ ਉਲੰਘਣਾ ਦਾ ਰਿਕਾਰਡ ਰੱਖਦਾ ਹੈ।

ਇਸ ਸਮੂਹ ਨੇ ਲੰਘੇ ਦਸ ਮਹੀਨਿਆਂ ਵਿੱਚ ਇਸ ਤਰਾਂ 200 ਤੋਂ ਜ਼ਿਆਦਾ ਪਿੰਡਾਂ ਨੂੰ ਜਲਾਉਣ ਦੀਆਂ ਰਿਪੋਰਟਾਂ ਇਕੱਤਰ ਕੀਤੀਆਂ ਹਨ।

ਉਨਾਂ ਦਾ ਕਹਿਣਾ ਹੈ ਕਿ ਇਸ ਤਰਾਂ ਦੇ ਹਮਲਿਆਂ ਦਾ ਪੈਮਾਨਾ ਵਿਆਪਕ ਹੋ ਰਿਹਾ ਹੈ ਅਤੇ ਇਸ ਸਾਲ ਜਨਵਰੀ ਅਤੇ ਫਰਵਰੀ ਵਿੱਚ ਹੀ ਅਜਿਹੇ ਘੱਟ ਤੋਂ ਘੱਟ 40 ਹਮਲੇ ਹੋਏ ਸਨ ਜਦੋਂ ਕਿ ਮਾਰਚ ਅਤੇ ਅਪ੍ਰੈਲ ਵਿੱਚ ਅਜਿਹੇ 66 ਹਮਲੇ ਹੋਏ।

ਇਹ ਪਹਿਲੀ ਵਾਰ ਨਹੀਂ ਹੈ ਜਦੋਂ ਮਿਆਂਮਾਰ ਦੀ ਸੈਨਾ ਘਰਾਂ ਅਤੇ ਪਿੰਡਾਂ ਨੂੰ ਅੱਗ ਲਗਾਉਣ ਦੀ ਨੀਤੀ 'ਤੇ ਚੱਲ ਰਹੀ ਹੈ। 2017 ਵਿੱਚ ਰਖੀਨੇ ਪਿੰਡ ਵਿੱਚ ਰੋਹਿੰਗਿਆ ਲੋਕਾਂ ਦੇ ਖਿਲਾਫ਼ ਵੀ ਵੱਡੇ ਪੱਧਰ 'ਤੇ ਇਸ ਦੀ ਵਰਤੋਂ ਕੀਤੀ ਗਈ ਸੀ। ਦੇਸ਼ ਦੇ ਪਹਾੜੀ ਅਤੇ ਨਸਲੀ ਇਲਾਕਿਆਂ ਵਿੱਚ ਇਸ ਤਰਾਂ ਦੇ ਹਮਲੇ ਕਈ ਦਹਾਕਿਆਂ ਤੋਂ ਹੁੰਦੇ ਰਹੇ ਹਨ।

ਅਜਿਹੇ ਹੀ ਕੁਝ ਨਸਲੀ ਲੜਾਕੇ ਗਰੁੱਪ ਹੁਣ ਪੀਡੀਐੱਫ ਨੂੰ ਫੌਜ ਦੇ ਖਿਲਾਫ਼ ਗ੍ਰਹਿ ਯੁੱਧ ਵਿੱਚ ਹਥਿਆਰ ਅਤੇ ਸਿਖਲਾਈ ਹਾਸਲ ਕਰਨ ਵਿੱਚ ਮਦਦ ਕਰ ਰਹੇ ਹਨ।

ਮਨੁੱਖੀ ਅਧਿਕਾਰ ਸੰਗਠਨ ਹਿਊਮਨ ਰਾਈਟਸ ਵਾਚ ਦਾ ਕਹਿਣਾ ਹੈ ਕਿ ਫੌਜੀਆਂ ਨੂੰ ਮਨਮਰਜ਼ੀ ਨਾਲ ਲੁੱਟਮਾਰ ਅਤੇ ਕਤਲ ਕਰਨ ਦੀ ਆਗਿਆ ਦੇਣ ਦਾ ਇਹ ਸੱਭਿਆਚਾਰ ਮਿਆਂਮਾਰ ਵਿੱਚ ਦਹਾਕਿਆਂ ਤੋਂ ਚੱਲ ਰਿਹਾ ਹੈ।

2021 ਦੇ ਸੈਨਾ ਤਖ਼ਤਾਪਲਟ ਦੇ ਬਾਅਦ ਤੋਂ ਹੁਣ ਤੱਕ ਦਸ ਹਜ਼ਾਰ ਦੇ ਕਰੀਬ ਫੌਜੀ ਅਤੇ ਪੁਲਿਸ ਕਰਮਚਾਰੀ ਛੱਡ ਕੇ ਜਾ ਚੁੱਕੇ ਹਨ।

ਸਾਬਕਾ ਫੌਜੀਆਂ ਅਤੇ ਪੁਲਿਸ ਮੁਲਾਜ਼ਮਾਂ ਦੇ ਸੰਗਠਨ ਪੀਪੁਲਜ਼ ਐਂਬ੍ਰੇਸ ਨੇ ਇਹ ਅੰਕੜਾ ਜਾਰੀ ਕੀਤਾ ਹੈ।

ਸੈਂਟਰ ਫਾਰ ਸਟਰੈਟਜਿਕ ਐਂਡ ਇੰਟਰਨੈਸ਼ਨਲ ਸਟੱਡੀਜ਼ ਥਿੰਕ ਟੈਂਕ ਨਾਲ ਜੁੜੇ ਮਾਈਕਲ ਮਾਰਟਿਨ ਕਹਿੰਦੇ ਹਨ, 'ਫੌਜ ਕਈ ਮੋਰਚਿਆਂ 'ਤੇ ਚੱਲ ਰਹੇ ਗ੍ਰਹਿ ਯੁੱਧ ਵਿੱਚ ਸੰਘਰਸ਼ ਕਰ ਰਹੀ ਹੈ।'

ਮਾਰਟਿਨ ਕਹਿੰਦੇ ਹਨ, 'ਫੌਜ ਕੋਲ ਲੋਕਾਂ ਦੀ ਘਾਟ ਹੈ। ਅਫ਼ਸਰ ਰੈਂਕ ਵਿੱਚ ਅਤੇ ਫੌਜੀ ਰੈਂਕ ਵਿੱਚ ਵੀ ਕਿਉਂਕਿ ਉਸ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ ਅਤੇ ਨਵੀਆਂ ਭਰਤੀਆਂ ਵਿੱਚ ਵੀ ਸਮੱਸਿਆ ਹੈ।'

'ਇਸ ਦੇ ਇਲਾਵਾ ਸਪਲਾਈ ਅਤੇ ਸਾਜ਼ੋ-ਸਾਮਾਨ ਦੀਆਂ ਵੀ ਦਿੱਕਤਾਂ ਹਨ। ਇਹ ਇਸ ਗੱਲ ਤੋਂ ਵੀ ਸਾਬਤ ਹੁੰਦਾ ਹੈ ਕਿ ਉਹ ਦੇਸ਼ ਦੇ ਕਈ ਹਿੱਸਿਆਂ ਵਿੱਚ ਕਈ ਇਲਾਕਿਆਂ ਦਾ ਕੰਟਰੋਲ ਗੁਆਉਂਦੇ ਦਿਖ ਰਹੇ ਹਨ।' ਮੇਗਵੇ ਅਤੇ ਸੇਗੇਂਗ ਇਲਾਕਿਆਂ ਜਿੱਥੇ ਇਹ ਜ਼ੁਲਮ ਹੋਇਆ, ਇਤਿਹਾਸਕ ਰੂਪ ਨਾਲ ਸੈਨਾ ਦੀ ਭਰਤੀ ਦੇ ਇਲਾਕੇ ਰਹੇ ਹਨ, ਪਰ ਹੁਣ ਇੱਥੋਂ ਦੇ ਨੌਜਵਾਨ ਪੀਡੀਐੱਫ ਵਿੱਚ ਸ਼ਾਮਲ ਹੋਣਾ ਪਸੰਦ ਕਰ ਰਹੇ ਹਨ।

ਕਾਰਪੋਰਲ ਆਂਗ ਸੈਨਾ ਛੱਡਣ ਦੇ ਕਾਰਨ ਨੂੰ ਲੈ ਕੇ ਸਪੱਸ਼ਟ ਹਨ। ਉਹ ਕਹਿੰਦੇ ਹਨ, 'ਜੇਕਰ ਮੈਨੂੰ ਇਹ ਲੱਗਦਾ ਕਿ ਲੰਬੀ ਲੜਾਈ ਵਿੱਚ ਸੈਨਾ ਜਿੱਤ ਜਾਵੇਗੀ ਤਾਂ ਮੈਂ ਕਦੇ ਵੀ ਪਾਲਾ ਬਦਲ ਕੇ ਲੋਕਾਂ ਵੱਲ ਨਹੀਂ ਜਾਂਦਾ।'

ਉਹ ਕਹਿੰਦੇ ਹਨ ਕਿ ਸੈਨਿਕ ਇਕੱਲੇ ਕਦੇ ਵੀ ਆਪਣਾ ਅੱਡਾ ਨਹੀਂ ਛੱਡਦੇ ਹਨ ਕਿਉਂਕਿ ਉਨਾਂ ਨੂੰ ਡਰ ਹੁੰਦਾ ਹੈ ਕਿ ਪੀਡੀਐੱਫ ਉਨਾਂ ਨੂੰ ਮਾਰ ਦੇਵੇਗੀ।

'ਅਸੀਂ ਜਿੱਥੇ ਵੀ ਜਾਂਦੇ ਹਾਂ ਸਿਰਫ਼ ਸੈਨਾ ਕਾਲਮ ਵਿੱਚ ਹੀ ਜਾਂਦੇ ਹਾਂ। ਕੋਈ ਇਹ ਨਹੀਂ ਕਹਿ ਸਕਦਾ ਹੈ ਕਿ ਅਸੀਂ ਯੁੱਧ ਵਿੱਚ ਹਾਵੀ ਹੋ ਰਹੇ ਹਾਂ।'

ਅਸੀਂ ਇਸ ਜਾਂਚ ਰਿਪੋਰਟ ਵਿੱਚ ਸਾਹਮਣੇ ਆਏ ਦੋਸ਼ਾਂ ਨੂੰ ਮਿਆਂਮਾਰ ਦੀ ਸੈਨਾ ਦੇ ਬੁਲਾਰੇ ਜ਼ਾ ਮਿਨ ਟੁਨ ਦੇ ਸਾਹਮਣੇ ਰੱਖਿਆ। ਇੱਕ ਬਿਆਨ ਵਿੱਚ ਉਨਾਂ ਨੇ ਸੈਨਾ ਦੇ ਨਾਗਰਿਕਾਂ 'ਤੇ ਹਮਲੇ ਕਰਨ ਅਤੇ ਉਨਾਂ ਦੇ ਕਤਲ ਕਰਨ ਦੇ ਦੋਸ਼ਾਂ ਨੂੰ ਨਕਾਰ ਦਿੱਤਾ।

ਉਨਾਂ ਨੇ ਕਿਹਾ ਕਿ ਇੱਥੇ ਜਿਨਾਂ ਦੋ ਛਾਪਿਆਂ ਨੂੰ ਦਰਸਾਇਆ ਗਿਆ ਹੈ ਉਹ ਦੋਵੇਂ ਹੀ ਕਾਨੂੰਨੀ ਨਿਸ਼ਾਨੇ 'ਤੇ ਸਨ ਅਤੇ ਜੋ ਲੋਕ ਮਾਰੇ ਗਏ ਸਨ ਉਹ 'ਅੱਤਵਾਦੀ' ਸਨ। ਉਨਾਂ ਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਸੈਨਾ ਪਿੰਡਾਂ ਵਿੱਚ ਅੱਗ ਲਾ ਰਹੀ ਹੈ। ਉਨਾਂ ਨੇ ਦਾਅਵਾ ਕੀਤਾ ਕਿ ਪੀਡੀਐੱਫ ਅੱਗਜ਼ਨੀ ਅਤੇ ਪਿੰਡਾਂ 'ਤੇ ਹਮਲੇ ਕਰ ਰਹੀ ਹੈ।

ਇਹ ਕਹਿਣਾ ਮੁਸ਼ਕਿਲ ਹੈ ਕਿ ਇਹ ਗ੍ਰਹਿ ਯੁੱਧ ਕਦੋਂ ਅਤੇ ਕਿਸ ਤਰਾਂ ਖਤਮ ਹੋਵੇਗਾ, ਪਰ ਅਜਿਹਾ ਲੱਗ ਰਿਹਾ ਹੈ ਕਿ ਮਿਆਂਮਾਰ ਦੇ ਲੱਖਾਂ ਲੋਕ ਇਸ ਦੀ ਦਹਿਸ਼ਤ ਦੇ ਸਾਏ ਵਿੱਚ ਰਹਿਣਗੇ। ਜਿੰਨਾ ਸਮਾਂ ਸ਼ਾਂਤੀ ਸਥਾਪਿਤ ਹੋਣ ਵਿੱਚ ਲੱਗੇਗਾ, ਬਲਾਤਕਾਰ ਪੀੜਤ ਖਿਨ ਹਿਤਵੇ ਵਰਗੀਆਂ ਲੜਕੀਆਂ ਦੇ ਸਾਹਮਣੇ ਸ਼ੋਸ਼ਣ ਅਤੇ ਹਿੰਸਾ ਦਾ ਖਤਰਾ ਬਰਕਰਾਰ ਰਹੇਗਾ।ਉਹ ਕਹਿੰਦੀ ਹੈ ਕਿ ਉਸ ਨਾਲ ਜੋ ਹੋਇਆ, ਉਸ ਦੇ ਬਾਅਦ ਉਹ ਜਿਉਣਾ ਨਹੀਂ ਚਾਹੁੰਦੀ ਸੀ ਅਤੇ ਉਸ ਦੇ ਮਨ ਵਿੱਚ ਕਈ ਵਾਰ ਆਪਣੀ ਜਾਨ ਲੈਣ ਦਾ ਵਿਚਾਰ ਆਇਆ ਹੈ।

## ਸ਼ਹੀਦ-ਏ-ਆਜ਼ਮ...

ਸਿੰਘ ਨੂੰ ਜੁਲਾਈ 31, 1940 ਨੂੰ ਪੈਂਟੋਵਿਲੇ ਜੇਲ ਲੰਡਨ ਵਿਚ ਫਾਂਸੀ ਦਿੱਤੀ ਗਈ। ਉਸ ਨੂੰ ਜੇਲ ਦੇ ਅਹਾਤੇ ਵਿਚ ਹੀ ਦਫ਼ਨਾਇਆ ਗਿਆ। ਜੁਲਾਈ 1974 ਵਿਚ ਸਿੰਘ ਦੀਆਂ ਅਸਥੀਆਂ ਸੁਲਤਾਨਪੁਰ ਲੋਧੀ ਤੋਂ ਵਿਧਾਇਕ ਸਾਧੂ ਸਿੰਘ ਥਿੰਦ ਦੇ ਯਤਨਾਂ ਨਾਲ ਭਾਰਤ ਲਿਆਂਦੀਆਂ ਗਈਆਂ। ਜਿਸ ਦਾ ਕਾਂਗਰਸ ਪ੍ਰਧਾਨ ਸ਼ੰਕਰ ਦਿਆਲ ਸ਼ਰਮਾ, ਮੁੱਖ ਮੰਤਰੀ ਪੰਜਾਬ ਗਿਆਨੀ ਜ਼ੈਲ ਸਿੰਘ ਅਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ ਸਵਾਗਤ ਕੀਤਾ ਗਿਆ। ਅੰਤਿਮ ਰਸਮਾਂ ਜਨਮ ਅਸਥਾਨ ਸੁਨਾਮ ਵਿਚ ਪੂਰੀਆਂ ਹੋਈਆਂ। ਅਸਥੀਆਂ ਨੂੰ ਸਤਲੁਜ ਦਰਿਆ ਵਿਚ ਜਲ ਪ੍ਰਵਾਹ ਕੀਤਾ ਗਿਆ। ਅਸਥੀਆਂ ਦਾ ਕੁਝ ਹਿੱਸਾ ਜਲਿਆਂਵਾਲ ਬਾਗ ਅੰਮ੍ਰਿਤਸਰ ਦੇ ਅਜਾਇਬਘਰ ਵਿਚ ਰੱਖਿਆ ਗਿਆ।

ਵਿਰਾਸਤ : 1. ਸਿੰਘ ਦੀ ਯਾਦ ਨੂੰ ਸਮਰਪਿਤ ਇਕ ਸਮਾਜ ਸੇਵੀ ਸੰਸਥਾ ਸੋਹੋਰੋਡ ਬਰਮਿੰਗਮ ਵਿਚ ਹੈ।

2. ਇਕ ਅਜਾਇਬਘਰ ਜਲਿਆਂਵਾਲਾ ਬਾਗ ਅੰਮ੍ਰਿਤਸਰ ਵਿਖੇ ਹੈ।

3. ਸਿੰਘ ਦੇ ਹਥਿਆਰ ਚਾਕੂ, ਡਾਇਰੀ, ਗੋਲੀ ਵਾਰਦਾਤ ਸਮੇਂ ਬਲੈਕ ਮਿਊਜ਼ੀਅਮ ਸਕਾਟਲੈਂਡ ਯਾਰਡ।

4. ਉਸ ਦੀ ਯਾਦ ਵਿਚ ਕਈ ਫਿਲਮਾਂ ਬਣੀਆਂ ਹਨ।

5. ਪੂਰਵੀ ਉਤਰ ਪ੍ਰਦੇਸ਼ ਦੇ ਉਤਰਾਖੰਡ ਵਿਚ ਮੁੱਖ ਮੰਤਰੀ ਮਾਇਆਵਤੀ ਵਲੋਂ ਜ਼ਿਲੇ ਦਾ ਨਾਂ ਊਧਮ ਸਿੰਘ ਦੇ ਨਾਂ ਤੇ ਹੈ।

6. ਸ਼ਹੀਦ ਦੀ ਯਾਦ ਵਿਚ ਅਨੂਪਗੜ ਰਾਜਸਥਾਨ ਵਿਚ ਚੌਂਕ ਹੈ।

7. ਸਾਕਾ ਵੈਨਜਰਜ਼ ਵਲੋਂ ਵੀਡੀਓ-1998 ਅਤੇ 2015 ਫਰੈਂਕ ਬਰਾਜ਼ੀਲ ਨਾਂ ਤੇ ਬਣੀ ਹੈ।

8. ਜਲਿਆਂਵਾਲਾ ਬਾਗ ਅੰਮ੍ਰਿਤਸਰ ਵਿਖੇ 31 ਮਾਰ, 2018 ਨੂੰ ਸਰਵ ਕੰਬੋਜ ਸਮਾਜ ਵਲੋਂ 10 ਫੁੱਟ ਉੱਚਾ ਬੁੱਤ ਲਗਾਇਆ ਗਿਆ, ਜਿਸ ਦਾ ਉਦਘਾਟਨ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕੀਤਾ।

9. ਸਿੰਘ ਦਾ ਜੱਦੀ ਘਰ ਅਜਾਇਬਘਰ ਬਣਿਆ।

10. ਸੁਨਾਮ ਨੂੰ ਸੁਨਾਮ ਊਧਮ ਸਿੰਘ ਵਾਲਾ ਨਾਂ ਦਿੱਤਾ ਗਿਆ।

ਅੰਤਿਕਾ : ਕਬੀਰ ਜੀ ਕਹਿੰਦੇ ਹਨ, ਹੇ ਕਬੀਰ ! ਮਰਦਾ ਮਰਦਾ ਉਂਝ ਤਾਂ ਸਾਰਾ ਸੰਸਾਰ ਮਰ ਰਿਹਾ ਹੈ। ਪਰ ਕਿਸੇ ਨੇ ਵੀ ਸੱਚੇ ਮਰਨ ਦੀ ਜਾਚ ਨਹੀਂ ਸਿੱਖੀ। ਜੇ ਮਨੁੱਖ ਇਸ ਤਰਾਂ ਦੀ ਸੱਚੀ ਮੌਤ ਮਰਦਾ ਹੈ, ਉਸ ਨੂੰ ਫਿਰ ਮਰਨਾ ਨਹੀਂ ਪੈਂਦਾ। ਅੰਗ-555, ਹਵਾਲਾ ਸਲੋਕ ਭਗਤ ਕਬੀਰ ਜੀ, ਸਲੋਕ ਨੰ. 21

## ਬਲਿਹਾਰੀ ਕੁਦਰਤ...

ਫੁਰਮਾਇਆ ਹੈ : ਤੂੰ ਪੇਡੁ ਸਾਖ ਤੇਰੀ ਫੂਲੀ॥ ਤੂੰ ਸੂਖਮੁ ਹੋਆ ਅਸਥੂਲੀ॥ ਤੂੰ ਜਲਨਿਧਿ ਤੂੰ ਫੇਨੁ ਬੁਦਬੁਦਾ ਤੁਧੁ ਬਿਨ ਅਵਰੁ ਨਾ ਭਾਲੀਐ ਜੀਉ॥ ਉਹੀ, ਪੰਨਾ ੧੦੨

ਵਾਤਾਵਰਨ ਦੀ ਸੰਭਾਲ ਵਿਚ ਸਿੱਖ ਧਰਮ ਬੜਾ ਮਹੱਤਵਪੂਰਨ ਰੋਲ ਅਦਾ ਕਰ ਰਿਹਾ ਹੈ। ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਵਾ, ਪਾਣੀ ਅਤੇ ਮਿਟੀ ਦੇ ਮਹੱਤਵ ਪ੍ਰਤੀ ਉਪਦੇਸ਼ ਹੈ ਉਥੇ ਅਨੇਕਾਂ ਹੀ ਜੀਵ-ਜੰਤੂਆਂ ਦੇ ਨਾਮ ਅਤੇ ਨਦੀਆਂ, ਪਹਾੜਾਂ ਆਦਿ ਦਾ ਜਿਕਰ ਵੀ ਪ੍ਰਾਪਤ ਹੁੰਦਾ ਹੈ। ਸਿੱਖ ਇਤਿਹਾਸ ਨੂੰ ਵਾਚਣ 'ਤੇ ਪਤਾ ਲਗਦਾ ਹੈ ਕਿ ਕਿਵੇਂ ਗੁਰੂ ਸਾਹਿਬ ਜੀ ਦੇ ਚਰਨ ਛੋਹ ਪ੍ਰਾਪਤ ਅਸਥਾਨਾਂ 'ਤੇ ਖੜੇ ਰੁਖਾਂ ਦੀ ਸੰਭਾਲ ਕੀਤੀ ਗਈ ਹੈ। ਜਿਸ ਕਾਲੀ ਵੇਈਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਲੋਧੀ ਰਹਿੰਦਿਆਂ ਨਿਤ ਅੰਮ੍ਰਿਤ ਵੇਲੇ ਇਸ਼ਨਾਨ ਕਰਦੇ ਸਨ ਉਸ ਕਾਲੀ ਵੇਈਂ ਨੂੰ ਵੀ ਸਾਫ ਸੁਥਰਾ ਕਰ ਦਿੱਤਾ ਗਿਆ ਹੈ ਅਤੇ ਪਾਣੀ ਦੇ ਇਸ ਪਵਿੱਤਰ ਇਤਿਹਾਸਕ ਸੋਮੇ ਨੂੰ ਸੰਭਾਲਿਆ ਹੈ। ਜਿਸ ਬੇਰੀ ਦੇ ਰੁੱਖ ਹੇਠ ਬੈਠ ਕੇ ਗੁਰੂ ਜੀ ਅੰਮ੍ਰਿਤ ਵੇਲੇ ਪ੍ਰਭੂ ਚਰਨਾਂ ਵਿਚ ਸੁਰਤ ਜੋੜਦੇ ਸਨ ਉਸ ਪਵਿੱਤਰ ਬੇਰੀ ਦੇ ਰੁਖ ਨੂੰ ਸੰਭਾਲਿਆ ਗਿਆ ਹੈ ਅਤੇ ਉਸ ਅਸਥਾਨ ਦਾ ਨਾਮ ਗੁਰਦੁਆਰਾ ਬੇਰ ਸਾਹਿਬ ਰੱਖਿਆ ਗਿਆ ਹੈ।ਇਸ ਤੋਂ ਸਾਨੂੰ ਇਹ ਸੰਦੇਸ਼ ਮਿਲਦਾ ਹੈ ਕਿ ਅਸੀਂ ਪਾਣੀ ਦੇ ਸੋਮੇ, ਰੁਖ ਅਤੇ ਮਿਟੀ ਨੂੰ ਦੂਸ਼ਿਤ ਹੋਣ ਤੋਂ ਬਚਾਈਏ ਅਤੇ ਸੰਭਾਲੀਏ। ਦਰਬਾਰ ਸਾਹਿਬ ਦੇ ਪਾਵਨ ਸਰੋਵਰ ਦੇ ਕੰਢੇ 'ਤੇ ਖੜੀਆਂ ਤਿੰਨ ਬੇਰੀਆਂ ਵੀ ਇਤਿਹਾਸਕ ਹਨ। ਇਸ ਤਰਾਂ ਅਨੇਕਾਂ ਗੁਰਦੁਆਰਿਆਂ ਦੇ ਨਾਂ ਵੀ ਰੁੱਖਾਂ ਦੇ ਨਾਵਾਂ 'ਤੇ ਰਖੇ ਹੋਏ ਹਨ ਜਿਵੇਂ ਨਿੰਮ ਸਾਹਿਬ, ਟਾਹਲੀ ਸਾਹਿਬ, ਬੇਰ ਸਾਹਿਬ, ਅੰਬ ਸਾਹਿਬ, ਜੰਡ ਸਾਹਿਬ, ਵਣ ਸਾਹਿਬ ਆਦਿ। ਗੁਰਦੁਆਰਿਆਂ ਵਿਚਲੇ ਸਰੋਵਰ ਪਾਣੀ ਦੀ ਸੰਭਾਲ ਹਿਤ ਹੀ ਬਣਾਏ ਗਏ ਸਨ ਅਤੇ ਅੱਜ ਵੀ ਉਹ ਜਲ ਦਾ ਸਰੋਤ ਹਨ। ਇਤਿਹਾਸ ਗਵਾਹ ਹੈ ਕਿ ਗੁਰੂ ਸਾਹਿਬਾਨ ਨੇ ਜਿਥੇ ਖੂਹ, ਬਾਉਲੀਆਂ, ਤਲਾਬ ਬਣਵਾਏ ਉਥੇ ਹਰ ਤਰਾਂ ਦੇ ਰੁੱਖ ਬੂਟੇ ਵੀ ਲਗਾਏ।

ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਬਾਗ਼ ਲਗਵਾਏ। ਕਈ ਗੁਰਦੁਆਰਿਆਂ ਦਾ ਨਾਂ ਗੁਰੂ ਕਾ ਬਾਗ ਵੀ ਹੈ ਇਸ ਤੋਂ ਗਿਆਤ ਹੁੰਦਾ ਹੈ ਕਿ ਇਸ ਅਸਥਾਨ ਤੇ ਗੁਰੂ ਕਾ ਬਾਗ ਸੀ ਅਤੇ ਕਈ ਥਾਵਾਂ 'ਤੇ ਹੁਣ ਵੀ ਮੌਜੂਦ ਹੈ। ਵਾਤਾਵਰਨ ਦੀ ਸੰਭਾਲ ਹਿਤ ਸੈਂਕੜੇ ਏਕੜ ਏਕੜਾਂ ਵਿਚ ਵੱਡੇ ਦਰੱਖਤ ਪਿੱਪਲ, ਬੋਹੜ, ਨਿੰਮ ਆਦਿ ਲਗਵਾਏ ਗਏ ਹਨ। ਗੁਰਦੁਆਰਿਆਂ ਤੋਂ ਬੂਟਾ ਪ੍ਰਸ਼ਾਦ ਦੇ ਕੇ ਵੀ ਵਾਤਾਵਰਨ ਨੂੰ ਬਚਾਉਣ ਹਿਤ ਉਪਰਾਲੇ ਕੀਤੇ ਜਾ ਰਹੇ ਹਨ।

ਜਿਥੇ ਹਰ ਸਾਲ ਸੰਸਾਰ ਪੱਧਰ 'ਤੇ ਵਾਤਾਵਰਨ ਦਿਵਸ ਮਨਾਇਆ ਜਾਂਦਾ ਹੈ ਉਥੇ ਸਿੱਖ ਵਾਤਾਵਰਨ ਦਿਵਸ ਵੀ ਹਰ ਸਾਲ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਆਦੇਸ਼ਾਂ ਮੁਤਾਬਕ ਦੇਸੀ ਨਵੇਂ ਸਾਲ ਦੀ ਆਮਦ ਤੇ ਮਨਾਇਆ ਜਾਂਦਾ ਹੈ। ਕਈ ਸੰਸਥਾਵਾਂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਗੁਰਤਾਗਦੀ ਦਿਵਸ ਗੁਰਪੁਰਬ 'ਤੇ ਵੀ ਸਿੱਖ ਸੰਗਤਾਂ ਵਾਤਾਵਰਨ ਦਿਵਸ ਮਨਾਉਂਦੀਆਂ ਹਨ ਅਤੇ ਸੰਸਾਰ ਭਰ ਦੇ ਸਿੱਖਾਂ ਰਾਹੀਂ ਵਾਤਾਵਰਨ ਨੂੰ ਦਰਪੇਸ਼ ਚੁਣੌਤੀਆਂ ਤੋਂ ਜਾਗਰੂਕ ਕਰਵਾਉਂਦੀਆਂ ਹਨ। ਵਾਤਾਵਰਣ ਨੂੰ ਬਚਾਉਣ ਲਈ ਹਰੇਕ ਨੂੰ ਵੱਡੇ ਪੱਧਰ 'ਤੇ ਉਪਰਾਲੇ ਕਰਨੇ ਚਾਹੀਦੇ ਹਨ।ਵੱਧ ਤੋਂ ਵੱਧ ਰੁਖ ਲਾ ਕੇ ਉਨਾਂ ਦੀ ਦੇਖਭਾਲ ਕਰਨੀ ਚਾਹੀਦੀ ਹੈ ਅਤੇ ਮਿਟੀ ਤੇ ਪਾਣੀ ਨੂੰ ਦੂਸ਼ਿਤ ਹੋਣ ਤੋਂ ਬਚਾਉਣਾ ਚਾਹੀਦਾ ਹੈ ਤਾਂ ਕਿ ਧਰਤੀ ਬੰਜਰ ਨਾ ਹੋਵੇ ਤੇ ਸਾਡਾ ਚੌਗਿਰਦਾ ਹਰਿਆ ਭਰਿਆ ਰਹੇ।

## ਸ਼ਹੀਦ ਊਧਮ ਸਿੰਘ...

'ਆਜ਼ਾਦੀ ਦਾ ਲੜਾਕਾ' ਅਤੇ ਉਸ ਦੇ ਕਾਰਨਾਮੇ ਨੂੰ ਗੁਲਾਮ ਭਾਰਤੀਆਂ ਦੇ ਦੱਬੇ ਗੁੱਸੇ ਦਾ ਇਜ਼ਹਾਰ ਆਖਿਆ। ਜਦੋਂ ਕਿ ਇਸ ਸੰਦਰਭ ਵਿੱਚ ਜਰਮਨ ਰੇਡੀਓ ਤੋਂ ਵਾਰ-ਵਾਰ ਇਹੋ ਨਸ਼ਰ ਹੁੰਦਾ ਰਿਹਾ ਕਿ 'ਹਾਥੀਆਂ ਦੀ ਤਰਾਂ ਭਾਰਤੀ ਆਪਣੇ ਦੁਸ਼ਮਣਾਂ ਨੂੰ ਕਦੇ ਵੀ ਮੁਆਫ਼ ਨਹੀਂ ਕਰਦੇ। ਉਹ ਵੀਹ ਸਾਲ ਤੋਂ ਲੰਮੇ ਵਕਫ਼ੇ ਬਾਅਦ ਵੀ ਉਨਾਂ ਨੂੰ ਮਾਰ ਮੁਕਾਉਂਦੇ ਹਨ।' ਇਸ ਦੌਰਾਨ ਪੰਡਤ ਜਵਾਹਰ ਲਾਲ ਨਹਿਰੂ ਅਤੇ ਮਹਾਤਮਾ ਗਾਂਧੀ ਵਰਗੇ ਆਗੂਆਂ ਨੇ ਇਸ ਦੀ ਨਿੰਦਾ ਕੀਤੀ। ਜਦ ਕਿ ਸੁਭਾਸ਼ ਚੰਦਰ ਬੋਸ ਨੇ ਊਧਮ ਸਿੰਘ ਦੇ ਕਾਰਨਾਮੇ ਦੀ ਪ੍ਰਸ਼ੰਸਾ ਕੀਤੀ।

ਸ਼ਹੀਦ ਊਧਮ ਸਿੰਘ ਦੀ ਸੂਰਮਿਆਂ ਵਾਲ਼ੀ ਦ੍ਰਿੜਤਾ ਇਸ ਗੱਲੋਂ ਪਤਾ ਲਗਦੀ ਹੈ ਕਿ ਉਸ ਨੇ ਮਾਈਕਲ ਉਡਵਾਇਰ ਦਾ ਕਤਲ ਕਰਨ ਮਗਰੋਂ ਆਪਣਾ ਜੁਰਮ ਕਬੂਲ ਕਰ ਖ਼ੁਦ ਨੂੰ ਕਾਨੂੰਨ ਦੇ ਹਵਾਲੇ ਕਰ ਦਿੱਤਾ। ਇਸ ਤੋਂ ਬਾਅਦ ਉਹ ਹਿਰਾਸਤ ਵਿੱਚ ਲੈਣ ਵਾਲੇ ਪੁਲਸ ਅਧਿਕਾਰੀਆਂ ਨੂੰ ਪੁੱਛਦਾ ਹੈ ਕਿ ਕੀ ਦੂਜਾ ਦੋਸ਼ੀ ਜੈਟਲੈਂਡ ਵੀ ਮਾਰਿਆ ਗਿਆ ਹੈ ? ਉਹ ਵੀ ਮੌਤ ਦਾ ਹੱਕਦਾਰ ਸੀ। ਮੈਂ ਉਸ ਉੱਤੇ ਵੀ ਦੋ ਰੌਂਦ ਦਾਗੇ ਸਨ।ਇਸ ਘਟਨਾ ਦੀ ਦੁਨੀਆਂ ਭਰ ਵਿੱਚ ਚਰਚਾ ਹੋਈ। ਜਦੋਂ ਕਿ ਊਧਮ ਸਿੰਘ ਨੇ ਅਦਾਲਤ ਵਿੱਚ ਬਿਆਨ ਦਿੰਦਿਆਂ ਕਿਹਾ ਕਿ 'ਮੈਂ ਜਲਿਆਂਵਾਲੇ ਬਾਗ਼ ਦੇ ਸ਼ਹੀਦਾਂ ਦਾ ਬਦਲਾ ਲੈ ਲਿਆ ਹੈ। ਮੈਂ ਆਪਣੇ ਦੇਸ਼ ਦੀ ਸ਼ਾਨ ਵਿਰੁੱਧ ਓਡਵਾਇਰ ਦਾ ਘ੍ਰਿਣਾ ਭਰਿਆ ਲੈਕਚਰ ਸਹਾਰ ਨਹੀਂ ਸਕਿਆ। ਮੈ ਜੋ ਕੁੱਝ ਕੀਤਾ ਹੈ ਆਪਣੇ ਦੇਸ਼ ਲਈ ਕੀਤਾ ਹੈ।'

ਊਧਮ ਸਿੰਘ ਦੇ ਯੋਗਦਾਨ ਨੂੰ ਆਮ ਤੌਰ 'ਤੇ ਮਾਈਕਲ ਓਡਵਾਇਰ ਨੂੰ ਮਾਰਨ ਤਕ ਹੀ ਸੀਮਤ ਕਰ ਕੇ ਵੇਖਿਆ ਜਾਂਦਾ ਹੈ। ਉਸ ਦੀ ਇਨਕਲਾਬੀ ਸੋਚ ਨੂੰ ਅਕਸਰ ਅਣਦੇਖਿਆ ਕਰ ਦਿੱਤਾ ਜਾਂਦਾ ਹੈ। ਇਥੇ ਇਹ ਦੱਸਣਯੋਗ ਹੈ ਕਿ ਊਧਮ ਸਿੰਘ, ਸ਼ਹੀਦ ਭਗਤ ਸਿੰਘ ਵਾਂਗ ਹੀ ਵਿਚਾਰਧਾਰਕ ਪੱਖੋਂ ਪ੍ਰਪੱਕ ਤੇ ਗਰਮ ਖਿਆਲੀ ਕ੍ਰਾਂਤੀਕਾਰੀ ਸਨ। ਇਹੋ ਵਜਾ ਹੈ ਕਿ ਉਹ 1924 ਵਿੱਚ ਵਿਦੇਸ਼ੀ ਮੁਲਕਾਂ ਵਿੱਚ ਭਾਰਤ ਦੀ ਅਜ਼ਾਦੀ ਦੀ ਲੜਾਈ ਲੜਨ ਵਾਲੀ ਗ਼ਦਰ ਪਾਰਟੀ ਦੀ ਲਹਿਰ ਵਿੱਚ ਸਰਗਰਮ ਹਿੱਸਾ ਲੈਂਦੇ ਰਹੇ । ਉਨਾਂ ਦੇ ਸ਼ਹੀਦ ਭਗਤ ਸਿੰਘ ਨਾਲ ਕਾਫ਼ੀ ਨੇੜਲੇ ਸਬੰਧ ਸਨ ਅਤੇ ਉਹ ਉਨਾਂ ਦੇ ਖਿਆਲਾਂ ਤੋਂ ਕਾਫ਼ੀ ਪ੍ਰਭਾਵਿਤ ਸਨ। ਉਹ ਭਗਤ ਸਿੰਘ ਦੇ ਆਦੇਸ਼ ਉੱਤੇ 27 ਜੁਲਾਈ 1927 ਨੂੰ ਭਾਰਤ ਵਾਪਸ ਪਰਤ ਆਏ ਸਨ ਅਤੇ ਆਪਣੇ ਨਾਲ 25 ਹੋਰ ਸਾਥੀ, ਕੁਝ ਗੋਲੀ-ਸਿੱਕਾ ਅਤੇ ਅਸਲਾ ਲਿਆਉਣ 'ਚ ਵੀ ਕਾਮਯਾਬ ਹੋਏ। 30 ਅਗਸਤ 1927 ਨੂੰ ਊਧਮ ਨੂੰ ਪੁਲਿਸ ਵੱਲੋਂ ਗ਼ੈਰ-ਕਾਨੂੰਨੀ ਅਸਲਾ ਰੱਖਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਨਾਂ ਨੂੰ 5 ਸਾਲ ਦੀ ਕੈਦ ਹੋਈ। ਜਿਕਰਯੋਗ ਹੈ ਕਿ ਸ਼ਹੀਦ ਭਗਤ ਸਿੰਘ ਨੂੰ 23 ਮਾਰਚ, 1931 ਨੂੰ ਫ਼ਾਂਸੀ ਲੱਗਣ ਸਮੇਂ ਤਕ ਉਹ ਜੇਲ ਵਿੱਚ ਹੀ ਸਨ ।

ਸ਼ਹੀਦ ਊਧਮ ਸਿੰਘ ਇਕ ਧਰਮ ਨਿਰਪੱਖ ਅਤੇ ਅਗਾਂਹਵਧੂ ਸੋਚ ਦੇ ਮਾਲਕ ਸਨ। ਜਦੋਂ ਲੰਡਨ ਦੀ ਅਦਾਲਤ ਵੱਲੋਂ ਉਨਾਂ ਨੂੰ ਉਨਾਂ ਦੇ ਨਾਮ ਬਾਰੇ ਪੁੱਛਿਆ ਗਿਆ ਤਾਂ ਊਧਮ ਨੇ ਆਪਣਾ ਨਾਮ 'ਮੁਹੰਮਦ ਸਿੰਘ ਆਜ਼ਾਦ' ਦੱਸਿਆ ਸੀ। ਦਰਅਸਲ ਊਧਮ ਸਿੰਘ ਦੇ ਅਜਿਹੇ ਨਾਮ ਰੱਖਣ ਦਾ ਮਤਲਬ ਸਮੂਹ ਧਰਮਾਂ, ਜਾਤਾਂ, ਕਬੀਲਿਆਂ ਨੂੰ ਬਰਾਬਰ ਅਤੇ ਇੱਕੋ ਨਜ਼ਰੀਏ ਨਾਲ ਵੇਖਣ ਅਤੇ ਧਰਮ ਨਿਰਪੱਖਤਾ ਦਾ ਪ੍ਰਤੀਕ ਸੀ ।

ਓਡਵਾਇਰ ਕਤਲ ਮਾਮਲੇ ਵਿਚ ਪਹਿਲੀ ਅਪ੍ਰੈਲ 1940 ਨੂੰ ਊਧਮ ਸਿੰਘ ਨੂੰ ਲੰਡਨ ਦੀ ਇਕ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਇਹ ਕਿ 4 ਜੂਨ 1940 ਨੂੰ ਪੇਸ਼ੀ ਸਮੇਂ ਜਦੋਂ ਜੱਜ ਨੇ ਉਸ ਨੂੰ ਮਾਈਕਲ ਉਡਵਾਇਰ ਨੂੰ ਮਾਰਨ ਦਾ ਕਾਰਨ ਪੁੱਛਿਆ ਤਾਂ ਉਸ ਨੇ ਜਵਾਬ ਦਿੱਤਾ ਕਿ, ਉਹ ਸਾਡਾ ਪੁਰਾਣਾ ਦੁਸ਼ਮਣ ਸੀ ਅਤੇ ਉਹ ਇਸ ਸਜ਼ਾ ਦਾ ਹੱਕਦਾਰ ਸੀ। ਜੱਜ ਨੇ ਊਧਮ ਸਿੰਘ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ। 31 ਜੁਲਾਈ 1940 ਨੂੰ ਭਾਰਤ ਦੇ ਇਸ ਮਹਾਨ ਸਪੂਤ ਨੂੰ ਪੈਂਟੋਨਵਿਲੇ ਜੇਲ ਲੰਡਨ ਵਿੱਚ ਫ਼ਾਂਸੀ ਦੇ ਦਿੱਤੀ ਗਈ ਅਤੇ ਉਸ ਦੀ ਦੇਹ ਨੂੰ ਜੇਲ ਵਿੱਚ ਹੀ ਦਬਾ ਦਿੱਤਾ ਗਿਆ। ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਦੇ ਯਤਨਾਂ ਸਦਕਾ 31 ਜੁਲਾਈ 1974 ਨੂੰ ਇੰਗਲੈਂਡ ਨੇ ਊਧਮ ਸਿੰਘ ਦੀਆਂ ਅਸਥੀਆਂ ਭਾਰਤ ਨੂੰ ਸੌਂਪੀਆਂ ਅਤੇ ਸਸਕਾਰ ਸੁਨਾਮ ਵਿਖੇ ਕੀਤਾ ਗਿਆ।

ਪਰ ਅਫਸੋਸ ਕਿ ਊਧਮ ਸਿੰਘ ਵਰਗੇ ਅਨੇਕਾਂ ਸ਼ਹੀਦਾਂ ਨੇ ਆਜ਼ਾਦ ਦੇਸ਼ ਲਈ ਜੋ ਸੁਪਨੇ ਸੰਜੋਏ ਸਨ ਅਤੇ ਜਿਸ ਧਰਮ ਨਿਰਪੱਖ ਦੇਸ਼ ਦੀ ਉਨਾਂ ਕਲਪਨਾ ਕੀਤੀ, ਅੱਜ ਉਨਾਂ ਦੇ ਸੁਪਨਿਆਂ ਨੂੰ ਦੇਸ਼ ਦੇ ਅਖੌਤੀ ਲੀਡਰਸ਼ਿਪ ਦੁਆਰਾ ਮਨਮਰਜ਼ੀ ਮੁਤਾਬਕ ਤਾਰ ਤਾਰ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਦੇਸ਼ ਅੰਦਰ ਲਗਾਤਾਰ ਅਸਹਿਣਸ਼ੀਲਤਾ ਵਾਲੇ ਮਾਹੌਲ ਨੂੰ ਸਿਰਜਿਆ ਜਾ ਰਿਹਾ ਹੈ। ਪਿਛਲੇ ਕਈ ਸਾਲਾਂ ਤੋਂ ਲਗਾਤਾਰ ਦੇਸ਼ ਵਿਚਲੇ ਜਮਹੂਰੀ ਨਿਜ਼ਾਮ ਨੂੰ ਖੋਖਲਾ ਕਰਨ ਦੀਆਂ ਕੋਝੀਆਂ ਸਾਜਿਸ਼ਾਂ ਅੰਜਾਮ ਦਿੱਤੀਆਂ ਜਾ ਰਹੀਆਂ ਹਨ। ਹੱਕ ਸੱਚ ਲਈ ਉੱਠਣ ਵਾਲੀਆਂ ਆਵਾਜ਼ਾਂ ਨੂੰ ਆਨੀ ਬਹਾਨੀ ਦਬਾਇਆ ਜਾ ਰਿਹਾ ਹੈ । ਯਕੀਨਨ ਇਹ ਸੱਭ ਵੇਖ ਕੇ ਊਧਮ ਸਿੰਘ ਜਿਹਿਆਂ ਦੀਆਂ ਆਤਮਾਵਾਂ ਝੰਜੋੜ ਜਾ ਰਹੀਆਂ ਹੋਣਗੀਆਂ ਅਤੇ ਉਹ ਸੋਚ ਰਹੀਆਂ ਹੋਣਗੀਆਂ ਕਿ ਦੇਸ਼ ਵਾਸੀ 'ਤੇ ਜੋ ਜੁਲਮ ਗੁਲਾਮੀ ਸਮੇਂ ਵਿਦੇਸ਼ੀਆਂ ਵੱਲੋਂ ਢਾਹੇ ਜਾ ਰਹੇ ਸਨ, ਉਨਾਂ ਜੁਲਮਾਂ ਦਾ ਬਾਜ਼ਾਰ ਅੱਜ ਦੇਸ਼ ਦੇ ਲੋਕਾਂ ਤੇ ਆਪਣਿਆਂ ਦੁਆਰਾ ਹੀ ਢਾਹਿਆ ਜਾ ਰਿਹਾ ਹੈ। ਕੋਸ਼ਿਸ਼ ਕਰਨੀ ਚਾਹੀਦੀ ਹੈ ਉਹਨਾਂ ਦੀ ਵਿਚਾਰਧਾਰਾ ਅਪਣਾਉਣ ਦੀ ਅਤੇ ਆਪਣੀ ਜ਼ਿੰਦਗੀ ਵਿੱਚ ਲਾਗੂ ਕਰਨ ਦੀ।ਊਧਮ ਸਿੰਘ ਇੱਕ ਅਜਿਹੀ ਸਮਾਜਿਕ ਵਿਵਸਥਾ ਦੀ ਸਿਰਜਨਾ ਕਰਨਾ ਚਾਹੁੰਦਾ ਸੀ, ਜਿਸ ਵਿੱਚ ਇਨਸਾਨ ਦੀ ਲੁੱਟ ਖਸੁੱਟ ਨਾ ਹੋ ਸਕੇ ਅਤੇ ਸਭ ਨੂੰ ਪੂਰਨ ਆਜ਼ਾਦੀ ਅਤੇ ਵਿਕਾਸ ਦੇ ਬਰਾਬਰ ਮੌਕੇ ਮਿਲਣ ।

ਜੇਕਰ ਸ਼ਹੀਦਾਂ ਦੇ ਸੰਦਰਭ ਵਿੱਚ ਅੱਜ ਦੀ ਗੱਲ ਕੀਤੀ ਜਾਵੇ ਤਾਂ ਹੁਣ ਸ਼ਹੀਦ ਕੇਵਲ ਫੁੱਲਾਂ ਜੋਗੇ ਹੀ ਰਹਿ ਗਏ ਹਨ। ਸਾਲ ਵਿੱਚ ਦੋ ਵਾਰ ਸ਼ਹੀਦਾਂ ਨੂੰ ਉਨਾਂ ਦੇ ਜਨਮ ਦਿਹਾੜੇ ਤੇ ਸ਼ਹੀਦੀ ਦਿਹਾੜੇ ਮੌਕੇ ਹੀ ਯਾਦ ਕੀਤਾ ਜਾਂਦਾ ਹੈ। ਸ਼ਹੀਦਾਂ ਦੀ ਯਾਦ ਵਿੱਚ ਰਾਜ ਪੱਧਰੀ ਜਾਂ ਕੌਮੀ ਪੱਧਰੀ ਵੱਡੇ-ਵੱਡੇ ਸਮਾਗਮ ਕੀਤੇ ਜਾਂਦੇ ਹਨ, ਪ੍ਰੰਤੂ ਸਾਡੇ ਰਾਜਸੀ ਲੀਡਰ ਕੁਝ ਨਹੀਂ ਕਰਦੇ। ਅੱਜ ਜਿਸ ਤਰਾਂ ਸਾਡਾ ਮੁਲਕ ਧਰਮ ਦੀਆਂ ਵੰਡੀਆਂ ਦੀ ਦਲਦਲ ਵਿੱਚ ਦਿਨੋ ਦਿਨ ਧੱਸਦਾ ਜਾ ਰਿਹਾ ਹੈ, ਇਹੋ ਜਿਹੇ ਸਮਾਜ ਦੀ ਕਲਪਨਾ ਕਦੀ ਵੀ ਸਾਡੇ ਸ਼ਹੀਦਾਂ ਨੇ ਨਹੀਂ ਕੀਤੀ ਸੀ। ਅੱਜ ਸਾਡੀ ਨੌਜਵਾਨ ਪੀੜੀ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਵਿਸਾਰਦੀ ਜਾ ਰਹੀ ਹੈ। ਜੋ ਸੁਪਨੇ ਸ਼ਹੀਦਾਂ ਨੇ ਆਪਣੇ ਦੇਸ਼ ਦੇ ਭਵਿੱਖ ਦੇ ਲਈ ਸੋਚੇ ਸਨ, ਉਹ ਅਧੂਰੇ ਰਹਿ ਗਏ ਹਨ ਅਤੇ ਸ਼ਹੀਦ ਸਿਰਫ ਸ਼ਹਿਰ ਦੇ ਨਾਵਾਂ ਉਪਰ ਜਾਂ ਸਿਰਫ ਆਦਮਕੱਦ ਬੁੱਤਾਂ ਤੱਕ ਹੀ ਸੀਮਿਤ ਹੋ ਕੇ ਰਹਿ ਗਏ ਹਨ। ਦੇਸ਼ ਦੀ ਤਰੱਕੀ ਅਤੇ ਸ਼ਾਂਤੀ ਦੀ ਸਥਾਪਨਾ ਤਾਂ ਹੀ ਸੰਭਵ ਹੈ ਜੇਕਰ ਉਹ ਸ਼ਹੀਦਾਂ ਦੇ ਪਾਏ ਪੂਰਨਿਆਂ 'ਤੇ ਚੱਲਣ ਤੇ ਉਨਾਂ ਦੀ ਵਿਚਾਰਧਾਰਾ ਨੂੰ ਅਪਨਾਉਣ । ਇਹੋ ਹੀ ਸ਼ਹੀਦਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

## ਫ਼ਸਲਾਂ ਦੀ ਰਹਿੰਦ...

ਗੁਰਬਾਣੀ ਦਾ ਕਥਨ ਹੈ 'ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤੁ ਮਹਤੁ॥' ਪਰ ਸਾਡੇ ਤਾਂ ਇਹ ਸਭ ਖਤਮ ਹੋ ਚੱਲਿਆ ਹੈ। ਹਵਾ ਪਲੀਤ ਹੋ ਗਈ ਹੈ, ਪਾਣੀ ਪ੍ਰਦੂਸ਼ਿਤ ਹੋ ਚੁੱਕਾ ਹੈ, ਧਰਤੀ ਮਾਤਾ ਨੂੰ ਵੀ ਨਹੀਂ ਬਖਸ਼ ਰਹੇ।

ਭਾਵੇਂ ਇਨਾਂ ਨੂੰ ਪ੍ਰਦੂਸ਼ਤ ਕਰਨ ਵਿੱਚ ਉਦਯੋਗਿਕ ਇਕਾਈਆਂ ਵੱਧ ਜਿੰਮੇਵਾਰ ਹਨ। ਉਦਯੋਗਿਕ ਇਕਾਈਆਂ ਸਾਰਾ ਸਾਲ ਲਗਾਤਾਰ ਪਾਣੀ ਤੇ ਹਵਾ ਪਲੀਤ ਕਰਦੀਆਂ ਹਨ ਪਰ ਉਨਾਂ ਵੱਲ ਸਭ ਦਾ ਧਿਆਨ ਘੱਟ ਹੀ ਜਾਂਦਾ, ਕਿਸਾਨਾਂ ਦੀ ਆਲੋਚਨਾ ਵੱਧ ਹੁੰਦੀ ਹੈ। ਪਰ ਆਪਾਂ ਇਨਾਂ ਮਾੜਿਆਂ ਦੀ ਕਤਾਰ ਵਿੱਚ ਕਿਉਂ ਖੜਨਾ ਜਾ ਕੇ। ਆਪਾਂ ਤਾਂ ਕੁਦਰਤੀ ਸਾਧਨਾਂ ਨੂੰ ਸਾਂਭੀਏ। ਉਦਯੋਗਾਂ ਵਾਲੇ ਤਾਂ ਜਦੋਂ ਇੱਥੋ ਪਾਣੀ ਖਤਮ ਹੋ ਗਿਆ ਆਪਣੀਆਂ ਫ਼ੈਕਟਰੀਆਂ ਹਿਮਾਚਲ ਜਾਂ ਕਿੱਧਰੇ ਹੋਰ ਰਾਜ ਵਿੱਚ ਜਾ ਲਾਉਣਗੇ, ਉੱਥੇ ਬਿਜਲੀ ਵੀ ਸਸਤੀ ਹੈ ਤੇ ਟੈਕਸ ਵੀ ਘੱਟ ਹੈ। ਆਪਾਂ ਜ਼ਮੀਨ ਕਿੱਥੇ ਲੈਜਾਂਗੇ ਜਾ ਕੇ, ਸਾਨੂੰ ਤਾਂ ਹਿਮਾਚਲ ਤੇ ਰਾਜਸਥਾਨ ਵਾਲੇ ਨੇੜੇ ਨਹੀਂ ਲੱਗਣ ਦਿੰਦੇ।

ਕਿਸਾਨੀ ਦਾ ਤਾਂ ਕਿੱਤਾ ਹੀ ਕੁਦਰਤ ਨਾਲ ਇਕਸੁਰ ਹੋ ਕੇ ਕਰਨ ਵਾਲਾ ਕਿੱਤਾ ਹੈ। ਕੁਦਰਤ ਦੀ ਥੋੜੀ ਜਿਹੀ ਨਾਰਾਜ਼ਗੀ ਵੀ ਸਾਨੂੰ ਤਾਂ ਬਹੁਤ ਮਹਿੰਗੀ ਪੈਂਦੀ ਹੈ। ਇਸ ਵਾਰ ਵਧੇ ਤਾਪਮਾਨ ਨੇ ਹਰ ਕਿਸਾਨ ਦਾ ਇੱਕ ਏਕੜ ਮਗਰ ਦਸ ਤੋਂ ਪੰਦਰਾਂ ਹਜ਼ਾਰ ਦਾ ਨੁਕਸਾਨ ਕਰ ਦਿੱਤਾ ਹੈ। ਪਹਿਲਾਂ ਹੀ ਬਹੁਤ ਨੁਕਸਾਨ ਕਰਵਾ ਚੁੱਕੇ ਹਾਂ ਤੇ ਕਰ ਚੁੱਕੇ ਹਾਂ। ਆਵੋ ਭਰਾਵੋ ਆਪਣੇ ਕੁਦਰਤੀ ਸਾਧਨਾਂ ਨੂੰ ਸਾਂਭੀਏ। ਬਾਣੀ ਕਹਿੰਦੀ ਬਰਕਤ ਹੁੰਦੀ ਨੇਕ ਕਮਾਈ ਦੀ, ਜਿਸ ਧਰਤੀ ਦਾ ਖਾਈਏ ਉਹਨੂੰ ਅੱਗ ਨਹੀਂ ਲਾਈ ਦੀ।

## ਨਿੱਜਰ 'ਤੇ ਰਾਸ਼ਟਰੀ ਜਾਂਚ..

ਗੁਰਦੁਆਰਾ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਜੇਕਰ ਉਹ ਹਿੰਸਾ-ਪੱਖੀ ਸੋਚ ਵਾਲਾ ਹੁੰਦਾ ਤਾਂ ਕੈਨੇਡਾ ਦੇ ਸਿੱਖ ਉਸ ਨੂੰ ਦੋ ਵਾਰ ਬਿਨਾਂ ਮੁਕਾਬਲਾ ਸਰੀ ਗੁਰਦੁਆਰਾ ਕਮੇਟੀ ਦਾ ਪ੍ਰਧਾਨ ਕਦੇ ਨਾ ਚੁਣਦੇ। ਉਸ ਨੇ ਕਿਹਾ ਕਿ ਜੇਕਰ ਕਿਸੇ ਵਿਅਕਤੀ ਦਾ ਆਜ਼ਾਦਾਨਾ ਸੋਚ ਰੱਖਣਾ ਗੁਨਾਹ ਹੈ ਤਾਂ ਬੇਸ਼ੱਕ ਉਸ ਦੇ ਸਿਰ 20 ਲੱਖ ਰੁਪਏ ਦਾ ਇਨਾਮ ਰੱਖ ਦਿੱਤਾ ਜਾਵੇ, ਉਸ ਨੂੰ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਉਹ ਤਾਂ ਪਹਿਲਾਂ ਹੀ 15 ਸਾਲਾਂ ਤੋਂ ਭਾਰਤ ਨਹੀਂ ਗਿਆ ਤੇ ਹੁਣ ਉਸ ਦਾ ਨਾਂ ਕਾਲੀ ਸੂਚੀ ਵਿੱਚ ਪਾ ਦਿੱਤਾ ਗਿਆ ਹੋਇਆ ਹੈ। ਰੁਜ਼ਗਾਰ ਪੱਖੋਂ ਪਲੰਬਰ ਦਾ ਕੰਮ ਕਰਦੇ ਹਰਦੀਪ ਸਿੰਘ ਨਿੱਜਰ ਨੇ ਕਿਸੇ ਵੀ ਹਿੰਸਕ ਜਥੇਬੰਦੀ ਨਾਲ ਸਬੰਧ ਹੋਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਹ ਸਿਰਫ਼ ਗੁਰਬਾਣੀ ਵਿੱਚ ਵਿਸ਼ਵਾਸ ਰੱਖਦਾ ਹੈ। ਉਸ ਨੇ ਆਪਣੇ ਜੱਦੀ ਪਿੰਡ ਭਰਸਿੰਘਪੁਰ ਦੇ ਪੁਜਾਰੀ ਦੇ ਕਤਲ ਵਿੱਚ ਕਿਸੇ ਵੀ ਤਰਾਂ ਦੀ ਭੂਮਿਕਾ ਹੋਣ ਦੇ ਦੋਸ਼ਾਂ ਨੂੰ ਵੀ ਨਕਾਰਿਆ।

## ਕਮਰ ਤੋੜੀ ਪੰਜਾਬ...

ਉਨਾਂ ਦੇ ਮੂੰਹ ਬੰਦ ਕਰਕੇ ਆਪਣੀਆਂ ਸਿਆਸੀ ਰੋਟੀਆਂ ਸੇਕਦੇ ਰਹੇ।

ਰਿਆਇਤਾਂ ਦੀ ਰਾਜਨੀਤੀ ਕਰਨ ਦੀ ਨੀਤੀ ਦੀ ਥਾਂ, ਜੇਕਰ ਪੰਜਾਬ ਦੇ ਆਰਥਿਕ ਸੁਧਾਰ ਲਈ ਯਤਨ ਕੀਤੇ ਹੁੰਦੇ, ਬੇਰੁਜ਼ਗਾਰੀ ਨੂੰ ਠੱਲ ਪਾਈ ਹੁੰਦੀ, ਖੇਤੀ ਦੇ ਨਾਲ-ਨਾਲ ਖੇਤੀ ਅਧਾਰਤ ਉਦਯੋਗ ਲਗਾਉਣ ਲਈ ਪਹਿਲਕਦਮੀ ਅਤੇ ਯਤਨ ਕੀਤੇ ਹੁੰਦੇ, ਸਿੱਖਿਆ ਸਹੂਲਤਾਂ ਸਭ ਲਈ ਬਰਾਬਰ, ਸਿਹਤ ਸਹੂਲਤਾਂ ਇਕਸਾਰ ਸਭ ਲਈ ਦਿੱਤੀਆਂ ਹੁੰਦੀਆਂ, ਪੰਜਾਬ ਦੇ ਵਿਗੜਦੇ ਵਾਤਾਵਰਨ ਨੂੰ ਬਚਾਇਆ ਹੁੰਦਾ ਤਾਂ ਪੰਜਾਬ ਆਪਣੇ ਮੱਥੇ ਨਾ ਨਸ਼ਿਆਂ ਦਾ ਟਿੱਕਾ ਲਗਵਾਉਂਦਾ, ਨਾ ਆਰਥਿਕ ਤੌਰ 'ਤੇ ਇੰਨਾ ਪਛੜਦਾ ਅਤੇ ਨਾ ਹੀ ਇਥੋਂ ਦੇ ਲੋਕ ਪ੍ਰਵਾਸ ਹੰਢਾਉਣ ਲਈ ਮਜਬੂਰ ਹੁੰਦੇ।

## ਅਸਲ ਮੁੱਦਾ ਤਾਂ ਸਿੱਖ...

ਹੁਣ ਜਦੋਂ ਕਿ ਸੰਨ 2000 ਤੋਂ ਵਰਤਮਾਨ ਸਮੇਂ ਤੱਕ ਪਹੁੰਚਦਿਆਂ ਪੰਜਾਬ ਤੋਂ ਵਿਸ਼ਵ ਪੱਧਰ ਤੱਕ ਸਿੱਖ ਸੰਘਰਸ਼ਸ਼ੀਲ ਲਹਿਰ ਦਾ ਸਿਫ਼ਤੀ ਮੁਹਾਂਦਰਾ ਬਣ ਗਿਆ ਹੈ ਤਾਂ ਸਾਡੇ ਵਿਦਵਾਨਾਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਦਾਰਸ਼ਨਿਕ ਵਿਆਖਿਆ ਕਰਦਿਆਂ ਕਰਤਾਰਪੁਰੀ ਮਾਡਲ ਨੂੰ ਹੋਰ ਵਿਸਥਾਰ ਦੇਣ ਅਤੇ ਸਮੁੱਚੇ ਸੰਘਰਸ਼ ਨੂੰ ਸਿੱਖ ਸਿਧਾਂਤਿਕ ਪੈਂਤੜੇ ਉੱਤੇ ਲਿਆਉਣ ਦਾ ਸਮਾਂ ਆ ਗਿਆ ਹੈ। ਯਕੀਨਨ ਇਸ ਸਮੇਂ ਦਾ ਅਸਲ ਮੁੱਦਾ ਬੇਲੋੜੀਆਂ ਬਹਿਸਾਂ ਵਿਚ ਉਲਝਣ ਦਾ ਨਹੀਂ, ਸਗੋਂ ਸਿੱਖ ਵਿਚਾਰਧਾਰਾ ਦੀ ਰੌਸ਼ਨੀ ਵਿਚ ਆਤਮ-ਨਿਰਭਰ ਪੰਜਾਬ ਦੀ ਨਵ-ਉਸਾਰੀ ਕਰਨ ਅਤੇ ਇਕ ਨਵਾਂ ਵਿਸ਼ਵ ਆਰਡਰ ਸਿਰਜਣ ਦਾ ਹੈ। ਸਾਨੂੰ ਇਸ ਬਾਰੇ ਪੰਜਾਬ ਤੋਂ ਵਿਸ਼ਵ ਪੱਧਰ ਤੱਕ ਵੱਡਾ ਸੰਵਾਦ ਖੜਾ ਕਰਨਾ ਚਾਹੀਦਾ ਹੈ। ਸਾਨੂੰ ਆਪਣੇ ਸਮੇਂ, ਊਰਜਾ ਦੇ ਸਰੋਤਾਂ ਨੂੰ ਬੜੀ ਸੰਜੀਦਗੀ ਅਤੇ ਗੰਭੀਰਤਾ ਨਾਲ ਉਸਾਰੂ ਮਕਸਦਾਂ ਲਈ ਵਰਤਣਾ ਹੋਏਗਾ।

## ਹਜ਼ਾਰਾਂ ਲੋਕ ਛੱਡ...

ਓਸੀਆਈ ਕਾਰਡ ਧਾਰਕ ਜਦੋਂ ਚਾਹੇ ਵੀਜੇ ਤੋਂ ਬਿਨਾਂ ਭਾਰਤ ਆ ਸਕਦਾ ਹੈ। ਓਸੀਆਈ ਕਾਰਡ ਜ਼ਿੰਦਗੀ ਭਰ ਪ੍ਰਮਾਣਿਤ ਹੁੰਦਾ ਹੈ। ਭਾਰਤੀ ਗ੍ਰਹਿ ਮੰਤਰਾਲੇ ਦੀ ਵੈੱਬਸਾਈਟ ਮੁਤਾਬਤ ਓਸੀਆਈ ਕਾਰਡ ਧਾਰਕਾਂ ਨੂੰ ਭਾਰਤੀ ਨਾਗਰਿਕਾਂ ਵਾਂਗ ਸਾਰੇ ਅਧਿਕਾਰ ਹਨ ਪਰ ਉਹ ਚਾਰ ਚੀਜ਼ਾਂ ਨਹੀਂ ਕਰ ਸਕਦੇ :-

-ਚੋਣ ਨਹੀਂ ਲੜ ਸਕਦੇ
-ਵੋਟ ਨਹੀਂ ਪਾ ਸਕਦੇ
-ਸਰਕਾਰੀ ਨੌਕਰੀ ਜਾਂ ਸੰਵਿਧਾਨਿਕ ਅਹੁਦੇ ਉਪਰ ਨਹੀਂ ਹੋ ਸਕਦੇ
-ਖੇਤੀ ਵਾਲੀ ਜ਼ਮੀਨ ਨਹੀਂ ਖਰੀਦ ਸਕਦੇ

ਕੀ ਆਉਣ ਵਾਲੇ ਸਾਲਾਂ ਵਿੱਚ ਗਿਣਤੀ ਵਧੇਗੀ ?

ਮੌਜੂਦਾ ਆਰਥਿਕ ਸਥਿਤੀ ਨੂੰ ਦੇਖਦੇ ਹੋਏ ਪੰਤ ਦਾ ਕਹਿਣਾ ਹੈ ਕਿ ਆਉਣ ਵਾਲੇ ਕੁਝ ਸਾਲਾਂ ਵਿਚ ਇਸ ਦੀ ਗਿਣਤੀ ਘੱਟ ਸਕਦੀ ਹੈ।ਉਹ ਕਹਿੰਦੇ ਹਨ, 'ਭਾਰਤ ਦੀ ਆਰਥਿਕ ਹਾਲਤ ਦੂਜੇ ਦੇਸ਼ਾਂ ਦੇ ਮੁਕਾਬਲੇ ਚੰਗੀ ਹੈ। ਹੁਣ ਇੱਥੇ ਹੋਰ ਮੌਕੇ ਆਉਣਗੇ। ਇਸ ਲਈ ਲੋਕ ਭਾਰਤ ਵਿੱਚ ਰਹਿਣਾ ਪਸੰਦ ਕਰਨਗੇ। ਪਰ ਜਿਨਾਂ ਲੋਕਾਂ ਨੇ ਅਮਰੀਕਾ ਵਿੱਚ ਗ੍ਰੀਨ ਕਾਰਡ ਲਈ ਅਪਲਾਈ ਕੀਤਾ ਹੈ ਉਹ ਨਾਗਰਿਕਤਾ ਲੈਣ ਤੋਂ ਪਿੱਛੇ ਨਹੀਂ ਰਹਿਣਗੇ।'

## ਦਰੋਪਦੀ ਮੁਰਮੂ ਨੇ...

ਅੱਗੇ ਦੇ ਰਾਹ ਦਾ ਨਜ਼ਰੀਆ ਪੇਸ਼ ਕੀਤਾ ਜਦੋਂ ਭਾਰਤ ਆਜ਼ਾਦੀ ਦਾ ਅੰਮ੍ਰਿਤ ਮਹਾਉਤਸਵ ਮਨਾ ਰਿਹਾ ਹੈ। ਭਾਜਪਾ ਪ੍ਰਧਾਨ ਜੇ ਪੀ ਨੱਢਾ ਨੇ ਕਿਹਾ ਕਿ 'ਜਨਤਾ ਦੇ ਰਾਸ਼ਟਰਪਤੀ' ਵਜੋਂ ਮੁਰਮੂ ਨੇ ਨਵੇਂ ਭਾਰਤ ਦੀ ਭਾਵਨਾ ਨੂੰ ਵੀ ਸਮਝਾਇਆ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਉਮੀਦ ਜਤਾਈ ਕਿ ਉਨਾਂ ਦੇ ਕਾਰਜਕਾਲ ਦੌਰਾਨ ਭਾਰਤ ਨਵੀਆਂ ਬੁਲੰਦੀਆਂ ਤੈਅ ਕਰੇਗਾ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਇਹ ਭਾਰਤੀ ਗਣਰਾਜ ਦੇ ਇਤਿਹਾਸ ਦਾ ਖਾਸ ਦਿਨ ਹੈ। ਤਾਮਿਲਨਾਡੂ ਦੇ ਮੁੱਖ ਮੰਤਰੀ ਐੱਮ ਕੇ ਸਟਾਲਿਨ ਨੇ ਮੁਰਮੂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਨਾਂ ਦੀਆਂ ਸੇਵਾਵਾਂ ਨਾਲ ਦੇਸ਼ ਨੂੰ ਲਾਭ ਹੋਵੇਗਾ। ਕਾਂਗਰਸ ਆਗੂ ਪੀ ਚਿਦੰਬਰਮ ਨੇ ਕਿਹਾ ਕਿ ਉੜੀਸਾ ਦੇ ਇਕ ਆਦਿਵਾਸੀ ਪਰਿਵਾਰ ਵਿਚ ਜਨਮੀ ਔਰਤ ਨੂੰ ਰਾਸ਼ਟਰਪਤੀ ਦੇ ਅਹੁਦੇ 'ਤੇ ਪਹੁੰਚਦੇ ਦੇਖਣਾ ਦੇਸ਼ ਦੇ ਇਤਿਹਾਸ ਵਿਚ ਮਾਣ ਦਾ ਪਲ ਹੈ।

## ਭਾਰਤ ਵਿਚ ਈ.ਡੀ....

ਸਪੱਸ਼ਟ ਹੈ ਕਾਂਗਰਸ ਮੁਕਤ ਭਾਰਤ ਤੇ ਕਾਂਗਰਸ ਮੁਕਤ ਭਾਰਤ ਦਾ ਅਰਥ ਹੈ ਇਕ ਪਾਰਟੀ ਰਾਜ ਭਾਵ ਸਿਰਫ ਭਾਜਪਾ ਸ਼ਾਸਿਤ ਭਾਰਤ। ਇਕ ਪਾਰਟੀ ਦਾ ਏਕਾਅਧਿਕਾਰ ਸਥਾਪਤ ਹੋ ਜਾਣਾ ਲੋਕਤੰਤਰ ਦੇ ਖ਼ਾਤਮੇ ਦੇ ਰਾਹ ਪੈਣ ਦਾ ਸੰਕੇਤ ਹੈ। ਇਨਾਂ ਤੱਥਾਂ ਦਾ ਅਰਥ ਇਹ ਨਹੀਂ ਕਿ ਜੇ ਕਾਂਗਰਸ ਦੇ ਮੁੱਖ ਆਗੂ ਦੋਸ਼ੀ ਹਨ ਤਾਂ ਉਨਾਂ ਨੂੰ ਬਖਸ਼ ਦਿੱਤਾ ਜਾਵੇ। ਜਿਸ ਨੇ ਭ੍ਰਿਸ਼ਟਾਚਾਰ ਕੀਤਾ ਹੈ, ਉਸ ਨੂੰ ਸਜ਼ਾ ਜ਼ਰੂਰ ਮਿਲੇ ਪਰ ਈ.ਡੀ. ਦਾ ਇਸਤੇਮਾਲ ਇਕ ਰਾਜਨੀਤਕ ਹਥਿਆਰ ਵਾਂਗ ਕਰਨਾ ਗ਼ਲਤ ਹੈ। ਈ.ਡੀ. ਦਾ ਇਸਤੇਮਾਲ ਸਿਰਫ਼ ਇਸ ਗੱਲ ਤੱਕ ਹੀ ਸੀਮਤ ਹੋ ਗਿਆ ਹੈ ਕਿ ਉਹ ਵਿਰੋਧੀ ਪਾਰਟੀ ਦੇ ਆਗੂਆਂ ਦਾ ਭ੍ਰਿਸ਼ਟਾਚਾਰ ਵਿਚ ਨਾਂ ਆਉਣ 'ਤੇ ਉਨਾਂ ਦੀ ਸਾਲਾਂਬੱਧੀ ਲਗਾਤਾਰ ਪੁੱਛ-ਪੜਤਾਲ ਕਰਕੇ ਉਨਾਂ ਦਾ ਅਕਸ ਲੋਕਾਂ ਵਿਚ ਇਸ ਕਦਰ ਵਿਗਾੜ ਦੇਵੇ ਤਾਂ ਜੋ ਸਰਕਾਰ ਇਹ ਕਹਿ ਸਕੇ ਕਿ ਵੇਖੋ ਭ੍ਰਿਸ਼ਟਾਚਾਰ ਦਾ ਵੱਡਾ ਹਿੱਸਾ ਤਾਂ ਕਾਂਗਰਸ ਜਾਂ ਵਿਰੋਧੀ ਧਿਰ ਹੀ ਹੈ ਤੇ ਜਦੋਂ ਕਦੇ ਵੀ ਸੱਤਾ ਕਿਸੇ ਗੱਲ ਵਿਚ ਡਗਮਗਾ ਜਾਵੇ ਤਾਂ ਤੁਰੰਤ ਵਿਰੋਧੀ ਧਿਰ ਦੇ ਪੈਰਾਂ ਹੇਠੋਂ ਵੀ ਈ.ਡੀ. ਦਾ ਹਥਿਆਰ ਵਰਤ ਕੇ ਜ਼ਮੀਨ ਖਿਸਕਾ ਦਿੱਤੀ ਜਾਵੇ ਤਾਂ ਜੋ ਡਗਮਗਾਉਂਦੀ ਸੱਤਾ ਨੂੰ ਸੰਭਲਣ ਦਾ ਖੁੱਲਾ ਮੌਕਾ ਮਿਲ ਜਾਵੇ। ਸੋ ਇਸ ਤਰਾਂ ਦੋ ਫਾਇਦੇ ਹਨ ਪਹਿਲਾ ਵਿਰੋਧੀ ਧਿਰ ਬਦਨਾਮ ਹੋਣ ਕਰਕੇ ਵਿਰੋਧ ਕਰਨ ਦੀ ਆਪਣੀ ਨੈਤਿਕ ਤਾਕਤ ਗੁਆ ਦੇਵੇਗੀ, ਦੂਜਾ ਵਿਰੋਧੀ ਧਿਰ ਜਾਂਚ ਦੇ ਅੰਜਾਮ ਦੇ ਡਰੋਂ ਖੁੱਲ ਕੇ ਤਿੱਖਾ ਵਿਰੋਧ ਨਹੀਂ ਕਰੇਗੀ ਬਲਕਿ ਸਿਰਫ ਵਿਖਾਵਾ ਕਰੇਗੀ ਤੇ ਦੇਸ਼ ਦੀ ਰਾਜਨੀਤੀ ਦੀ ਤਸਵੀਰ ਵਿਚ ਵਿਰੋਧੀ ਧਿਰ ਖਾਨਾਪੂਰਤੀ ਦੇ ਤੌਰ 'ਤੇ ਦਿਸਦੀ ਵੀ ਰਹੇਗੀ ਤੇ ਸਰਕਾਰ ਤੇ ਵਿਰੋਧੀ ਧਿਰ ਦਾ ਦਮਨ ਕਰਨ ਦਾ ਦੋਸ਼ ਵੀ ਨਹੀਂ ਲੱਗੇਗਾ। ਇਥੇ ਜ਼ਿਕਰਯੋਗ ਹੈ ਕਿ ਈ.ਡੀ. ਦੀ ਸੂਚੀ ਵਿਚ ਭਾਜਪਾ ਦੇ ਵੀ 22 ਆਗੂਆਂ ਦੇ ਨਾਂਅ ਸ਼ਾਮਿਲ ਹਨ ਜੋ ਅੱਜ ਦੇ ਨਹੀਂ ਬਲਕਿ ਸਾਲਾਂ ਪੁਰਾਣੇ ਹਨ ਤੇ 3 ਨਾਂ ਤਾਂ ਅਜਿਹੇ ਹਨ ਜੋ ਸ੍ਰੀ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਵੇਲੇ ਦੇ ਹਨ ਪਰ ਅੱਜ ਤੱਕ ਕੁਝ ਨਹੀਂ ਬਦਲਿਆ ਸਭ ਕੁਝ ਉਵੇਂ ਹੀ ਚੱਲ ਰਿਹਾ ਹੈ।

ਸਰਕਾਰ ਕਿਸੇ ਦੀ ਵੀ ਆਵੇ, ਜਾਂਚ ਕਿਸੇ ਦੀ ਵੀ ਹੋਵੇ ਪਰ ਠੋਸ ਨਤੀਜਾ ਕਿਸੇ ਦਾ ਵੀ ਨਹੀਂ ਨਿਕਲਦਾ। ਕਾਂਗਰਸ ਨੇ ਵੀ ਆਪਣੀ ਸਰਕਾਰ ਸਮੇਂ ਸੀ.ਬੀ.ਆਈ. ਨੂੰ ਨਰਿੰਦਰ ਮੋਦੀ ਮਗਰ ਲਾਇਆ ਸੀ ਜਦੋਂ ਉਹ ਗੁਜਰਾਤ ਦੇ ਮੁੱਖ ਮੰਤਰੀ ਸਨ। ਸੋ, ਅੱਜ ਵਾਰੀ ਉਨਾਂ ਦੀ ਆ ਗਈ ਪਰ ਅਸਲ ਸਚਾਈ ਲੋਕਾਂ ਅੱਗੇ ਨਾ ਸੀ.ਬੀ.ਆਈ. ਲਿਆ ਸਕੀ ਨਾ ਈ.ਡੀ.। ਬਸ ਜਾਂਚ ਜਾਰੀ ਹੈ। ਇਸ ਰਾਜਨੀਤਕ ਪ੍ਰਥਾ ਦਾ ਅੰਤ ਹੋਣਾ ਜ਼ਰੂਰੀ ਹੈ ਤੇ ਜਾਂਚ ਏਜੰਸੀਆਂ ਤੋਂ ਰਾਜਨੀਤਕ ਗਲਬਾ ਟੁੱਟਣਾ ਚਾਹੀਦਾ ਹੈ ਤਾਂ ਜੋ ਲੋਕ ਅਸਲ ਸਚਾਈ ਦੇ ਰੂ-ਬਰੂ ਹੋ ਸਕਣ।

## ਆਧੁਨਿਕਤਾ ਲਈ...

ਰੇਡੀਓਐਕਟਿਵ ਪ੍ਰਦੂਸ਼ਣ ਜਾਂ ਥਰਮਲ ਪ੍ਰਦੂਸ਼ਣ ਵਰਗੀਆਂ ਸਮੱਸਿਆਵਾਂ ਵਿਕਰਾਲ ਰੂਪ ਧਾਰ ਕੇ ਸਾਡੀ ਆਉਣ ਵਾਲੀ ਨਸਲ ਸਾਹਮਣੇ ਹੋਂਦ ਦਾ ਪ੍ਰਸ਼ਨ ਖੜਾ ਕਰ ਸਕਦੀਆਂ ਹਨ। ਜਿੰਨਾ ਅਸੀਂ ਕੁਦਰਤੀ ਜ਼ਿੰਮੇਵਾਰੀ ਤੋਂ ਮੂੰਹ ਮੋੜ ਕੇ ਨਿੱਜ ਤੱਕ ਸੀਮਤ ਹੁੰਦੇ ਹਾਂ, ਸਮੱਸਿਆ ਓਨੀ ਹੀ ਗੰਭੀਰ ਹੁੰਦੀ ਜਾਂਦੀ ਹੈ।

ਨਿਸ਼ਚਿਤ ਰੂਪ ਵਿਚ ਵਾਤਾਵਰਨ ਦਾ ਇਹ ਸੰਕਟ ਏਨਾ ਵਿਕਰਾਲ ਹੈ ਕਿ ਸਿਰਫ ਸਰਕਾਰਾਂ ਜਾਂ ਸਿਰਫ ਜਨਤਾ 'ਤੇ ਹੀ ਇਸ ਦੀ ਜ਼ਿੰਮੇਵਾਰੀ ਨਹੀਂ ਪਾਈ ਜਾ ਸਕਦੀ। 1972 ਵਿਚ ਸਟਾਕਹੋਮ ਸੰਮੇਲਨ ਅਤੇ 1992 ਵਿਚ ਰੀਓ ਡੀ ਜਨੇਰੀਓ ਸੰਮੇਲਨਾਂ ਰਾਹੀਂ ਸੰਯੁਕਤ ਰਾਸ਼ਟਰ ਨੇ ਵੀ ਇਸ ਸੰਬੰਧੀ ਗੰਭੀਰਤਾ ਦਰਸਾਈ ਹੈ। ਯਕੀਨਨ ਸਾਡੀ ਵਿਧਾਨ ਪਾਲਿਕਾ ਨੇ ਵੀ ਪਿਛਲੇ ਸਮੇਂ ਵਿਚ ਸ਼ਾਨਦਾਰ ਕੰਮ ਕੀਤਾ ਹੈ ਪਰ ਇਸ ਸੰਬੰਧੀ ਨੀਤੀਆਂ ਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਕਾਰਜ ਪਾਲਿਕਾ ਆਪਣਾ ਰੋਲ ਉਸ ਉਦਾਹਰਨਯੋਗ ਤਰੀਕੇ ਨਾਲ ਨਿਭਾਉਣ ਵਿਚ ਸਫਲ ਨਹੀਂ ਹੋ ਸਕੀ, ਜੋ ਇਸ ਗੰਭੀਰ ਮੁੱਦੇ ਲਈ ਚਾਹੀਦਾ ਸੀ। ਸਾਡੇ ਦੇਸ਼ ਵਿਚ ਇਸ ਸਮੱਸਿਆ ਨਾਲ ਨਿਪਟਣ ਲਈ ਹਰੇਕ ਤਰਾਂ ਦੇ ਕਾਨੂੰਨ ਮੌਜੂਦ ਹਨ ਪਰ ਇਸ ਦੇ ਬਾਵਜੂਦ ਜੇਕਰ ਇਹ ਸਮੱਸਿਆ ਲਗਾਤਾਰ ਵਧ ਰਹੀ ਹੈ ਤਾਂ ਇਨਾਂ ਕਾਨੂੰਨਾਂ ਨੂੰ ਲਾਗੂ ਕਰਨ ਵਾਲਿਆਂ 'ਤੇ ਉਂਗਲ ਉੱਠਣੀ ਸੁਭਾਵਿਕ ਹੈ। ਮਸ਼ੀਨੀਕਰਨ ਜਾਂ ਆਧੁਨਿਕਤਾ ਅਪਣਾਉਂਦੇ ਹੋਏ ਗ਼ੈਰ-ਜ਼ਰੂਰੀ ਪਹਿਲੂਆਂ ਉੱਪਰ ਲੋੜੋਂ ਵੱਧ ਜ਼ੋਰ ਨਾ ਦਿੱਤਾ ਜਾਵੇ, ਇਸ ਲਈ ਸਰਕਾਰ ਨੂੰ ਵੀ ਸਖ਼ਤੀ ਕਰਨੀ ਚਾਹੀਦੀ ਹੈ। ਆਧੁਨਿਕਤਾ ਕਦੇ ਗ਼ਲਤ ਨਹੀਂ ਹੋ ਸਕਦੀ ਪਰ ਲੋੜ ਇਸ ਗੱਲ ਦੀ ਹੈ ਆਧੁਨਿਕੀਕਰਨ ਅਤੇ ਕੁਦਰਤ ਵਿਚ ਸਮਤੋਲ ਬਿਠਾ ਕੇ ਚੱਲਿਆ ਜਾਵੇ। ਆਧੁਨਿਕਤਾ ਨੂੰ ਅਪਣਾਉਂਦੇ ਹੋਏ ਸਮਾਜਿਕ ਜ਼ਿੰਮੇਵਾਰੀ ਅਤੇ ਨੈਤਿਕਤਾ ਦਾ ਪੱਲਾ ਘੁੱਟ ਕੇ ਫੜਨ ਦੀ ਲੋੜ ਹੈ। ਆਉਣ ਵਾਲੀਆਂ ਪੀੜੀਆਂ ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਹੀ ਸਾਨੂੰ ਚੇਤੇ ਕਰਵਾਉਂਦਾ ਰਹੇਗਾ ਕਿ ਦਰੱਖਤ ਸਿਰਫ ਲੱਕੜ ਹੀ ਨਹੀਂ, ਸਗੋਂ ਛਾਂ ਅਤੇ ਸ਼ੁੱਧ ਵਾਤਾਵਰਨ ਵੀ ਦਿੰਦੇ ਹਨ, ਪਹਾੜ ਸਿਰਫ ਕੀਮਤੀ ਪੱਥਰ ਹੀ ਨਹੀਂ, ਸਗੋਂ ਦੁਰਲੱਭ ਜੜੀ ਬੂਟੀਆਂ ਵੀ ਦਿੰਦੇ ਹਨ, ਨਦੀਆਂ-ਨਹਿਰਾਂ ਸਿਰਫ ਰੇਤ ਹੀ ਨਹੀਂ, ਸਗੋਂ ਵਰਤੋਂਯੋਗ ਪਾਣੀ ਵੀ ਦਿੰਦੀਆਂ ਹਨ। ਭਾਰਤ ਇਕ ਖੇਤੀ ਪ੍ਰਧਾਨ ਦੇਸ਼ ਹੈ। ਬਿਨਾਂ ਸ਼ੱਕ ਖੇਤੀ ਅਤੇ ਆਧੁਨਿਕਤਾ ਮਿਲ ਕੇ ਸਾਡੇ ਸਮਾਜ ਨੂੰ ਉਸ ਮੁਕਾਮ ਤੱਕ ਲੈ ਗਏ ਹਨ ਕਿ ਸਾਡੇ ਦੇਸ਼ ਨੂੰ ਦੁਨੀਆ ਵਿਚ ਸਨਮਾਨਯੋਗ ਸਥਾਨ ਹਾਸਲ ਹੋਇਆ ਹੈ। ਅਜੋਕੇ ਸਮੇਂ ਖੇਤੀ ਦੇ ਨਾਲ-ਨਾਲ ਉਦਯੋਗੀਕਰਨ ਅਤੇ ਤਕਨੀਕ ਸਾਡੇ ਦੇਸ਼ ਨੂੰ ਬੁਲੰਦੀਆਂ ਵੱਲ ਲਿਜਾ ਰਹੇ ਹਨ। ਪਰ ਇਸ ਆਧੁਨਿਕ ਸਮਾਜ ਵਿਚ ਵਿਚਰਦੇ ਹੋਏ ਸਾਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਅਸੀਂ ਸਰਬੱਤ ਦਾ ਭਲਾ ਲੋਚਣ ਵਾਲੇ ਖਿੱਤੇ ਦੇ ਵਾਸੀ ਹਾਂ। ਜੇ ਪੂਰਾ ਸਮਾਜ, ਪੂਰਾ ਦੇਸ਼ ਤੇ ਪੂਰੀ ਦੁਨੀਆ ਖੁਸ਼ਹਾਲ ਵਸੇਗੀ, ਤਾਂ ਹੀ ਅਸੀਂ ਆਧੁਨਿਕਤਾ ਰੂਪੀ ਇਸ ਤੋਹਫ਼ੇ ਦਾ ਪੂਰਾ-ਪੂਰਾ ਆਨੰਦ ਲੈ ਸਕਾਂਗੇ।

## ਵਿਰਸਾ ਪੰਜਾਬੀਆਂ ਦਾ

ਵਿਰਸਾ ਪੰਜਾਬੀਆਂ ਦਾ ਸਭ ਤੋਂ ਅਮੀਰ ਏ।
ਢੋਲੇ ਮਾਹੀਏ ਟੱਪੇ ਗਾਉਂਦੇ ਮਿਰਜ਼ਾ ਤੇ ਹੀਰ ਏ।
ਘੋੜੀਆਂ ਸੁਹਾਗ ਨਾਲੇ ਸਿੱਠਣੀਆਂ ਬੋਲੀਆਂ।
ਭੰਗੜੇ ਦੇ ਵਿਚ ਮੁੰਡੇ ਬੰਨ-ਬੰਨ ਟੋਲੀਆਂ।
ਤਿੱਲੇ ਵਾਲੀ ਜੁੱਤੀ ਲੜ ਚਾਦਰੇ ਦਾ ਛੱਡਦੇ।
ਕੁੜਤਾ ਤਰੀਜਾਂ ਵਾਲਾ ਪਾ ਕੇ ਬੜਾ ਫੱਬਦੇ।
ਚੌੜੀਆਂ ਨੇ ਛਾਤੀਆਂ ਤੇ ਗੁੰਦਵੇਂ ਸਰੀਰ ਏ।
ਵਿਰਸਾ ਪੰਜਾਬੀਆਂ ਦਾ...।
ਚਾਟੀ 'ਚ ਮਧਾਣੀ ਜਦੋਂ ਪਾਉਂਦੀਆਂ ਸਵਾਣੀਆਂ।
ਹਾਲੀ ਤੁਰ ਪੈਂਦੇ ਹੱਥ ਫੜ ਕੇ ਪਰਾਣੀਆਂ।
ਭੱਤਾ ਲੈ ਜਾਂਦੀਆਂ ਨੇ ਖੇਤ ਨੂੰ ਪੰਜਾਬਣਾਂ।
ਵੱਟਾਂ ਉੱਤੇ ਫਿਰਦੀਆਂ ਬਣ ਕੇ ਨਵਾਬਣਾਂ।
ਸੱਸੀ, ਸੋਹਣੀ, ਸ਼ੀਰੀ, ਸਾਹਿਬਾਂ ਲੱਗੇ ਕੋਈ ਹੀਰ ਏ।
ਵਿਰਸਾ ਪੰਜਾਬੀਆਂ ਦਾ...।
ਤੀਆਂ ਦੇ ਵਿਚ ਚਰਖੇ ਕੱਤਣ ਕੱਢਦੀਆਂ ਨੇ ਫੁਲਕਾਰੀਆਂ।
ਦਰੀਆਂ, ਖੇਸ, ਚੁਤੱਹੀਆਂ ਨਾਲੇ ਬਣਨ ਸ਼ਿੰਗਾਰ ਪਟਾਰੀਆਂ।
ਗੀਤ ਖੁਸ਼ੀ ਦੇ ਗਿੱਧਾ, ਕਿਕਲੀ, ਬੋਲੀਆਂ ਤੇ ਨਾਲੇ ਸੰਮੀ।
ਸਭ ਤੋਂ ਸੋਹਣੀ ਉਹ ਕੁੜੀ ਜਿਹੜੀ ਪੀਂਘ ਚੜਾਵੇ ਲੰਮੀ।
ਸਭ ਪੰਜਾਬੀ ਖਾਂਦੇ ਰਲ਼ ਕੇ ਪੂੜੇ ਅਤੇ ਖੀਰ ਏ।
ਵਿਰਸਾ ਪੰਜਾਬੀਆਂ ਦਾ...।
ਮੇਲ ਨਾਨਕਾ ਅਤੇ ਦਾਦਕਾ ਰੌਣਕ ਹੁੰਦੀ ਵਿਆਹਾਂ ਦੀ।
ਸੁਹਾਗ, ਘੋੜੀਆਂ, ਸਿੱਠਣੀਆਂ ਨਾਲੇ ਨਾਚ ਕਲਾਵਾਂ ਦੀ।
ਸਾਰੇ ਕਹਿੰਦੇ ਜਿਹੜੀ ਗਿੱਧਾ ਨਾ ਪਾਊ ਰੰਨ ਬਾਬੇ ਦੀ।
ਜੈਕੁਰ ਆਗੀ ਵਿਚ ਗਿੱਧੇ ਦੇ ਸੋਹਣੀ ਸ਼ੈਲ ਦੁਆਬੇ ਦੀ।
ਮਾਮੀ ਨਖਰੋ ਚਾਚੀ ਨਖਰੋ ਸਭ ਵੱਲ ਛੱਡਦੀ ਤੀਰ ਏ।
ਵਿਰਸਾ ਪੰਜਾਬੀਆਂ ਦਾ ਸਭ ਤੋਂ ਅਮੀਰ ਏ।

ਡਾ. ਆਤਮਾ ਸਿੰਘ ਗਿੱਲ
ਮੋ. ੯੮੭੮੮੮੩੬੮੦



ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

ਜਾਣੋ ਪਲ ਪਲ ਦੀ ਖਬਰ




jus PUNJABI HD

sling

CREDIBILITY RELIABILITY

Minute to Minute Coverage of Punjab Elections

Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com